PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
18th - 25th June 2026 • Issue No. 3135
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

S.S.Rai
Immigration Advice Bureau
Tel: 020 8571 6680
www.iabl.co.uk

# ਜਥੇਦਾਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ’ਤੇ ਕੀਤਾ ਤਲਬ

## ਜਥੇਦਾਰ ਸਾਹਿਬਾਨ ਵੱਲੋਂ ਮੁੱਖ ਮੰਤਰੀ ਪੰਜਾਬ ਮਾਨ ‘ਗੁਰੂ ਦੋਖੀ ਤੇ ਪੰਥ ਵਿਰੋਧੀ’ ਕਰਾਰ ... ਸ੍ਰੀ ਅਕਾਲ ਤਖ਼ਤ ਤੋਂ ਪੰਥ ਨੂੰ ਕੀਤਾ ਹੁਕਮਨਾਮਾ ਜਾਰੀ, “ਗੁਰੂ ਪੰਥ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੂੰਹ ਨਾ ਲਾਵੇ” ਪੰਜਾਬ ਕੈਬਨਿਟ ਸਮੇਤ ਸਿੱਖ ਵਿਧਾਇਕ 29 ਜੂਨ ਨੂੰ ਤਲਬ



**ਭਗਵੰਤ ਮਾਨ ਦੇ ਸੰਸਦ ਮੈਂਬਰ ਹੋਣ ਸਮੇਂ ਵੀ ਇੱਕ ਐਮ ਪੀ ਨੇ ਸ਼ਿਕਾਇਤ ਕੀਤੀ ਸੀ ਕਿ ਇਹਦੇ ਕੋਲੋਂ ਸ਼ਰਾਬ ਦੀ ਬਦਬੂ ਆਉਂਦੀ ਹੈ, ਇਹ ਸ਼ਰਾਬ ਪੀ ਕੇ ਮੇਰੇ ਨੇੜੇ ਨਾ ਬੈਠਿਆ ਕਰੇ**

**ਬਰਗਾੜੀ ਮੋਰਚੇ ਦੌਰਾਨ ਵੀ ਇਹ ਸ਼ਖਸ ਸ਼ਰਾਬ ਪੀ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਾ ਬੈਠਾ ਸੀ, ਜਿਸ ਨੂੰ ਨੌਜਵਾਨਾਂ ਪਾਸੋਂ ਕੁੱਟ ਪੈਣ ਤੋਂ ਪੰਜਾਬ ਟਾਈਮਜ਼ ਦੇ ਉਥੇ ਹਾਜ਼ਰ ਨੁਮਾਇੰਦੇ ਨੇ ਬਚਾਇਆ ਸੀ**


ਮੁੱਖ ਮੰਤਰੀ ਭਗਵੰਤ ਮਾਨ

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ‘ਗੁਰੂ ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ’ ਕਰਾਰ ਦੇਣ ਦਾ ਫੈਸਲਾ ਸੂਬੇ ਦੀ ਸਿਆਸਤ ਵਿੱਚ ਇੱਕ ਵੱਡਾ ਮੋੜ ਹੈ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਬੇਅਦਬੀ ਨਾਲ ਸੰਬੰਧਿਤ ਵੀਡੀਓ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਆਏ ਇਸ ਹੁਕਮਨਾਮੇ ਨੇ ਨਾ ਸਿਰਫ਼ ਮੁੱਖ ਮੰਤਰੀ ਦੀ ਨੈਤਿਕ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ ਹਨ, ਬਲਕਿ ਪੰਜਾਬ ਦੀ ਧਾਰਮਿਕ ਅਤੇ ਸਿਆਸੀ ਫਿਜ਼ਾ ਨੂੰ ਵੀ ਪੂਰੀ ਤਰ੍ਹਾਂ ਗਰਮਾ ਦਿੱਤਾ ਹੈ। ਇਸ ਦੇ ਨਾਲ ਹੀ ‘ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026' ਦੇ ਮਾਮਲੇ ਵਿੱਚ ਪੂਰੀ ਕੈਬਨਿਟ ਅਤੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਤਲਬ ਕਰਨ ਦੇ ਫੈਸਲੇ ਨੇ ਸਰਕਾਰ ਅਤੇ ਸਰਵਉੱਚ ਸਿੱਖ ਸੰਸਥਾ ਵਿਚਾਲੇ ਟਕਰਾਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ।

ਮਾਹਿਰਾਂ ਦਾ ਕਹਿਣਾ ਹੈ, ਜੇ ‘ਆਪ’ ਨੇ ਭਗਵੰਤ ਮਾਨ ਦੇ ਖਿਲਾਫ ਕੋਈ ਕਾਰਵਾਈ ਨਾ ਕੀਤੀ ਤਾਂ ਆਉਂਦੀਆਂ ਚੋਣਾਂ ਵਿੱਚ ਇਹ ਪਾਰਟੀ ਹਾਰ ਖਾ ਕੇ ਮੂਧੇ ਮੂੰਹ ਡਿੱਗ ਸਕਦੀ ਹੈ ....

## ਗੁਰੂ ਘਰਾਂ ਵਿਚ ‘ਸੀ.ਐੱਮ. ਦੀ ਯੋਗਸ਼ਾਲਾ’ ਦਾ ਤਿੱਖਾ ਵਿਰੋਧ, ਫ਼ਰੀਦਕੋਟ ਵਿਚ ਮਰਿਆਦਾ ਦਾ ਘਾਣ !

✪ ਨੰਗੇ ਸਿਰ ਕਲਾਸਾਂ ਲਾਉਣ ’ਤੇ ਭਖਿਆ ਵਿਵਾਦ, ਸੈਸ਼ਨ ਵਿਚਾਲੇ ਰੁਕਵਾਏ ✪ ਯੋਗਾ ਹਿੰਦੂ ਪਰੰਪਰਾ ਦਾ ਹਿੱਸਾ, ਗੁਰਦੁਆਰਿਆਂ ਵਿਚ ਕਲਾਸਾਂ ’ਤੇ ਪਾਬੰਦੀ ਹੋਵੇ, ਜਥੇਦਾਰ ਅਕਾਲ ਤਖ਼ਤ ਧਿਆਨ ਦੇਣ- ਭਾਨਾ

ਫ਼ਰੀਦਕੋਟ ਦੇ ਚਾਰ ਗੁਰਦੁਆਰਾ ਸਾਹਿਬਾਨ ਅੰਦਰ ਪੰਜਾਬ ਸਰਕਾਰ ਦੀ ‘ਸੀ.ਐੱਮ. ਦੀ ਯੋਗਸ਼ਾਲਾ’ ਮੁਹਿੰਮ ਤਹਿਤ ਚੱਲ ਰਹੀਆਂ ਯੋਗਾ ਕਲਾਸਾਂ ਨੂੰ ਸਿੱਖ ਜਥੇਬੰਦੀਆਂ ਵੱਲੋਂ ਬੰਦ ਕਰਵਾਏ ਜਾਣ ਦਾ ਮਾਮਲਾ ਬੇਹੱਦ ਸੰਵੇਦਨਸ਼ੀਲ ਹੈ। ਇਹ ਵਿਵਾਦ ਮਹਿਜ਼ ਸਰੀਰਕ ਕਸਰਤ ਤੱਕ ਸੀਮਤ ਨਹੀਂ ਹੈ, ਬਲਕਿ ਇਹ ਸਿੱਖ ਰਹਿਤ ਮਰਿਆਦਾ ਦੀ ਪਾਲਣਾ, ਗੁਰੂ ਘਰਾਂ ਦੀ ਪਵਿੱਤਰਤਾ ਅਤੇ ਸਿੱਖ ਸੱਭਿਆਚਾਰ ਦੀ ਮੌਲਿਕਤਾ ਨੂੰ ਬਰਕਰਾਰ ਰੱਖਣ ਵਰਗੇ ਡੂੰਘੇ ਵਿਚਾਰਧਾਰਕ ਸਵਾਲ ਖੜ੍ਹੇ ਕਰਦਾ ਹੈ। ਭਾਈ ਗੁਰਸੇਵਕ ਸਿੰਘ ਭਾਨਾ ਦੀ ਅਗਵਾਈ ਵਿੱਚ ਸੰਗਤਾਂ ਵਲੋਂ ਉਠਾਇਆ ਗਿਆ ਇਹ ਇਤਰਾਜ਼ ਪੂਰੀ ਤਰ੍ਹਾਂ ਵਾਜਿਬ ਅਤੇ ਸਿੱਖ ਸਿਧਾਂਤਾਂ ਦੇ ਅਨੁਕੂਲ ਹੈ। ਭਾਣਾ ਨੇ ਇਹ ਮਸਲਾ ਅਕਾਲ ਤਖਤ ਸਾਹਿਬ ਪਹੁੰਚਾ ਦਿਤਾ ਹੈ। ਜਥੇਦਾਰ ਨੇ ਤੁਰੰਤ ਆਦੇਸ਼ ਜਾਰੀ ਕਰਕੇ ਗੁਰਦੁਆਰਿਆਂ ਵਿਚ ਯੋਗਾ ਕਰਨ ਉਪਰ ਪਾਬੰਦੀ ਲਗਾ ਦਿਤੀ ਹੈ।

*ਪੂਰੀ ਖ਼ਬਰ ਅੰਦਰ ਦੇਖੋ:*

## ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਵੱਡੀ ਰਾਹਤ
## ਅੰਮ੍ਰਿਤਸਰ ਅਦਾਲਤ ਵੱਲੋਂ ਅਗਾਊਂ ਜ਼ਮਾਨਤ ਮਨਜ਼ੂਰ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅਦਾਲਤ ਵੱਲੋਂ ਵੱਡੀ ਰਾਹਤ ਮਿਲੀ ਹੈ। ਅੰਮ੍ਰਿਤਸਰ ਦੀ ਇਕ ਅਦਾਲਤ ਨੇ ਮਜੀਠਾ ਥਾਣੇ ਵਿੱਚ ਦਰਜ ਇੱਕ ਮਾਮਲੇ ਵਿੱਚ ਮਜੀਠੀਆ ਦੀ ਅਗਾਊਂ ਜ਼ਮਾਨਤ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ। ਵਧੀਕ ਜ਼ਿਲ੍ਹਾ ਸੈਸ਼ਨ ਜੱਜ ਮਾਣਯੋਗ ਮੋਨਿਕਾ ਸ਼ਰਮਾ ਨੇ ਇਹ ਫੈਸਲਾ ਸੁਣਾਉਂਦਿਆਂ ਮਜੀਠੀਆ ਨੂੰ ਪੁਲਿਸ ਜਾਂਚ (ਤਫਤੀਸ਼) ਵਿੱਚ ਸ਼ਾਮਲ ਹੋਣ ਦੇ ਹੁਕਮ ਵੀ ਦਿੱਤੇ ਹਨ।

ਸਰਕਾਰੀ ਧਿਰ ਦੇ ਤਿੱਖੇ ਵਿਰੋਧ ਦੇ ਬਾਵਜੂਦ ਮਿਲੀ ਜ਼ਮਾਨਤ-ਦੱਸਿਆ ਜਾ ਰਿਹਾ ਹੈ ਕਿ ਬੀਤੇ ਦਿਨੀਂ ਸਰਕਾਰੀ ਧਿਰ ਵੱਲੋਂ ਇਸ ਜ਼ਮਾਨਤ ਅਰਜ਼ੀ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ। ਅਦਾਲਤ ਨੇ ਦੋਵਾਂ ਪੱਖਾਂ-ਸਰਕਾਰੀ ਅਤੇ ਬਚਾਅ ਪੱਖ-ਦੀਆਂ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਫੈਸਲਾ ਸੁਰੱਖਿਅਤ (ਰਾਖਵਾਂ) ਰੱਖ ਲਿਆ ਸੀ, ਜਿਸ ’ਤੇ ਅੱਜ ਫੈਸਲਾ ਸੁਣਾਉਂਦਿਆਂ ਅਦਾਲਤ ਨੇ ਮਜੀਠੀਆ ਨੂੰ ਗ੍ਰਿਫਤਾਰੀ ਤੋਂ ਰਾਹਤ ਦੇ ਦਿੱਤੀ।

*ਪੂਰੀ ਖ਼ਬਰ ਅੰਦਰ ਦੇਖੋ:*

# ਭਾਰਤੀ ਮੂਲ ਦੀ ਮੈਡੀਕਲ ਮਾਹਰ ਪਰਵੀਨ ਕੁਮਾਰ ਨੂੰ ਮਹਾਰਾਜਾ ਚਾਰਲਸ ਦੇ ਜਨਮ ਦਿਨ ਮੌਕੇ ਸਭ ਤੋਂ ਵੱਡਾ ਸ਼ਾਹੀ ਸਨਮਾਨ


ਡੇਮ ਪਰਵੀਨ ਕੁਮਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਕੁਈਨ ਮੈਰੀ ਯੂਨੀਵਰਸਿਟੀ ਦੀ ਪ੍ਰੋਫੈਸਰ ਅਤੇ ਪ੍ਰਮੁੱਖ ਗੈਸਟ੍ਰੋਐਂਟਰੋਲੋਜਿਸਟ (ਪੇਟ ਦੇ ਰੋਗਾਂ ਦੀ ਮਾਹਰ) ਅਤੇ ਸਿਹਤ ਸੰਭਾਲ ਖੇਤਰ ਵਿੱਚ ਔਰਤਾਂ ਲਈ ਸੇਵਾਵਾਂ ਦੇਣ ਵਾਲੀ ਡੇਮ ਪਰਵੀਨ ਕੁਮਾਰ ਨੂੰ ਮਹਾਰਾਜਾ ਚਾਰਲਸ ਤੀਜੇ ਦੀ ਸਾਲਾਨਾ ਜਨਮ ਸਨਮਾਨ ਸੂਚੀ ਵਿੱਚ "ਗਲੋਬਲ ਮੈਡੀਕਲ ਐਜੂਕੇਸ਼ਨ ਅਤੇ ਹੈਲਥ" (ਵਿਸ਼ਵਵਿਆਪੀ ਮੈਡੀਕਲ ਸਿੱਖਿਆ ਅਤੇ ਸਿਹਤ) ਦੇ ਖੇਤਰ ਵਿੱਚ ਪਾਏ ਯੋਗਦਾਨ ਲਈ 'ਗ੍ਰੈਂਡ ਕਰਾਸ ਆਫ ਦਿ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' (ਜੀ ਬੀ ਈ) ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਬ੍ਰਿਟੇਨ ਦੇ ਸਭ ਤੋਂ ਵੱਕਾਰੀ ਸ਼ਾਹੀ ਸਨਮਾਨਾਂ ਵਿੱਚੋਂ ਇੱਕ ਹੈ। ਸ਼ੁੱਕਰਵਾਰ ਰਾਤ ਨੂੰ ਯੂ ਕੇ ਕੈਬਨਿਟ ਦਫਤਰ ਦੁਆਰਾ ਐਲਾਨੇ ਗਏ ਸਨਮਾਨਾਂ ਵਿੱਚ ਲਗਭਗ 35 ਭਾਰਤੀ ਮੂਲ ਦੇ ਡਾਕਟਰਾਂ, ਉੱਦਮੀਆਂ ਅਤੇ ਸਮਾਜ ਸੇਵਕਾਂ ਦੇ ਨਾਮ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਕੁਮਾਰ ਸਭ ਤੋਂ ਪ੍ਰਮੁੱਖ ਹਨ।




**£40 off lens upgrades:** Cannot be used with any other offers. The lenses included with the £70-£170 ranges are 1.5 standard single-vision lenses (or 1.6 for £170 Rimless ranges). This offer is for £40 off any lens upgrades but excludes safety eyewear, myopia management lenses and Aspheric 1.5 lenses. All lenses are scratch resistant. Additional charge for extra lens options which cost over £40. For any lens options that cost under £40, any difference in value will not be refunded, discounted off your purchase or provided in cash/vouchers. Subject to suitability.

# ਜਥੇਦਾਰ ਵਲੋਂ ਮੁੱਖ ਮੰਤਰੀ ਮਾਨ 'ਗੁਰੂ ਦੋਖੀ ਤੇ ਪੰਥ ਵਿਰੋਧੀ' ਕਰਾਰ

ਪੰਥਕ ਹਲਚਲ

## ✪ ਪੰਜਾਬ ਕੈਬਨਿਟ ਸਮੇਤ ਸਿੱਖ ਵਿਧਾਇਕ 29 ਜੂਨ ਨੂੰ ਤਲਬ ! ✪ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਾ, 'ਗੁਰੂ ਪੰਥ ਹੁਣ ਮੁੱਖ ਮੰਤਰੀ ਨੂੰ ਮੂੰਹ ਨਾ ਲਾਵੇ', ਮਾਨ ਲਈ ਦਿਕਤਾਂ ਵਧੀਆਂ



ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਗੁਰੂ ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ' ਕਰਾਰ ਦੇਣ ਦਾ ਫੈਸਲਾ ਸੂਬੇ ਦੀ ਸਿਆਸਤ ਵਿੱਚ ਇੱਕ ਵੱਡਾ ਮੋੜ ਹੈ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਬੇਅਦਬੀ ਨਾਲ ਸਬੰਧਿਤ ਵੀਡੀਓ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਆਏ ਇਸ ਹੁਕਮਨਾਮੇ ਨੇ ਨਾ ਸਿਰਫ਼ ਮੁੱਖ ਮੰਤਰੀ ਦੀ ਨੈਤਿਕ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ ਹਨ, ਬਲਕਿ ਪੰਜਾਬ ਦੀ ਧਾਰਮਿਕ ਅਤੇ ਸਿਆਸੀ ਫਿਜ਼ਾ ਨੂੰ ਵੀ ਪੂਰੀ ਤਰ੍ਹਾਂ ਗਰਮਾ ਦਿੱਤਾ ਹੈ। ਇਸ ਦੇ ਨਾਲ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026' ਦੇ ਮਾਮਲੇ ਵਿੱਚ ਪੂਰੀ ਕੈਬਨਿਟ ਅਤੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਤਲਬ ਕਰਨ ਦੇ ਫੈਸਲੇ ਨੇ ਸਰਕਾਰ ਅਤੇ ਸਰਵਉੱਚ ਸਿੱਖ ਸੰਸਥਾ ਵਿਚਾਲੇ ਟਕਰਾਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ।

### ਪੰਜਾਬ ਦੀ ਸਿਆਸਤ ਉੱਪਰ ਪ੍ਰਭਾਵ

ਸਿਆਸੀ ਮਾਹਿਰਾਂ ਅਨੁਸਾਰ ਜਥੇਦਾਰ ਦੇ ਇਸ ਫੈਸਲੇ ਦਾ ਪੰਜਾਬ ਦੀ ਸਿਆਸਤ 'ਤੇ ਬਹੁਤ ਡੂੰਘਾ ਅਤੇ ਦੂਰਗਾਮੀ ਪ੍ਰਭਾਵ ਪਵੇਗਾ। ਪੰਜਾਬ ਦੀ ਸਿਆਸਤ ਹਮੇਸ਼ਾ ਪੰਥਕ ਸਰੋਕਾਰਾਂ ਨਾਲ ਜੁੜੀ ਰਹੀ ਹੈ। ਮੁੱਖ ਮੰਤਰੀ ਨੂੰ ਸੰਗਤ ਨੂੰ 'ਮੂੰਹ ਨਾ ਲਾਉਣ' ਦਾ ਆਦੇਸ਼ ਆਮ ਆਦਮੀ ਪਾਰਟੀ (ਆਪ) ਲਈ ਸਿੱਖ ਵੋਟ ਬੈਂਕ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਵੱਡਾ ਨੁਕਸਾਨ ਪਹੁੰਚਾ ਸਕਦਾ ਹੈ। ਵਿਰੋਧੀ ਧਿਰਾਂ ਨੂੰ ਸਰਕਾਰ ਨੂੰ ਘੇਰਨ ਲਈ ਇੱਕ ਬਹੁਤ ਵੱਡਾ ਹਥਿਆਰ ਮਿਲ ਗਿਆ ਹੈ, ਜਿਸ ਨਾਲ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜ ਅਤੇ ਅਕਸ 'ਤੇ ਅਸਰ ਪੈਣਾ ਤੈਅ ਹੈ।

ਬਾਕੀ ਹਿਸਾ ਸਫਾ 4 ਤੇ ਪੜ੍ਹੋ

## ਕੀ ਭਗਵੰਤ ਮਾਨ ਨੂੰ ਨੁਕਸਾਨ ਪਹੁੰਚੇਗਾ ?

ਪੰਥਕ ਮਾਮਲਿਆਂ ਦੇ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਭਗਵੰਤ ਮਾਨ ਨੂੰ ਇਸ ਨਾਲ ਬਹੁਤ ਵੱਡਾ ਰਾਜਨੀਤਕ ਅਤੇ ਨੈਤਿਕ ਨੁਕਸਾਨ ਪਹੁੰਚੇਗਾ। ਉਨ੍ਹਾਂ ਨੇ ਪਹਿਲਾਂ ਇਸ ਵੀਡੀਓ ਨੂੰ ਏ.ਆਈ. ਦੁਆਰਾ ਬਣਾਈ ਨਕਲੀ ਵੀਡੀਓ ਦੱਸਿਆ ਸੀ, ਪਰ ਹੁਣ ਸਰਕਾਰੀ ਮਾਨਤਾ ਪ੍ਰਾਪਤ ਦੋ ਫੋਰੈਂਸਿਕ ਲੈਬਾਰਟਰੀਆਂ ਵੱਲੋਂ ਇਸ ਨੂੰ ਸਹੀ ਕਰਾਰ ਦਿੱਤੇ ਜਾਣ ਕਾਰਨ ਉਨ੍ਹਾਂ ਦੀ ਭਰੋਸੇਯੋਗਤਾ ਨੂੰ ਗੰਭੀਰ ਸੱਟ ਵੱਜੀ ਹੈ। ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਕਥਿਤ ਤੌਰ 'ਤੇ 'ਝੂਠ ਬੋਲਣ' ਦਾ ਦਾਗ਼ ਸਿੱਖ ਮਾਨਸਿਕਤਾ ਵਿੱਚ ਉਨ੍ਹਾਂ ਦੇ ਅਕਸ ਨੂੰ ਲੰਮੇ ਸਮੇਂ ਤੱਕ ਨੁਕਸਾਨ ਪਹੁੰਚਾਏਗਾ। ਉਨ੍ਹਾਂ ਦੀ ਅਗਵਾਈ 'ਤੇ ਸਵਾਲ ਉੱਠਣਗੇ ਅਤੇ ਪਾਰਟੀ ਦੇ ਅੰਦਰ ਵੀ ਵਿਰੋਧ ਦੇ ਸੁਰ ਉੱਠ ਸਕਦੇ ਹਨ। ਸਿੱਖ ਇਤਿਹਾਸਕਾਰ ਡਾਕਟਰ ਸੁਖਦਿਆਲ ਸਿੰਘ ਕਹਿੰਦੇ ਹਨ ਕਿ ਜਥੇਦਾਰ ਦੇ ਫ਼ੈਸਲੇ ਦਾ ਅਰਥ ਹੈ ਕਿ ਭਗਵੰਤ ਮਾਨ ਨੂੰ ਸਹਿਯੋਗ ਨਾ ਕੀਤਾ ਜਾਵੇ ਅਤੇ ਜਿੱਥੇ ਉਹ ਜਾਂਦੇ ਹਨ, ਉਨ੍ਹਾਂ ਦਾ ਸਵਾਗਤ ਨਾ ਕੀਤਾ ਜਾਵੇ।


ਸੀਨੀਅਰ ਪੱਤਰਕਾਰ ਅਤੇ ਸਿੱਖ ਮਾਮਲਿਆਂ ਦੇ ਜਾਣਕਾਰ ਜਸਪਾਲ ਸਿੱਧੂ ਕਹਿਦੇ ਹਨ ਕਿ, "ਇਹ ਅਕਾਲ ਤਖ਼ਤ ਸਾਹਿਬ ਦੀ ਤਾਕਤ ਦੀ ਸਿੱਧੀ-ਸਿੱਧੀ ਦੁਰ ਵਰਤੋਂ ਲੱਗਦੀ ਹੈ। ਅਜਿਹਾ ਫ਼ੈਸਲਾ ਆਉਣਾ ਨਹੀਂ ਚਾਹੀਦਾ ਸੀ।" ਡਾਕਟਰ ਸੁਖਦਿਆਲ ਸਿੰਘ ਕਹਿੰਦੇ ਹਨ ਕਿ ਇਹ ਫੈਸਲਾ ਚੋਣਾਂ ਨੇੜੇ ਆਇਆ ਹੈ ਜਿਸ ਕਾਰਨ ਭਗਵੰਤ ਮਾਨ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਹੋ ਸਕਦੀ ਹੈ ਅਤੇ ਉਹ ਇਸ ਖ਼ਿਲਾਫ਼ ਧਰਮ ਦੀ ਵਰਤੋਂ ਕਰਨ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਵੀ ਕਰ ਸਕਦੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਜਿਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਦੇ ਇਤਰਾਜ਼ਾਂ ਨੂੰ ਨਜ਼ਰਅੰਦਾਜ਼ ਕਰਕੇ 'ਹੈਂਕੜ ਭਰਿਆ ਰਵੱਈਆ' ਅਪਣਾਇਆ, ਉਸ ਦਾ ਖ਼ਾਮਿਆਜ਼ਾ ਹੁਣ ਮੁੱਖ ਮੰਤਰੀ ਨੂੰ ਭੁਗਤਣਾ ਪੈ ਰਿਹਾ ਹੈ। ਲੋਕਤੰਤਰ ਵਿੱਚ ਕੋਈ ਵੀ ਸਰਕਾਰ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਰਵਉੱਚ ਸੰਸਥਾਵਾਂ ਨੂੰ ਲਲਕਾਰ ਕੇ ਲੰਮਾ ਸਮਾਂ ਟਿਕ ਨਹੀਂ ਸਕਦੀ। ਭਗਵੰਤ ਮਾਨ ਲਈ ਭਲਾਈ ਇਸੇ ਵਿੱਚ ਹੋਵੇਗੀ ਕਿ ਉਹ ਅੜੀਅਲ ਰਵੱਈਆ ਛੱਡ ਕੇ 29 ਜੂਨ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਵਿੱਚ ਜਾਣ ਅਤੇ ਪੰਥਕ ਮਰਿਆਦਾ ਅਨੁਸਾਰ ਇਸ ਮਸਲੇ ਦਾ ਹੱਲ ਕੱਢਣ, ਨਹੀਂ ਤਾਂ ਪੰਜਾਬ ਦੀ ਸਿਆਸਤ ਵਿੱਚ ਉਨ੍ਹਾਂ ਦੀ ਪਕੜ ਕਮਜ਼ੋਰ ਹੋਣੀ ਲਗਭਗ ਤੈਅ ਹੈ।

# ਅੰਬੂਸ਼ ਮੋਦੀ ਪੋਲੀਟਿਕਸ' ਰੈਲੀ ਨੂੰ ਰੋਕਣ ਲਈ ਖਾਲਿਸਤਾਨ ਰੈਫਰੈਂਡਮ ਦੇ ਕਾਰਕੁੰਨਾਂ ਨੂੰ ਫਰਾਂਸ ਸਰਕਾਰ ਵੱਲੋਂ 2 ਦਿਨ ਹਿਰਾਸਤ ਵਿੱਚ ਰੱਖਣ ਪਿੱਛੋਂ ਕੀਤਾ ਰਿਹਾਅ ....

ਈਵਿਆਨ (ਫਰਾਂਸ) - (ਪੰਜਾਬ ਟਾਈਮਜ਼) - ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀ-7 ਸੰਮੇਲਨ ਵਿੱਚ ਪਹੁੰਚਣ 'ਤੇ, 'ਅੰਬੂਸ਼ ਮੋਦੀ ਪੋਲੀਟਿਕਸ' ਰੈਲੀ ਵਿੱਚ ਹਿੱਸਾ ਲੈਣ ਲਈ ਫਰਾਂਸ ਪਹੁੰਚੇ ਖਾਲਿਸਤਾਨ ਰੈਫਰੈਂਡਮ ਦੇ ਦਰਜਨਾਂ ਕਾਰਕੁੰਨਾਂ ਨੂੰ ਫਰਾਂਸੀਸੀ ਪੁਲਿਸ ਵੱਲੋਂ ਬਿਨਾਂ ਕਿਸੇ ਰਸਮੀ ਦੋਸ਼ ਦੇ ਹਿਰਾਸਤ ਵਿੱਚ ਲੈਣ ਦੀ ਖ਼ਬਰ ਹੈ, ਜਿਹਨਾਂ ਵਿੱਚ ਦੁਪਿੰਦਰਜੀਤ ਸਿੰਘ, ਤਜਿੰਦਰ ਸਿੰਘ ਜੀਤਾ ਅਤੇ ਸਤਪਾਲ ਸਿੰਘ ਦੇ ਨਾਂ ਵਰਣਨਯੋਗ ਹਨ।

### "ਸਿੱਖਸ ਫਾਰ ਜਸਟਿਸ ਨੇ ਫਰਾਂਸ ਦੀ ਲਾਅ ਫਰਮ ਦੀਆਂ ਸੇਵਾਵਾਂ ਲੈ ਕੇ ਖਾਲਿਸਤਾਨ ਰੈਫਰੈਂਡਮ ਦੇ ਕਾਰਕੁੰਨਾਂ ਨੂੰ ਰਿਹਾਅ ਕਰਵਾਇਆ - ਗੁਰਪਤਵੰਤ ਸਿੰਘ ਪੰਨੂ, ਐਸ ਐਫ ਜੇ





ਜਨੇਵਾ ਵਿੱਚ ਮੁਜ਼ਾਹਰਾ ਕਰ ਰਹੇ ਸਿਖਸ ਫਾਰ ਜਸਟਿਸ ਦੇ ਨੁਮਾਇੰਦੇ ਅਤੇ ਐਨ ਸੱਜੇ ਫਰਾਂਸ ਪੁਲਿਸ ਦੀ ਹਿਰਾਸਤ ਵਿੱਚ ਤਜਿੰਦਰ ਸਿੰਘ ਜੀਤਾ ਯੂ ਕੇ

ਇਸ 'ਅੰਬੂਸ਼ ਮੋਦੀ ਪੋਲੀਟਿਕਸ' ਮੁਹਿੰਮ ਦਾ ਮੁੱਖ ਮਕਸਦ ਜੀ-7 ਦੇ ਆਗੂਆਂ, ਕੌਮਾਂਤਰੀ ਮੀਡੀਆ ਅਤੇ ਪੂਰੀ ਦੁਨੀਆ ਨੂੰ ਇਹ ਯਾਦ ਦਿਵਾਉਣਾ ਹੈ ਕਿ ਨਰਿੰਦਰ ਮੋਦੀ ਇੱਕ ਅਜਿਹੀ ਭਾਰਤੀ ਹਕੂਮਤ ਦੇ ਮੁਖੀ ਵਜੋਂ ਫਰਾਂਸ ਆ ਰਹੇ ਹਨ, ਜੋ ਜੀ-7 ਦੇਸ਼ਾਂ ਦੀ ਧਰਤੀ 'ਤੇ ਖਾਲਿਸਤਾਨ ਰੈਫਰੈਂਡਮ ਦੇ ਕਾਰਕੁੰਨਾਂ ਨੂੰ ਨਿਸ਼ਾਨਾ ਬਣਾ ਕੇ ਸਰਹੱਦੋਂ ਪਾਰ ਜ਼ੁਲਮ ਟਰਾਂਸਨੈਸ਼ਨਲ ਰਿਪਰੈਸ਼ਨ ਅਤੇ ਵਿਦੇਸ਼ੀ ਧਰਤੀ 'ਤੇ ਕਤਲੋਗਾਰਤ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ। ਐਸ ਐਫ ਜੇ ਨੇ ਹਿਰਾਸਤ ਵਿੱਚ ਲਏ ਗਏ ਕਾਰਕੁੰਨਾਂ ਦੀ ਕਾਨੂੰਨੀ ਸੁਰੱਖਿਆ ਲਈ ਫਰਾਂਸ ਦੀ ਇੱਕ ਚੋਟੀ ਦੀ ਲਾਅ ਫਰਮ ਦੀ ਨਿਯੁਕਤੀ ਕੀਤੀ ਹੈ। ਕਾਨੂੰਨੀ ਟੀਮ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਹਿਰਾਸਤ ਵਿੱਚ ਲਏ ਗਏ ਕਾਰਕੁੰਨਾਂ ਤੱਕ ਤੁਰੰਤ ਪਹੁੰਚ ਬਣਾਉਣ, ਇਸ ਹਿਰਾਸਤ ਦੀ ਕਾਨੂੰਨੀ ਵੈਧਤਾ ਦੀ ਜਾਂਚ ਕਰਨ, ਅਤੇ ਇਹ ਯਕੀਨੀ ਬਣਾਉਣ ਕਿ ਖਾਲਿਸਤਾਨ ਰੈਫਰੈਂਡਮ ਦੇ ਪ੍ਰਚਾਰ ਨੂੰ ਫਰਾਂਸੀਸੀ ਅਤੇ ਕੌਮਾਂਤਰੀ ਕਾਨੂੰਨ ਤਹਿਤ ਪੂਰੀ ਸੁਰੱਖਿਆ ਮਿਲੇ। ਉਹਨਾਂ ਨੂੰ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਕਾਨੂੰਨੀ ਫਰਮ ਵੱਲੋਂ ਪਹੁੰਚ ਕਰਕੇ ਦੂਜੇ ਦਿਨ ਮੰਗਲਵਾਰ ਨੂੰ ਰਿਹਾਅ ਕਰਵਾ ਲਿਆ ਗਿਆ।

ਜੀ-7 ਸੰਮੇਲਨ ਦੌਰਾਨ 'ਅੰਬੂਸ਼ ਮੋਦੀ ਪੋਲੀਟਿਕਸ' ਰੈਲੀ ਦਾ ਮੁੱਖ ਮਕਸਦ ਭਾਰਤ ਸਰਕਾਰ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਕਤਲ ਦੀਆਂ ਸਾਜ਼ਿਸ਼ਾਂ ਦਾ ਪਰਦਾ ਫਾਸ਼ ਕਰਨਾ ਹੈ।

ਜਿਵੇਂ ਕਿ ਕੈਨੇਡਾ ਦੀ ਧਰਤੀ 'ਤੇ ਸ਼ਹੀਦ ਹਰਦੀਪ ਸਿੰਘ ਨਿੱਝਰ ਦਾ ਕਤਲ, ਯੂ ਕੇ ਵਿੱਚ ਸ਼ਹੀਦ ਅਵਤਾਰ ਸਿੰਘ ਖੰਡਾ ਦੀ ਮੌਤ ਅਤੇ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸੁਪਾਰੀ ਦੀ ਸਾਜ਼ਿਸ਼। ਇਸੇ ਤਰ੍ਹਾਂ ਯੂ ਕੇ ਸਥਿਤ ਰੈਫਰੈਂਡਮ ਪ੍ਰਬੰਧਕ ਪਰਮਜੀਤ ਸਿੰਘ ਪੰਮਾ ਖ਼ਿਲਾਫ਼ ਸਾਜ਼ਿਸ਼ ਅਤੇ ਇੰਦਰਜੀਤ ਸਿੰਘ ਗੋਸਲ ਖ਼ਿਲਾਫ਼ ਸਾਜ਼ਿਸ਼ ਅਤੇ 'ਡਿਊਟੀ ਟੂ ਵਾਰਨ' (ਖ਼ਤਰੇ ਦਾ ਨੋਟਿਸ ਅਹਿਮ ਘਟਨਾਵਾਂ ਹਨ।

3 ਸਫ਼ੇ ਦੀ ਬਾਕੀ

29 ਜੂਨ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤੇ ਜਾਣ ਕਾਰਨ ਸੱਤਾਧਾਰੀ ਪਾਰਟੀ ਦੇ ਸਿੱਖ ਮੰਤਰੀਆਂ ਅਤੇ ਵਿਧਾਇਕਾਂ ’ਤੇ ਭਾਰੀ ਮਨੋਵਿਗਿਆਨਕ ਅਤੇ ਸਮਾਜਿਕ ਦਬਾਅ ਬਣੇਗਾ, ਕਿਉਂਕਿ ਕੋਈ ਵੀ ਸਿੱਖ ਆਗੂ ਅਕਾਲ ਤਖ਼ਤ ਸਾਹਿਬ ਦੀ ਅਵੱਗਿਆ ਕਰਨ ਦਾ ਜੋਖਮ ਨਹੀਂ ਉਠਾਉਣਾ ਚਾਹੁੰਦਾ।

### ਕਾਂਗਰਸ ਅਤੇ ਅਕਾਲੀ ਦਲ ਦੀ ਇੱਕਮਿਤਤਾ ਦੇ ਕਾਰਨ

ਇਸ ਮਾਮਲੇ ’ਤੇ ਰਵਾਇਤੀ ਵਿਰੋਧੀ- ਕਾਂਗਰਸ (ਜਿਵੇਂ ਸੁਖਜਿੰਦਰ ਸਿੰਘ ਰੰਧਾਵਾ) ਅਤੇ ਸ਼੍ਰੋਮਣੀ ਅਕਾਲੀ ਦਲ (ਜਿਵੇਂ ਸੁਖਬੀਰ ਸਿੰਘ ਬਾਦਲ, ਐਡਵੋਕੇਟ ਹਰਜਿੰਦਰ ਸਿੰਘ ਧਾਮੀ)- ਇੱਕੋ ਸੁਰ ਵਿੱਚ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ। ਆਪਣੇ ਐਕਸ ਹੈਂਡਲ ’ਤੇ ਕੀਤੀ ਪੋਸਟ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ, “ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਥਿਤ ਵੀਡੀਓ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਭਗਵੰਤ ਮਾਨ ਨੂੰ ਪੰਥ ਵਿਰੋਧੀ ਐਲਾਨਿਆ ਗਿਆ ਹੈ ਅਤੇ ਸਿੱਖ ਸੰਗਤ ਨੂੰ ਉਨ੍ਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਹੈ।”ਉਨ੍ਹਾਂ ਕਿਹਾ ਕਿ ਅਜਿਹੇ ਗੰਭੀਰ ਫ਼ੈਸਲੇ ਤੋਂ ਬਾਅਦ ਭਗਵੰਤ ਮਾਨ ਆਪਣਾ ਨੈਤਿਕ ਅਧਿਕਾਰ ਗੁਆ ਚੁੱਕੇ ਹਨ। ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਮਰਿਆਦਾ ਅਤੇ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਭਗਵੰਤ ਮਾਨ ਨੂੰ ਬਿਨਾਂ ਕਿਸੇ ਦੇਰੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।”

ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਲੀਡਰ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ “ਅਕਾਲ ਤਖਤ ਸਾਹਿਬ ਤੋਂ ਜੋ ਵੀ ਫ਼ੈਸਲਾ ਆਵੇਗਾ, ਬਤੌਰ ਸਿੱਖ ਅਸੀਂ ਉਸ ਦੀ ਪੈਰਵੀ ਕਰਾਂਗੇ।”

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਇਸ ਐਲਾਨ ਤੋਂ ਬਾਅਦ ਭਗਵੰਤ ਮਾਨ ਉੱਤੇ ਸਵਾਲ ਖੜੇ ਕੀਤੇ। ਉਨ੍ਹਾਂ ਕਿਹਾ ਕਿ “ਭਗਵੰਤ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਜਾ ਕੇ ਝੂਠ ਬੋਲਿਆ ਕਿ ਉਕਤ ਵੀਡੀਓ ਆਰਟੀਫੀਸ਼ਿਲ ਇੰਟੈਲੀਜੈਂਸ ਨਾਲ ਬਣੀ ਹੋਈ ਹੈ ਜਦਕਿ ਜਾਂਚ ਵਿੱਚ ਉਹ ਵੀਡੀਓ ਸਹੀ ਨਿਕਲੀ ਹੈ। ਉਨ੍ਹਾਂ ਕਿਹਾ, ਕਿ ਇਸ ਮੁੱਖ ਮੰਤਰੀ ਨੂੰ ਪੰਜ ਮਿੰਟ ਵੀ ਮੁੱਖ ਮੰਤਰੀ ਰਹਿਣ ਦਾ ਹੱਕ ਨਹੀਂ।”

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਮਾਮਲੇ ਵਿਚ ਅਕਾਲੀ ਦਲ ਬਾਦਲ ਤੇ ਕਾਂਗਰਸ ਦੀ ਇੱਕਮਤਤਾ ਦੇ ਮੁੱਖ ਕਾਰਨ ਹੇਠ ਲਿਖੇ ਹਨ:

* ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਦੇ ਵੋਟ ਬੈਂਕ ਨੂੰ ਸੰਨ੍ਹ ਲਾ ਕੇ ਸੱਤਾ ਹਾਸਲ ਕੀਤੀ ਸੀ। ਦੋਵੇਂ ਪਾਰਟੀਆਂ ਭਗਵੰਤ ਮਾਨ ਨੂੰ ਕਮਜ਼ੋਰ ਕਰਕੇ ਆਪਣੀ ਗੁਆਚੀ ਹੋਈ ਸਿਆਸੀ ਜ਼ਮੀਨ ਮੁੜ ਤਲਾਸ਼ਣਾ ਚਾਹੁੰਦੀਆਂ ਹਨ।

* ਪੰਜਾਬ ਵਿੱਚ ਕੋਈ ਵੀ ਸਿਆਸੀ ਪਾਰਟੀ ਸਿੱਖ ਭਾਵਨਾਵਾਂ ਦੇ ਵਿਰੁੱਧ ਜਾਣ ਦਾ ਖਤਰਾ ਨਹੀਂ ਸਹੇੜ ਸਕਦੀ। ਅਕਾਲ ਤਖ਼ਤ ਸਾਹਿਬ ਦੇ ਫੈਸਲੇ ’ਤੇ ਪਹਿਰਾ ਦੇਣਾ ਉਨ੍ਹਾਂ ਦੀ ਸਿਆਸੀ ਮਜਬੂਰੀ ਵੀ ਹੈ ਅਤੇ ਲੋੜ ਵੀ।

* ਫੋਰੈਂਸਿਕ ਲੈਬ ਦੀ ਰਿਪੋਰਟ ਆਉਣ ਤੋਂ ਬਾਅਦ, ਵਿਰੋਧੀ ਧਿਰਾਂ ਕੋਲ ‘ਉੱਚ ਨੈਤਿਕ ਮਾਪਦੰਡਾਂ’ ਅਤੇ ‘ਕਾਨੂੰਨ ਦੇ ਸ਼ਾਸਨ’ ਦਾ ਹਵਾਲਾ ਦੇ ਕੇ ਭਗਵੰਤ ਮਾਨ ਨੂੰ ਘੇਰਨ ਦਾ ਬਿਹਤਰੀਨ ਮੌਕਾ ਹੈ।

# ਅਕਾਲ ਤਖ਼ਤ ਸਾਹਿਬ ਵੱਲੋਂ ਅਮਰੀਕਾ ਤੇ ਕੈਨੇਡਾ ਦੀਆਂ ਦੋ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕ ‘ਅਯੋਗ’ ਅਤੇ ‘ਤਨਖ਼ਾਹੀਏ’ ਕਰਾਰ

ਅੰਮ੍ਰਿਤਸਰ ਸਾਹਿਬ-ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਸਿੰਘ ਸਾਹਿਬਾਨ ਦੀ ਇਕੱਤਰਤਾ ਦਰਮਿਆਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਵਿਦੇਸ਼ੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਖਿਲਾਫ਼ ਸਖ਼ਤ ਫ਼ੈਸਲੇ ਲਏ ਗਏ ਹਨ। ਮਰਿਆਦਾ ਦੀ ਉਲੰਘਣਾ ਅਤੇ ਪੰਥਕ ਸ਼ਖ਼ਸੀਅਤਾਂ ਦੇ ਅਪਮਾਨ ਦੇ ਮਾਮਲਿਆਂ ਵਿੱਚ ਕਾਰਵਾਈ ਕਰਦਿਆਂ ਅਕਾਲ ਤਖ਼ਤ ਸਾਹਿਬ ਨੇ ਅਮਰੀਕਾ ਅਤੇ ਕੈਨੇਡਾ ਦੀਆਂ ਦੋ ਪ੍ਰਮੁੱਖ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਅਯੋਗ ਅਤੇ ਤਨਖ਼ਾਹੀਆ ਕਰਾਰ ਦਿੱਤਾ ਹੈ।

ਅਮਰੀਕਾ ਦੀ ਕਮੇਟੀ ’ਤੇ ਪੰਥਕ ਸ਼ਖ਼ਸੀਅਤਾਂ ਦੇ ਅਪਮਾਨ ਦਾ ਦੋਸ਼; ਸੇਵਾ ਤੋਂ ਅਯੋਗ ਕਰਾਰ

ਜਥੇਦਾਰ ਗੜਗੱਜ ਵੱਲੋਂ ਜਾਰੀ ਆਦੇਸ਼ ਮੁਤਾਬਕ, ਅਮਰੀਕਾ ਦੇ ਸਟੇਟ ਸਾਊਥ ਕੈਰੋਲੀਨਾ ਡੰਕਣ ਸਥਿਤ ‘ਗੁਰਦੁਆਰਾ ਗੁਰੂ ਨਾਨਕ ਦਰਬਾਰ ਸਿੱਖ ਸੁਸਾਇਟੀ’ ਦੀ ਪ੍ਰਬੰਧਕ ਕਮੇਟੀ ’ਤੇ ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਦਾ ਅਪਮਾਨ ਕਰਨ ਅਤੇ ਉਨ੍ਹਾਂ ਬਾਰੇ ਭੱਦੀ ਸ਼ਬਦਾਵਲੀ ਵਰਤਣ ਦੇ ਗੰਭੀਰ ਦੋਸ਼ ਸਾਬਤ ਹੋਏ ਹਨ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਮੇਟੀ ਦੇ ਹੇਠ ਲਿਖੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਤੋਂ ਅਯੋਗ ਕਰਾਰ ਦਿੱਤਾ ਹੈ:

ਸਰਵਪ੍ਰੀਤ ਸਿੰਘ (ਸਾਬਕਾ ਸਕੱਤਰ)

ਰਾਜ ਸਿੰਘ (ਚੇਅਰਪਰਸਨ)

ਮਨਜੀਤ ਕੌਰ (ਟਰੱਸਟੀ)

ਅੰਮ੍ਰਿਤਪਾਲ ਸਿੰਘ, ਸਵਰਨ ਸਿੰਘ, ਸੋਹਣ ਸਿੰਘ, ਜਸਵਿੰਦਰ ਸਿੰਘ ਅਤੇ ਰਜਿੰਦਰ ਸਿੰਘ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਦੇਸ਼: “ਜਿੰਨਾ ਚਿਰ ਇਹ ਸਾਰੇ ਵਿਅਕਤੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ ’ਤੇ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਨਹੀਂ ਦਿੰਦੇ, ਉਦੋਂ ਤੱਕ ਸਿੱਖ ਪੰਥ ਇਨ੍ਹਾਂ ਨਾਲ ਕੋਈ ਸਾਂਝ ਨਾ ਰੱਖੇ ।”

### ਕੈਨੇਡਾ ਦੀ ਪ੍ਰਬੰਧਕ ਕਮੇਟੀ ‘ਤਨਖ਼ਾਹੀਆ’ ਕਰਾਰ

ਇੱਕ ਹੋਰ ਵੱਖਰੇ ਆਦੇਸ਼ ਵਿੱਚ, ਕੈਨੇਡਾ ਦੇ ਮੈਨੀਟੋਬਾ ਸਥਿਤ ‘ਗੁਰਦੁਆਰਾ ਸਾਹਿਬ ਵਿਨੀਪੈਗ ਸਾਊਥ ਸਿੱਖ ਸੈਂਟਰ (ਵਿਲਕਸ ਐਵੀਨਿਊ)’ ਦੀ ਪ੍ਰਬੰਧਕ ਕਮੇਟੀ ਖਿਲਾਫ਼ ਵੀ ਵੱਡੀ ਕਾਰਵਾਈ ਕੀਤੀ ਗਈ ਹੈ। ਇਸ ਕਮੇਟੀ ’ਤੇ ਸਿੱਖ ਰਹਿਤ ਮਰਿਆਦਾ ਮੁਤਾਬਕ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਨਾ ਚਲਾਉਣ ਦੇ ਦੋਸ਼ ਲੱਗੇ ਸਨ।

ਵੱਖ-ਵੱਖ ਆਦੇਸ਼ਾਂ ’ਚੋਂ ਇਕ ਆਦੇਸ਼ ’ਚ ਜਥੇਦਾਰ ਗੜਗੱਜ ਨੇ ਅਮਰੀਕਾ ’ਚ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਿੱਖ ਸੁਸਾਇਟੀ ਆਫ ਸਟੇਟ ਸਾਊਥ ਕੈਰੋਲੀਨਾ ਡੰਕਣ ਦੀ ਪ੍ਰਬੰਧਕ ਕਮੇਟੀ ਵਲੋਂ ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਦਾ ਅਪਮਾਨ ਕਰਨ ਅਤੇ ਉਨ੍ਹਾਂ ਬਾਰੇ ਭੱਦੀ ਸ਼ਬਦਾਵਲੀ ਵਰਤਣ ਸੰਬੰਧੀ ਮਾਮਲੇ ’ਚ ਉਕਤ ਗੁਰਦੁਆਰਾ ਕਮੇਟੀ ਦੇ ਸਾਬਕਾ ਸਕੱਤਰ ਸਰਵਪ੍ਰੀਤ ਸਿੰਘ, ਚੇਅਰਪਰਸਨ ਰਾਜ ਸਿੰਘ, ਟਰੱਸਟੀ ਮਨਜੀਤ ਕੌਰ, ਅੰਮਿਬਪਾਲ ਸਿੰਘ, ਸਵਰਨ ਸਿੰਘ, ਸੋਹਣ ਸਿੰਘ, ਜਸਵਿੰਦਰ ਸਿੰਘ ਤੇ ਰਜਿੰਦਰ ਸਿੰਘ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਤੋਂ ਅਯੋਗ ਕਰਾਰ ਦਿੰਦਿਆਂ ਆਦੇਸ਼ ਕੀਤਾ ਕਿ ਜਿਨ੍ਹਾਂ ਚਿਰ ਇਹ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਸਪਸ਼ੱਟੀਕਰਨ ਨਹੀਂ ਦਿੰਦੇ, ਓਨਾ ਚਿਰ ਪੰਥ ਇਨ੍ਹਾਂ ਨੂੰ ਮੂੰਹ ਨਾ ਲਗਾਵੇ। ਇਕ ਹੋਰ ਆਦੇਸ਼ ’ਚ ਕੈਨੇਡਾ ਸਥਿਤ ਗੁਰਦੁਆਰਾ ਸਾਹਿਬ ਵਿਨੀਪੈਗ ਸਾਊਥ ਸਿੱਖ ਸੈਂਟਰ ਵਿਲਕਸ ਐਵੀਨਿਊ ਮੈਨੀਟੋਬਾ ਦੀ ਪ੍ਰਬੰਧਕ ਕਮੇਟੀ ਵਲੋਂ ਸਿੱਖ ਰਹਿਤ ਮਰਿਆਦਾ ਮੁਤਾਬਕ ਪ੍ਰਬੰਧ ਨਾ ਚਲਾਉਣ ਦੇ ਦੋਸ਼ ’ਚ ਉਕਤ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਸ਼ਾਨ ਸਿੰਘ ਤੋਂ ਇਲਾਵਾ ਰਜਿੰਦਰ ਸਿੰਘ, ਮਲਕੀਤ ਸਿੰਘ, ਮੋਹਨ ਸਿੰਘ, ਨਵਦੀਪ ਸਿੰਘ, ਬਲਜਿੰਦਰ ਸਿੰਘ, ਕੁਲਵਿੰਦਰ ਸਿੰਘ, ਰਸ਼ਪਾਲ ਸਿੰਘ, ਪ੍ਰਦੀਪ ਸਿੰਘ ਅਤੇ ਪੰਜ ਮੈਂਬਰੀ ਕਮੇਟੀ ਦੇ ਅਮਰਜੀਤ ਸਿੰਘ, ਕਿਰਨਪਾਲ ਸਿੰਘ, ਸੁਖਜਿੰਦਰ ਸਿੰਘ, ਹਰਪਾਲ ਸਿੰਘ ਤੇ ਚਰਨਜੀਤ ਸਿੰਘ ਨੂੰ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ।

### ਭਾਈ ਰਾਜੋਆਣਾ ਦੇ ਮਾਮਲੇ ’ਚ ਕੋਈ ਆਦੇਸ਼ ਨਹੀਂ; ਪੰਥਕ ਹਲਕਿਆਂ ’ਚ ਚਰਚਾ

ਇਸ ਇਕੱਤਰਤਾ ਦੌਰਾਨ ਇੱਕ ਹੋਰ ਅਹਿਮ ਪੰਥਕ ਮੁੱਦੇ ’ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਵਾਉਣ ਦੇ ਮਾਮਲੇ ਬਾਰੇ ਪੰਥਕ ਜਥੇਬੰਦੀਆਂ ਦੀ ਇਕੱਤਰਤਾ ਵਿੱਚ ਲੰਮੀ ਚਰਚਾ ਜ਼ਰੂਰ ਹੋਈ। ਪਰ ਹੈਰਾਨੀ ਦੀ ਗੱਲ ਰਹੀ ਕਿ ਸਿੰਘ ਸਾਹਿਬਾਨ ਦੀ ਬੈਠਕ ਦੇ ਅਖੀਰ ਵਿੱਚ ਜਾਰੀ ਕੀਤੇ ਗਏ ਅਧਿਕਾਰਤ ਆਦੇਸ਼ਾਂ ਅਤੇ ਫੈਸਲਿਆਂ ਦੀ ਸੂਚੀ ਵਿੱਚ ਇਸ ਅਹਿਮ ਮਾਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਨਵਾਂ ਆਦੇਸ਼ ਜਾਰੀ ਹੋਇਆ।

# ਕੀ ਕਹਿੰਦੇ ਹਨ ਮੁੱਖ ਮੰਤਰੀ ਭਗਵੰਤ ਮਾਨ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਸਾਹਮਣੇ ਆ ਕੇ ਆਪਣਾ ਪੱਖ ਪੇਸ਼ ਕੀਤਾ ਹੈ। ਇੱਕ ਵੀਡੀਓ ਜਾਰੀ ਕਰਦਿਆਂ ਮੁੱਖ ਮੰਤਰੀ ਨੇ ਉਕਤ ਵਾਇਰਲ ਵੀਡੀਓ ਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਇਸ ਨੂੰ ਆਪਣੇ ਖਿਲਾਫ਼ ਇੱਕ ਡੂੰਘੀ ਸਿਆਸੀ ਸਾਜ਼ਿਸ਼ ਕਰਾਰ ਦਿੱਤਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ “ਜਦੋਂ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਏ ਸਨ, ਉਦੋਂ ਵੀ ਉਹ ਸਪੱਸ਼ਟ ਕਹਿ ਕੇ ਆਏ ਸਨ ਕਿ ਇਸ ਵਾਇਰਲ ਵੀਡੀਓ ਵਿੱਚ ਉਹ ਹੈ ਹੀ ਨਹੀਂ। ਵੀਡੀਓ ਵਿੱਚ ਦਿਖਾਈ ਦੇ ਰਹੇ ਸ਼ਖਸ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕੀ ਨਾ ਤਾਂ ਮੇਰਾ ਇਸ ਵੀਡੀਓ ਵਾਲੇ ਸ਼ਖਸ ਨਾਲ ਕੱਦ-ਕਾਠ ਮਿਲਦਾ ਹੈ ਅਤੇ ਨਾ ਹੀ ਸਰੀਰਕ ਬਣਤਰ ਮਿਲਦੀ ਹੈ। ਮੈਨੂੰ ਬਦਨਾਮ ਕਰਨ ਲਈ ਧਰਮ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਅਜਿਹੇ ਕੋਝੇ ਹੱਥਕੰਡੇ ਅਪਣਾਏ ਜਾ ਰਹੇ ਹਨ।”

ਧਾਰਮਿਕ ਅਹੁਦਿਆਂ ’ਤੇ ਬੈਠੇ ਵਿਅਕਤੀਆਂ ਦੀ ਭੂਮਿਕਾ ’ਤੇ ਸਵਾਲ ਚੁੱਕਦਿਆਂ ਮੁੱਖ ਮੰਤਰੀ ਨੇ ਕਿਹਾ ਕਿ “ਉਹ ਹੈਰਾਨ ਹਨ ਕਿ ਧਰਮ ਦੇ ਇੰਨੇ ਵੱਡੇ ਅਹੁਦਿਆਂ ’ਤੇ ਬੈਠੇ ਲੋਕ ਕਿਵੇਂ ਆਪਣੇ ਸਿਆਸੀ ਆਕਾਵਾਂ ਦੀ ਸ਼ਹਿ ’ਤੇ ਇਸ ਤਰ੍ਹਾਂ ਦਾ ਝੂਠਾ ਪ੍ਰੋਪੇਗੰਡਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਕੂੜ ਪ੍ਰਚਾਰ ਮੈਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ। ਕਿਉਂਕਿ ਮੈਂ ਪੰਜਾਬ ਵਿੱਚ ਪਾਣੀ ਦੀ ਰਾਖੀ, ਗੁਰੂ ਦੀ ਬਾਣੀ ਦੀ ਰਾਖੀ, ਕਿਸਾਨੀ ਅਤੇ ਪੰਜਾਬ ਦੀ ਜਵਾਨੀ ਦੀ ਰਾਖੀ ਲਈ ਵੱਡੇ ਫ਼ੈਸਲੇ ਲੈ ਰਿਹਾ ਹਾਂ, ਜੋ ਉਨ੍ਹਾਂ (ਵਿਰੋਧੀਆਂ) ਨੂੰ ਬਿਲਕੁਲ ਬਰਦਾਸ਼ਤ ਨਹੀਂ ਹੋ ਰਹੇ।”

ਮਾਨ ਨੇ ਅੱਗੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਵਉੱਚ ਮੰਨਦੇ ਹਨ, ਪਰ ਉੱਥੇ ਜੋ ਸਿਆਸੀ ਨਿਯੁਕਤੀਆਂ ਹੋਈਆਂ ਹਨ, ਉਹ ਕਿਸ ਤਰ੍ਹਾਂ ਦੇ ਫ਼ੈਸਲੇ ਕਰਦੀਆਂ ਹਨ, ਇਸ ਗੱਲ ਨੂੰ ਸਿੱਖ ਸੰਗਤ ਭਲੀ-ਭਾਂਤੀ ਜਾਣਦੀ ਹੈ।

ਮੁੱਖ ਮੰਤਰੀ ਨੇ ਬੇਅਦਬੀ ਕਾਨੂੰਨ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਐੱਸ.ਜੀ.ਪੀ.ਸੀ.ਦੇ ਪ੍ਰਬੰਧਕਾਂ ਨੂੰ ਘੇਰਦਿਆਂ ਕਿਹਾ ਕਿ ਇਹ ਲੋਕ ਪਹਿਲਾਂ ਖੁਦ ਬੇਅਦਬੀ ਕਾਨੂੰਨਾਂ ਦੀ ਮੰਗ ਕਰਦੇ ਰਹੇ ਸਨ। ਪਰ ਜਦੋਂ ਹੁਣ ਮੌਜੂਦਾ ਸਰਕਾਰ ਨੇ ਇਹ ਕਾਨੂੰਨ ਬਣਾ ਦਿੱਤੇ, ਤਾਂ ਹੁਣ ਇਹ ਸਵਾਲ ਚੁੱਕ ਰਹੇ ਹਨ ਕਿ ਉਨ੍ਹਾਂ ਨੂੰ ਬਿਨਾਂ ਪੁੱਛੇ ਕਾਨੂੰਨ ਕਿਉਂ ਬਣਾਏ ਗਏ ? ਮੁੱਖ ਮੰਤਰੀ ਭਗਵੰਤ ਮਾਨ ਨੇ ਨਾਨਕ ਲੇਵਾ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਵਿਰੋਧੀਆਂ ਦੀਆਂ ਅਜਿਹੀਆਂ ਕੋਝੀਆਂ ਹਰਕਤਾਂ ਅਤੇ ਗੁਮਰਾਹਕੁੰਨ ਪ੍ਰਚਾਰ ਵਿੱਚ ਨਾ ਆਉਣ। ਉਨ੍ਹਾਂ ਕਿਹਾ ਕਿ ਬਾਕੀ ਆਖ਼ਰੀ ਫ਼ੈਸਲਾ ਸੰਗਤ ਦੇ ਹੱਥ ਵਿੱਚ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜਿੰਨਾ ਚਿਰ ਜਨਤਾ ਨੇ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਹੈ, ਉਹ ਪੰਜਾਬ ਦੇ ਪ੍ਰਤੀ ਅਤੇ ਪੰਜਾਬ ਦੇ ਹੱਕ ਵਿੱਚ ਬਿਨਾਂ ਡਰੇ ਫ਼ੈਸਲੇ ਲੈਂਦੇ ਰਹਿਣਗੇ।

# ਅਮਰੀਕਾ-ਈਰਾਨ ਸ਼ਾਂਤੀ ਸਮਝੌਤਾ: 19 ਜੂਨ ਨੂੰ ਸਵਿਟਜ਼ਰਲੈਂਡ ਵਿਚ ਹੋਣਗੇ ਇਤਿਹਾਸਕ ਦਸਤਖਤ

## ✪ ਅਮਰੀਕਾ ਅਤੇ ਈਰਾਨ ਵਿਚਾਲੇ ਜੰਗਬੰਦੀ, ਸਾਰੇ ਮੋਰਚਿਆਂ ’ਤੇ ਫੌਜੀ ਕਾਰਵਾਈਆਂ ਰੁਕੀਆਂ ✪ ਅਮਰੀਕਾ-ਈਰਾਨ ਡੀਲ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ, ਬ੍ਰੈਂਟ ਕਰੂਡ 84 ਡਾਲਰ ਤੋਂ ਹੇਠਾਂ ਆਇਆ ✪ ਨੇਤਨਯਾਹੂ ਦੇ ਵਿਰੋਧ ਦੇ ਬਾਵਜੂਦ ਟਰੰਪ ਬੋਲੇ-“ਇਜ਼ਰਾਈਲ ਨੂੰ ਪਰਮਾਣੂ ਵਿਨਾਸ਼ ਤੋਂ ਬਚਾਇਆ”



ਮੱਧ ਪੂਰਬ (ਮਿਡਲ ਈਸਟ) ਵਿੱਚ ਹਫ਼ਤਿਆਂ ਤੋਂ ਜਾਰੀ ਭਾਰੀ ਜੰਗੀ ਤਣਾਅ ਦੇ ਵਿਚਕਾਰ ਵਾਸ਼ਿੰਗਟਨ ਅਤੇ ਤਹਿਰਾਨ ਤੋਂ ਆਈ ਇੱਕ ਡਿਪਲੋਮੈਟਿਕ ਖ਼ਬਰ ਨੇ ਪੂਰੀ ਦੁਨੀਆ ਨੂੰ ਵੱਡੀ ਰਾਹਤ ਦਿੱਤੀ ਹੈ। ਅਮਰੀਕਾ ਅਤੇ ਈਰਾਨ ਵਿਚਕਾਰ ਇੱਕ ਇਤਿਹਾਸਕ ਸ਼ਾਂਤੀ ਸਮਝੌਤੇ ਦੀ ਪੁਸ਼ਟੀ ਹੋ ਚੁੱਕੀ ਹੈ, ਜਿਸ ’ਤੇ ਆਉਣ ਵਾਲੀ 19 ਜੂਨ ਨੂੰ ਸਵਿਟਜ਼ਰਲੈਂਡ ਵਿੱਚ ਅਧਿਕਾਰਤ ਤੌਰ ’ਤੇ ਦਸਤਖਤ ਕੀਤੇ ਜਾਣਗੇ। ਇਹ ਸਮਝੌਤਾ ਨਾ ਸਿਰਫ਼ ਦੋਵਾਂ ਦੇਸ਼ਾਂ ਦੇ ਦਹਾਕਿਆਂ ਪੁਰਾਣੇ ਭੂ-ਰਾਜਨੀਤਿਕ ਗਤੀਰੋਧ ਨੂੰ ਘੱਟ ਕਰਨ ਦੀ ਦਿਸ਼ਾ ਵਿੱਚ ਇੱਕ ਨਵਾਂ ਅਧਿਆਇ ਹੈ, ਸਗੋਂ ਗਲੋਬਲ ਆਰਥਿਕਤਾ ਨੂੰ ਮੰਦੀ ਅਤੇ ਮਹਿੰਗਾਈ ਦੇ ਗੰਭੀਰ ਸੰਕਟ ਵਿੱਚੋਂ ਕੱਢਣ ਵਾਲਾ ਇੱਕ ਵੱਡਾ ਟਰਨਿੰਗ ਪੁਆਇੰਟ ਵੀ ਸਾਬਤ ਹੋ ਸਕਦਾ ਹੈ।

ਇਹ ਸਮਝੌਤਾ ਇਸ ਗੱਲ ਦਾ ਪੁਖਤਾ ਸਬੂਤ ਹੈ ਕਿ ਯੁੱਧ ਦੇ ਭਿਆਨਕ ਦੌਰ ਵਿੱਚ ਵੀ ਕੂਟਨੀਤੀ ਦੇ ਰਾਹ ਬੰਦ ਨਹੀਂ ਹੁੰਦੇ। ਲੇਬਨਾਨ ਸਮੇਤ ਸਾਰੇ ਮੋਰਚਿਆਂ ’ਤੇ ਫੌਜੀ ਕਾਰਵਾਈਆਂ ਨੂੰ ਤੁਰੰਤ ਅਤੇ ਸਥਾਈ ਤੌਰ ’ਤੇ ਰੋਕਣ ਦੀ ਸਹਿਮਤੀ ਬਣਾਉਣਾ ਕੋਈ ਸੌਖਾ ਕੰਮ ਨਹੀਂ ਸੀ। ਇਸ ਪੂਰੀ ਪ੍ਰਕਿਰਿਆ ਵਿੱਚ ਕਤਰ, ਸਾਊਦੀ ਅਰਬ ਅਤੇ ਤੁਰਕੀ ਵਰਗੇ ਖੇਤਰੀ ਦੇਸ਼ਾਂ ਦੀ ਵਿਚੋਲਗੀ ਨੇ ਪੁਲ ਦਾ ਕੰਮ ਕੀਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੱਲੋਂ ਇਸ ਦੀ ਪਹਿਲੀ ਜਾਣਕਾਰੀ ਦੇਣਾ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਈਰਾਨ ਦੀ ਨੈਸ਼ਨਲ ਸਕਿਊਰਿਟੀ ਕੌਂਸਲ ਵੱਲੋਂ ਇਸ ਦੀ ਪੁਸ਼ਟੀ ਕਰਨਾ ਇਹ ਦਰਸਾਉਂਦਾ ਹੈ ਕਿ ਇਸ ਡੀਲ ਦੇ ਪਿੱਛੇ ਇੱਕ ਬਹੁਤ ਹੀ ਗੁਪਤ ਅਤੇ ਡੂੰਘੀ ਕੂਟਨੀਤਕ ਕੋਸ਼ਿਸ਼ ਚੱਲ ਰਹੀ ਸੀ।

ਇਸ ਸਮਝੌਤੇ ਦਾ ਸਭ ਤੋਂ ਤੁਰੰਤ ਅਤੇ ਕ੍ਰਾਂਤੀਕਾਰੀ ਅਸਰ ‘ਸਟ੍ਰੇਟ ਆਫ਼ ਹਾਰਮੁਜ਼’ ਨੂੰ ਬਿਨਾਂ ਕਿਸੇ ਟੈਕਸ ਦੇ ਵਪਾਰ ਲਈ ਦੁਬਾਰਾ ਖੋਲ੍ਹਣ ਦਾ ਫੈਸਲਾ ਹੈ। ਇਹ ਜਲਮਾਰਗ ਗਲੋਬਲ ਤੇਲ ਅਤੇ ਗੈਸ ਵਪਾਰ ਦੀ ਜੀਵਨ ਰੇਖਾ ਹੈ। ਅਮਰੀਕੀ ਜਲ ਸੈਨਾ ਦੀ ਨਾਕਾਬੰਦੀ ਹਟਣ ਦੇ ਐਲਾਨ ਦੇ ਨਾਲ ਹੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਮੂਧੇ ਮੂੰਹ ਡਿੱਗ ਪਈਆਂ ਹਨ। ਬ੍ਰੈਂਟ ਕਰੂਡ ਦਾ 84 ਡਾਲਰ ਤੋਂ ਹੇਠਾਂ ਆਉਣਾ ਅਤੇ ਡਬਲੂਟੀਆਈ ਦਾ 81 ਡਾਲਰ ਦੇ ਕਰੀਬ ਪਹੁੰਚਣਾ ਇਹ ਸਾਫ਼ ਕਰਦਾ ਹੈ ਕਿ ਬਾਜ਼ਾਰ ਵਿੱਚੋਂ ਅਨਿਸ਼ਚਿਤਤਾ ਦੇ ਬੱਦਲ ਛੱਟ ਗਏ ਹਨ।

ਆਰਥਿਕ ਮਾਹਰਾਂ ਅਨੁਸਾਰ ਜੇਕਰ ਇਹ ਤਣਾਅ ਲੰਬਾ ਖਿੱਚਦਾ, ਤਾਂ ਕੱਚਾ ਤੇਲ 100 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਸਕਦਾ ਸੀ, ਜੋ ਦੁਨੀਆ ਭਰ ਵਿੱਚ ਮਹਿੰਗਾਈ ਦੀ ਇੱਕ ਨਵੀਂ ਅਤੇ ਵਿਨਾਸ਼ਕਾਰੀ ਲਹਿਰ ਲੈ ਕੇ ਆਉਂਦਾ। ਹੁਣ ਤੇਲ ਦੀਆਂ ਕੀਮਤਾਂ ਵਿੱਚ ਕਮੀ ਆਉਣ ਨਾਲ ਅਮਰੀਕੀ ਫੈਡਰਲ ਰਿਜ਼ਰਵ ਸਮੇਤ ਦੁਨੀਆ ਭਰ ਦੇ ਕੇਂਦਰੀ ਬੈਂਕਾਂ ਨੂੰ ਵਿਆਜ ਦਰਾਂ ਵਿੱਚ ਕਟੌਤੀ ਕਰਨ ਅਤੇ ਆਰਥਿਕ ਵਿਕਾਸ ਨੂੰ ਗਤੀ ਦੇਣ ਦਾ ਇੱਕ ਸੁਖਾਵਾਂ ਮਾਹੌਲ ਮਿਲੇਗਾ।

### ਸ਼ੇਅਰ ਬਾਜ਼ਾਰਾਂ ਵਿੱਚ ਉਤਸ਼ਾਹ ਦੀ ਲਹਿਰ ਅਤੇ ਭਾਰਤ ’ਤੇ ਅਸਰ

ਇਸ ਇਤਿਹਾਸਕ ਕੂਟਨੀਤਕ ਸਫਲਤਾ ਦਾ ਗਲੋਬਲ ਵਿੱਤੀ ਬਾਜ਼ਾਰਾਂ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਹੈ। ਜਾਪਾਨ ਦਾ ਨਿੱਕੇਈ ਅਤੇ ਦੱਖਣੀ ਕੋਰੀਆ ਦਾ ਕੋਸਪੀ ਇੰਡੈਕਸ ਜਿਸ ਤਰ੍ਹਾਂ ਭਾਰੀ ਉਛਾਲ ਨਾਲ ਬੰਦ ਹੋਏ, ਉਹ ਨਿਵੇਸ਼ਕਾਂ ਦੇ ਪਰਤੇ ਭਰੋਸੇ ਨੂੰ ਦਰਸਾਉਂਦਾ ਹੈ।

ਭਾਰਤ ਦੇ ਲਿਹਾਜ਼ ਨਾਲ ਇਹ ਖ਼ਬਰ ਦੋਹਰੀ ਖੁਸ਼ੀ ਲਿਆਉਣ ਵਾਲੀ ਹੈ। ਭਾਰਤ ਆਪਣੀ ਕੱਚੇ ਤੇਲ ਦੀਆਂ ਲੋੜਾਂ ਦਾ ਇੱਕ ਬਹੁਤ ਵੱਡਾ ਹਿੱਸਾ ਦੂਜੇ ਦੇਸ਼ਾਂ ਤੋਂ ਮੰਗਵਾਉਂਦਾ ਹੈ। ਕੱਚੇ ਤੇਲ ਦੇ ਸਸਤੇ ਹੋਣ ਨਾਲ ਨਾ ਸਿਰਫ਼ ਦੇਸ਼ ਦਾ ਵਿੱਤੀ ਘਾਟਾ ਘੱਟ ਹੋਵੇਗਾ, ਸਗੋਂ ਘਰੇਲੂ ਪੱਧਰ ’ਤੇ ਪੈਟਰੋਲ-ਡੀਜ਼ਲ ਅਤੇ ਟ੍ਰਾਂਸਪੋਰਟ ਦੀ ਲਾਗਤ ਵਿੱਚ ਕਮੀ ਆਉਣ ਦੀ ਸੰਭਾਵਨਾ ਵਧੇਗੀ। ਇਹੀ ਕਾਰਨ ਹੈ ਕਿ ਭਾਰਤੀ ਸ਼ੇਅਰ ਬਾਜ਼ਾਰ (ਸੈਂਸੈਕਸ ਅਤੇ ਨਿਫਟੀ) ਵਿੱਚ ਵੀ ਸੋਮਵਾਰ ਨੂੰ ਨਵੇਂ ਰਿਕਾਰਡ ਪੱਧਰ ਨੂੰ ਛੂਹਣ ਦੀਆਂ ਮਜ਼ਬੂਤ ਉਮੀਦਾਂ ਦਿਖਾਈ ਦੇ ਰਹੀਆਂ ਹਨ।

### ਚੁਣੌਤੀਆਂ ਅਜੇ ਵੀ ਬਾਕੀ ਹਨ

ਹਾਲਾਂਕਿ, ਇਸ ਸਮਝੌਤੇ ਦੇ ਰਾਹ ਵਿੱਚ ਸਭ ਕੁਝ ਇੰਨਾ ਆਸਾਨ ਵੀ ਨਹੀਂ ਹੈ:

* ਈਰਾਨ ਦੇ ਅੰਦਰ ਹੀ ਇੱਕ ਵੱਡਾ ਵਰਗ ਇਸ ਸਮਝੌਤੇ ਦੀਆਂ ਸ਼ਰਤਾਂ ਨਾਲ ਅਸਹਿਮਤ ਹੈ ਅਤੇ ਉੱਥੇ ਜਨਤਾ ਤੇ ਸਰਕਾਰ ਵਿਚਾਲੇ ਮਤਭੇਦ ਕਾਰਨ ਪ੍ਰਦਰਸ਼ਨ ਵੀ ਹੋ ਰਹੇ ਹਨ।

* ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਡੀਲ ਦਾ ਵਿਰੋਧ ਕੀਤਾ ਹੈ। ਭਾਵੇਂ ਰਾਸ਼ਟਰਪਤੀ ਟਰੰਪ ਨੇ ਇਹ ਕਹਿ ਕੇ ਇਸ ਦਾ ਬਚਾਅ ਕੀਤਾ ਹੋਵੇ ਕਿ ਇਸ ਕਦਮ ਨੇ ਇਜ਼ਰਾਈਲ ਨੂੰ ‘ਪਰਮਾਣੂ ਵਿਨਾਸ਼’ ਤੋਂ ਬਚਾਇਆ ਹੈ, ਪਰ ਜ਼ਮੀਨੀ ਪੱਧਰ ’ਤੇ ਇਜ਼ਰਾਈਲ ਦਾ ਅਗਲਾ ਕਦਮ ਕੀ ਹੋਵੇਗਾ, ਇਸ ’ਤੇ ਨਜ਼ਰ ਰੱਖਣੀ ਬੇਹੱਦ ਜ਼ਰੂਰੀ ਹੈ।

* ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਈਰਾਨ ਅੰਤਿਮ ਵਿਆਪਕ ਪਰਮਾਣੂ ਸਮਝੌਤੇ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਫੌਜੀ ਹਮਲੇ ਦੁਬਾਰਾ ਸ਼ੁਰੂ ਹੋ ਸਕਦੇ ਹਨ। ਯਾਨੀ, 19 ਜੂਨ ਦੇ ਦਸਤਖਤਾਂ ਤੋਂ ਬਾਅਦ ਹੋਣ ਵਾਲੀਆਂ ਤਕਨੀਕੀ ਅਤੇ ਪਰਮਾਣੂ ਵਾਰਤਾਵਾਂ ਹੀ ਇਸ ਸ਼ਾਂਤੀ ਦੀ ਅਸਲ ਉਮਰ ਤੈਅ ਕਰਨਗੀਆਂ।

ਅਨੇਕਾਂ ਸ਼ੰਕਿਆਂ ਅਤੇ ਅੰਦਰੂਨੀ ਵਿਰੋਧਾਭਾਸ ਦੇ ਬਾਵਜੂਦ, ਇਸ ਇਤਿਹਾਸਕ ਅਮਨ ਸਮਝੌਤੇ ਨੇ ਆਲਮੀ ਭਾਈਚਾਰੇ ਨੂੰ ਇੱਕ ਵਿਨਾਸ਼ਕਾਰੀ ਯੁੱਧ ਦੇ ਮੁਹਾਨੇ ਤੋਂ ਸੁਰੱਖਿਅਤ ਵਾਪਸ ਮੋੜ ਲਿਆ ਹੈ। ਰਾਸ਼ਟਰਪਤੀ ਟਰੰਪ ਦਾ ਆਪਣੇ ਖ਼ਾਸ ਅੰਦਾਜ਼ ਵਿੱਚ ਇਹ ਕਹਿਣਾ ਕਿ, ‘ਦੁਨੀਆ ਦੇ ਜਹਾਜ਼ੋ, ਆਪਣੇ ਇੰਜਣ ਸਟਾਰਟ ਕਰੋ... ਤੇਲ ਨੂੰ ਵਹਿਣ ਦਿਓ!’

ਅਸਲ ਵਿੱਚ ਗਲੋਬਲ ਵਪਾਰ ਦੇ ਇੱਕ ਨਵੇਂ ਅਤੇ ਗਤੀਸ਼ੀਲ ਅਧਿਆਏ ਦਾ ਆਗਾਜ਼ ਹੈ। ਹੁਣ ਉਮੀਦ ਇਹੀ ਹੈ ਕਿ 19 ਜੂਨ ਨੂੰ ਸਵਿਟਜ਼ਰਲੈਂਡ ਦੀ ਧਰਤੀ ’ਤੇ ਜਦੋਂ ਇਸ ਅਹਿਦਨਾਮੇ ’ਤੇ ਦਸਤਖਤ ਹੋਣਗੇ, ਤਾਂ ਉਹ ਮਹਿਜ਼ ਕਾਗਜ਼ੀ ਰਸਮ ਨਹੀਂ ਹੋਵੇਗੀ, ਬਲਕਿ ਪੱਛਮੀ ਏਸ਼ੀਆ (ਮਿਡਲ ਈਸਟ) ਵਿੱਚ ਇੱਕ ਅਟੱਲ ਅਤੇ ਚਿਰਸਥਾਈ ਅਮਨ ਦੀ ਮਜ਼ਬੂਤ ਨੀਂਹ ਸਾਬਤ ਹੋਵੇਗੀ।

# ਸਮਾਣਾ ਦੇ ਗੁਰਦੁਆਰਾ ਸਾਹਿਬ ’ਚ ਨੰਗੇ ਸਿਰ ਆਏ ਵਿਅਕਤੀ ਵੱਲੋਂ ਖਜਾਨਚੀ ਨਾਲ ਕੁੱਟਮਾਰ

## ✪ ਪੁਲਿਸ ਨੇ ਮਾਨਸਿਕ ਰੋਗੀ ਖ਼ਿਲਾਫ਼ ਕੀਤਾ ਮਾਮਲਾ ਦਰਜ

ਸਮਾਣਾ (ਪਟਿਆਲਾ)-ਸਮਾਣਾ ਦੇ ਖ਼ਾਲਸਾ ਕਾਲੋਨੀ ਸਥਿਤ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਇੱਥੇ ਬਿਨਾਂ ਸਿਰ ਢਕੇ (ਨੰਗੇ ਸਿਰ) ਪੁੱਜੇ ਇੱਕ ਮਾਨਸਿਕ ਰੋਗੀ ਅਮਨਦੀਪ ਸਿੰਘ (ਵਾਸੀ ਪਿੰਡ ਰੇਤਗੜ੍ਹ, ਸਮਾਣਾ) ਵਿਅਕਤੀ ਵੱਲੋਂ ਗੁਰਦੁਆਰਾ ਸਾਹਿਬ ਦੇ ਖਜ਼ਾਨਚੀ ਨਾਲ ਕੁੱਟਮਾਰ ਅਤੇ ਹੱਥੋਪਾਈ ਕੀਤੀ ਗਈ। ਸੂਚਨਾ ਮਿਲਦੇ ਹੀ ਮੌਕੇ ’ਤੇ ਪਹੁੰਚੀ ਸਿਟੀ ਸਮਾਣਾ ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਅਮਨਦੀਪ ਸਿੰਘ (ਵਾਸੀ ਪਿੰਡ ਰੇਤਗੜ੍ਹ, ਸਮਾਣਾ) ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਬਿਨਾਂ ਸਿਰ ਢਕੇ ਆ ਕੇ ਬੈਠ ਗਿਆ। ਜਦੋਂ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਮਰਯਾਦਾ ਦਾ ਹਵਾਲਾ ਦਿੰਦੇ ਹੋਏ ਉਸ ਨੂੰ ਨੰਗੇ ਸਿਰ ਬੈਠਣ ਤੋਂ ਰੋਕਿਆ, ਤਾਂ ਉਹ ਗੁੱਸੇ ਵਿੱਚ ਆ ਗਿਆ ਅਤੇ ਬਹਿਸ ਕਰਨ ਲੱਗਾ।

ਇਹ ਬਹਿਸ ਇੰਨੀ ਵਧ ਗਈ ਕਿ ਉਕਤ ਵਿਅਕਤੀ ਨੇ ਗੁਰਦੁਆਰਾ ਸਾਹਿਬ ਦੇ ਖ਼ਜ਼ਾਂਚੀ ਨਾਲ ਹੱਥੋਪਾਈ ਅਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ।

ਘਟਨਾ ਤੋਂ ਬਾਅਦ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ। ਸਿਟੀ ਸਮਾਣਾ ਪੁਲਿਸ ਨੇ ਗ੍ਰੀਨ ਸਿਟੀ ਕਾਲੋਨੀ (ਪਾਤੜਾਂ ਰੋਡ, ਸਮਾਣਾ) ਦੇ ਰਹਿਣ ਵਾਲੇ ਬਲਕਾਰ ਸਿੰਘ ਦੀ ਸ਼ਿਕਾਇਤ ’ਤੇ ਕਾਰਵਾਈ ਕਰਦਿਆਂ ਮੁਲਜ਼ਮ ਅਮਨਦੀਪ ਸਿੰਘ ਖ਼ਿਲਾਫ਼ ਐੱਫਆਈਆਰ (ਦਰਜ ਕਰ ਲਈ ਹੈ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਦਿਮਾਗੀ ਤੌਰ ’ਤੇ ਪ੍ਰੇਸ਼ਾਨ (ਮਾਨਸਿਕ ਰੋਗੀ) ਹੈ।

ਬਲਜੀਤ ਸਿੰਘ (ਥਾਣਾ ਸਿਟੀ ਸਮਾਣਾ ਮੁਖੀ) ਨੇ ਕਿਹਾ ਕਿ “ਇਸ ਮਾਮਲੇ ਸਬੰਧੀ ਦੋਵਾਂ ਧਿਰਾਂ/ਪਿੰਡਾਂ ਦੀ ਪੰਚਾਇਤ ਨੂੰ ਬੁਲਾਇਆ ਗਿਆ ਹੈ। ਪੰਚਾਇਤੀ ਗੱਲਬਾਤ ਅਤੇ ਜਾਂਚ ਤੋਂ ਬਾਅਦ ਹੀ ਪੂਰਾ ਮਾਮਲਾ ਪੂਰੀ ਤਰ੍ਹਾਂ ਸਪੱਸ਼ਟ ਹੋ ਸਕੇਗਾ।”

# ਕੈਂਟ ਦੀ ਕਾਨੂੰਨੀ ਫਰਮ ਮਾਨਕ ਸੋਲਿਸਟਰਜ਼ ਵੱਲੋਂ ਪਰਿਵਾਰਾਂ ਵਿੱਚ ਮੀਡੀਏਸ਼ਨ ਸੇਵਾਵਾਂ ਦੀ ਸ਼ੁਰੂਆਤ – ਸੁਰਿੰਦਰ ਸਿੰਘ ਮਾਨਕ

ਲੰਡਨ - (ਮਨਪ੍ਰੀਤ ਸਿੰਘ ਬੱਧਨੀ ਕਲਾਂ) - ਕੈਂਟ ਦੀ ਕਾਨੂੰਨੀ ਫਰਮ ਮਾਨਕ ਸੋਲੀਸਿਟਰਜ਼ (Manak Soliictors) ਨੇ ਵੱਖ ਹੋ ਰਹੇ ਜੋੜਿਆਂ ਦੇ ਝਗੜਿਆਂ ਨੂੰ ਸੁਲਝਾਉਣ ਵਿੱਚ ਮਦਦ ਕਰਨ ਲਈ ਮੀਡੀਏਸ਼ਨ (Mediation) ਪਰਿਵਾਰਾਂ ਵਿੱਚ ਰਾਜ਼ੀਨਾਮਾ ਕਰਵਾਉਣ ਲਈ ਸੇਵਾਵਾਂ ਦੀ ਸ਼ੁਰੂਆਤ ਕੀਤੀ ਹੈ। ਇਸ ਸੇਵਾ ਦੀ ਅਗਵਾਈ ਪਰਿਵਾਰਕ ਮਾਮਲਿਆਂ ਦੀ ਵਿਸ਼ੇਸ਼ ਸਿਖਲਾਈ ਪ੍ਰਾਪਤ ਮਾਹਿਰ ਐਲਿਜ਼ਾਬੈਥ ਗਿਬਸਨ ਕਰ ਰਹੇ ਹਨ ਅਤੇ ਇਹ ਸੇਵਾ ਜ਼ੂਮ ਰਾਹੀਂ ਆਨਲਾਈਨ ਅਤੇ ਖੁਦ ਮਿਲ ਕੇ ਦੋਵਾਂ ਤਰੀਕਿਆਂ ਨਾਲ ਉਪਲੱਬਧ ਹੈ।

ਪਰਿਵਾਰਾਂ ਦੀ ਸੁਲਾਹ-ਸਫਾਈ ਕਰਵਾਉਣ ਦੇ ਇਹ ਸੈਸ਼ਨ ਪੂਰੀ ਤਰ੍ਹਾਂ ਸਵੈ-ਇੱਛਤ ਅਤੇ ਗੁਪਤ ਹੁੰਦੇ ਹਨ, ਜੋ ਦੋਵਾਂ ਧਿਰਾਂ ਨੂੰ ਮਿਲ ਕੇ ਆਪਣੇ ਮਸਲਿਆਂ 'ਤੇ ਕੰਮ ਕਰਨ ਲਈ ਇੱਕ ਸੁਰੱਖਿਅਤ ਅਤੇ ਨਿਰਪੱਖ ਮਾਹੌਲ ਪ੍ਰਦਾਨ ਕਰਦੇ ਹਨ। ਸਫਲ ਨਤੀਜੇ 'ਤੇ ਪਹੁੰਚਣ ਤੋਂ ਬਾਅਦ, ਸਾਡੇ ਮਾਹਿਰ ਵਿੱਤੀ ਮਾਮਲਿਆਂ ਲਈ ਇੱਕ ਵਿੱਤੀ ਬਿਆਨ ਅਤੇ ਸਹਿਮਤੀ ਪੱਤਰ ਤਿਆਰ ਕਰਨਗੇ ਅਤੇ ਨਾਲ ਹੀ ਬੱਚਿਆਂ ਨਾਲ ਸਬੰਧਤ ਮਾਮਲਿਆਂ ਲਈ ਇੱਕ ਪਾਲਣ-ਪੋਸ਼ਣ ਦੀ ਯੋਜਨਾ ਵੀ ਤਿਆਰ ਕਰੇਗਾ।



ਲਿਜ਼ ਗਿਬਸਨ ਅਤੇ ਸੁਰਿੰਦਰ ਸਿੰਘ ਮਾਨਕ

ਲਿਜ਼ ਗਿਬਸਨ ਨੇ ਕਿਹਾ ਕਿ ਪਰਿਵਾਰ ਜਾਂ ਆਪਣੇ ਜੀਵਨ ਸਾਥੀ ਨਾਲੋਂ ਵੱਖ ਹੋਣਾ ਕਦੇ ਸੌਖਾ ਨਹੀਂ ਹੁੰਦਾ। ਮਾਨਕ ਸੋਲਿਸਟਰਜ਼ ਦੇ ਮਾਹਿਰ ਵੱਲੋਂ ਲੋਕਾਂ ਨੂੰ ਇੱਕ ਸੁਖਾਵਾਂ ਮਾਹੌਲ ਦਿੱਤਾ ਜਾਂਦਾ ਹੈ ਜਿੱਥੇ ਉਹ ਮਿਲ ਕੇ ਉਹਨਾਂ ਗੱਲਾਂ ਬਾਰੇ ਇਮਾਨਦਾਰੀ ਅਤੇ ਸਾਰਥਕ ਗੱਲਬਾਤ ਕਰ ਸਕਦੇ ਹਨ ਜੋ ਉਹਨਾਂ ਲਈ ਸਭ ਤੋਂ ਵੱਧ ਮਾਇਨੇ ਰੱਖਦੀਆਂ ਹਨ, ਚਾਹੇ ਉਹ ਉਹਨਾਂ ਦਾ ਘਰ ਹੋਵੇ, ਉਹਨਾਂ ਦਾ ਪੈਸਾ-ਧੇਲਾ ਹੋਵੇ, ਜਾਂ ਉਹਨਾਂ ਦੇ ਬੱਚਿਆਂ ਦਾ ਭਵਿੱਖ ਹੋਵੇ। ਐਲਿਜ਼ਾਬੈਥ ਗਿਬਸਨ ਦੀ ਭੂਮਿਕਾ ਦੋਵਾਂ ਧਿਰਾਂ ਦੀ ਗੱਲ ਸੁਣ ਉਹਨਾਂ ਦੀ ਮਦਦ ਕਰਨਾ ਹੈ। ਮਾਨਕ ਸੋਲੀਸਿਟਰਜ਼ ਦੀ ਫੈਮਿਲੀ ਲਾਅ ਡਾਇਰੈਕਟਰ, ਅਨੀਤਾ ਕੌਰ ਕੰਗ ਨੇ ਕਿਹਾ ਕਿ "ਅਸੀਂ ਹਮੇਸ਼ਾਂ ਹਰ ਗਾਹਕ ਲਈ ਸਹੀ ਹੱਲ ਲੱਭਣ ਵਿੱਚ ਵਿਸ਼ਵਾਸ ਰੱਖਿਆ ਹੈ। ਮੈਂ ਲੰਬੇ ਸਮੇਂ ਤੋਂ ਪਰਿਵਾਰਕ ਮਾਮਲਿਆਂ ਸਬੰਧੀ ਅਦਾਲਤ ਤੋਂ ਬਾਹਰ ਹੀ ਹੋਰ ਤਰੀਕਿਆਂ ਰਾਹੀਂ ਮਾਮਲੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਅਤੇ ਮੈਨੂੰ ਬਹੁਤ ਖੁਸ਼ੀ ਹੈ ਕਿ ਹੁਣ ਅਸੀਂ ਇਸਨੂੰ ਸਿੱਧੇ ਤੌਰ 'ਤੇ ਆਪਣੀ ਫੈਮਿਲੀ ਲਾਅ ਸੇਵਾ ਦੇ ਹਿੱਸੇ ਵਜੋਂ ਪੇਸ਼ ਕਰ ਸਕਦੇ ਹਾਂ।

ਮਾਨਕ ਸੋਲੀਸਿਟਰਜ਼ ਫਰਮ ਦੇ ਮੈਨੇਜਿੰਗ ਡਾਇਰੈਕਟਰ ਸ: ਸੁਰਿੰਦਰ ਸਿੰਘ ਮਾਨਕ ਐਲ. ਐਲ. ਬੀ. (ਆਨਰਜ਼) ਨੇ ਕਿਹਾ ਕਿ ਮਾਨਕ ਸੋਲੀਸਿਟਰਜ਼ ਫਰਮ ਵੱਲੋਂ ਲੰਮੇਂ ਸਮੇਂ ਤੋਂ ਪ੍ਰੀਵਾਰਿਕ ਮਾਮਲਿਆਂ ਬਾਰੇ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਪਰ ਮੀਡੀਏਸ਼ਨ ਬਾਰੇ ਕਈ ਵਾਰ ਸਾਡੇ ਲੋਕਾਂ ਨੂੰ ਬਾਹਰ ਜਾਣਾ ਪੈਂਦਾ ਸੀ ਜਾਂ ਉਹਨਾਂ ਲਈ ਸਮੇਂ-ਸਮੇਂ ਖਾਸ ਪ੍ਰਬੰਧ ਕਰਨੇ ਪੈਂਦੇ ਸਨ। ਪ੍ਰੰਤੂ ਹੁਣ ਸਾਰੀਆਂ ਸੇਵਾਵਾਂ ਇੱਕੋ ਥਾਂ ਤੇ ਉਪਲੱਬਧ ਹੋਣਗੀਆਂ, ਤਾਂ ਕਿ ਪਰਿਵਾਰਕ ਮਸਲਿਆਂ ਦਾ ਹੱਲ ਜਲਦੀ, ਸਹੀ ਤਰੀਕੇ ਨਾਲ ਇੱਕੋ ਥਾਂ 'ਤੇ ਹੋ ਸਕੇ।

ਮਾਨਕ ਸੋਲੀਸਿਟਰਜ਼ ਵੱਲੋਂ ਇਹ ਨਵੀਂ ਸੇਵਾ ਪਹਿਲਾਂ ਤੋਂ ਚੱਲ ਰਹੀਆਂ ਪਰਿਵਾਰਕ ਕਾਨੂੰਨੀ ਸੇਵਾਵਾਂ ਦੇ ਨਾਲ ਮਿਲ ਕੇ ਕੰਮ ਕਰੇਗੀ, ਜਿਸ ਵਿੱਚ ਤਲਾਕ, ਵਿੱਤੀ ਸਮਝੌਤੇ ਅਤੇ ਬੱਚਿਆਂ ਦੇ ਪ੍ਰਬੰਧਾਂ ਬਾਰੇ ਸਲਾਹ ਮਸ਼ਵਰਾ ਵੀ ਸ਼ਾਮਲ ਹੈ।

# ਬ੍ਰਿਟਿਸ਼ ਭਾਰਤੀ ਫੌਜ ਦੇ ਸਿੱਖ, ਹਿੰਦੂ, ਮੁਸਲਿਮ ਸ਼ਹੀਦਾਂ ਦੀ ਯਾਦ ਵਿੱਚ ਵਿੱਚ ਬਣਾਈ "ਛਤਰੀ" ਤੇ ਸ਼ਹੀਦੀ ਸਮਾਗਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਸ਼ਹਿਰ ਬ੍ਰਾਈਟਨ ਵਿੱਚ ਪਹਿਲੀ ਵਿਸ਼ਵ ਯੁੱਧ ਦੇ ਬ੍ਰਿਟਿਸ਼ ਭਾਰਤੀ ਫੌਜ ਦੇ ਸਿੱਖ, ਹਿੰਦੂ, ਮੁਸਲਿਮ ਸ਼ਹੀਦਾਂ ਦੀ ਯਾਦ ਵਿੱਚ ਵਿੱਚ ਬਣਾਈ ਗਈ ਸ਼ਹੀਦੀ ਯਾਦਗਾਰ "ਛਤਰੀ" ਤੇ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਪਹੁੰਚੇ ਭਾਰਤੀਆਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਬਰਤਾਨਵੀ ਫੌਜ ਦੇ ਭਾਰਤੀ ਮੂਲ ਦੇ ਅਧਿਕਾਰੀ, ਭਾਰਤੀ ਦੂਤਾਵਾਸ ਲੰਡਨ ਦੇ ਅਧਿਕਾਰੀ, ਜਗਦੇਵ ਸਿੰਘ ਵਿਰਦੀ, ਡਾ: ਤੇਜਪਾਲ ਸਿੰਘ ਰਲਮਿਲ, ਮਨਜੀਤ ਸਿੰਘ ਸ਼ਾਲਾਪੁਰੀ ਅਤੇ ਯੂ ਕੇ ਦੀਆਂ ਪ੍ਰਮੁੱਖ ਭਾਰਤੀ ਮੂਲ ਦੀਆਂ ਸਖਸ਼ੀਅਤਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ।ਜਿਕਰਯੋਗ ਹੈ ਕਿ ਬਰਤਾਨਵੀ ਸ਼ਹਿਰ ਬ੍ਰਾਈਟਨ ਸਥਿਤ ਪਹਿਲੇ



ਵਿਸ਼ਵ ਜੰਗ ਦੇ ਸ਼ਹੀਦਾਂ ਦੀ ਯਾਦ ਵਿੱਚ ਇਕੱਤਰ ਹੋਏ ਭਾਰਤੀ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ

ਵਿਸ਼ਵ ਯੁੱਧ ਦੇ ਸਿਪਾਹੀਆਂ ਦੇ ਇਲਾਜ਼ ਲਈ ਵੱਡਾ ਮੈਡੀਕਲ ਕੇਂਦਰ ਬਣਾਇਆ ਗਿਆ ਸੀ, ਇਲਾਜ਼ ਅਤੇ ਜੰਗ ਦੌਰਾਨ ਸ਼ਹੀਦ ਹੋਏ ਸਿਪਾਹੀਆਂ ਦੀਆਂ ਇਥੇ ਉਹਨਾਂ ਦੇ ਧਾਰਮਿਕ ਰੀਤਾਂ ਅਨੁਸਾਰ ਅੰਤਮ ਰਸਮਾਂ ਅਦਾ ਕੀਤੀਆਂ ਗਈਆਂ ਸਨ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਉਦਮ ਸਦਕਾ ਹੀ ਭਾਰਤੀ ਸਿਪਾਹੀਆਂ ਦੀ ਇਥੇ ਯਾਦ ਸਥਾਪਿਤ ਕੀਤੀ ਗਈ ਸੀ, ਜਿਸ ਨੂੰ ਛਤਰੀ ਦਾ ਨਾਮ ਦਿੱਤਾ ਗਿਆ ਸੀ। ਜੋ ਆਮ ਲੋਕਾਂ ਲਈ ਸਿਰਫ਼ ਸਾਲ ਵਿੱਚ ਇੱਕ ਵਾਰ ਹੀ ਖੁੱਲ੍ਹਦੀ ਹੈ।

# ਵਿਦਿਆਰਥੀਆਂ ਨੂੰ ਨਕਲ ਕਰਵਾ ਕੇ ਲੱਖਾਂ ਪੌਂਡ ਕਮਾਉਣ ਵਾਲੇ ਨੂੰ ਤਿੰਨ ਸਾਲ ਕੈਦ

ਲੈਸਟਰ- (ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਲਿਵਰਪੂਲ ਵਾਸੀ 43 ਸਾਲਾ ਸ਼ਾਹਿਦ ਅਦਨਾਨ ਨੂੰ ਵਿਦਿਆਰਥੀਆਂ ਦੀ ਥਾਂ ਇਮਤਿਹਾਨ ਅਤੇ ਕੋਰਸਵਰਕ ਕਰਕੇ ਉਨ੍ਹਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਪਾਸ ਕਰਵਾਉਣ ਦੇ ਮਾਮਲੇ ਵਿੱਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਵਿੱਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਅਦਨਾਨ ਨੇ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਦੇ 100 ਤੋਂ ਵੱਧ ਵਿਦਿਆਰਥੀਆਂ ਲਈ ਅਸਾਈਨਮੈਂਟਾਂ, ਕੋਰਸਵਰਕ ਅਤੇ ਆਨਲਾਈਨ ਪ੍ਰੀਖਿਆਵਾਂ ਦੇ ਕੇ ਵੱਡੀ ਰਕਮ ਹਾਸਲ ਕੀਤੀ। ਜਾਂਚ ਦੌਰਾਨ ਪੁਲਿਸ ਨੂੰ ਉਸ ਦੇ ਬੈਂਕ ਅਤੇ ਕਾਰੋਬਾਰੀ ਖਾਤਿਆਂ ਵਿੱਚ 24 ਲੱਖ ਪੌਂਡ ਤੋਂ ਵੱਧ ਦੀ ਰਕਮ ਮਿਲੀ। ਹਾਲਾਂਕਿ ਸਜ਼ਾ ਨਿਰਧਾਰਤ ਕਰਨ ਲਈ ਅਦਾਲਤ ਨੇ ਉਸ ਦੇ ਅਪਰਾਧ ਤੋਂ ਹੋਈ ਕਮਾਈ 3 ਲੱਖ ਪੌਂਡ ਮੰਨੀ। ਅਦਨਾਨ ਨੇ ਧੋਖਾਧੜੀ, ਕੰਪਿਊਟਰ ਪ੍ਰਣਾਲੀ ਦੀ ਗੈਰ-ਅਧਿਕਾਰਤ ਵਰਤੋਂ ਅਤੇ ਅਪਰਾਧਿਕ ਕਮਾਈ ਨੂੰ ਲੁਕਾਉਣ ਨਾਲ ਸਬੰਧਤ ਦੋਸ਼ ਕਬੂਲ ਕਰ ਲਏ ਸਨ।ਇਹ ਮਾਮਲਾ ਉਸ ਵੇਲੇ ਬੇਨਕਾਬ ਹੋਇਆ ਜਦੋਂ ਲਿਵਰਪੂਲ ਜੌਨ ਮੂਰਜ਼ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਵੱਲੋਂ ਜਮ੍ਹਾਂ ਕਰਵਾਏ ਗਏ ਕੋਰਸਵਰਕ ਦੀ ਜਾਂਚ ਦੌਰਾਨ ਅਦਨਾਨ ਦੀ ਕੰਪਨੀ ਨਾਲ ਜੁੜੇ ਡਿਜ਼ੀਟਲ ਸਬੂਤ ਮਿਲੇ।



ਇਸ ਤੋਂ ਬਾਅਦ ਪੁਲਿਸ ਨੇ ਉਸ ਦੇ ਘਰ 'ਤੇ ਛਾਪਾ ਮਾਰ ਕੇ ਵੱਡੀ ਮਾਤਰਾ ਵਿੱਚ ਨਕਦੀ ਅਤੇ ਹੋਰ ਸਬੂਤ ਬਰਾਮਦ ਕੀਤੇ।ਸਜ਼ਾ ਸੁਣਾਉਂਦਿਆਂ ਜੱਜ ਨੇ ਕਿਹਾ ਕਿ ਦੋਸ਼ੀ ਇੱਕ ਉੱਚ-ਸਿੱਖਿਆ ਪ੍ਰਾਪਤ ਵਿਅਕਤੀ ਹੋਣ ਦੇ ਬਾਵਜੂਦ ਗਲਤ ਰਾਹ 'ਤੇ ਚੱਲ ਪਿਆ ਅਤੇ ਉਸ ਦੀਆਂ ਹਰਕਤਾਂ ਨੇ ਉੱਚ ਸਿੱਖਿਆ ਪ੍ਰਣਾਲੀ ਵਿੱਚ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਈ ਹੈ। ਪੁਲਿਸ ਨੇ ਕਿਹਾ ਕਿ ਅਜਿਹੇ ਅਪਰਾਧਾਂ ਨੂੰ ਰੋਕਣਾ ਜ਼ਰੂਰੀ ਹੈ ਕਿਉਂਕਿ ਇਸ ਨਾਲ ਅਯੋਗ ਲੋਕਾਂ ਨੂੰ ਡਿਗਰੀਆਂ ਅਤੇ ਪੇਸ਼ੇਵਰ ਯੋਗਤਾਵਾਂ ਮਿਲ ਸਕਦੀਆਂ ਹਨ।

ਮਾਮਲਾ ਬਹਿਬਲ ਕਲਾਂ ਗੋਲੀਕਾਂਡ ਤੇ ਬੇਅਦਬੀ ਦੇ ਮਾਮਲਿਆਂ ਦਾ

# ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਲੱਗੀ ਢਾਹ ?

**○ ਗਿਆਨੀ ਰਘਬੀਰ ਸਿੰਘ ਦੀ ਸਿਟ ਨਾਲ ਮੁਲਾਕਾਤ 'ਤੇ ਉੱਠੇ ਗੰਭੀਰ ਸਵਾਲ ○ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ-'ਅਕਾਲ ਤਖ਼ਤ ਦੀ ਕਾਰਵਾਈ ਨੂੰ ਕਾਨੂੰਨੀ ਸਬੂਤ ਬਣਾਉਣਾ ਮਰਿਆਦਾ ਦਾ ਉਲੰਘਣ' ○ ਸਾਬਕਾ ਜਥੇਦਾਰ ਰਘਬੀਰ ਸਿੰਘ ਦੀ ਭੂਮਿਕਾ 'ਤੇ ਪੰਥਕ ਹਲਕਿਆਂ ਵਿਚ ਤਿੱਖਾ ਰੋਸ**

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੀ ਧਾਰਮਿਕ ਅਤੇ ਸਿਆਸੀ ਫ਼ਿਜ਼ਾ ਵਿੱਚ ਇੱਕ ਨਵੀਂ ਬਹਿਸ ਛਿੜੀ ਹੋਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਵਿਸ਼ੇਸ਼ ਜਾਂਚ ਟੀਮ ਸਿਖ ਵਿਚਾਲੇ ਹੋਈ ਮੁਲਾਕਾਤ ਨੇ ਪੰਥਕ ਹਲਕਿਆਂ ਅਤੇ ਸਿਆਸੀ ਗਲਿਆਰਿਆਂ ਵਿੱਚ ਇੱਕ ਵੱਡਾ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਬਹਿਬਲ ਕਲਾਂ ਗੋਲੀਕਾਂਡ ਅਤੇ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਐਸ.ਆਈ.ਟੀ. ਵੱਲੋਂ ਗਿਆਨੀ ਰਘਬੀਰ ਸਿੰਘ ਦੇ ਘਰ ਜਾ ਕੇ ਕੀਤੀ ਗਈ ਪੁੱਛਗਿੱਛ ਅਤੇ ਉਸ 'ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜਤਾਇਆ ਗਿਆ ਇਤਰਾਜ਼, ਅਕਾਲ ਤਖ਼ਤ ਸਾਹਿਬ ਦੀ ਖ਼ੁਦਮੁਖ਼ਤਿਆਰੀ ਅਤੇ ਅਦਾਲਤੀ ਕਾਰਵਾਈਆਂ ਦੇ ਆਪਸੀ ਟਕਰਾਅ ਨੂੰ ਉਜਾਗਰ ਕਰਦਾ ਹੈ। ਇਹ ਮਸਲਾ ਕੇਵਲ ਦੋ ਧਾਰਮਿਕ ਸ਼ਖ਼ਸੀਅਤਾਂ ਦਾ ਆਪਸੀ ਮਤਭੇਦ ਨਹੀਂ, ਬਲਕਿ ਸਿੱਖ ਪਰੰਪਰਾਵਾਂ ਦੀ ਉਲੰਘਣਾ ਦਾ ਇੱਕ ਗੰਭੀਰ ਮਸਲਾ ਹੈ।

ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੁਲਾਕਾਤ 'ਤੇ ਬਹੁਤ ਹੀ ਸਿਧਾਂਤਕ ਅਤੇ ਸੰਵਿਧਾਨਕ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜੋ ਪੰਥਕ ਕਾਰਵਾਈ ਹੋਈ ਸੀ, ਉਹ ਇੱਕ ਸ਼ੁੱਧ ਪੰਥਕ ਪ੍ਰਕਿਰਿਆ ਸੀ। ਉਸ ਮੌਕੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜੋ 'ਗੁਨਾਹ' ਕਬੂਲ ਕੀਤੇ ਸਨ, ਉਹ ਗੁਰੂ-ਪੰਥ ਦੇ ਸਨਮੁਖ ਇੱਕ ਧਾਰਮਿਕ ਮੁਆਫ਼ੀਨਾਮਾ (ਤਨਖ਼ਾਹ ਲਵਾਉਣ ਦੀ ਪ੍ਰਕਿਰਿਆ) ਦਾ ਹਿੱਸਾ ਸਨ।

ਗਿਆਨੀ ਹਰਪ੍ਰੀਤ ਸਿੰਘ ਅਨੁਸਾਰ, ਅਜਿਹੀ ਧਾਰਮਿਕ ਕਾਰਵਾਈ ਨੂੰ ਕਿਸੇ ਸਰਕਾਰੀ ਜਾਂ ਕਾਨੂੰਨੀ ਏਜੰਸੀ (ਐਸ. ਆਈ. ਟੀ.) ਅੱਗੇ ਬਿਆਨ ਵਜੋਂ ਦਰਜ ਕਰਵਾਉਣਾ ਜਾਂ ਕਾਨੂੰਨੀ ਸਬੂਤ ਵਜੋਂ ਪੇਸ਼ ਕਰਨਾ ਸਿੱਖ ਮਰਿਆਦਾ ਦੀ ਉਲੰਘਣਾ ਹੈ। ਜੇਕਰ ਸੁਖਬੀਰ ਬਾਦਲ ਨੇ ਬੰਦ ਕਮਰੇ ਵਿੱਚ ਕੋਈ ਨਿੱਜੀ ਕਬੂਲਨਾਮਾ ਕੀਤਾ ਹੁੰਦਾ ਤਾਂ ਗੱਲ ਵੱਖਰੀ ਸੀ, ਪਰ ਜਨਤਕ ਤੌਰ 'ਤੇ ਹੋਈ ਧਾਰਮਿਕ ਕਾਰਵਾਈ ਵਿੱਚ ਸਾਬਕਾ ਜਥੇਦਾਰ ਦਾ ਖੁਦ ਗਵਾਹ ਬਣਨਾ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਖ਼ੁਦਮੁਖ਼ਤਿਆਰੀ ਨੂੰ ਕਾਨੂੰਨੀ ਦਾਇਰਿਆਂ ਦੇ ਅਧੀਨ ਲਿਆਉਣ ਵਾਂਗ ਹੈ, ਜੋ ਕਿ ਪੰਥਕ ਪਰੰਪਰਾਵਾਂ ਦੀ ਤੌਹੀਨ ਹੈ।

ਦੂਜੇ ਪਾਸੇ, ਗਿਆਨੀ ਰਘਬੀਰ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਕਰਾਰਾ ਪਲਟਵਾਰ ਕੀਤਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਖੁਦ ਚੰਡੀਗੜ੍ਹ ਜਾ ਕੇ ਐਸ.ਆਈ.ਟੀ. ਸਾਹਮਣੇ ਪੇਸ਼ ਨਹੀਂ ਹੋਏ, ਬਲਕਿ ਜਾਂਚ ਟੀਮ ਦੇ ਮੈਂਬਰ ਖੁਦ ਉਨ੍ਹਾਂ ਦੇ ਘਰ ਆਏ ਸਨ। ਉਨ੍ਹਾਂ ਅਨੁਸਾਰ, ਸੁਖਬੀਰ ਸਿੰਘ ਬਾਦਲ ਦੇ ਕਬੂਲਨਾਮੇ ਬਾਰੇ ਜਦੋਂ ਪੁੱਛਿਆ ਗਿਆ ਤਾਂ ਉਨ੍ਹਾਂ ਸਿਰਫ਼ ਇਹੀ ਕਿਹਾ ਕਿ ਸਾਰਾ ਰਿਕਾਰਡ ਟੀਵੀ ਚੈਨਲਾਂ, ਸੋਸ਼ਲ ਮੀਡੀਆ ਅਤੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਕੋਲ ਜਨਤਕ ਤੌਰ 'ਤੇ ਮੌਜੂਦ ਹੈ, ਇਸ ਵਿੱਚ ਕੋਈ ਓਹਲਾ ਨਹੀਂ ਹੈ।

ਗਿਆਨੀ ਰਘਬੀਰ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਘੇਰਦਿਆਂ ਯਾਦ ਦਿਵਾਇਆ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਜਥੇਦਾਰ ਹੁੰਦਿਆਂ ਐਸ.ਆਈ.ਟੀ. ਕੋਲ ਬਿਆਨ ਦਰਜ ਕਰਵਾਏ ਸਨ। ਇਸ ਲਈ ਹੁਣ ਉਨ੍ਹਾਂ 'ਤੇ ਸਵਾਲ ਚੁੱਕਣਾ ਦੋਹਰੇ ਮਾਪਦੰਡ ਹਨ। ਉਨ੍ਹਾਂ ਸਲਾਹ ਦਿੱਤੀ ਕਿ ਧਾਰਮਿਕ ਆਗੂਆਂ ਨੂੰ "ਧਰਮ ਤੋਂ ਸੇਧ ਲੈ ਕੇ ਧਰਮ ਦੀ ਸਿਆਸਤ" ਕਰਨੀ ਚਾਹੀਦੀ ਹੈ, ਨਾ ਕਿ ਖੁਦ ਸਿਆਸਤ ਦੀ ਪਕੜ ਵਿੱਚ ਆਉਣਾ ਚਾਹੀਦਾ ਹੈ। ਹਾਲਾਂਕਿ, ਗਿਆਨੀ ਹਰਪ੍ਰੀਤ ਸਿੰਘ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਬਿਆਨ ਨਹੀਂ ਸਨ, ਬਲਕਿ ਸਿਰਫ਼ ਪਾਵਨ ਸਰੂਪਾਂ ਦੀ ਛਪਾਈ ਦੀ ਮਰਿਆਦਾ ਬਾਰੇ ਜਾਣਕਾਰੀ ਸੀ।

ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸਿੱਖ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ। ਇਹ ਬਿਆਨ ਉਨ੍ਹਾਂ ਨੇ ਕੋਟਕਪੂਰਾ ਬਹਿਬਲ ਕਲਾਂ ਗੋਲੀ ਕਾਂਡ ਸੰਬੰਧ ਵਿਚ ਪੰਜਾਬ ਸਰਕਾਰ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੇ ਸਾਹਮਣੇ ਗਿਆਨੀ ਰਘਬੀਰ ਸਿੰਘ ਵਲੋਂ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ ਗੱਲਬਾਤ ਨੂੰ ਇੱਕ ਬਿਆਨ ਵਿਚ ਪੇਸ਼ ਕਰਨ 'ਤੇ ਕਿਹਾ। ਉਨ੍ਹਾਂ ਆਖਿਆ ਕਿ ਗਿਆਨੀ ਰਘਬੀਰ ਸਿੰਘ ਵਲੋਂ ਸਿੱਖ ਮਰਿਆਦਾ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਗਿਆਨੀ ਰਘਬੀਰ ਸਿੰਘ ਨੇ ਪੁਲਿਸ ਨੂੰ ਜੋ ਸਟੇਟਮੈਂਟ ਦਿੱਤੀ ਹੈ, ਉਹ ਸਿੱਖ ਪੰਥ ਲਈ ਮੰਦਭਾਗਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਰਕਾਰ ਗਿਆਨੀ ਰਘਬੀਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਉਨ੍ਹਾਂ ਖ਼ਿਲਾਫ਼ ਝੂਠਾ ਪਰਚਾ ਦਰਜ ਕਰਨ ਦੀ ਫਿਰਾਕ ਵਿੱਚ ਹੈ। ਉਨ੍ਹਾਂ ਦੁਹਰਾਇਆ ਕਿ ਅਕਾਲ ਤਖ਼ਤ ਸਾਹਿਬ ਅੱਗੇ ਉਨ੍ਹਾਂ ਨੇ ਆਪਣੀ ਸਰਕਾਰ ਦੇ ਸਮੇਂ ਹੋਈਆਂ ਘਟਨਾਵਾਂ ਦੀ ਸਿਰਫ਼ 'ਨੈਤਿਕ ਜ਼ਿੰਮੇਵਾਰੀ' ਪਾਰਟੀ ਪ੍ਰਧਾਨ ਵਜੋਂ ਲਈ ਸੀ, ਨਾ ਕਿ ਉਹ ਕਿਸੇ ਅਪਰਾਧਿਕ ਸਾਜ਼ਿਸ਼ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਉਹ ਜੇਲ ਜਾਣ ਤੋਂ ਨਹੀਂ ਡਰਦੇ।

ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ



ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਮੇਰੇ ਖਿਲਾਫ ਜਿੰਨੇ ਮਰਜ਼ੀ ਪਰਚੇ ਦਰਜ ਕਰ ਲੈਣ ਮੈਂ ਡਰਨ ਵਾਲਾ ਨਹੀਂ ਅਤੇ ਨਾ ਹੀ ਮੈਨੂੰ ਜੇਲ੍ਹ ਜਾਣ ਦੀ ਪ੍ਰਵਾਹ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਮੈਨੂੰ ਬਰਗਾੜੀ ਬੇਅਦਬੀ ਕੇਸ ਵਿਚ ਫਸਾਉਣਾ ਚਾਹੁੰਦੇ ਹਨ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਆਮ ਆਦਮੀ ਪਾਰਟੀ ਦੇ ਸਰਗਰਮ ਵਰਕਰ ਵਜੋਂ ਕੰਮ ਕਰ ਰਹੇ ਹਨ । ਉਨ੍ਹਾਂ ਕਿਹਾ ਕਿ ਸਾਬਕਾ ਜਥੇਦਾਰ ਦੇ ਅਜਿਹੇ ਯਤਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੇ ਖ਼ਿਲਾਫ਼ ਹਨ।

ਦੂਜੇ ਪਾਸੇ 'ਆਪ' ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਦਾਅਵਾ ਕੀਤਾ ਕਿ ਸੁਖਬੀਰ ਬਾਦਲ ਨੇ ਅਕਾਲ ਤਖ਼ਤ ਸਾਹਿਬ 'ਤੇ ਆਪਣੇ ਗੁਨਾਹ ਕਬੂਲ ਕੀਤੇ ਸਨ, ਪਰ ਹੁਣ ਜਦੋਂ ਇਹ ਮਾਮਲਾ ਕਾਨੂੰਨੀ ਸ਼ਿਕੰਜੇ ਵੱਲ ਵਧ ਰਿਹਾ ਹੈ, ਤਾਂ ਉਹ ਆਪਣੇ ਬਿਆਨਾਂ ਤੋਂ ਮੁੱਕਰ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਗੱਲ ਹੈ ਕਿ ਗਿਆਨੀ ਰਘਬੀਰ ਸਿੰਘ ਆਮ ਆਦਮੀ ਪਾਰਟੀ ਦੀ ਕਠਪੁਤਲੀ ਬਣ ਗਏ ਹਨ ਤੇ ਹੁਣ ਖੁਦ ਹੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਐਸ. ਆਈ. ਟੀ. ਅੱਗੇ ਪੇਸ਼ ਹੋਏ ਹਨ। ਉਨ੍ਹਾਂ ਕਿਹਾ ਕਿ ਗਿਆਨੀ ਰਘਬੀਰ ਸਿੰਘ ਨੇ ਐਸ.ਆਈ.ਟੀ. ਅੱਗੇ ਆਪਣਾ ਬਿਆਨ ਦਰਜ ਕਰਵਾ ਕੇ ਨਾ ਸਿਰਫ ਆਪਣੇ ਫੈਸਲੇ ਬਲਕਿ ਸਿੱਖਾਂ ਦੇ ਸਰਵਉੱਚ ਅਸਥਾਨ ਦੇ ਫੈਸਲੇ ਦਾ ਅਪਮਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਥ ਦੇ ਇਤਿਹਾਸ ਵਿਚ ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਤੇ ਇਹ ਬਹੁਤ ਹੀ ਨਿੰਦਣਯੋਗ ਹੈ। ਇਸ ਮੌਕੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ 'ਆਪ' ਸਾਬਕਾ ਜਥੇਦਾਰ ਦੀ ਵਰਤੋਂ ਸੂਬੇ ਨੂੰ ਦਰਪੇਸ਼ ਅਹਿਮ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਵਾਸਤੇ ਕਰ ਰਹੀ ਹੈ।

ਸਿੱਖ ਬੁੱਧੀਜੀਵੀਆਂ ਅਤੇ ਪੰਥਕ ਹਲਕਿਆਂ ਵਿੱਚ ਇਸ ਗੱਲ ਨੂੰ ਲੈ ਕੇ ਚਿੰਤਾ ਹੈ ਕਿ ਸਿੱਖਾਂ ਦੀ ਸਭ ਤੋਂ ਸਰਵਉੱਚ ਅਦਾਲਤ-ਸ੍ਰੀ ਅਕਾਲ ਤਖ਼ਤ ਸਾਹਿਬ-ਨੂੰ ਸਿਆਸੀ ਲਾਹੇ ਜਾਂ ਕਾਨੂੰਨੀ ਖੇਡਾਂ ਲਈ ਵਰਤਿਆ ਜਾ ਰਿਹਾ ਹੈ। ਸਿੱਖ ਚਿੰਤਕਾਂ ਦਾ ਮੰਨਣਾ ਹੈ ਕਿ ਜਦੋਂ ਅਕਾਲ ਤਖ਼ਤ ਦੇ ਜਥੇਦਾਰ (ਚਾਹੇ ਮੌਜੂਦਾ ਹੋਣ ਜਾਂ ਸਾਬਕਾ) ਸਰਕਾਰੀ ਜਾਂਚ ਏਜੰਸੀਆਂ ਦੇ ਸਵਾਲਾਂ ਦੇ ਜਵਾਬ ਦੇਣ ਦੇ ਦਾਇਰੇ ਵਿੱਚ ਆਉਂਦੇ ਹਨ, ਤਾਂ ਇਸ ਨਾਲ ਅਕਾਲ ਤਖ਼ਤ ਸਾਹਿਬ ਦੀ ਉਸ ਨਿਰਪੱਖਤਾ, ਖ਼ੁਦਮੁਖ਼ਤਿਆਰੀ 'ਤੇ ਅਸਰ ਪੈਂਦਾ ਹੈ ਜੋ ਸੰਵਿਧਾਨ ਅਤੇ ਕਾਨੂੰਨ ਤੋਂ ਉੱਪਰ ਮੰਨੀ ਜਾਂਦੀ ਹੈ।

ਪੰਥਕ ਹਲਕਿਆਂ ਦਾ ਇੱਕ ਹਿੱਸਾ ਇਹ ਮਹਿਸੂਸ ਕਰਦਾ ਹੈ ਕਿ ਗਿਆਨੀ ਰਘਬੀਰ ਸਿੰਘ ਵੱਲੋਂ ਐਸ.ਆਈ.ਟੀ. ਨਾਲ ਇਸ ਤਰ੍ਹਾਂ ਗੱਲਬਾਤ ਕਰਨਾ ਅਸਿੱਧੇ ਤੌਰ 'ਤੇ ਮੌਜੂਦਾ ਸਰਕਾਰ ਦੀ ਸਿਆਸੀ ਖੇਡ ਨੂੰ ਮਜ਼ਬੂਤ ਕਰਦਾ ਹੈ, ਜਿਸ ਨਾਲ ਪੰਥਕ ਪ੍ਰੰਪਰਾਵਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ।


ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਬੇਅਦਬੀ ਅਤੇ ਗੋਲੀਕਾਂਡ ਪੰਜਾਬ ਦੇ ਇਤਿਹਾਸ ਦੇ ਅਜਿਹੇ ਡੂੰਘੇ ਜ਼ਖ਼ਮ ਹਨ, ਜਿਨ੍ਹਾਂ ਦਾ ਇਨਸਾਫ਼ ਹਰ ਸਿੱਖ ਅਤੇ ਪੰਜਾਬੀ ਚਾਹੁੰਦਾ ਹੈ। ਪ੍ਰੰਤੂ, ਕਾਨੂੰਨੀ ਇਨਸਾਫ਼ ਦੀ ਪ੍ਰਕਿਰਿਆ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਉਸਦੇ ਜਥੇਦਾਰਾਂ ਦੇ ਰੁਤਬੇ ਨੂੰ ਦਾਅ 'ਤੇ ਨਹੀਂ ਲਗਾਇਆ ਜਾਣਾ ਚਾਹੀਦਾ। ਗਿਆਨੀ ਹਰਪ੍ਰੀਤ ਸਿੰਘ ਅਤੇ ਗਿਆਨੀ ਰਘਬੀਰ ਸਿੰਘ ਵਿਚਕਾਰਲੀ ਇਹ ਬਹਿਸ ਇਹ ਸਾਫ਼ ਕਰਦੀ ਹੈ ਕਿ ਜਦੋਂ ਤੱਕ ਧਾਰਮਿਕ ਸੰਸਥਾਵਾਂ ਸਿਆਸੀ ਪ੍ਰਭਾਵ ਤੋਂ ਮੁਕਤ ਨਹੀਂ ਹੁੰਦੀਆਂ, ਉਦੋਂ ਤੱਕ ਅਜਿਹੇ ਵਿਵਾਦ ਪੰਥਕ ਸ਼ਕਤੀ ਨੂੰ ਕਮਜ਼ੋਰ ਕਰਦੇ ਰਹਿਣਗੇ। ਅਕਾਲ ਤਖ਼ਤ ਸਾਹਿਬ ਦੀਆਂ ਪ੍ਰੰਪਰਾਵਾਂ ਦੀ ਰਾਖੀ ਕਰਨਾ ਸਾਰੇ ਆਗੂਆਂ ਦਾ ਮੁੱਢਲਾ ਫ਼ਰਜ਼ ਹੋਣਾ ਚਾਹੀਦਾ ਹੈ, ਨਾ ਕਿ ਇਸ ਨੂੰ ਸਿਆਸੀ ਨਫ਼ੇ-ਨੁਕਸਾਨ ਦੀ ਤਕੜੀ ਵਿੱਚ ਤੋਲਿਆ ਜਾਵੇ।

ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਪਖ ਹੈ ਕਿ ਕਿ ਕਿਸੇ ਵੀ ਸਰਕਾਰੀ ਜਾਂਚ ਏਜੰਸੀ ਕੋਲ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਧਾਰਮਿਕ ਕਾਰਵਾਈਆਂ ਨੂੰ 'ਕਾਨੂੰਨੀ ਸਬੂਤ' ਵਜੋਂ ਵਰਤਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਅਜਿਹਾ ਕਰਨਾ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਤੇ ਖ਼ੁਦਮੁਖ਼ਤਿਆਰੀ ਨੂੰ ਕਾਨੂੰਨੀ ਦਾਇਰਿਆਂ ਦੇ ਅਧੀਨ ਲਿਆਉਣ ਵਾਂਗ ਹੈ, ਜਿਸ ਦਾ ਜਥੇਦਾਰ ਡਟ ਕੇ ਵਿਰੋਧ ਕਰਦੇ ਹਨ। ਜਥੇਦਾਰ ਸਾਹਿਬ ਅਨੁਸਾਰ, ਸਿੰਘ ਸਾਹਿਬਾਨ (ਜਥੇਦਾਰ) ਕੌਮ ਦੇ ਸਰਵਉੱਚ ਆਗੂ ਹੁੰਦੇ ਹਨ, ਉਹ ਕਿਸੇ ਵੀ ਸਰਕਾਰੀ ਕਮਿਸ਼ਨ ਜਾਂ ਕਾਨੂੰਨੀ ਜਾਂਚ ਟੀਮ ਅੱਗੇ ਆਮ ਗਵਾਹ ਵਜੋਂ ਪੇਸ਼ ਨਹੀਂ ਹੋ ਸਕਦੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਐਡਵੋਕੇਟ ਦਾ ਮੰਨਣਾ ਹੈ ਕਿ ਸਿੱਖ ਇਤਿਹਾਸ ਅਤੇ ਮਰਿਆਦਾ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਨੂੰ ਸਰਕਾਰੀ ਸਬੂਤਾਂ ਵਜੋਂ ਵਰਤਣਾ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਹੈ। ਗਿਆਨੀ ਰਘਬੀਰ ਸਿੰਘ ਗਲਤ ਰਸਤੇ ਉਪਰ ਚਲ ਪਏ ਹਨ।

## ਸੰਪਾਦਕੀ

ਵਿਚਾਰ :– ਹੰਕਾਰ ਕਿਸੇ ਵੀ ਸੂਰਬੀਰ ਵਿਅਕਤੀ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ ।



ਰਜਿੰਦਰ ਸਿੰਘ ਪੁਰੇਵਾਲ

# ਪੰਥਕ ਸਿਆਸਤ, ਅਕਾਲ ਤਖ਼ਤ ਅਤੇ ਮੁੱਖ ਮੰਤਰੀ ਦੀ ਜਿਦ

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਧਰਮ ਅਤੇ ਰਾਜਨੀਤੀ ਦੇ ਗੁੰਝਲਦਾਰ ਤਾਣੇ-ਬਾਣੇ ਵਿੱਚ ਉਲਝੀ ਰਹੀ ਹੈ, ਪਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਵਿਚਾਲੇ ਪੈਦਾ ਹੋਇਆ ਤਾਜ਼ਾ ਵਿਵਾਦ ਇੱਕ ਨਵੇਂ ਅਤੇ ਗੰਭੀਰ ਸੰਕਟ ਦਾ ਇਸ਼ਾਰਾ ਕਰਦਾ ਹੈ। ਜਥੇਦਾਰ ਵੱਲੋਂ ਮੁੱਖ ਮੰਤਰੀ ਨੂੰ ਇੱਕ ਕਥਿਤ ਬੇਅਦਬੀ ਵੀਡੀਓ ਦੇ ਮਾਮਲੇ ਵਿੱਚ 'ਗੁਰੂ ਦੋਖੀ' ਅਤੇ 'ਖ਼ਾਲਸਾ ਪੰਥ ਵਿਰੋਧੀ' ਗਰਦਾਨਿਆ ਜਾਣਾ ਅਤੇ ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਇਸ ਵੀਡੀਓ ਨੂੰ ਸਿਆਸੀ ਸਾਜ਼ਿਸ਼ ਅਤੇ ਝੂਠਾ ਪ੍ਰਚਾਰ ਦੱਸਣਾ, ਪੰਜਾਬ ਦੀ ਰਾਜਨੀਤੀ ਵਿੱਚ ਧਾਰਮਿਕ ਅਥਾਰਟੀ ਅਤੇ ਚੁਣੀ ਹੋਈ ਸਰਕਾਰ ਵਿਚਾਲੇ ਵਧਦੇ ਟਕਰਾਅ ਨੂੰ ਦਰਸਾਉਂਦਾ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਦੇ ਨੇੜੇ ਆਉਣ ਨਾਲ ਇਹ ਮਾਮਲਾ ਹੋਰ ਵੀ ਭਖਣ ਦੇ ਆਸਾਰ ਹਨ।

ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਹਿਮ ਸੰਸਥਾ ਹੈ, ਜਿਸਦੀ ਸਥਾਪਨਾ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ ਸੀ। ਇਤਿਹਾਸ ਗਵਾਹ ਹੈ ਕਿ ਇਸ ਅਹਿਮ ਅਸਥਾਨ ਤੋਂ ਜਾਰੀ ਹੋਏ ਹੁਕਮਨਾਮਿਆਂ ਨੇ ਵੱਡੇ-ਵੱਡਿਆਂ ਨੂੰ ਝੁਕਣ ਲਈ ਮਜਬੂਰ ਕੀਤਾ ਹੈ-ਚਾਹੇ ਉਹ ਸੁਰਜੀਤ ਸਿੰਘ ਬਰਨਾਲਾ, ਸੁੱਚਾ ਸਿੰਘ ਲੰਗਾਹ ਦਾ ਮਾਮਲਾ ਹੋਵੇ ਜਾਂ ਸੁਖਬੀਰ ਸਿੰਘ ਬਾਦਲ ਨੂੰ 'ਤਨਖ਼ਾਹੀਆ' ਘੋਸ਼ਿਤ ਕਰਨ ਦਾ। ਪਰ ਮੌਜੂਦਾ ਵਿਵਾਦ ਇਸ ਲਈ ਵੱਖਰਾ ਹੈ ਕਿਉਂਕਿ ਇੱਥੇ ਟਕਰਾਅ ਸਿੱਧਾ ਸੂਬੇ ਦੇ ਸੰਵਿਧਾਨਕ ਮੁਖੀ (ਮੁੱਖ ਮੰਤਰੀ) ਨਾਲ ਹੈ, ਜੋ ਕਿਸੇ ਪੰਥਕ ਪਾਰਟੀ ਤੋਂ ਨਹੀਂ ਬਲਕਿ ਆਮ ਆਦਮੀ ਪਾਰਟੀ (ਆਪ) ਨਾਲ ਸਬੰਧ ਰੱਖਦੇ ਹਨ।

ਜਦੋਂ ਵੀ ਅਕਾਲ ਤਖ਼ਤ ਦੇ ਜਥੇਦਾਰਾਂ 'ਤੇ ਕਿਸੇ ਖ਼ਾਸ ਸਿਆਸੀ ਪਾਰਟੀ (ਜਿਵੇਂ ਸ਼੍ਰੋਮਣੀ ਅਕਾਲੀ ਦਲ) ਦੇ ਪ੍ਰਭਾਵ ਹੇਠ ਕੰਮ ਕਰਨ ਦੇ ਦੋਸ਼ ਲੱਗੇ ਹਨ, ਤਾਂ ਸੰਸਥਾ ਦੀ ਸਾਖ ਨੂੰ ਧੱਕਾ ਲੱਗਾ ਹੈ। 2015 ਵਿੱਚ ਡੇਰਾ ਸੱਚਾ ਸੌਦਾ ਮੁਖੀ ਨੂੰ ਮੁਆਫ਼ੀ ਦੇਣ ਦੇ ਫ਼ੈਸਲੇ ਅਤੇ ਉਸ ਤੋਂ ਬਾਅਦ ਪੈਦਾ ਹੋਏ ਜਨਤਕ ਰੋਸ ਨੇ ਇਹ ਸਾਬਤ ਕੀਤਾ ਸੀ ਕਿ ਸਿੱਖ ਸੰਗਤ ਸੰਸਥਾ ਦੀ ਸੁਤੰਤਰਤਾ ਨੂੰ ਲੈ ਕੇ ਬੇਹੱਦ ਸੰਵੇਦਨਸ਼ੀਲ ਹੈ।

ਮੌਜੂਦਾ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਵੱਲੋਂ ਲਿਆ ਗਿਆ ਇਹ ਸਖ਼ਤ ਸਟੈਂਡ ਨਾ ਸਿਰਫ਼ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਿਆਂਦੇ ਗਏ ਬੇਅਦਬੀ ਵਿਰੋਧੀ ਕਾਨੂੰਨ 'ਤੇ ਚੱਲ ਰਹੀ ਖਿੱਚੋਤਾਣ ਦਾ ਨਤੀਜਾ ਹੈ, ਬਲਕਿ ਇਹ ਵੱਖ-ਵੱਖ ਪੰਥਕ ਧੜਿਆਂ ਨੂੰ ਇੱਕ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਵੀ ਜਾਪਦੀ ਹੈ। ਜਥੇਦਾਰ ਦਾ ਫੈਸਲਾ ਠੀਕ ਹੈ। ਵਿਰੋਧੀ ਪਾਰਟੀਆਂ-ਕਾਂਗਰਸ, ਭਾਜਪਾ ਅਤੇ ਅਕਾਲੀ ਦਲ-ਵੱਲੋਂ ਜਥੇਦਾਰ ਦੇ ਫ਼ੈਸਲੇ ਦਾ ਸਮਰਥਨ ਕਰਨਾ ਇਹ ਸਾਫ਼ ਕਰਦਾ ਹੈ ਕਿ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਸਰਕਾਰ ਨੂੰ ਘੇਰਨ ਲਈ ਸਾਂਝੀ ਨੀਤੀ ਬਣ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਅਕਾਲ ਤਖ਼ਤ ਸੰਸਥਾ ਸਾਹਮਣੇ ਵਿਵਾਦਿਤ ਵੀਡੀਓ ਲਈ ਪੇਸ਼ ਹੋਏ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੀਡੀਓ ਦੀ ਸੱਚਾਈ ਨੂੰ ਤਕਨੀਕੀ ਅਤੇ ਪਾਰਦਰਸ਼ੀ ਤਰੀਕੇ ਨਾਲ ਸਾਬਤ ਕਰੇ, ਨਾ ਕਿ ਸਿੱਧਾ ਧਾਰਮਿਕ ਅਥਾਰਟੀ ਨਾਲ ਟਕਰਾਅ ਵਾਲਾ ਰਵੱਈਆ ਅਪਣਾਏ। ਅਕਾਲ ਤਖ਼ਤ ਦੀ ਮਹਾਨਤਾ ਇਸ ਗੱਲ ਵਿੱਚ ਹੈ ਕਿ ਉਹ ਸਿਆਸੀ ਪੱਖਪਾਤ ਤੋਂ ਉੱਪਰ ਉੱਠ ਕੇ ਨਿਰਪੱਖ ਨਜ਼ਰ ਆਵੇ। ਕਿਸੇ ਵੀ ਫ਼ੈਸਲੇ ਵਿੱਚ ਜਲਦਬਾਜ਼ੀ ਜਾਂ ਸਿਆਸੀ ਹਿੱਤਾਂ ਦੀ ਝਲਕ ਸੰਸਥਾ ਦੇ ਅਕਸ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਹੰਢਾਇਆ ਹੈ। ਧਰਮ ਅਤੇ ਸਿਆਸਤ ਦੇ ਇਸ ਟਕਰਾਅ ਵਿੱਚ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਅਤੇ ਭਾਈਚਾਰਕ ਸਾਂਝ ਨੂੰ ਕੋਈ ਆਂਚ ਨਹੀਂ ਆਉਣੀ ਚਾਹੀਦੀ। ਚੋਣਾਂ ਜਿੱਤਣ ਅਤੇ ਹਾਰਨ ਲਈ ਕਈ ਮੌਕੇ ਆਉਣਗੇ, ਪਰ ਧਾਰਮਿਕ ਅਤੇ ਸੰਵਿਧਾਨਕ ਸੰਸਥਾਵਾਂ ਦੀ ਮਰਿਆਦਾ ਅਤੇ ਭਰੋਸੇਯੋਗਤਾ ਨੂੰ ਬਣਾਈ ਰੱਖਣਾ ਪੰਜਾਬ ਦੇ ਭਵਿੱਖ ਲਈ ਸਭ ਤੋਂ ਅਹਿਮ ਹੈ। ਆਪ ਸਰਕਾਰ ਸਿਆਣਪ ਵਰਤੇ ਤੇ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਿਚ ਨਾ ਪਵੇ।

# ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 20 ਜੂਨ ਨੂੰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਤੇ ਕੱਲ੍ਹ ਦੇ ਘਟਨਾਕ੍ਰਮ ਤੋਂ ਤੁਰੰਤ ਬਾਅਦ ਅੰਤ੍ਰਿੰਗ ਕਮੇਟੀ ਦੀ ਉਚੇਚੀ ਮੀਟਿੰਗ 20 ਜੂਨ ਨੂੰ ਸੱਦ ਲਈ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇਸ ਵੇਲੇ ਅਮਰੀਕਾ ਦੌਰੇ ਫ਼ਰਸਤੁੱਤੇ ਹਨ ਅਤੇ ਉਹ ਅਗਲੇ ਇੱਕ ਦੋ ਦਿਨਾਂ ਵਿੱਚ ਪਰਤ ਆਉਣਗੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਵਿਚ 20 ਜੂਨ ਨੂੰ ਦੁਪਹਿਰ 12 ਵਜੇ ਬੁਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਕੱਤਰਤਾ ਸਬੰਧੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰ ਸਾਹਿਬਾਨ ਨੂੰ ਪੱਤਰ ਭੇਜ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਬੀਤੇ ਕੱਲ੍ਹ ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਹੋਈ ਸੀ, ਜਿਸ ਵਿੱਚ ਬੇਅਦਬੀ ਐਕਟ ਮਾਮਲੇ ਵਿੱਚ ਪੰਜਾਬ ਸਰਕਾਰ ਦੀ ਕੈਬਨਿਟ ਦੇ ਸਿੱਖ ਮੰਤਰੀ ਅਤੇ ਵਿਧਾਨ ਸਭਾ ਦੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਕੀਤਾ ਗਿਆ ਹੈ। ਇੱਕ ਇਤਰਾਜ਼ਯੋਗ ਵੀਡੀਓ ਦੇ ਮਾਮਲੇ ਵਿੱਚ ਭਗਵੰਤ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦਿੱਤਾ ਗਿਆ।

## NEWS & VIEWS

# GLOBAL PANTHIC RESPONSE TO HENRY NOWAK KILLING AN EXEMPLARY PRECEDENT FOR ALL COMMUNITIES



Gurmukh Singh OBE

Spontaneous condemnation of a crime by a misguided ***individual*** identified as a *Sikh*, is a responsible global Sikh community reaction. A Statement has been issued from the highest Sikh theo-temporal Institution, Sri Akal Takht Sahib; deep condolences to the Nowak family have been expressed and Ardas (prayers) at Gurdwaras have been recited. All to stress the core Sikhi principles, including the central Sikhi theme of *Sarbat da Bhala,* the well-being of all humanity.

For crimes against them, British Sikhs blame only misguided elements and not whole communities. In September and October 2025 there was widespread outrage and call for justice following horrific, racially and religiously aggravated sexual assaults against two Sikh women. Earlier Sikh immigrants, who chose to make UK their home, have been law abiding, net contributing loyal British Citizens. Yet, over the decades they have suffered open discrimination in silence. Their struggle to secure the right to Sikh identity has been uphill through the law courts.

Other communities can learn from the Sikhs and be more forthright in condemning crimes when linked to their religio-ethnic ideologies and identities. Otherwise, criminals have no religion.

The question looming larger each day amongst British Sikhs is if they are (mistakenly) seen as a soft target by politicians and extreme right elements who thrive on social divisions. The impression so far is that, in this case, Sikhs have been selected for discriminatory treatment.

Both, the victim and the assailant have immigrant family backgrounds, Polish and Sikh respectively. Yet, their skin colours have been exploited. That is obvious from an ill-considered initial reaction by one senior politician. UK political, policy, institutional and procedural failures in recent times have been conflated and the whole Sikh community targeted by extreme right politicians.

Sikhs should join political parties of own choice. In turn, senior political leaders should consult community representatives in their parties before issuing irresponsible and ill-informed statements targeting any community. Or worse, making a whole community scapegoat for policy and procedural failures of successive governments and law enforcement agencies. For example, British Sikhs are not responsible for uncontrolled illegal immigration in recent years.

In the aftermath of the verdict in the case of Henry Nowak, it seems that a Sikh Article of Faith, the Kirpan and the whole Sikh community has been put on trial. In this climate, call for a statutory public inquiry by the Sikh federation UK is a sensible next step. That will be just for the Nowak family and the Sikh community. It will parse the case in full public view, bring out the truth and help future processes and procedures and, hopefully, improve community relations.

Otherwise, much damage to community relations has been done and continues to be done. Next generation British Sikhs are of different temperament than the earlier generations. They need timely assurance by the establishment that all British citizens are equal.

Sikhs seek Sarbat da Bhalaa of all humanity and also have a history of defending the rights of all, including their own. They will push back firmly against injustice and political exploitation of a crime by one person. The life sentence of 21 years given to Vickrum Singh Digwa has been referred to the Court of Appeal under the Unduly Lenient Sentence scheme. The case will continue to attract public attention.

British Sikh community is being demonised. That is not fair. That is not British!

**Gurmukh Singh OBE,** Ret'd Principal Civil Servant (UK) sewauk2005@yahoo.co.uk

## ਸੰਪਾਦਕੀ–8 ਸਫ਼ੇ ਦੀ ਬਾਕੀ

# ਧਾਰਮਿਕ ਪ੍ਰਭੂਸੱਤਾ ਬਨਾਮ ਸਿਆਸੀ ਹੱਥਕੰਡੇ: ਅਕਾਲ ਤਖ਼ਤ ਦੀ ਮਰਯਾਦਾ ਨੂੰ ਕਾਨੂੰਨੀ ਦਾਇਰੇ ਵਿੱਚ ਘਸੀਟਣਾ ਮੰਦਭਾਗਾ

ਬਹਿਬਲ ਕਲਾਂ ਗੋਲੀਕਾਂਡ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸੰਵੇਦਨਸ਼ੀਲ ਮਾਮਲੇ ਵਿੱਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਬਿਆਨ ਦਰਜ ਕਰਵਾਏ ਜਾਣ ਨਾਲ ਇੱਕ ਨਵੀਂ ਬਹਿਸ ਛਿੜ ਗਈ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਐੱਸਆਈਟੀ ਨੂੰ ਦਿੱਤੇ ਬਿਆਨ ਵਿਚ ਕਿਹਾ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸੁਖਬੀਰ ਸਿੰਘ ਬਾਦਲ ਨੇ ਬਹਿਬਲ ਕਲਾਂ ਗੋਲੀਕਾਂਡ ਦੀ ਜ਼ਿੰਮੇਵਾਰੀ ਕਬੂਲ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਕਬੂਲਨਾਮੇ ਦੀ ਵੀਡੀਓ ਰਿਕਾਰਡਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਮੌਜੂਦ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇੱਕ ਸਾਜ਼ਿਸ਼ ਤਹਿਤ ਨਿਹੱਥੇ ਅਤੇ ਬੇਕਸੂਰ ਲੋਕਾਂ 'ਤੇ ਗੋਲੀਆਂ ਚਲਵਾਈਆਂ ਗਈਆਂ ਸਨ ਅਤੇ ਇਸ ਨਾਲ ਜੁੜਿਆ ਪੂਰਾ ਘਟਨਾਕ੍ਰਮ ਰਿਕਾਰਡ ਦਾ ਹਿੱਸਾ ਹੈ। ਜਥੇਦਾਰ ਸਾਹਿਬਾਨ ਵੱਲੋਂ ਦਿੱਤੇ ਗਏ ਬਿਆਨਾਂ ਨੂੰ ਜਿਸ ਤਰ੍ਹਾਂ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ 'ਤੇ ਵੱਡਾ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ।

ਸਭ ਤੋਂ ਵੱਡਾ ਅਤੇ ਸਿਧਾਂਤਕ ਸਵਾਲ ਇਹ ਹੈ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਰਵਉੱਚ ਅਤੇ ਪ੍ਰਭੂਸੱਤਾ ਸੰਪੰਨ ਧਾਰਮਿਕ ਸੰਸਥਾ ਦੇ ਅੰਦਰੂਨੀ ਘਟਨਾਕ੍ਰਮ, ਉੱਥੇ ਹੋਈਆਂ ਵਿਚਾਰਾਂ ਜਾਂ ਕਿਸੇ ਧਾਰਮਿਕ ਪੇਸ਼ੀ ਨੂੰ ਦੇਸ਼ ਦੇ ਸੈਕੂਲਰ ਕਾਨੂੰਨ ਅਤੇ ਪੁਲਿਸ ਜਾਂਚ ਦੇ ਦਾਇਰੇ ਹੇਠ ਲਿਆਂਦਾ ਜਾ ਸਕਦਾ ਹੈ?

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਤਖ਼ਤ ਹੈ, ਜਿਸ ਦਾ ਆਪਣਾ ਇੱਕ ਇਤਿਹਾਸਕ ਅਤੇ ਅਧਿਆਤਮਿਕ ਪ੍ਰਭੂਸੱਤਾ ਦਾ ਦਾਇਰਾ ਹੈ। ਉੱਥੇ ਕੋਈ ਵਿਅਕਤੀ ਪੇਸ਼ ਹੁੰਦਾ ਹੈ, ਆਪਣੀ ਭੁੱਲ ਬਖ਼ਸ਼ਾਉਂਦਾ ਹੈ ਜਾਂ ਕੋਈ ਧਾਰਮਿਕ ਜ਼ਿੰਮੇਵਾਰੀ ਕਬੂਲ ਕਰਦਾ ਹੈ, ਤਾਂ ਉਹ ਪੂਰੀ ਪ੍ਰਕਿਰਿਆ 'ਧਾਰਮਿਕ ਮਰਯਾਦਾ' ਅਤੇ 'ਮੀਰੀ-ਪੀਰੀ' ਦੇ ਸਿਧਾਂਤ ਦੇ ਤਹਿਤ ਹੁੰਦੀ ਹੈ।

ਸੰਸਥਾ ਦੀ ਸਰਵਉੱਚਤਾ: ਅਕਾਲ ਤਖ਼ਤ ਸਾਹਿਬ 'ਤੇ ਹੋਈ ਕਾਰਵਾਈ ਨੂੰ ਕਿਸੇ ਪੁਲਿਸ ਥਾਣੇ ਦੇ ਰਿਕਾਰਡ ਜਾਂ ਅਦਾਲਤੀ ਸਬੂਤ ਵਜੋਂ ਪੇਸ਼ ਕਰਨਾ ਇਸ ਮਹਾਨ ਸੰਸਥਾ ਦੇ ਰੁਤਬੇ ਨੂੰ ਹੇਠਾਂ ਦਿਖਾਉਣ ਦੇ ਬਰਾਬਰ ਹੈ।

ਜਥੇਦਾਰ ਰਘਬੀਰ ਸਿੰਘ ਵੱਲੋਂ ਪੁਲਿਸ ਦੀ ਐੱਸ.ਆਈ.ਟੀ. ਸਾਹਮਣੇ ਪੇਸ਼ ਹੋ ਕੇ ਬਿਆਨ ਦੇਣਾ ਅਕਾਲ ਤਖ਼ਤ ਦੀ ਸਰਵਉੱਚਤਾ ਦੇ ਸਿਧਾਂਤ ਦੇ ਉਲਟ ਪ੍ਰਤੀਤ ਹੁੰਦਾ ਹੈ, ਕਿਉਂਕਿ ਤਖ਼ਤਾਂ ਦੇ ਜਥੇਦਾਰ ਦੁਨਿਆਵੀ ਕਾਨੂੰਨ ਜਾਂ ਸਰਕਾਰੀ ਅਧਿਕਾਰੀਆਂ ਨੂੰ ਜਵਾਬਦੇਹ ਨਹੀਂ, ਬਲਕਿ ਖ਼ਾਲਸਾ ਪੰਥ ਦੇ ਰਹਿਨੁਮਾ ਹੁੰਦੇ ਹਨ।

ਪੰਜਾਬ ਦੀ ਮੌਜੂਦਾ ਆਪ ਸਰਕਾਰ ਆਪਣੀਆਂ ਸਿਆਸੀ ਨਾਕਾਮੀਆਂ ਨੂੰ ਲੁਕਾਉਣ ਅਤੇ ਵਿਰੋਧੀਆਂ ਨੂੰ ਘੇਰਨ ਲਈ ਲਗਾਤਾਰ ਧਾਰਮਿਕ ਮੁੱਦਿਆਂ ਦਾ ਸਹਾਰਾ ਲੈਂਦੀ ਆ ਰਹੀ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਐੱਸ.ਆਈ.ਟੀ. ਨੂੰ ਦਿੱਤੇ ਬਿਆਨਾਂ ਨੂੰ ਜਿਸ ਤਰ੍ਹਾਂ ਸਰਕਾਰੀ ਤੰਤਰ ਵੱਲੋਂ ਉਛਾਲਿਆ ਜਾ ਰਿਹਾ ਹੈ, ਉਸ ਤੋਂ ਸਾਫ਼ ਹੈ ਕਿ ਸਰਕਾਰ ਜਥੇਦਾਰ ਸਾਹਿਬ ਦੇ ਮੋਢੇ 'ਤੇ ਰੱਖ ਕੇ ਆਪਣੀ ਸਿਆਸੀ ਬੰਦੂਕ ਚਲਾਉਣਾ ਚਾਹੁੰਦੀ ਹੈ। ਜਦੋਂ ਧਾਰਮਿਕ ਆਗੂ ਅਣਜਾਣੇ ਵਿੱਚ ਜਾਂ ਕਿਸੇ ਦਬਾਅ ਹੇਠ ਸਰਕਾਰੀ ਜਾਂਚ ਏਜੰਸੀਆਂ ਦਾ ਹਿੱਸਾ ਬਣਦੇ ਹਨ, ਤਾਂ ਉਹ ਸਿੱਧੇ ਤੌਰ 'ਤੇ ਸੱਤਾਧਾਰੀ ਪਾਰਟੀ ਦੇ ਸਿਆਸੀ ਏਜੰਡੇ ਵਜੋਂ ਵਰਤੇ ਜਾਣ ਦਾ ਰਸਤਾ ਖੋਲ੍ਹ ਦਿੰਦੇ ਹਨ।

ਸਾਲ 2015 ਤੋਂ ਲੈ ਕੇ ਹੁਣ ਤੱਕ ਪੰਜ ਵੱਖ-ਵੱਖ ਵਿਸ਼ੇਸ਼ ਜਾਂਚ ਟੀਮਾਂ ਬਣ ਚੁੱਕੀਆਂ ਹਨ। ਹਰ ਨਵੀਂ ਸਰਕਾਰ ਆ ਕੇ ਇਸ ਮੁੱਦੇ ਨੂੰ ਵੋਟ ਬੈਂਕ ਲਈ ਵਰਤਦੀ ਹੈ ਪਰ ਇਨਸਾਫ਼ ਅੱਜ ਵੀ ਅਧੂਰਾ ਹੈ। ਅਜਿਹੀ ਸਥਿਤੀ ਵਿੱਚ, ਅਕਾਲ ਤਖ਼ਤ ਸਾਹਿਬ ਦੇ ਰਿਕਾਰਡ ਜਾਂ ਉੱਥੇ ਹੋਏ ਕਬੂਲਨਾਮਿਆਂ ਦੀ ਵੀਡੀਓ ਰਿਕਾਰਡਿੰਗ ਨੂੰ ਪੁਲਿਸ ਫਾਈਲਾਂ ਦਾ ਹਿੱਸਾ ਬਣਾਉਣਾ ਸਿਰਫ਼ ਇੱਕ ਰਾਜਨੀਤਿਕ ਨਾਟਕ ਦਾ ਹਿੱਸਾ ਨਜ਼ਰ ਆਉਂਦਾ ਹੈ, ਜਿਸ ਦਾ ਮਕਸਦ ਕਾਨੂੰਨੀ ਇਨਸਾਫ਼ ਨਾਲੋਂ ਜ਼ਿਆਦਾ ਸਿਆਸੀ ਲਾਹਾ ਲੈਣਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਾਦ ਹਸਤੀ ਅਤੇ ਮਰਯਾਦਾ ਨੂੰ ਕਾਇਮ ਰੱਖਣਾ ਹਰ ਸਿੱਖ ਅਤੇ ਖ਼ਾਸਕਰ ਜਥੇਦਾਰ ਸਾਹਿਬਾਨ ਦਾ ਮੁਢਲਾ ਫ਼ਰਜ਼ ਹੈ। ਧਾਰਮਿਕ ਫ਼ੈਸਲਿਆਂ ਅਤੇ ਕਾਰਵਾਈਆਂ ਨੂੰ ਦੁਨਿਆਵੀ ਕਾਨੂੰਨਾਂ ਜਾਂ ਪੁਲਿਸ ਜਾਂਚ ਦੇ ਦਾਇਰੇ ਵਿੱਚ ਲਿਆ ਕੇ ਉਲਝਾਉਣਾ ਬੇਹੱਦ ਮੰਦਭਾਗਾ ਹੈ। ਜਥੇਦਾਰ ਸਾਹਿਬਾਨ ਨੂੰ ਸਰਕਾਰਾਂ ਦੀਆਂ ਸਿਆਸੀ ਚਾਲਾਂ ਤੋਂ ਦੂਰ ਰਹਿ ਕੇ ਸੰਸਥਾ ਦੀ ਪ੍ਰਭੂਸੱਤਾ ਦੀ ਰਾਖੀ ਕਰਨੀ ਚਾਹੀਦੀ ਹੈ, ਨਾ ਕਿ ਕਿਸੇ ਸਿਆਸੀ ਏਜੰਡੇ ਦਾ ਹਿੱਸਾ ਬਣਨਾ ਚਾਹੀਦਾ ਹੈ।

**-ਰਜਿੰਦਰ ਸਿੰਘ ਪੁਰੇਵਾਲ**

# ਗੁਰੂ ਘਰਾਂ ਵਿਚ 'ਸੀ.ਐੱਮ. ਦੀ ਯੋਗਸ਼ਾਲਾ' ਦਾ ਤਿੱਖਾ ਵਿਰੋਧ, ਫ਼ਰੀਦਕੋਟ ਵਿਚ ਮਰਿਆਦਾ ਦਾ ਘਾਣ!

## ✪ ਨੰਗੇ ਸਿਰ ਕਲਾਸਾਂ ਲਾਉਣ 'ਤੇ ਭਖਿਆ ਵਿਵਾਦ, ਸੈਸ਼ਨ ਵਿਚਾਲੇ ਰੁਕਵਾਏ ✪ ਯੋਗਾ ਹਿੰਦੂ ਪਰੰਪਰਾ ਦਾ ਹਿੱਸਾ, ਗੁਰਦੁਆਰਿਆਂ ਵਿਚ ਕਲਾਸਾਂ 'ਤੇ ਪਾਬੰਦੀ ਹੋਵੇ, ਜਥੇਦਾਰ ਅਕਾਲ ਤਖ਼ਤ ਧਿਆਨ ਦੇਣ- ਭਾਣਾ



ਫ਼ਰੀਦਕੋਟ ਦੇ ਚਾਰ ਗੁਰਦੁਆਰਾ ਸਾਹਿਬਾਨ ਅੰਦਰ ਪੰਜਾਬ ਸਰਕਾਰ ਦੀ 'ਸੀ.ਐੱਮ. ਦੀ ਯੋਗਸ਼ਾਲਾ' ਮੁਹਿੰਮ ਤਹਿਤ ਚੱਲ ਰਹੀਆਂ ਯੋਗਾ ਕਲਾਸਾਂ ਨੂੰ ਸਿੱਖ ਜਥੇਬੰਦੀਆਂ ਵੱਲੋਂ ਬੰਦ ਕਰਵਾਏ ਜਾਣ ਦਾ ਮਾਮਲਾ ਬੇਹੱਦ ਸੰਵੇਦਨਸ਼ੀਲ ਹੈ। ਇਹ ਵਿਵਾਦ ਮਹਿਜ਼ ਸਰੀਰਕ ਕਸਰਤ ਤੱਕ ਸੀਮਤ ਨਹੀਂ ਹੈ, ਬਲਕਿ ਇਹ ਸਿੱਖ ਰਹਿਤ ਮਰਿਆਦਾ ਦੀ ਪਾਲਣਾ, ਗੁਰੂ ਘਰਾਂ ਦੀ ਪਵਿੱਤਰਤਾ ਅਤੇ ਸਿੱਖ ਸੱਭਿਆਚਾਰ ਦੀ ਮੌਲਿਕਤਾ ਨੂੰ ਬਰਕਰਾਰ ਰੱਖਣ ਵਰਗੇ ਡੂੰਘੇ ਵਿਚਾਰਧਾਰਕ ਸਵਾਲ ਖੜ੍ਹੇ ਕਰਦਾ ਹੈ। ਭਾਈ ਗੁਰਸੇਵਕ ਸਿੰਘ ਭਾਣਾ ਦੀ ਅਗਵਾਈ ਵਿੱਚ ਸੰਗਤਾਂ ਵਲੋਂ ਉਠਾਇਆ ਗਿਆ ਇਹ ਇਤਰਾਜ਼ ਪੂਰੀ ਤਰ੍ਹਾਂ ਵਾਜਿਬ ਅਤੇ ਸਿੱਖ ਸਿਧਾਂਤਾਂ ਦੇ ਅਨੁਕੂਲ ਹੈ। ਭਾਣਾ ਨੇ ਇਹ ਮਸਲਾ ਅਕਾਲ ਤਖਤ ਸਾਹਿਬ ਪਹੁੰਚਾ ਦਿਤਾ ਹੈ। ਜਥੇਦਾਰ ਨੇ ਤੁਰੰਤ ਆਦੇਸ਼ ਜਾਰੀ ਕਰਕੇ ਗੁਰਦੁਆਰਿਆਂ ਵਿਚ ਯੋਗਾ ਕਰਨ ਉਪਰ ਪਾਬੰਦੀ ਲਗਾ ਦਿਤੀ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਅਨੁਸਾਰ ਗੁਰਦੁਆਰਾ ਸਾਹਿਬ ਦੇ ਪਵਿੱਤਰ ਪਰਿਸਰ ਅੰਦਰ ਕਿਸੇ ਵੀ ਅਜਿਹੀ ਗਤੀਵਿਧੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਜੋ ਉੱਥੋਂ ਦੀ ਰਹਿਤ ਮਰਿਯਾਦਾ ਨੂੰ ਛਿੱਕੇ ਟੰਗਦੀ ਹੋਵੇ। ਯੋਗਾ ਕਲਾਸਾਂ ਦੌਰਾਨ ਮਰਦਾਂ ਅਤੇ ਔਰਤਾਂ ਵੱਲੋਂ ਨੰਗੇ ਸਿਰ ਬੈਠਣਾ ਸਿੱਖ ਮਰਿਆਦਾ ਦੀ ਸਿੱਧੀ ਉਲੰਘਣਾ ਹੈ। ਗੁਰੂ ਦੀ ਹਜ਼ੂਰੀ ਜਾਂ ਗੁਰਦੁਆਰਾ ਕੰਪਲੈਕਸ ਵਿੱਚ ਸਿਰ ਢੱਕ ਕੇ ਰੱਖਣਾ ਇੱਕ ਮੁੱਢਲਾ ਅਤੇ ਅਟੱਲ ਅਸੂਲ ਹੈ।

ਪੰਥਕ ਆਗੂ ਗੁਰਸੇਵਕ ਸਿੰਘ ਭਾਣਾ ਦਾ ਕਹਿਣਾ ਹੈ ਕਿ ਜਦੋਂ ਸਰਕਾਰੀ ਸਪਾਂਸਰਸ਼ਿਪ ਹੇਠ ਬਾਹਰੋਂ ਆਏ ਟ੍ਰੇਨਰ ਧਾਰਮਿਕ ਸਥਾਨਾਂ ਦੇ ਇਹਨਾਂ ਨਿਯਮਾਂ ਦਾ ਸਤਿਕਾਰ ਨਹੀਂ ਕਰਦੇ, ਤਾਂ ਵਿਰੋਧ ਹੋਣਾ ਸੁਭਾਵਿਕ ਹੈ। ਭਾਣਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਸਿਹਤ ਮੁਹਿੰਮਾਂ ਨੂੰ ਧਾਰਮਿਕ ਸਥਾਨਾਂ ਤੋਂ ਦੂਰ ਜਨਤਕ ਥਾਵਾਂ 'ਤੇ ਚਲਾਵੇ ਤਾਂ ਜੋ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਸਿੱਖ ਕੌਮ ਨੂੰ ਅੱਜ ਬੇਹੱਦ ਸੁਚੇਤ ਹੋਣ ਦੀ ਲੋੜ ਹੈ ਤਾਂ ਜੋ ਸਾਡੀਆਂ ਵਿਲੱਖਣ ਪਰੰਪਰਾਵਾਂ ਦੂਸਰੇ ਸੱਭਿਆਚਾਰਾਂ ਦੇ ਪ੍ਰਭਾਵ ਹੇਠ ਨਾ ਦੱਬਣ।

ਪੰਥਕ ਵਿਦਵਾਨ ਗੁਰਤੇਜ ਸਿੰਘ ਆਈਏਐਸ ਅਨੁਸਾਰ ਅਨੁਸਾਰ ਯੋਗਾ ਸਿੱਖ ਸੱਭਿਆਚਾਰ ਦਾ ਅੰਗ ਨਹੀਂ, ਬਲਕਿ ਹਿੰਦੂ ਪਰੰਪਰਾ ਦਾ ਹਿੱਸਾ ਹੈ। ਸਿੱਖ ਧਰਮ ਵਿੱਚ ਸਰੀਰਕ ਤੇ ਮਾਨਸਿਕ ਬਲ ਲਈ 'ਗੱਤਕਾ' ਅਤੇ 'ਨਾਮ ਅਭਿਆਸ' ਦੀ ਆਪਣੀ ਮੌਲਿਕ ਤੇ ਇਤਿਹਾਸਕ ਪਰੰਪਰਾ ਹੈ। ਗੁਰਤੇਜ ਸਿੰਘ ਅਨੁਸਾਰ ਸਿੱਖੀ ਵਿੱਚ ਹਠ-ਯੋਗ, ਆਸਣਾਂ ਜਾਂ ਪ੍ਰਾਣਾਯਾਮ ਰਾਹੀਂ ਆਤਮਿਕ ਉੱਚਤਾ ਪ੍ਰਾਪਤ ਕਰਨ ਦੇ ਦਾਅਵਿਆਂ ਨੂੰ ਮੁੱਢੋਂ ਖਾਰਜ ਕੀਤਾ ਗਿਆ ਹੈ। ਮੁਕਤੀ ਦਾ ਮਾਰਗ ਕਿਸੇ ਹਠ-ਯੋਗ ਵਿੱਚ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੁਆਰਾ ਦੱਸੇ ਗਏ "ਸਹਜ ਯੋਗ" ਜਾਂ "ਰਾਜ ਯੋਗ" ਵਿੱਚ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਹੈ ਕਿ ਸਰਕਾਰਾਂ ਆਪਣੀਆਂ ਸਿਆਸੀ ਮੁਹਿੰਮਾਂ ਜਾਂ 'ਯੋਗਸ਼ਾਲਾਵਾਂ' ਲਈ ਗੁਰਦੁਆਰਾ ਸਾਹਿਬਾਨ ਦੀ ਹੀ ਚੋਣ ਕਿਉਂ ਕਰਦੀਆਂ ਹਨ? ਜਦੋਂ ਦੇਸ਼ ਵਿੱਚ ਪਾਰਕਾਂ, ਸਰਕਾਰੀ ਹਾਲਾਂ, ਸਕੂਲਾਂ ਅਤੇ ਸਟੇਡੀਅਮਾਂ ਦੀ ਕੋਈ ਕਮੀ ਨਹੀਂ ਹੈ, ਤਾਂ ਧਾਰਮਿਕ ਸਥਾਨਾਂ ਦੀ ਵਰਤੋਂ ਕਰਨਾ ਸਿੱਖ ਸੰਸਥਾਵਾਂ ਦੇ ਅੰਦਰੂਨੀ ਤਾਣੇ-ਬਾਣੇ ਵਿੱਚ ਸਿਆਸੀ ਦਖ਼ਲਅੰਦਾਜ਼ੀ ਅਤੇ ਘੱਟ-ਗਿਣਤੀ ਕੌਮਾਂ ਦੇ ਮਾਨਸਿਕ 'ਭਗਵਾਕਰਨ' ਵੱਲ ਇਸ਼ਾਰਾ ਕਰਦਾ ਹੈ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਉਹ ਗੁਰੂ ਘਰ ਦੀ ਮਰਿਆਦਾ ਦੇ ਰਾਖੇ ਹਨ। ਕਿਸੇ ਵੀ ਸਰਕਾਰੀ ਗਰਾਂਟ ਜਾਂ ਸਿਆਸੀ ਪ੍ਰਭਾਵ ਹੇਠ ਆ ਕੇ ਗੁਰੂ ਘਰ ਦੇ ਹਾਲਾਂ ਨੂੰ ਅਜਿਹੀਆਂ ਗਤੀਵਿਧੀਆਂ ਲਈ ਦੇਣਾ ਅਸਹਿ ਹੈ ਜਿੱਥੇ ਮਰਿਆਦਾ ਦਾ ਘਾਣ ਹੁੰਦਾ ਹੋਵੇ।

ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗੁਰਬਚਨ ਸਿੰਘ ਪੰਨਵਾਂ ਅਨੁਸਾਰ, ਇਤਿਹਾਸ ਗਵਾਹ ਹੈ ਕਿ ਜਦੋਂ ਵਿਦੇਸ਼ੀ ਧਾੜਵੀ (ਮਹਿਮੂਦ ਗਜ਼ਨਵੀ ਜਾਂ ਅਹਿਮਦ ਸ਼ਾਹ ਅਬਦਾਲੀ) ਭਾਰਤ ਦੇ ਮੰਦਰਾਂ ਨੂੰ ਲੁੱਟ ਰਹੇ ਸਨ, ਉਦੋਂ ਇਹ ਯੋਗ ਅਭਿਆਸੀ ਅਤੇ ਪੁਜਾਰੀ ਮੰਤਰਾਂ ਰਾਹੀਂ ਫੌਜਾਂ ਨੂੰ ਅੰਨ੍ਹਾ ਕਰਨ ਦੇ ਥੋਥੇ ਦਾਅਵੇ ਕਰਨ ਤੋਂ ਬਿਨਾਂ ਕੁਝ ਨਾ ਕਰ ਸਕੇ। ਦੇਸ਼ ਦੀ ਰੱਖਿਆ ਅਤੇ ਅਣਖ ਬਾਬਾ ਬੰਦਾ ਸਿੰਘ ਬਹਾਦਰ ਅਤੇ ਜਰਨਲ ਹਰੀ ਸਿੰਘ ਨਲੁਏ ਵਰਗੇ ਸੂਰਬੀਰਾਂ ਦੇ ਸਰੀਰਕ ਤੇ ਮਾਨਸਿਕ ਬਲ ਸਦਕਾ ਹੀ ਹੋਈ।

ਉਨ੍ਹਾਂ ਅਨੁਸਾਰ ਸਿੱਖ ਕੌਮ ਸਰੀਰਕ ਕਸਰਤ ਦੇ ਵਿਰੁੱਧ ਨਹੀਂ ਹੈ। ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਮੱਲ ਅਖਾੜੇ' ਤਿਆਰ ਕਰਕੇ ਸਰੀਰਕ ਤੌਰ 'ਤੇ ਤਗੜੇ ਹੋਣ ਦਾ ਸੰਦੇਸ਼ ਦਿੱਤਾ ਸੀ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਮਾਰਸ਼ਲ ਆਰਟ 'ਗੱਤਕਾ' ਸਾਡੀ ਵਿਰਾਸਤ ਦਾ ਹਿੱਸਾ ਹੈ। ਜੇਕਰ ਪ੍ਰਬੰਧਕ ਨੌਜਵਾਨਾਂ ਨੂੰ ਨਸ਼ਾ-ਮੁਕਤ ਅਤੇ ਸਿਹਤਮੰਦ ਰੱਖਣਾ ਚਾਹੁੰਦੇ ਹਨ, ਤਾਂ ਯੋਗਾ ਦੀ ਬਜਾਏ ਗੱਤਕੇ ਦੇ ਅਖਾੜੇ ਲਗਾਉਣੇ ਚਾਹੀਦੇ ਹਨ।

# ਭਾਰਤੀ ਯਾਤਰੀਆਂ ਲਈ ਯੂਕੇ ਬਣਿਆ ਨਵਾਂ 'ਹੌਟ ਰੂਟ', ਯੂਰਪ ਲਈ ਵਧੀ ਹਵਾਈ ਕਨੈਕਟੀਵਿਟੀ

ਨਵੀਂ ਦਿੱਲੀ-ਮੱਧ ਪੂਰਬ ਖੇਤਰ ਵਿੱਚ ਚੱਲ ਰਹੇ ਤਣਾਅ ਅਤੇ ਕੌਮਾਂਤਰੀ ਏਅਰਲਾਈਨਜ਼ ਦੀਆਂ ਬਦਲੀਆਂ ਰਣਨੀਤੀਆਂ ਕਾਰਨ ਭਾਰਤੀ ਹਵਾਨਬਾਜ਼ੀ ਬਾਜ਼ਾਰ ਵਿੱਚ ਇੱਕ ਨਵਾਂ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਗਰਮੀ ਦੀਆਂ ਛੁੱਟੀਆਂ ਦੌਰਾਨ ਭਾਰਤ ਤੋਂ ਬ੍ਰਿਟੇਨ ਅਤੇ ਯੂਰਪ ਜਾਣ ਵਾਲੇ ਹਵਾਈ ਮੁਸਾਫ਼ਰਾਂ ਦੀ ਗਿਣਤੀ ਵਿੱਚ ਭਾਰੀ ਉਛਾਲ ਆਇਆ ਹੈ। ਏਅਰਲਾਈਨਜ਼ ਨੇ ਇਸ ਰੂਟ 'ਤੇ ਵਧਦੀ ਮੰਗ ਨੂੰ ਦੇਖਦੇ ਹੋਏ ਵਾਧੂ ਉਡਾਣਾਂ ਅਤੇ ਵੱਡੇ ਜਹਾਜ਼ ਤਾਇਨਾਤ ਕਰ ਦਿੱਤੇ ਹਨ, ਜਿਸ ਦਾ ਸਿੱਧਾ ਫਾਇਦਾ ਭਾਰਤੀ ਯਾਤਰੀਆਂ ਨੂੰ ਮਿਲ ਰਿਹਾ ਹੈ।

ਏਅਰ ਇੰਡੀਆ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਕੌਮਾਂਤਰੀ ਨੈੱਟਵਰਕ ਨੂੰ ਮੁੜ ਸੰਗਠਿਤ ਕੀਤਾ ਜਾ ਰਿਹਾ ਹੈ। ਨਵੇਂ ਜਹਾਜ਼ਾਂ ਦੀ ਡਿਲਿਵਰੀ ਵਿੱਚ ਦੇਰੀ, ਵਧਦੀ ਈਂਧਨ ਲਾਗਤ ਅਤੇ ਪਾਕਿਸਤਾਨੀ ਏਅਰਸਪੇਸ 'ਤੇ ਲੱਗੀਆਂ ਪਾਬੰਦੀਆਂ ਕਾਰਨ ਏਅਰਲਾਈਨ ਨੇ ਕਈ ਏਸ਼ੀਆਈ ਅਤੇ ਪੱਛਮੀ ਏਸ਼ੀਆਈ ਰੂਟਾਂ 'ਤੇ ਉਡਾਣਾਂ ਘਟਾ



ਦਿੱਤੀਆਂ ਹਨ।

ਮਾਹਿਰਾਂ ਮੁਤਾਬਕ, ਏਅਰ ਇੰਡੀਆ ਦੀ ਇਸ ਰਣਨੀਤੀ ਨੇ ਵਿਦੇਸ਼ੀ ਏਅਰਲਾਈਨਜ਼ ਲਈ ਭਾਰਤੀ ਬਾਜ਼ਾਰ ਵਿੱਚ ਰਾਹ ਪੱਧਰਾ ਕਰ ਦਿੱਤਾ ਹੈ। ਬ੍ਰਿਟਿਸ਼ ਏਅਰਵੇਜ਼ ਅਤੇ ਲੁਫਥਾਂਸਾ ਵਰਗੀਆਂ ਪ੍ਰਮੁੱਖ ਯੂਰਪੀ ਏਅਰਲਾਈਨਜ਼ ਨੇ ਮੌਕੇ ਦਾ ਫਾਇਦਾ ਚੁੱਕਦਿਆਂ ਭਾਰਤ ਤੋਂ ਸਿੱਧੀਆਂ ਉਡਾਣਾਂ ਅਤੇ ਸੀਟਾਂ ਦੀ ਸਮਰੱਥਾ ਵਿੱਚ ਵੱਡਾ ਵਾਧਾ ਕੀਤਾ ਹੈ।

ਐਵੀਏਸ਼ਨ ਡਾਟਾ ਮੁਤਾਬਕ, ਜੂਨ ਮਹੀਨੇ ਵਿੱਚ ਭਾਰਤ ਤੋਂ ਯੂ. ਕੇ. ਜਾਣ ਵਾਲੀ ਹਵਾਈ ਸੀਟ ਸਮਰੱਥਾ ਵਿੱਚ ਸਭ ਤੋਂ ਵੱਧ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ।

ਪੱਛਮੀ ਏਸ਼ੀਆ ਵਿੱਚ ਚੱਲ ਰਹੀ ਸਿਆਸੀ ਬੇਯਕੀਨੀ ਅਤੇ ਤਣਾਅ ਕਾਰਨ ਭਾਰਤੀ ਸੈਲਾਨੀ ਹੁਣ ਕਨੈਕਟਿੰਗ ਜਾਂ ਟ੍ਰਾਂਜ਼ਿਟ ਉਡਾਣਾਂ ਦੀ ਬਜਾਏ ਲੰਡਨ ਅਤੇ ਹੋਰ ਯੂਰਪੀ ਸੈਰਗਾਹਾਂ ਲਈ ਸਿੱਧੀਆਂ ਉਡਾਣਾਂ ਨੂੰ ਤਰਜੀਹ ਦੇ ਰਹੇ ਹਨ।

ਯਾਤਰੀਆਂ ਦੀ ਭਾਰੀ ਭੀੜ ਅਤੇ ਮੰਗ ਨੂੰ ਪੂਰਾ ਕਰਨ ਲਈ ਏਅਰਲਾਈਨਜ਼ ਵੱਲੋਂ ਖ਼ਾਸ ਤੌਰ 'ਤੇ ਵੱਡੇ ਜਹਾਜ਼ ਹਵਾ ਵਿੱਚ ਉਤਾਰੇ ਗਏ ਹਨ।

ਦੱਖਣ-ਪੂਰਬੀ ਏਸ਼ੀਆ ਦੇ ਰੂਟਾਂ 'ਤੇ ਪਿਆ ਮਾੜਾ ਅਸਰ

ਜਿੱਥੇ ਯੂਰਪ ਦੇ ਰੂਟ ਚਮਕ ਰਹੇ ਹਨ, ਉੱਥੇ ਹੀ ਭਾਰਤੀਆਂ ਦੇ ਹਮੇਸ਼ਾ ਪਸੰਦੀਦਾ ਰਹੇ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੇ ਰੂਟਾਂ 'ਤੇ ਦਬਾਅ ਵਧ ਗਿਆ ਹੈ:

ਸੀਟਾਂ ਵਿੱਚ ਕਟੌਤੀ: ਥਾਈਲੈਂਡ, ਸਿੰਗਾਪੁਰ ਅਤੇ ਮਲੇਸ਼ੀਆ ਵਰਗੇ ਦੇਸ਼ਾਂ ਲਈ ਕਈ ਏਅਰਲਾਈਨਜ਼ ਨੇ ਉਡਾਣਾਂ ਘਟਾ ਦਿੱਤੀਆਂ ਹਨ।

ਕਿਰਾਏ ਵਧੇ: ਸੀਟਾਂ ਦੀ ਕਮੀ ਕਾਰਨ ਇਨ੍ਹਾਂ ਰੂਟਾਂ 'ਤੇ ਹਵਾਈ ਕਿਰਾਇਆਂ ਵਿੱਚ 15 ਤੋਂ 30 ਫੀਸਦੀ ਤੱਕ ਦਾ ਭਾਰੀ ਵਾਧਾ ਦੇਖਿਆ ਜਾ ਰਿਹਾ ਹੈ।

ਪੱਛਮੀ ਏਸ਼ੀਆਈ ਤਣਾਅ ਕਾਰਨ ਹਵਾਈ ਰੂਟ ਲੰਬੇ ਹੋ ਗਏ ਹਨ, ਜਿਸ ਨਾਲ ਏਅਰਲਾਈਨਜ਼ ਦਾ ਖ਼ਰਚਾ ਵਧਿਆ ਹੈ। ਇਸ ਲਈ ਕੰਪਨੀਆਂ ਹੁਣ ਸਿਰਫ਼ ਉਨ੍ਹਾਂ ਰੂਟਾਂ 'ਤੇ ਧਿਆਨ ਕੇਂਦਰਿਤ ਕਰ ਰਹੀਆਂ ਹਨ ਜਿੱਥੇ ਮੁਨਾਫ਼ਾ ਅਤੇ ਮੰਗ ਦੋਵੇਂ ਜ਼ਿਆਦਾ ਹਨ।

ਟਰੈਵਲ ਇੰਡਸਟਰੀ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪੱਛਮੀ ਏਸ਼ੀਆ ਦੇ ਹਾਲਾਤ ਜਲਦੀ ਆਮ ਵਰਗੇ ਨਾ ਹੋਏ, ਤਾਂ ਆਉਣ ਵਾਲੇ ਮਹੀਨਿਆਂ ਵਿੱਚ ਭਾਰਤੀ ਯਾਤਰੀਆਂ ਲਈ ਯੂਰਪ ਅਤੇ ਬ੍ਰਿਟੇਨ ਸਭ ਤੋਂ ਵੱਡੇ ਅਤੇ ਮੁੱਖ ਟੂਰਿਸਟ ਹੱਬ ਵਜੋਂ ਉੱਭਰਨਗੇ। ਏਅਰਲਾਈਨਜ਼ ਵੀ ਇਸੇ ਮੁਕਾਬਲੇਬਾਜ਼ੀ ਨੂੰ ਦੇਖਦੇ ਹੋਏ ਆਪਣੀਆਂ ਰਣਨੀਤੀਆਂ ਲਗਾਤਾਰ ਬਦਲ ਰਹੀਆਂ ਹਨ।

# ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੋਂ ਬਾਅਦ ਸਿਆਸਤ ਗਰਮਾਈ

## ✪ ਭਾਜਪਾ ਅਤੇ ਕਾਂਗਰਸ ਨੇ ਸੀਐੱਮ ਭਗਵੰਤ ਮਾਨ ਨੂੰ ਘੇਰਿਆ

ਚੰਡੀਗੜ੍ਹ-ਬੇਅਦਬੀ ਕਾਨੂੰਨ ਸਬੰਧੀ ਇਤਰਾਜ਼ਾਂ ਨੂੰ ਨਾ ਮੰਨਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਵਿਰੋਧੀ' ਕਰਾਰ ਦਿੱਤੇ ਜਾਣ ਅਤੇ ਸਿੱਖ ਸੰਗਤ ਨੂੰ ਉਨ੍ਹਾਂ ਨਾਲ ਮੇਲ-ਜੋਲ ਨਾ ਰੱਖਣ ਦੇ ਹੁਕਮ ਤੋਂ ਬਾਅਦ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਭੱਖ ਗਈ ਹੈ। ਇਸ ਫ਼ੈਸਲੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਜਫ) ਅਤੇ ਕਾਂਗਰਸ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਚੰਡੀਗੜ੍ਹ ਸਥਿਤ ਪਾਰਟੀ ਮੁੱਖ ਦਫ਼ਤਰ ਵਿੱਚ ਪ੍ਰੈੱਸ ਕਾਨਫ਼ਰੰਸ ਦੌਰਾਨ ਇੱਕ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ: ਜਦੋਂ ਤੱਕ ਮੁੱਖ ਮੰਤਰੀ ਭਗਵੰਤ ਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਮੰਨ ਕੇ ਮਾਫ਼ੀ ਨਹੀਂ ਮੰਗਦੇ, ਉਦੋਂ ਤੱਕ ਕੇਂਦਰ ਸਰਕਾਰ ਦਾ ਕੋਈ ਵੀ ਸਿੱਖ ਮੰਤਰੀ ਉਨ੍ਹਾਂ ਨਾਲ ਮੁਲਾਕਾਤ ਜਾਂ ਕੋਈ ਮੀਟਿੰਗ ਨਹੀਂ ਕਰੇਗਾ। ਮੁੱਖ ਮੰਤਰੀ ਨੂੰ ਟਕਰਾਅ ਦਾ ਰਸਤਾ ਛੱਡ ਕੇ ਇੱਕ ਸੱਚੇ ਸਿੱਖ ਵਜੋਂ ਉੱਥੇ ਪੇਸ਼ ਹੋਣਾ ਚਾਹੀਦਾ ਹੈ ਅਤੇ ਮਾਫ਼ੀ ਮੰਗਣੀ ਚਾਹੀਦੀ ਹੈ।

ਢਿੱਲੋਂ ਨੇ ਪੰਜਾਬ ਸਰਕਾਰ ਵਿੱਚ ਸ਼ਾਮਲ ਸਿੱਖ ਕੈਬਨਿਟ ਮੰਤਰੀਆਂ, ਅਤੇ ਹੋਰ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਤਹਿਤ ਮੁੱਖ ਮੰਤਰੀ ਦਾ ਸਹਿਯੋਗ ਨਾ ਕਰਨ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਨੇ ਮੁੱਖ ਮੰਤਰੀ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਪੰਥ ਦੀ ਸਰਬਉੱਚ ਸੰਸਥਾ ਦੇ ਹੁਕਮ ਤੋਂ ਬਾਅਦ ਭਗਵੰਤ ਮਾਨ ਹੁਣ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦਾ ਨੈਤਿਕ ਅਧਿਕਾਰ ਗੁਆ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਅਹੁਦਾ ਇਮਾਨਦਾਰੀ, ਨਿਮਰਤਾ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦੇ ਸਤਿਕਾਰ ਦੀ ਮੰਗ ਕਰਦਾ ਹੈ, ਜਿਸ ਵਿੱਚ ਮਾਨ ਫੇਲ੍ਹ ਸਾਬਤ ਹੋਏ ਹਨ।

# ਵਿਧਾਨ ਸਭਾ ਚੋਣਾਂ: ਪੰਜਾਬ ਸਣੇ ਪੰਜ ਸੂਬਿਆਂ 'ਚ ਮਿੱਥੇ ਸਮੇਂ 'ਤੇ ਹੀ ਹੋਣਗੀਆਂ ਚੋਣਾਂ

## ✪ ਪਹਿਲਾਂ ਹੋ ਸਕਦਾ ਹੈ ਮਰਦਮਸ਼ੁਮਾਰੀ ਦਾ ਦੂਜਾ ਗੇੜ

ਨਵੀਂ ਦਿੱਲੀ-ਪੰਜਾਬ ਸਮੇਤ ਪੰਜ ਸੂਬਿਆਂ ਵਿੱਚ 2027 ਦੇ ਪਹਿਲੇ ਛੇ ਮਹੀਨਿਆਂ (ਫਰਵਰੀ-ਮਾਰਚ) ਦੌਰਾਨ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਸੂਤਰਾਂ ਦੇ ਮੁਤਾਬਕ, ਇਹ ਚੋਣਾਂ ਆਪਣੇ ਨਿਰਧਾਰਤ ਸਮੇਂ 'ਤੇ ਹੀ ਹੋਣਗੀਆਂ ਅਤੇ ਇਨ੍ਹਾਂ ਨੂੰ ਅਗੇਤਾ ਕਰਵਾਉਣ ਦੀ ਹਾਲ ਦੀ ਘੜੀ ਕੋਈ ਯੋਜਨਾ ਨਹੀਂ ਹੈ। ਚੋਣਾਂ ਅਤੇ ਮਰਦਮਸ਼ੁਮਾਰੀ ਦੇ ਕੰਮ ਵਿੱਚ ਆਪਸੀ ਟਕਰਾਅ ਤੋਂ ਬਚਣ ਲਈ ਸਰਕਾਰ ਵੱਲੋਂ ਮਰਦਮਸ਼ੁਮਾਰੀ ਦਾ ਦੂਜਾ ਗੇੜ ਪਹਿਲਾਂ ਕਰਵਾਏ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਕਿਹੜੇ ਪੰਜ ਸੂਬਿਆਂ 'ਚ ਹੋਣੀਆਂ ਹਨ ਚੋਣਾਂ ?-ਫਰਵਰੀ-ਮਾਰਚ 2027 ਦੌਰਾਨ ਜਿਨ੍ਹਾਂ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਪ੍ਰਸਤਾਵਿਤ ਹਨ, ਉਨ੍ਹਾਂ ਵਿੱਚ ਸ਼ਾਮਲ ਹਨ:



ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਮਨੀਪੁਰ। ਚੋਣਾਂ ਸਮੇਂ ਸਿਰ ਹੋਣ ਦੇ ਫ਼ੈਸਲੇ ਨਾਲ ਹੁਣ ਸਾਰੀਆਂ ਸਿਆਸੀ ਪਾਰਟੀਆਂ ਕੋਲ ਆਪਣੀ ਚੋਣ ਰਣਨੀਤੀ ਅਤੇ ਯੋਜਨਾਬੰਦੀ ਤਿਆਰ ਕਰਨ ਲਈ ਕਾਫ਼ੀ ਸਮਾਂ ਹੋਵੇਗਾ।

ਮਰਦਮਸ਼ੁਮਾਰੀ ਦਾ ਦੂਜਾ ਗੇੜ, ਜੋ ਪਹਿਲਾਂ ਫਰਵਰੀ 2027 ਵਿੱਚ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਹੋਣਾ ਤੈਅ ਸੀ, ਹੁਣ ਚੋਣ ਪ੍ਰਕਿਰਿਆ ਤੋਂ ਪਹਿਲਾਂ ਕਰਵਾਇਆ ਜਾ ਸਕਦਾ ਹੈ।

ਪੰਜਾਬ ਵਿੱਚ ਸਿਆਸੀ ਪਾਰਟੀਆਂ ਨੇ ਖਿੱਚੀ ਤਿਆਰੀ-ਇਸ ਤੋਂ ਪਹਿਲਾਂ ਸਿਆਸੀ ਗਲਿਆਰਿਆਂ ਵਿੱਚ ਚੋਣਾਂ ਅਗੇਤੀਆਂ ਹੋਣ ਦੀਆਂ ਅਫ਼ਵਾਹਾਂ ਚੱਲ ਰਹੀਆਂ ਸਨ, ਜਿਸ ਕਾਰਨ ਪਾਰਟੀਆਂ ਨੇ ਪਹਿਲਾਂ ਹੀ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ:

ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿੱਚ ਇਸ ਵਾਰ ਇਕੱਲਿਆਂ ਚੋਣ ਲੜਨ ਦਾ ਐਲਾਨ ਕੀਤਾ ਹੈ ਅਤੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਦੀ ਕਮਾਨ ਸੌਂਪੀ ਗਈ ਹੈ।

ਸੱਤਾਧਾਰੀ 'ਆਪ' ਸਰਕਾਰ ਦਾ ਦਾਅਵਾ ਹੈ ਕਿ ਉਹ ਲੋਕਾਂ ਦੀ ਆਪਣੀ ਪਾਰਟੀ ਹੈ ਅਤੇ ਉਨ੍ਹਾਂ ਵੱਲੋਂ ਚਲਾਈਆਂ ਗਈਆਂ ਲੋਕ-ਭਲਾਈ ਸਕੀਮਾਂ ਦੇ ਦਮ 'ਤੇ ਉਹ ਮੁੜ ਸੱਤਾ ਵਿੱਚ ਵਾਪਸੀ ਕਰਨਗੇ।

ਵਿਰੋਧੀ ਧਿਰ ਕਾਂਗਰਸ ਵੀ ਪੰਜਾਬ ਵਿੱਚ ਮਜ਼ਬੂਤ ਵਾਪਸੀ ਦੀ ਉਮੀਦ ਲਗਾਈ ਬੈਠੀ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਇਸ ਵਾਰ ਜਨਤਾ ਉਨ੍ਹਾਂ ਦਾ ਸਾਥ ਦੇਵੇਗੀ।

# ਚੋਣਾਂ ਸਿਰ 'ਤੇ: ਪੰਜਾਬ ਸਰਕਾਰ ਚੁੱਕੇਗੀ 1000 ਕਰੋੜ ਦਾ ਹੋਰ ਕਰਜ਼ਾ

## ✪ 3 ਮਹੀਨਿਆਂ ਵਿਚ ਅੰਕੜਾ 6300 ਕਰੋੜ 'ਤੇ ਪੁੱਜਾ ✪ ਖ਼ਰਚੇ ਪੂਰੇ ਕਰਨ ਲਈ ਨਵੇਂ ਉਧਾਰ ਦੀ ਤਿਆਰੀ, ਔਰਤਾਂ ਨੂੰ ਮਾਣ ਭੱਤਾ ਦੇਣ ਦੀਆਂ ਤਿਆਰੀਆਂ ✪ ਅਰਥ-ਸ਼ਾਸਤਰੀਆਂ ਨੇ ਪ੍ਰਗਟਾਈ ਚਿੰਤਾ




ਚੰਡੀਗੜ੍ਹ-ਪੰਜਾਬ ਸਰਕਾਰ ਦੀਆਂ ਵਿੱਤੀ ਮੁਸ਼ਕਿਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਚਾਲੂ ਵਿੱਤੀ ਸਾਲ 2026-27 ਦੇ ਸ਼ੁਰੂਆਤੀ ਦੋ ਮਹੀਨਿਆਂ (ਅਪਰੈਲ ਅਤੇ ਮਈ) ਵਿੱਚ 5300 ਕਰੋੜ ਰੁਪਏ ਦਾ ਕਰਜ਼ਾ ਲੈਣ ਤੋਂ ਬਾਅਦ ਹੁਣ ਭਗਵੰਤ ਮਾਨ ਸਰਕਾਰ ਇਸੇ ਮਹੀਨੇ 1000 ਕਰੋੜ ਰੁਪਏ ਦਾ ਹੋਰ ਨਵਾਂ ਕਰਜ਼ਾ ਚੁੱਕਣ ਜਾ ਰਹੀ ਹੈ। ਇਸ ਨਵੇਂ ਕਰਜ਼ੇ ਨਾਲ ਮੌਜੂਦਾ ਵਿੱਤੀ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਕੁੱਲ ਕਰਜ਼ਾ 6300 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।

ਸਰਕਾਰ ਦਾ ਦਾਅਵਾ ਹੈ ਕਿ ਇਹ ਕਰਜ਼ਾ 7 ਸਾਲਾਂ ਦੀ ਮਿਆਦ ਲਈ ਵਿਕਾਸ ਯੋਜਨਾਵਾਂ ਅਤੇ ਪੂੰਜੀਗਤ ਖ਼ਰਚਿਆਂ (Capital Expenditure) ਲਈ ਲਿਆ ਜਾ ਰਿਹਾ ਹੈ, ਪਰ ਵਿਰੋਧੀ ਧਿਰਾਂ ਅਤੇ ਮਾਹਰਾਂ ਵੱਲੋਂ ਸਰਕਾਰ ਦੀਆਂ ਵਿੱਤੀ ਨੀਤੀਆਂ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

### ਪੰਜਾਬ ਸਿਰ ਕਿੰਨਾ ਹੋ ਗਿਆ ਹੈ ਕੁੱਲ ਕਰਜ਼ਾ?

ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਅੰਕੜੇ ਬੇਹੱਦ ਚਿੰਤਾਜਨਕ ਹਨ ਅਤੇ ਸੂਬਾ ਤੇਜ਼ੀ ਨਾਲ ਕਰਜ਼ੇ ਦੇ ਜਾਲ ਵੱਲ ਵਧ ਰਿਹਾ ਹੈ:

ਸਾਲ 2017-18 (ਕਾਂਗਰਸ ਸਰਕਾਰ ਵੇਲੇ): ਪੰਜਾਬ ਸਿਰ ਕੁੱਲ ਕਰਜ਼ਾ 1.82 ਲੱਖ ਕਰੋੜ ਰੁਪਏ ਸੀ।

ਸਾਲ 2022 (ਆਪ ਸਰਕਾਰ ਦੇ ਆਉਣ ਸਮੇਂ): ਇਹ ਕਰਜ਼ਾ ਵਧ ਕੇ 2.82 ਲੱਖ ਕਰੋੜ ਰੁਪਏ ਹੋ ਗਿਆ।

31 ਮਾਰਚ 2025 ਤੱਕ: ਆਮ ਆਦਮੀ ਪਾਰਟੀ ਦੇ ਰਾਜ ਦੌਰਾਨ ਇਹ ਅੰਕੜਾ 3.83 ਲੱਖ ਕਰੋੜ ਰੁਪਏ ਤੱਕ ਜਾ ਪਹੁੰਚਿਆ ਹੈ, ਜੋ ਕਿ ਸੂਬੇ ਦੀ ਜੀ.ਡੀ.ਪੀ. ਦਾ 44 ਫ਼ੀਸਦੀ ਤੋਂ ਵੀ ਵੱਧ ਹੈ।

ਵਿੱਤੀ ਸਾਲ 2026-27 ਦੌਰਾਨ ਸਰਕਾਰ ਮਾਰਕੀਟ ਉਧਾਰ ਜ਼ਰੀਏ ਕੁੱਲ 43,798.38 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕਣ ਦੀ ਤਿਆਰੀ ਵਿੱਚ ਹੈ।

### ਸਰਕਾਰ ਕਰਜ਼ਾ ਕਿਉਂ ਚੁੱਕ ਰਹੀ ਹੈ ਅਤੇ ਕੀ ਹਨ ਫ਼ਜ਼ੂਲਖ਼ਰਚੀ ਦੇ ਕਾਰਨ?

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਸੂਬੇ ਦੀ ਵਿੱਤੀ ਸਥਿਤੀ ਸੁਧਰ ਰਹੀ ਹੈ ਅਤੇ ਨਵਾਂ ਕਰਜ਼ਾ ਪੁਰਾਣੇ 'ਵਿਰਾਸਤੀ ਕਰਜ਼ੇ' ਦਾ ਵਿਆਜ ਅਤੇ ਮੂਲ ਰਕਮ ਤਾਰਨ ਲਈ ਲਿਆ ਜਾ ਰਿਹਾ ਹੈ। ਪਰ ਅਸਲ ਕਾਰਨ ਕੁਝ ਹੋਰ ਵੀ ਹਨ:

* ਸੂਬੇ ਵਿੱਚ ਅਗਾਮੀ ਅਸੈਂਬਲੀ ਚੋਣਾਂ ਨੇੜੇ ਹਨ। ਸਰਕਾਰ 1 ਜੁਲਾਈ ਤੋਂ ਔਰਤਾਂ ਨੂੰ 1000 ਰੁਪਏ ਮਹੀਨਾ ਅਤੇ ਐੱਸ.ਸੀ. ਵਰਗ ਦੀਆਂ ਔਰਤਾਂ ਨੂੰ 1500 ਰੁਪਏ ਮਹੀਨਾ ਮਾਣ ਭੱਤਾ ਦੇਣ ਜਾ ਰਹੀ ਹੈ। ਇਸ ਲੋਕ-ਲੁਭਾਊ ਸਕੀਮ ਲਈ ਕਰੋੜਾਂ ਰੁਪਏ ਦੇ ਵਾਧੂ ਬਜਟ ਦੀ ਲੋੜ ਹੈ।

* 300 ਯੂਨਿਟ ਮੁਫ਼ਤ ਬਿਜਲੀ ਅਤੇ ਖੇਤੀਬਾੜੀ ਸੈਕਟਰ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਕਾਰਨ ਸਰਕਾਰ ਦੇ ਖ਼ਜ਼ਾਨੇ 'ਤੇ ਭਾਰੀ ਬੋਝ ਹੈ।

* ਸੂਬੇ ਦੀ ਆਪਣੀ ਟੈਕਸ ਉਗਰਾਹੀ ਖ਼ਰਚਿਆਂ ਦੇ ਮੁਕਾਬਲੇ ਬਹੁਤ ਘੱਟ ਹੈ, ਜਿਸ ਕਾਰਨ ਰੋਜ਼ਮੱਰਾ ਦੇ ਖ਼ਰਚੇ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ/ਪੈਨਸ਼ਨਾਂ ਦੇਣ ਲਈ ਵੀ ਕਰਜ਼ੇ 'ਤੇ ਨਿਰਭਰ ਹੋਣਾ ਪੈ ਰਿਹਾ ਹੈ।

### ਅਰਥ-ਸ਼ਾਸਤਰੀ ਕੀ ਆਖਦੇ ਹਨ?

ਪੰਜਾਬ ਦੇ ਪ੍ਰਮੁੱਖ ਅਰਥ-ਸ਼ਾਸਤਰੀਆਂ ਨੇ ਸੂਬੇ ਦੀ ਇਸ ਵਿੱਤੀ ਹਾਲਤ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ:

ਡਾ. ਸਰਦਾਰਾ ਸਿੰਘ ਜੌਹਲ (ਉੱਘੇ ਖੇਤੀ ਅਰਥ-ਸ਼ਾਸਤਰੀ): ਉਨ੍ਹਾਂ ਦਾ ਮੰਨਣਾ ਹੈ ਕਿ ਵੋਟਾਂ ਦੀ ਰਾਜਨੀਤੀ ਲਈ ਮੁਫ਼ਤ ਸਹੂਲਤਾਂ ਵੰਡਣਾ ਪੰਜਾਬ ਨੂੰ ਆਰਥਿਕ ਤਬਾਹੀ ਵੱਲ ਲੈ ਕੇ ਜਾ ਰਿਹਾ ਹੈ। ਜਿੰਨਾ ਚਿਰ ਸਰਕਾਰ ਗ਼ੈਰ-ਉਤਪਾਦਕ ਖ਼ਰਚਿਆਂ 'ਤੇ ਲਗਾਮ ਨਹੀਂ ਲਾਉਂਦੀ, ਉਦੋਂ ਤੱਕ ਵਿਕਾਸ ਦੇ ਕੰਮ ਠੱਪ ਰਹਿਣਗੇ।

ਡਾ. ਲਖਵਿੰਦਰ ਸਿੰਘ (ਸਾਬਕਾ ਪ੍ਰੋਫੈਸਰ, ਇਕਨਾਮਿਕਸ ਵਿਭਾਗ, ਪੰਜਾਬੀ ਯੂਨੀਵਰਸਿਟੀ): ਉਨ੍ਹਾਂ ਅਨੁਸਾਰ ਜੀ.ਡੀ.ਪੀ. ਦਾ 44% ਤੋਂ ਵੱਧ ਕਰਜ਼ਾ ਹੋਣਾ ਖ਼ਤਰੇ ਦੀ ਘੰਟੀ ਹੈ। ਪੰਜਾਬ ਸਰਕਾਰ ਨਵਾਂ ਕਰਜ਼ਾ ਲੈ ਕੇ ਪੁਰਾਣਾ ਕਰਜ਼ਾ ਮੋੜ ਰਹੀ ਹੈ, ਜਿਸ ਨੂੰ 'ਕਰਜ਼ੇ ਦਾ ਜਾਲ' ਕਿਹਾ ਜਾਂਦਾ ਹੈ। ਨਵੇਂ ਉਦਯੋਗ ਨਾ ਲੱਗਣ ਕਾਰਨ ਟੈਕਸ ਰੈਵੇਨਿਊ ਨਹੀਂ ਵਧ ਰਿਹਾ।

ਡਾ. ਸੁੱਚਾ ਸਿੰਘ ਗਿੱਲ (ਮਸ਼ਹੂਰ ਅਰਥ-ਸ਼ਾਸਤਰੀ): ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਸਬਸਿਡੀਆਂ ਨੂੰ ਤਰਕਸੰਗਤ ਬਣਾਉਣਾ ਚਾਹੀਦਾ ਹੈ। ਜਿਹੜੇ ਲੋਕ ਟੈਕਸ ਦੇ ਸਕਦੇ ਹਨ ਜਾਂ ਅਮੀਰ ਹਨ, ਉਨ੍ਹਾਂ ਨੂੰ ਮੁਫ਼ਤ ਸਹੂਲਤਾਂ ਦੇਣ ਦਾ ਕੋਈ ਤੁਕ ਨਹੀਂ ਬਣਦਾ। ਸਰਕਾਰ ਨੂੰ ਲੋਕ-ਲੁਭਾਊ ਸਕੀਮਾਂ ਦੀ ਥਾਂ ਪੂੰਜੀ ਨਿਵੇਸ਼ ਵਧਾਉਣਾ ਚਾਹੀਦਾ ਹੈ।

### ਹੱਲ ਕੀ ਹੈ?

ਅਰਥ-ਸ਼ਾਸਤਰੀਆਂ ਅਤੇ ਵਿੱਤੀ ਮਾਹਰਾਂ ਅਨੁਸਾਰ ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਹੇਠ ਲਿਖੇ ਕਦਮ ਚੁੱਕਣੇ ਬੇਹੱਦ ਜ਼ਰੂਰੀ ਹਨ:

* ਮੁਫ਼ਤ ਬਿਜਲੀ ਅਤੇ ਮਾਸਿਕ ਭੱਤਿਆਂ ਵਰਗੀਆਂ ਸਕੀਮਾਂ ਸਿਰਫ਼ ਬੇਹੱਦ ਲੋੜਵੰਦ ਅਤੇ ਗਰੀਬ ਵਰਗ ਤੱਕ ਹੀ ਸੀਮਤ ਕੀਤੀਆਂ ਜਾਣ।

ਆਮਦਨ ਦੇ ਨਵੇਂ ਸਰੋਤ: ਸੂਬੇ ਵਿੱਚ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਜੀ.ਐੱਸ.ਟੀ. ਅਤੇ ਹੋਰ ਟੈਕਸਾਂ ਰਾਹੀਂ ਸਰਕਾਰ ਦੀ ਆਮਦਨ ਵਧੇ।

* ਸਰਕਾਰੀ ਪ੍ਰਚਾਰ, ਇਸ਼ਤਿਹਾਰਬਾਜ਼ੀ ਅਤੇ ਹੋਰ ਪ੍ਰਸ਼ਾਸਨਿਕ ਫ਼ਜ਼ੂਲਖ਼ਰਚੀਆਂ 'ਤੇ ਤੁਰੰਤ ਸਖ਼ਤ ਰੋਕ ਲਗਾਈ ਜਾਵੇ।

* ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਪਹੁੰਚ ਕਰਕੇ ਵਿਰਾਸਤੀ ਕਰਜ਼ੇ ਦੇ ਨਿਪਟਾਰੇ ਲਈ ਵਿਸ਼ੇਸ਼ ਆਰਥਿਕ ਪੈਕੇਜ ਜਾਂ ਵਿਆਜ ਮੁਕਤ ਮੋਹਲਤ ਦੀ ਮੰਗ ਕਰਨੀ ਚਾਹੀਦੀ ਹੈ।

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਸਮਾਂ ਰਹਿੰਦੇ ਸਖ਼ਤ ਆਰਥਿਕ ਫੈਸਲੇ ਨਾ ਲਏ, ਤਾਂ ਆਉਣ ਵਾਲੀਆਂ ਪੀੜ੍ਹੀਆਂ ਕਰਜ਼ੇ ਦੇ ਬੋਝ ਹੇਠ ਪੂਰੀ ਤਰ੍ਹਾਂ ਦੱਬ ਜਾਣਗੀਆਂ ਅਤੇ ਸੂਬੇ ਦਾ ਵਿਕਾਸ ਪੂਰੀ ਤਰ੍ਹਾਂ ਲੀਹੋਂ ਲੱਥ ਜਾਵੇਗਾ।

## ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਵੱਡੀ ਰਾਹਤ

# ਅੰਮ੍ਰਿਤਸਰ ਅਦਾਲਤ ਵੱਲੋਂ ਅਗਾਊਂ ਜ਼ਮਾਨਤ ਮਨਜ਼ੂਰ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅਦਾਲਤ ਵੱਲੋਂ ਵੱਡੀ ਰਾਹਤ ਮਿਲੀ ਹੈ। ਅੰਮ੍ਰਿਤਸਰ ਦੀ ਇਕ ਅਦਾਲਤ ਨੇ ਮਜੀਠਾ ਥਾਣੇ ਵਿੱਚ ਦਰਜ ਇੱਕ ਮਾਮਲੇ ਵਿੱਚ ਮਜੀਠੀਆ ਦੀ ਅਗਾਊਂ ਜ਼ਮਾਨਤ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ। ਵਧੀਕ ਜ਼ਿਲ੍ਹਾ ਸੈਸ਼ਨ ਜੱਜ ਮਾਣਯੋਗ ਮੋਨਿਕਾ ਸ਼ਰਮਾ ਨੇ ਇਹ ਫੈਸਲਾ ਸੁਣਾਉਂਦਿਆਂ ਮਜੀਠੀਆ ਨੂੰ ਪੁਲਿਸ ਜਾਂਚ (ਤਫਤੀਸ਼) ਵਿੱਚ ਸ਼ਾਮਲ ਹੋਣ ਦੇ ਹੁਕਮ ਵੀ ਦਿੱਤੇ ਹਨ।

ਸਰਕਾਰੀ ਧਿਰ ਦੇ ਤਿੱਖੇ ਵਿਰੋਧ ਦੇ ਬਾਵਜੂਦ ਮਿਲੀ ਜ਼ਮਾਨਤ-ਦੱਸਿਆ ਜਾ ਰਿਹਾ ਹੈ ਕਿ ਬੀਤੇ ਦਿਨੀਂ ਸਰਕਾਰੀ ਧਿਰ ਵੱਲੋਂ ਇਸ ਜ਼ਮਾਨਤ ਅਰਜ਼ੀ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ। ਅਦਾਲਤ ਨੇ ਦੋਵਾਂ ਪੱਖਾਂ-ਸਰਕਾਰੀ ਅਤੇ ਬਚਾਅ ਪੱਖ-ਦੀਆਂ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਫੈਸਲਾ ਸੁਰੱਖਿਅਤ (ਰਾਖਵਾਂ) ਰੱਖ ਲਿਆ ਸੀ, ਜਿਸ 'ਤੇ ਅੱਜ ਫੈਸਲਾ ਸੁਣਾਉਂਦਿਆਂ ਅਦਾਲਤ ਨੇ ਮਜੀਠੀਆ ਨੂੰ ਗ੍ਰਿਫਤਾਰੀ ਤੋਂ ਰਾਹਤ ਦੇ ਦਿੱਤੀ।

ਕੀ ਹੈ ਪੂਰਾ ਮਾਮਲਾ?-ਅਦਾਲਤ ਵਿੱਚ ਪੇਸ਼ ਹੋਏ ਬਚਾਅ ਪੱਖ ਦੇ ਵਕੀਲ ਅਮਨਬੀਰ ਸਿੰਘ ਸਿਆਲੀ ਅਨੁਸਾਰ ਇਹ ਮਾਮਲਾ ਲੰਘੀ 31 ਮਈ ਦਾ ਹੈ। ਥਾਣਾ ਮਜੀਠਾ ਦੀ ਪੁਲਿਸ ਨੇ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ ਲਾਦੇਹ, ਜੋਧ ਸਿੰਘ ਸਮਰਾ ਅਤੇ ਲਗਭਗ 50 ਹੋਰ ਅਣਪਛਾਤੇ ਅਕਾਲੀ ਆਗੂਆਂ ਤੇ ਵਰਕਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ।

ਪੁਲਿਸ ਦਾ ਦੋਸ਼: ਚੋਣਾਂ ਤੋਂ ਬਾਅਦ ਅਕਾਲੀ ਆਗੂ ਜੋਬਨਪ੍ਰੀਤ ਸਿੰਘ ਨੂੰ ਪੁਲਿਸ ਹਿਰਾਸਤ ਵਿੱਚ ਲਿਆ ਗਿਆ ਸੀ। ਪੁਲਿਸ ਦਾ ਦੋਸ਼ ਸੀ ਕਿ ਬਿਕਰਮ ਮਜੀਠੀਆ ਅਤੇ ਹੋਰ ਅਕਾਲੀ ਆਗੂਆਂ ਨੇ ਜ਼ਬਰਦਸਤੀ ਥਾਣੇ ਵਿੱਚ ਦਾਖਲ ਹੋ ਕੇ ਜੋਬਨਪ੍ਰੀਤ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਅਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਇਆ।

ਅਕਾਲੀ ਦਲ ਨੇ ਦੋਸ਼ਾਂ ਨੂੰ ਨਕਾਰਿਆ-ਦੂਜੇ ਪਾਸੇ, ਅਕਾਲੀ ਦਲ ਅਤੇ ਮਜੀਠੀਆ ਦੇ ਵਕੀਲਾਂ ਨੇ ਪੁਲਿਸ ਦੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਝੂਠੇ, ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਮਾਮਲਾ ਦਰਜ ਹੋਣ ਤੋਂ ਬਾਅਦ ਸ. ਮਜੀਠੀਆ ਕਾਨੂੰਨੀ ਗ੍ਰਿਫਤਾਰੀ ਤੋਂ ਬਚਣ ਲਈ ਰੂਪੋਸ਼ ਹੋ ਗਏ ਸਨ ਅਤੇ ਉਨ੍ਹਾਂ ਨੇ ਆਪਣੇ ਵਕੀਲਾਂ ਰਾਹੀਂ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵਿੱਚ ਖੁਦ ਨੂੰ ਬੇਕਸੂਰ ਦੱਸਦਿਆਂ ਅਗਾਊਂ ਜ਼ਮਾਨਤ ਦੀ ਗੁਹਾਰ ਲਗਾਈ ਸੀ, ਜਿਸ ਨੂੰ ਅਦਾਲਤ ਨੇ ਹੁਣ ਪ੍ਰਵਾਨ ਕਰ ਲਿਆ ਹੈ।

# ਮਹਾਰਾਜਾ ਚਾਰਲਸ ਵੱਲੋਂ 'ਬ੍ਰਿਟਿਸ਼ ਏਸ਼ੀਅਨ ਟਰੱਸਟ' ਵਿੱਚ ਭਾਰਤੀ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ






ਮਹਿਮਾਨਾਂ ਨਾਲ ਮੁਲਾਕਾਤ ਕਰਦੇ ਹੋਏ ਮਹਾਰਾਜਾ ਚਾਰਲਸ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਤੀਜੇ ਨੇ ਦੱਖਣੀ ਏਸ਼ੀਆ ਵਿੱਚ ਗਰੀਬੀ ਨਾਲ ਲੜਨ ਲਈ ਆਪਣੇ ਵੱਲੋਂ ਸਥਾਪਿਤ ਕੀਤੀ ਗਈ ਇੱਕ ਸਮਾਜ ਸੇਵੀ ਸੰਸਥਾ ਬ੍ਰਿਟਿਸ਼ ਏਸ਼ੀਅਨ ਟਰੱਸਟ ਦੀ 20ਵੀਂ ਵਰ੍ਹੇਗੰਢ ਦੇ ਮੌਕੇ 'ਤੇ ਲੰਡਨ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਭਾਰਤੀ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ।*

'ਬ੍ਰਿਟਿਸ਼ ਏਸ਼ੀਅਨ ਟਰੱਸਟ' ਦੇ ਰਾਇਲ ਫਾਊਂਡਿੰਗ ਪੈਟਰਨ (ਸ਼ਾਹੀ ਸੰਸਥਾਪਕ ਸਰਪ੍ਰਸਤ) ਵਜੋਂ, 77 ਸਾਲਾ ਮਹਾਰਾਜਾ ਨੇ ਇਸ ਖੇਤਰ ਵਿੱਚ 1.88 ਕਰੋੜ (18.8 ਮਿਲੀਅਨ) ਤੋਂ ਵੱਧ ਲੋਕਾਂ ਦੀ ਮਦਦ ਕਰਕੇ ਚੈਰਿਟੀ ਦੁਆਰਾ ਪਾਏ ਗਏ ਯੋਗਦਾਨ ਨੂੰ ਉਜਾਗਰ ਕਰਨ ਲਈ ਸੈਂਕੜੇ ਨਾਮਵਰ ਹਸਤੀਆਂ ਨਾਲ ਸਮਾਗਮ ਵਿੱਚ ਸ਼ਿਰਕਤ ਕੀਤੀ।

ਲੰਡਨ ਵਿੱਚ ਹੋਏ ਇਸ ਵਿਸ਼ੇਸ਼ ਸਮਾਰੋਹ ਦੌਰਾਨ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਿੱਚ ਫੈਲੇ ਚੈਰਿਟੀ ਦੇ ਕਾਰਜਾਂ ਲਈ 10 ਲੱਖ ਪੌਂਡ ਤੋਂ ਵੱਧ ਦਾ ਫੰਡ ਵੀ ਇਕੱਠਾ ਕੀਤਾ ਗਿਆ।ਚੈਰਿਟੀ ਦੇ ਸਲਾਨਾ ਡਿਨਰ ਅਤੇ ਰਿਸੈਪਸ਼ਨ ਵਿੱਚ 300 ਤੋਂ ਵੱਧ ਮਹਿਮਾਨਾਂ ਨਾਲ ਸ਼ਿਰਕਤ ਕੀਤੀ। ਸਮਾਗਮ ਦੌਰਾਨ, ਮਹਿਮਾਨਾਂ ਨੂੰ ਇੱਕ ਲਘੂ ਫ਼ਿਲਮ ਦਿਖਾਈ ਗਈ, ਜਿਸ ਵਿੱਚ ਬ੍ਰਿਟਿਸ਼ ਏਸ਼ੀਅਨ ਟਰੱਸਟ ਦੇ ਸਫ਼ਰ ਨੂੰ ਦਿਖਾਇਆ ਗਿਆ। ਇਹ ਸੰਸਥਾ ਸਾਲ 2007 ਵਿੱਚ ਹੋਏ ਭਾਰਤ-ਪਾਕਿਸਤਾਨ ਚੈਰਿਟੀ ਕ੍ਰਿਕਟ ਮੈਚ ਤੋਂ ਪ੍ਰੇਰਿਤ ਹੋ ਕੇ ਬਣਾਈ ਗਈ ਸੀ।

ਫ਼ਿਲਮ ਤੋਂ ਬਾਅਦ, ਮਹਾਰਾਜਾ ਚਾਰਲਸ ਨੂੰ ਉਸ ਇਤਿਹਾਸਕ ਮੈਚ ਦੀ ਇੱਕ ਫਰੇਮ ਕੀਤੀ ਹੋਈ ਤਸਵੀਰ ਭੇਟ ਕੀਤੀ ਗਈ, ਜਿਸ ਵਿੱਚ ਉਹ ਦੋਵਾਂ ਟੀਮਾਂ ਦੇ ਕਪਤਾਨਾਂ ਨਾਲ ਨਜ਼ਰ ਆ ਰਹੇ ਹਨ।ਇਸ ਹਾਈ-ਪ੍ਰੋਫਾਈਲ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਮਹਿਮਾਨਾਂ ਵਿੱਚ ਸ਼ਾਮ ਦੇ ਹੋਸਟ ਸੰਜੀਵ ਭਾਸਕਰ ਓ ਬੀ ਈ, ਡੇਮ ਮੀਰਾ ਸਿਆਲ, ਮਾਹਿਰਾ ਖ਼ਾਨ, ਕੋਨੀ ਹੱਕ, ਕੁਨਾਲ ਨਈਅਰ, ਪ੍ਰੀਆ ਕਾਲੀਦਾਸ, ਗੁਰਿੰਦਰ ਚੱਢਾ, ਨੌਟੀ ਬੁਆਏ ਅਤੇ ਨਿਹਾਲ ਅਰਥਨਾਇਕ ਸ਼ਾਮਲ ਸਨ।

## 2.7 ਬਿਲੀਅਨ ਡਾਲਰ ਵਿੱਚ ਪਿਜ਼ਾ ਹਟ ਨੂੰ ਵੇਚਣ ਦੀ ਕੀਤੀ ਜਾ ਰਹੀ ਹੈ ਤਿਆਰੀ

**ਨਿਊ ਯੌਰਕ: ਦੁਨੀਆ ਦੀ ਮਸ਼ਹੂਰ ਪਿਜ਼ਾ ਚੇਨ ਨੂੰ ਇਸ ਦੀ ਪੇਰੈਂਟ ਕੰਪਨੀ ਯਮ ਬਰੈਂਡਜ਼ ਵੱਲੋਂ 2.7 ਬਿਲੀਅਨ ਅਮਰੀਕੀ ਡਾਲਰ ਵਿੱਚ ਵੇਚਣ ਦਾ ਐਲਾਨ ਕੀਤਾ ਗਿਆ ਹੈ। ਕੰਪਨੀ ਨੇ ਕਿਹਾ ਕਿ ਲਗਾਤਾਰ ਘਟਦੀ ਵਿੱਕਰੀ ਅਤੇ ਵਧਦੇ ਮੁਕਾਬਲੇ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ। ਸੌਦੇ ਤਹਿਤ ਲੌਂਗ ਰੇਂਜ ਕੈਪੀਟਲ ਚੀਨ ਤੋਂ ਬਾਹਰ ਵਾਲੇ ਪਿਜ਼ਾ ਹਟ ਕਾਰੋਬਾਰ ਨੂੰ ਲਗਭਗ 1.5 ਬਿਲੀਅਨ ਡਾਲਰ ਵਿੱਚ ਖਰੀਦੇਗੀ। ਇਸ ਦੇ ਨਾਲ ਹੀ ਚੀਨ ਵਿੱਚ ਪਿਜ਼ਾ ਹਟ ਦੇ ਕਾਰੋਬਾਰ ਨੂੰ ਯਮ ਚਾਈਨਾ ਹੋਲਡਿੰਗਜ਼ ਇਨਕਾਰਪੋਰੇਸ਼ਨ ਕਰੀਬ 1.2 ਅਰਬ ਡਾਲਰ ਵਿੱਚ ਆਪਣੇ ਹੱਥ ਵਿੱਚ ਲਵੇਗੀ। ਪਿਛਲੇ ਸਾਲ ਜਿੱਥੇ ਯਮ ਬ੍ਰਾਂਡਜ਼ ਦੀ ਕੁੱਲ ਗਲੋਬਲ ਵਿੱਕਰੀ ਵਿੱਚ 5 ਫ਼ੀ ਸਦੀ ਵਾਧਾ ਹੋਇਆ, ਉੱਥੇ ਪਿਜ਼ਾ ਹਟ ਦੀ ਵਿੱਕਰੀ ਵਿੱਚ 2 ਫ਼ੀ ਸਦੀ ਦੀ ਗਿਰਾਵਟ ਦਰਜ ਕੀਤੀ ਗਈ। ਇਸ ਸਾਲ ਕੰਪਨੀ ਨੇ ਅਮਰੀਕਾ ਵਿੱਚ 250 ਪਿਜ਼ਾ ਹਟ ਰੈਸਟੋਰੈਂਟ ਬੰਦ ਕਰਨ ਦੀ ਯੋਜਨਾ ਵੀ ਐਲਾਨੀ ਸੀ।**


# ਅਮਰਾਓ ਸਿੰਘ ਅਟਵਾਲ ਦੀ ਪੰਜਵੀਂ ਬਰਸੀ ਮੌਕੇ ਉਨ੍ਹਾਂ ਦੀ ਪਿਆਰੀ ਯਾਦ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੰਸਲੋ ਵਿਖੇ 28 ਜੂਨ 2026 ਨੂੰ ਸ਼ਰਧਾਂਜ਼ਲੀ ਸਮਾਗਮ


**ਸਾਡੇ ਬਹੁਤ ਹੀ ਸਤਿਕਾਰ ਯੋਗ ਅਮਰਾਓ ਸਿੰਘ ਅਟਵਾਲ 5 ਸਾਲ ਪਹਿਲਾਂ ਆਪਣੇ ਪਰਿਵਾਰ ਅਤੇ ਇਸ ਦੁਨੀਆ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹ ਸਾਰਿਆਂ ਦੇ ਮਿੱਤਰ ਅਤੇ ਹਰ ਇੱਕ ਨੂੰ ਪਿਆਰ ਤੇ ਸਤਿਕਾਰ ਨਾਲ ਮਿਲਣ ਵਾਲੀ ਮਿਲਾਪੜੀ ਸ਼ਖਸੀਅਤ ਦੇ ਮਾਲਕ ਸਨ। ਇਸ ਦੇ ਇਲਾਵਾ ਉਹ ਸਮਾਜ ਸੇਵੀ ਵਜੋਂ ਲੋੜਵੰਦਾਂ ਦੇ ਕੰਮ ਆਉਣ ਨੂੰ ਆਪਣੀ ਖੁਸ਼ਕਿਸਮਤ ਸਮਝ ਕੇ ਸੇਵਾ ਲਈ ਤਤਪਰ ਰਹਿੰਦੇ ਸਨ। ਇਸ ਲਈ ਉਹਨਾਂ ਦੇ ਸ਼ੁੱਭ ਚਿੰਤਕਾਂ ਵੱਲੋਂ ਅਮਰਾਓ ਸਿੰਘ ਅਟਵਾਲ ਨੂੰ ਅੱਜ ਤੱਕ ਯਾਦ ਕੀਤਾ ਜਾਂਦਾ ਹੈ। ਉਹਨਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਕਿੰਗਜ਼ਵੇ ਬੈਂਕਿਊਟਿੰਗ ਹਾਲ ਕਈ ਦਹਾਕਿਆਂ ਤੱਕ ਸਫਲਤਾ ਪੂਰਵਕ ਚਲਾਇਆ। ਜਿਸ ਕਾਰੋਬਾਰ ਨੂੰ ਉਹਨਾਂ ਦੇ ਪਰਿਵਾਰ ਵੱਲੋਂ ਜਾਰੀ ਰੱਖਿਆ ਜਾ ਰਿਹਾ ਹੈ ।**

ਸ: ਅਮਰਾਓ ਸਿੰਘ ਅਟਵਾਲ ਦੀ ਪਿਆਰੀ ਤੇ ਨਿੱਘੀ ਯਾਦ ਵਿੱਚ ਉਹਨਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ।

========== **ਪ੍ਰੋਗਰਾਮ ਦਾ ਵੇਰਵਾ** :==========

28 ਜੂਨ ਦਿਨ ਐਤਵਾਰ ਨੂੰ ਸ਼ਾਮ 4 ਵਜੇ ਤੋਂ 6:00 ਵਜੇ ਤੱਕ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, (ਨਵੇਂ ਹਾਲ ਵਿੱਚ)
ਅਲਾਈਸ ਵੇਅ, ਹੰਸਲੋ ਵਿਖੇ
ਉਹਨਾਂ ਦੇ ਪਿਆਰ, ਸਤਿਕਾਰ ਵਾਲੀਆਂ ਸ਼ਖਸੀਅਤਾਂ ਵੱਲੋਂ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਜਾਣਗੇ

**ਬੇਨਤੀ ਕਰਤਾ - ਅਟਵਾਲ ਪਰਿਵਾਰ ਅਤੇ ਗੈਰੀ ਅਟਵਾਲ: 07950 644411**

# ਨੈਸ਼ਨਲ ਕ੍ਰਾਈਮ ਏਜੰਸੀ ਯੂ ਕੇ ਨੇ ਰੂਸ ਸਬੰਧੀ ਨਿਯਮਾਂ ਅਤੇ ਪਾਬੰਦੀਆਂ ਦੀ ਉਲੰਘਣਾ ਕਰਨ ਦੇ ਸ਼ੱਕ ਵਿੱਚ ਭਾਰਤੀ ਨਾਗਰਿਕ ਗ੍ਰਿਫਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਸਵੇਰ ਨੂੰ ਬ੍ਰਿਟਿਸ਼ ਹਥਿਆਰਬੰਦ ਬਲਾਂ ਅਤੇ ਏਜੰਸੀਆਂ ਨੇ ਇੰਗਲਿਸ਼ ਚੈਨਲ ਵਿਚ ਇਕ ਵੱਡੀ ਅਤੇ ਗੁਪਤ ਕਾਰਵਾਈ ਕਰਦਿਆਂ ਪਹਿਲੀ ਵਾਰ ਰੂਸ ਦੇ ਗੁਪਤ ਤੇਲ ਟੈਂਕਰਾਂ ਦੇ ਬੇੜੇ ਦੇ ਇੱਕ ਜਹਾਜ਼ ਨੂੰ ਫੜਨ ਲਈ ਸਿੱਧੀ ਫੌਜੀ ਕਾਰਵਾਈ ਕੀਤੀ ਹੈ। ਇਸ ਛਾਪੇਮਾਰੀ ਦੌਰਾਨ, ਨੈਸ਼ਨਲ ਕ੍ਰਾਈਮ ਏਜੰਸੀ ਨੇ ਯੂ ਕੇ ਦੇ ਰੂਸ ਸਬੰਧੀ ਨਿਯਮਾਂ ਅਤੇ ਪਾਬੰਦੀਆਂ ਦੀ ਉਲੰਘਣਾ ਕਰਨ ਦੇ ਸ਼ੱਕ ਵਿੱਚ ਇੱਕ 38 ਸਾਲਾ ਭਾਰਤੀ ਨਾਗਰਿਕ ਨੂੰ ਗ੍ਰਿਫਤਾਰ ਕੀਤਾ ਹੈ।

ਇਹ ਕਾਰਵਾਈ 'ਸਮਿਰਟੋਸ' ਨਾਮਕ ਤੇਲ ਟੈਂਕਰ 'ਤੇ ਕੀਤੀ ਗਈ, ਜੋ ਕੈਮਰੂਨ ਦੇ ਝੰਡੇ ਹੇਠ ਸਫ਼ਰ ਕਰ ਰਿਹਾ ਸੀ। ਇਹ ਜਹਾਜ਼ 5 ਜੂਨ ਨੂੰ ਉਸਤ-ਲੂਗਾ, ਰੂਸ ਤੋਂ ਰਵਾਨਾ ਹੋਇਆ ਸੀ ਅਤੇ ਦਸਤਾਵੇਜ਼ਾਂ ਮੁਤਾਬਕ ਇਹ ਪੋਰਟ ਸਈਦ, ਮਿਸਰ ਜਾ ਰਿਹਾ ਸੀ, ਪਰ ਇਸਨੂੰ ਯੂ ਕੇ ਦੇ ਸਮੁੰਦਰੀ ਖੇਤਰ ਵਿੱਚ ਘੇਰ ਲਿਆ ਗਿਆ।

ਰਾਇਲ ਮਰੀਨ ਕਮਾਂਡੋਜ਼ ਨੇ ਰਾਤ ਦੇ ਹਨੇਰੇ ਵਿੱਚ ਸੀ ਐਚ-47 ਚਿਨੂਕ ਹੈਲੀਕਾਪਟਰ ਤੋਂ ਰੱਸੀਆਂ ਰਾਹੀਂ ਤੇਲ ਟੈਂਕਰ ਦੇ ਡੈੱਕ 'ਤੇ ਉਤਰ ਕੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ। ਜਹਾਜ਼ ਨੂੰ ਕਾਬੂ ਵਿੱਚ ਲੈਣ ਤੋਂ ਬਾਅਦ, ਹਥਿਆਰਬੰਦ ਕਮਾਂਡੋਜ਼ ਅਤੇ ਐਨ ਸੀ ਏ ਦੇ ਅਧਿਕਾਰੀਆਂ ਨੇ ਜਹਾਜ਼ ਦੀ ਤਲਾਸ਼ੀ ਲਈ ਅਤੇ ਜਹਾਜ਼ ਦੇ ਲੌਗਬੁੱਕ, ਦਸਤਾਵੇਜ਼ਾਂ ਅਤੇ ਕਾਨੂੰਨੀ ਕਾਗਜ਼ਾਤਾਂ ਦੀ ਜਾਂਚ ਕੀਤੀ।



ਸਮੁੰਦਰੀ ਤੇਲ ਟੈਂਕਰ ਤੇ ਬਰਤਾਨਵੀ ਫੌਜੀ ਕਾਰਵਾਈ ਕਰਨ ਮੌਕੇ

ਇਸ ਵੱਡੇ ਆਪ੍ਰੇਸ਼ਨ ਵਿੱਚ ਬਰਤਾਨਵੀ ਸਮੁੰਦਰੀ ਸੈਨਾ, ਹਵਾਈ ਫੌਜ ਦਾ ਫਰਾਂਸ ਦੇ ਸਮੁੰਦਰੀ ਅਧਿਕਾਰੀਆਂ ਦੇ ਨਜ਼ਦੀਕੀ ਸਹਿਯੋਗ ਰਿਹਾ। ਛਾਪੇਮਾਰੀ ਤੋਂ ਬਾਅਦ ਸਮਿਰਟੋਸ ਜਹਾਜ਼ ਨੂੰ ਡੋਰਸੈਟ ਦੇ ਸਮੁੰਦਰੀ ਤੱਟ 'ਤੇ ਲਿਆਂਦਾ ਗਿਆ ਹੈ, ਜਿੱਥੇ ਇਸ 'ਤੇ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।

ਗ੍ਰਿਫਤਾਰ ਕੀਤੇ ਗਏ ਭਾਰਤੀ ਨਾਗਰਿਕ ਨੂੰ ਪੁੱਛਗਿੱਛ ਲਈ ਐਨ ਸੀ ਏ ਦੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ, ਜਦੋਂ ਕਿ ਬਾਕੀ ਦੇ 24 ਚਾਲਕ ਦਲ ਦੇ ਮੈਂਬਰ ਜਿਨ੍ਹਾਂ ਵਿੱਚ ਜਾਰਜੀਆ ਅਤੇ ਭਾਰਤ ਦੇ ਨਾਗਰਿਕ ਸ਼ਾਮਲ ਹਨ ਜਹਾਜ਼ 'ਤੇ ਹੀ ਮੌਜੂਦ ਹਨ।

ਖ਼ਬਰਾਂ ਮੁਤਾਬਕ ਮਾਸਕੋ ਦੇ "ਸ਼ੈਡੋ ਫਲੀਟ" ਵਿੱਚ 1,000 ਤੋਂ ਵੱਧ ਪੁਰਾਣੇ ਅਤੇ ਅਕਸਰ ਬਿਨਾਂ-ਬੀਮਾ ਵਾਲੇ ਤੇਲ ਟੈਂਕਰ ਸ਼ਾਮਲ ਹਨ। ਰੂਸ ਇਨ੍ਹਾਂ ਜਹਾਜ਼ਾਂ ਅਤੇ ਫਰਜ਼ੀ ਕੰਪਨੀਆਂ ਦੀ ਵਰਤੋਂ ਪੱਛਮੀ ਦੇਸ਼ਾਂ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਅਤੇ ਤੇਲ ਦੀਆਂ ਕੀਮਤਾਂ ਦੀ ਹੱਦ ਤੋਂ ਬਚਣ ਲਈ ਕਰਦਾ ਹੈ।

ਯੂ ਕੇ ਅਤੇ ਇਸਦੇ ਸਹਿਯੋਗੀ ਦੇਸ਼ ਸਾਲਾਂ ਤੋਂ ਅਜਿਹੇ ਜਹਾਜ਼ਾਂ 'ਤੇ ਨਜ਼ਰ ਰੱਖ ਰਹੇ ਹਨ, ਪਰ ਮਾਰਚ 2026 ਵਿੱਚ ਬਣਾਏ ਗਏ ਨਵੇਂ ਨਿਯਮਾਂ ਤਹਿਤ ਬ੍ਰਿਟਿਸ਼ ਫੌਜ ਨੂੰ ਆਪਣੇ ਸਮੁੰਦਰੀ ਖੇਤਰ ਵਿੱਚੋਂ ਲੰਘਣ ਵਾਲੇ ਪਾਬੰਦੀਸ਼ੁਦਾ ਜਹਾਜ਼ਾਂ ਨੂੰ ਸਿੱਧੇ ਤੌਰ 'ਤੇ ਰੋਕਣ ਅਤੇ ਜ਼ਬਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇਹ ਛਾਪੇਮਾਰੀ ਰੂਸ ਦੀ ਆਰਥਿਕ ਤਾਕਤ ਨੂੰ ਕਮਜ਼ੋਰ ਕਰਨ ਲਈ ਚੁੱਕਿਆ ਗਿਆ ਇੱਕ ਵੱਡਾ ਕਦਮ ਹੈ।

## ਭਾਰਤੀ ਕਪਤਾਨ ਦੀ ਗ੍ਰਿਫਤਾਰੀ ਤੋਂ ਬਾਅਦ ਬ੍ਰਿਟੇਨ ਵੱਲੋਂ ਰੂਸ ਦੇ 'ਸ਼ੈਡੋ ਫਲੀਟ' 'ਤੇ ਨਵੀਆਂ ਪਾਬੰਦੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਨੇ ਮੰਗਲਵਾਰ ਨੂੰ ਰੂਸ ਦੇ 'ਸ਼ੈਡੋ ਫਲੀਟ' (ਪਾਬੰਦੀਆਂ ਤੋਂ ਬਚਣ ਲਈ ਵਰਤੇ ਜਾਂਦੇ ਗੁਪਤ ਤੇਲ ਟੈਂਕਰਾਂ) ਨੂੰ ਨਿਸ਼ਾਨਾ ਬਣਾਉਂਦੇ ਹੋਏ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਹੈ। ਇਹ ਕਾਰਵਾਈ ਇੱਕ ਭਾਰਤੀ ਕਪਤਾਨ 'ਤੇ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਸਾਹਮਣੇ ਆਈ ਹੈ।

38 ਸਾਲਾ ਅਜੇ ਪੰਤ ਨੂੰ ਬਰਤਾਨੀਆ ਦੀ 'ਨੈਸ਼ਨਲ ਕ੍ਰਾਈਮ ਏਜੰਸੀ' ਨੇ ਬ੍ਰਿਟਿਸ਼ ਹਥਿਆਰਬੰਦ ਬਲਾਂ ਨਾਲ ਮਿਲ ਕੇ ਚਲਾਈ ਇੱਕ ਸਾਂਝੀ ਮੁਹਿੰਮ ਦੌਰਾਨ ਇੰਗਲਿਸ਼ ਚੈਨਲ ਵਿੱਚੋਂ ਗ੍ਰਿਫਤਾਰ ਕੀਤਾ ਸੀ, ਜਿੱਥੇ ਇੱਕ ਰੂਸੀ ਸ਼ੈਡੋ ਫਲੀਟ ਤੇਲ ਟੈਂਕਰ ਨੂੰ ਰੋਕਿਆ ਗਿਆ ਸੀ।

ਸਥਾਨਕ ਬ੍ਰਿਟਿਸ਼ ਮੀਡੀਆ ਰਿਪੋਰਟਾਂ ਅਨੁਸਾਰ, ਅਜੇ ਪੰਤ ਮੰਗਲਵਾਰ ਨੂੰ ਬੋਰਨਮਾਊਥ ਪੁਲਿਸ ਸਟੇਸ਼ਨ ਤੋਂ ਵੀਡੀਓ ਲਿੰਕ ਰਾਹੀਂ ਸਾਊਥੈਂਪਟਨ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸ਼ੁਰੂਆਤੀ ਸੁਣਵਾਈ ਲਈ ਪੇਸ਼ ਹੋਇਆ। ਇਸ ਸੁਣਵਾਈ ਦੌਰਾਨ ਉਸ ਨੇ ਆਪਣੇ ਨਾਮ ਦੀ ਪੁਸ਼ਟੀ ਕੀਤੀ ਅਤੇ ਆਪਣਾ ਪਤਾ ਭਾਰਤ ਦਾ ਹੋਣ ਬਾਰੇ ਦੱਸਿਆ।

## ਸ਼ਹੀਦ ਭਗਤ ਸਿੰਘ ਕਲੱਬ ਹੇਜ਼ ਵੱਲੋਂ ਸਾਲਾਨਾ "ਫੇਮਸ ਪੰਜਾਬੀ ਮੇਲਾ 2026" ਕਰਵਾਇਆ ਗਿਆ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼ਹੀਦ ਭਗਤ ਸਿੰਘ ਕਲੱਬ ਹੇਜ਼ (ਯੂ.ਕੇ.) ਵੱਲੋਂ ਸਾਲ-ਾਨਾ 'ਫੇਮਸ ਪੰਜਾਬੀ ਮੇਲਾ 2026' ਦਾ ਆਯੋਜਨ ਕੀਤਾ ਗਿਆ। ਪ੍ਰਤਾਪ ਸਿੰਘ ਮੋਮੀ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਸੱਭਿਆਚਾਰਕ ਮੇਲੇ ਵਿੱਚ ਨਾਮਵਰ ਗਾਇਕ ਜੋੜੀ ਮੁਹੰਮਦ ਸਦੀਕ ਅਤੇ ਸੁਖਜੀਤ ਕੌਰ, ਗਾਇਕਾ ਸੁਨੰਦਾ ਸ਼ਰਮਾ, ਅੰਗਰੇਜ਼ ਅਲੀ, ਦੀਪਾ ਬਾਜਵਾ, ਇੰਦਰਬੀਰ ਸਿੱਧੂ, ਬਲਦੇਵ ਔਜਲਾ ਬੁਲਟ ਤੋਂ ਇਲਾਵਾ ਇੰਦਰਜੀਤ ਲੰਡਨ, ਬੀ 2, ਲੱਕੀ ਦੁਰਗਾਪੁਰੀਆ, ਸੁੱਖ ਕਲਸੀ ਅਤੇ ਸੈਂਡੀ ਮਾਨਸਾ ਆਦਿ ਕਲਾਕਾਰਾਂ ਨੇ ਖ਼ੂਬ ਰੰਗ ਬੰਨ੍ਹਿਆ। ਮੇਲੇ ਦੇ ਮੰਚ ਸੰਚਾਲਨਾ ਸੰਤੋਖ ਸਿੰਘ ਸੋਖਾ ਢੇਸੀ ਅਤੇ ਬਿੱਟੂ ਖੰਗੂੜਾ ਨੇ ਕੀਤੀ। ਮੇਲੇ ਦੇ ਮੁੱਖ ਪ੍ਰਬੰਧਕ ਪ੍ਰਤਾਪ ਸਿੰਘ ਮੋਮੀ ਅਤੇ ਸੁਖਵਿੰਦਰ ਸਿੰਘ ਸੁੱਖੀ ਨੇ ਦਰਸ਼ਕਾਂ, ਮੇਲੇ ਲਈ ਸਹਿਯੋਗ ਦੇਣ ਵਾਲੇ ਸਹਿਯੋਗੀਆਂ ਅਤੇ ਹਲਿੰਗਡਨ ਕੌਂਸਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਮੁਹੰਮਦ ਸਦੀਕ, ਕੁਲਵੰਤ ਸਿੰਘ ਧਾਲੀਵਾਲ ਅਤੇ ਹਲਿੰਗਡਨ ਕੌਂਸਲ ਦੇ ਨੇਤਾਵਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।**

## ਲੰਡਨ ਦੇ ਸਭ ਤੋਂ ਪੁਰਾਣੇ ਭਾਰਤੀ ਰੈਸਟੋਰੈਂਟ 'ਵੀਰਾਸਵਾਮੀ' ਵਿਵਾਦ ਤੇ 29 ਜੂਨ ਤੋਂ ਸ਼ੁਰੂ ਹੋਵੇਗੀ ਅਦਾਲਤੀ ਸੁਣਵਾਈ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਰਾਜਧਾਨੀ ਲੰਡਨ ਦੇ ਸਭ ਤੋਂ ਪੁਰ-ਾਣੇ ਅਤੇ ਮਸ਼ਹੂਰ ਭਾਰਤੀ ਰੈਸਟੋਰੈਂਟ 'ਵੀਰਾਸਵਾਮੀ' ਆਪਣੀ ਹੋਂਦ ਬਚਾਉਣ ਲਈ ਅਦਾਲਤ ਵਿੱਚ ਕਾਨੂੰਨੀ ਲੜਾਈ ਲੜਨ ਜਾ ਰਿਹਾ ਹੈ। ਲੰਡਨ ਦੇ ਵੱਕਾਰੀ ਰੀਜੈਂਟ ਸਟ੍ਰੀਟ 'ਤੇ ਪਿਛਲੇ 100 ਸਾਲਾਂ ਤੋਂ ਚੱਲ ਰਿਹਾ ਇਹ ਮਿਸ਼ੇਲਿਨ-ਸਟਾਰ ਰੈਸਟੋਰੈਂਟ ਇਸ ਵੇਲੇ ਜਗ੍ਹਾ ਖਾਲੀ ਕਰਨ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ।

ਰੈਸਟੋਰੈਂਟ ਦਾ ਆਪਣੀ ਇਮਾਰਤ ਦੇ ਮਾਲਕ 'ਕਰੋਨ ਐਸਟੇਟ' ਨਾਲ ਵਿਵਾਦ ਚੱਲ ਰਿਹਾ ਹੈ, ਜੋ ਕਿ ਬ੍ਰਿਟਿਸ਼ ਰਾਜਸ਼ਾਹੀ ਦੀਆਂ ਜਾਇਦਾਦਾਂ ਦਾ ਪ੍ਰਬੰਧ ਦੇਖਦਾ ਹੈ। ਕਰੋਨ ਐਸਟੇਟ ਨੇ ਰੈਸਟੋਰੈਂਟ ਦਾ ਸਲਾਨਾ 205,000 ਪੌਂਡ (ਕਰੀਬ 2.2 ਕਰੋੜ ਰੁਪਏ) ਦਾ ਕਿਰਾਇਆ ਨਵਿਆਉਣ ਤੋਂ ਇਨਕਾਰ ਕਰ ਦਿੱਤਾ ਹੈ। ਮਕਾਨ ਮਾਲਕ ਦਾ ਕਹਿਣਾ ਹੈ ਕਿ ਉਹ ਇਸ ਇਮਾਰਤ (ਵਿਕਟਰੀ ਹਾਊਸ) ਦਾ ਵੱਡੇ ਪੱਧਰ 'ਤੇ ਨਵੀਨੀਕਰਨ ਕਰਨਾ ਚਾਹੁੰਦੇ ਹਨ ਅਤੇ ਉੱਪਰਲੀਆਂ ਮੰਜ਼ਿਲਾਂ 'ਤੇ ਬਣੇ ਦਫ਼ਤਰਾਂ ਲਈ ਇੱਕ ਵੱਡਾ ਰਿਸੈਪਸ਼ਨ ਏਰੀਆ ਬਣਾਉਣਾ ਚਾਹੁੰਦੇ ਹਨ, ਜਿਸ ਕਾਰਨ ਰੈਸਟੋਰੈਂਟ ਦਾ ਮੌਜੂਦਾ ਮੁੱਖ ਦਰਵਾਜ਼ਾ ਬੰਦ ਕਰਨਾ ਪਵੇਗਾ। ਦੂਜੇ ਪਾਸੇ, ਵੀਰਾਸਵਾਮੀ ਦੀ ਮੂਲ ਕੰਪਨੀ 'ਐਮ ਡਬਲਯੂ ਈਟ' ਦਾ ਕਹਿਣਾ ਹੈ ਕਿ ਇਹ ਮੁਰੰਮਤ ਰੈਸਟੋਰੈਂਟ ਨੂੰ ਬੰਦ ਕੀਤੇ ਬਿਨਾਂ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਉਹਨਾਂ ਨੇ ਦਫ਼ਤਰਾਂ ਨਾਲ ਸਾਂਝਾ ਐਂਟਰੀ ਗੇਟ ਵਰਤਣ ਅਤੇ ਕਿਰਾਇਆ ਵਧਾਉਣ ਦੀ ਪੇਸ਼ਕਸ਼ ਵੀ ਕੀਤੀ ਸੀ, ਜਿਸ ਨੂੰ ਕਰੋਨ ਐਸਟੇਟ ਨੇ ਖਾਰਜ ਕਰ ਦਿੱਤਾ। ਕੰਪਨੀ ਮੁਤਾਬਕ, ਜੇਕਰ ਉਹਨਾਂ ਨੂੰ ਇਹ ਇਤਿਹਾਸਕ ਜਗ੍ਹਾ ਛੱਡਣੀ ਪੈਂਦੀ ਹੈ, ਤਾਂ ਨਵੀਂ ਜਗ੍ਹਾ ਲੱਭਣ ਅਤੇ ਰੈਸਟੋਰੈਂਟ ਦੁਬਾਰਾ ਸ਼ੁਰੂ ਕਰਨ 'ਤੇ ਲਗਭਗ 50 ਲੱਖ ਪੌਂਡ (ਕਰੀਬ 53 ਕਰੋੜ ਰੁਪਏ) ਦਾ ਖਰਚਾ ਆਵੇਗਾ।

ਇਸ ਇਤਿਹਾਸਕ ਰੈਸਟੋਰੈਂਟ ਨੂੰ ਬਚਾਉਣ ਲਈ ਬਰਤਾਨੀਆ ਦੇ ਕਈ ਨਾਮਵਰ ਸ਼ੈੱਫ, ਫੂਡ ਆਲੋਚਕ ਅਤੇ ਆਮ ਲੋਕ ਅੱਗੇ ਆਏ ਹਨ। ਰੈਸਟੋਰੈਂਟ ਦੇ ਹੱਕ ਵਿੱਚ 20,000 ਤੋਂ ਵੱਧ ਲੋਕਾਂ ਦੇ ਦਸਤਖਤਾਂ ਵਾਲੀ ਇੱਕ ਪਟੀਸ਼ਨ ਫਰਵਰੀ ਵਿੱਚ ਬਕਿੰਘਮ ਪੈਲੇਸ (ਸ਼ਾਹੀ ਮਹਿਲ) ਵਿਖੇ ਵੀ ਸੌਂਪੀ ਗਈ ਸੀ। ਹੁਣ ਇਹ ਮਾਮਲਾ ਸੈਂਟਰਲ ਲੰਡਨ ਕਾਉਂਟੀ ਕੋਰਟ ਵਿੱਚ ਪਹੁੰਚ ਗਿਆ ਹੈ, ਜਿੱਥੇ 29 ਜੂਨ, 2026 ਤੋਂ 5 ਦਿਨਾਂ ਦੀ ਅਦਾਲਤੀ ਸੁਣਵਾਈ ਸ਼ੁਰੂ ਹੋਣ ਜਾ ਰਹੀ ਹੈ। ਅਦਾਲਤ ਹੀ ਤੈਅ ਕਰੇਗੀ ਕਿ 1926 ਵਿੱਚ ਸ਼ੁਰੂ ਹੋਇਆ ਇਹ ਇਤਿਹ-ਾਸਕ ਰੈਸਟੋਰੈਂਟ ਆਪਣੀ ਪੁਰਾਣੀ ਜਗ੍ਹਾ 'ਤੇ ਰਹੇਗਾ ਜਾਂ ਇਸ ਨੂੰ ਉੱਥੋਂ ਹਟਣਾ ਪਵੇਗਾ।

ਵਰਲਡ ਗਤਕਾ ਫੈਡਰੇਸ਼ਨ ਨਾਲ ਸਬੰਧਿਤ ਸੰਸਥਾ

# ਗਤਕਾ ਫੈਡਰੇਸ਼ਨ ਯੂ ਕੇ ਵੱਲੋਂ



ਗੁਰਦੁਆਰਾ ਸਿੰਘ ਸਭਾ ਲੰਡਨ ਈਸਟ (ਬਾਰਕਿੰਗ ਐਂਡ ਸੈਵਨ ਕਿੰਗਜ਼) ਅਤੇ SSLE ਸਪੋਰਟਸ ਕਲੱਬ ਦੇ ਸਹਿਯੋਗ ਨਾਲ

## ਯੂ ਕੇ ਦੀ 12ਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਈਸਟ ਲੰਡਨ ਵਿਖੇ

12 ਜੁਲਾਈ 2026 ਐਤਵਾਰ ਨੂੰ ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ ਹੋਵੇਗੀ



ਗੁਰੂ ਪਿਆਰੀ ਸਾਧ ਸੰਗਤ ਜੀ, ਵਿਸ਼ਵ ਗਤਕਾ ਫ਼ੈਡਰੇਸ਼ਨ ਨਾਲ ਸਬੰਧਿਤ ਸੰਸਥਾ (ਗਤਕਾ ਫ਼ੈਡਰੇਸ਼ਨ ਯੂ ਕੇ) ਵੱਲੋਂ ਗੁਰ-ਦੁਆਰਾ ਸਿੰਘ ਸਭਾ ਲੰਡਨ ਈਸਟ (ਬਾਰਕਿੰਗ ਐਂਡ ਸੈਵਨ ਕਿੰਗਜ਼) ਅਤੇ SSLE ਸਪੋਰਟਸ ਕਲੱਬ ਦੇ ਸਹਿਯੋਗ ਨਾਲ ਯੂ ਕੇ ਦੀ 12ਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਉਪਰ ਦਿੱਤੇ ਹੋਏ ਸਮੇਂ ਅਨੁਸਾਰ ਬੜੀ ਜੋਸ਼ ਖਰੋਸ਼ ਨਾਲ ਕਰਵਾਈ ਜਾ ਰਹੀ ਹੈ। ਇਸ ਚੈਂਪੀਅਨਸ਼ਿੱਪ ਵਿਚ ਯੂ ਕੇ ਭਰ ਦੇ ਗਤਕਾ ਅਖਾੜਿਆਂ ਦੀਆਂ ਟੀਮਾਂ ਗਤਕੇ ਦੇ ਜੌਹਰ ਦਿਖਾਉਣਗੀਆਂ। ਇਸ ਪਰਿ-ਵਾਰਕ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗਤਕੇ ਦੇ ਜੌਹਰ ਦੇਖੋ ਤੇ ਗਤਕਾ ਖਿਡਾਰੀਆਂ ਦਾ ਉਤਸ਼ਾਹ ਵਧਾਓ । ਆਪ ਵੀ ਆਓ ਅਤੇ ਹੋਰਨਾਂ ਨੂੰ ਵੀ ਆਉਣ ਲਈ ਪ੍ਰੇਰਿਤ ਕਰੋ । ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਗਤਕਾਬਾਜ਼ਾਂ ਅਤੇ ਅਖਾੜਿਆਂ ਦੀਆਂ ਟੀਮਾਂ ਦੀ ਰਜਿਸਟ੍ਰੇਸ਼ਨ 9:00 ਵਜੇ ਸ਼ੁਰੂ ਹੋਵੇਗੀ

**ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ:**

**07950 485169 ਜਾਂ 07956 532556**

# GATKA FEDERATION UK

AFFILIATED WITH WORLD GATKA FEDERATION PRESENTS

## 12TH UK NATIONAL GATKA CHAMPIONSHIP

WITH THE CO-OPERATION OF GURDWARA SINGH SABHA LONDON EAST (BARKING & SEVEN KINGS) AND SSLE SPORTS CLUB

ON SUNDAY 12TH JULY 2026 FROM 9AM TO 6PM

@: ORCHARD PLAYING FIELDS GOODMAYES LANE, IG3 9PW



MP Tanmanjeet Singh Dhesi
President, Gatka Federation UK

**TIMINGS:**

Registration of Gatkabaaz / Akharas at 9am.
Championship start at 10am.

**This is a FREE family event**

Langar / Refreshments will be served throughout

Gatka Federation UK

Gatka Federation UK

Gatkafeduk@gmail.com

Gatkafeduk

ਵਧੇਰੇ ਜਾਣਕਾਰੀ ਲਈ ਸੰਪਰਕ:

Tanmanjeet Singh Dhesi MP
President, Gatka Federation UK

Herman Singh Johal
Secretary, Gatka Federation UK

CONTACT: PINDA BHAROLI
+44 7949 016213

# ਹੈਨਰੀ ਨੋਵਾਕ ਮਾਮਲੇ 'ਚ ਹੋਏ ਪ੍ਰਦਰਸ਼ਨ ਦੌਰਾਨ ਹੋਈ ਹਿੰਸਾ ਦੇ ਮਾਮਲੇ ਵਿੱਚ ਹੁਣ ਤੱਕ 8 ਵਿਅਕਤੀਆਂ ਨੂੰ ਜੇਲ੍ਹ-ਹੋਰ ਕੇਸਾਂ ਦੀ ਸੁਣਵਾਈ ਜਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਹੈਨਰੀ ਨੋਵਾਕ ਦੇ ਕਤਲ ਤੋਂ ਬਾਅਦ ਸਾਊਥੈਂਪਟਨ ਵਿੱਚ ਹੋਏ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਹਿੰਸਕ ਹੰਗਾਮਾ ਕਰਨ ਦੇ ਦੋਸ਼ ਵਿੱਚ ਹੁਣ ਤੱਕ 8 ਲੋਕਾਂ ਨੂੰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਜਦ ਕਿ ਹੋਰ ਲੋਕਾਂ ਖਿਲਾਫ ਸਾਊਥੈਂਪਟਨ ਕਰਾਊਨ ਕੋਰਟ ਵਿੱਚ ਸੁਣਵਾਈ ਚੱਲ ਰਹੀ ਹੈ। ਭੰਨਤੋੜ ਅਤੇ ਹਿੰਸਾ ਦੇ ਦੋਸ਼ਾਂ ਤਹਿਤ ਪੁਲਿਸ ਨੇ 21 ਲੋਕਾਂ ਖਿਲਾਫ ਮਾਮਲੇ ਦਰਜ਼ ਕੀਤੇ ਸਨ।**

ਸਾਊਥੈਂਪਟਨ ਦੇ 44 ਸਾਲਾ ਡੈਨੀਅਲ ਫਰੌਸਟ ਨੂੰ ਦੋ ਸਾਲ ਚਾਰ ਮਹੀਨੇ ਅਤੇ ਹੈਵੰਟ ਦੇ 21 ਸਾਲਾ ਰੀਸ ਰੌਬਿਨਸਨ ਨੂੰ ਦੋ ਸਾਲ ਦੀ ਸਜ਼ਾ ਮਿਲੀ ਹੈ। ਗੋਸਪੋਰਟ ਦੇ 22 ਸਾਲਾ ਟੇਲਰ ਗੁੰਡੀ ਨੂੰ ਢਾਈ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਰੌਮਸੇ ਦੇ 38 ਸਾਲਾ ਐਂਡਰਿਊ ਸਮਰਹੇਜ਼ ਨੂੰ ਤਿੰਨ ਸਾਲ ਦੋ ਮਹੀਨੇ, ਜਦੋਂ ਕਿ ਸਾਊਥੈਂਪਟਨ ਦੇ 29 ਸਾਲਾ ਡਿਲਨ ਕ੍ਰਾਫੋਰਡ ਨੂੰ ਤਿੰਨ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ।



**ਹਿੰਸਕ ਪ੍ਰਦਰਸ਼ਨ ਦੇ ਦੋਸ਼ੀ**

ਇਸੇ ਤਰ੍ਹਾਂ 36 ਸਾਲਾ ਡੇਰਨ ਮੈਡਹਰਸਟ, ਨਿਵਾਸੀ ਕਾਰਨੇਸ਼ਨ ਰੋਡ, ਸਾਊਥੈਂਪਟਨ ਨੂੰ 3 ਸਾਲ 3 ਮਹੀਨੇ, ਟਾਈਲਰ ਬਰਲੇ (18 ਸਾਲ) ਨਿਵਾਸੀ ਸ਼ੇਕਸਪੀਅਰ ਐਵੇਨਿਊ, ਸਾਊਥੈਂਪਟਨ ਨੂੰ ਨੇ ਗੁਨਾਹ ਕਬੂਲ ਕਰ ਲਿਆ ਪਰ ਉਸ ਨੂੰ 30 ਜੂਨ ਨੂੰ ਸਜ਼ਾ ਸੁਣਾਈ ਜਾਵੇਗੀ। ਕੈਲਮ ਡਾਰਚ (27 ਸਾਲ) ਨਿਵਾਸੀ ਸੇਂਟ ਬਲੇਜ਼ ਰੋਡ, ਰੌਮਜ਼ੀ ਨੂੰ 2 ਸਾਲ 6 ਮਹੀਨੇ, ਹਾਰਲੇ ਹੇਨਜ਼ ਉਮਰ 23 ਸਾਲ, ਨਿਵਾਸੀ ਐਵੇਨਿਊ ਰੋਡ, ਸਾਊਥੈਂਪਟਨ ਨੂੰ 2 ਸਾਲ 6 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਜਦ ਕਿ ਕਾਮਿਲ ਜੋਸੇਫ ਕਲੋਨੇਕ ਉਮਰ 33 ਸਾਲ ਨਿਵਾਸੀ ਲਾਰਡਸਵੁੱਡ ਰੋਡ, ਸਾਊਥੈਂਪਟਨ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ, ਜਿਸ ਨੂੰ ਜ਼ਮਾਨਤ ਤੋਂ ਨਾਂਹ ਕਰਦਿਆਂ 30 ਨਵੰਬਰ ਤੱਕ ਜੇਲ੍ਹ ਵਿੱਚ ਰੱਖਣ ਦੇ ਹੁਕਮ ਦਿੱਤੇ ਹਨ।

ਅਦਾਲਤ ਵਿੱਚ ਦੱਸਿਆ ਗਿਆ ਹਿੰਸਾ ਤੇ ਕਾਬੂ ਪਾਉਣ ਲਈ 443,000 ਪੌਂਡ ਦਾ ਖ਼ਰਚਾ ਆਇਆ ਹੈ ਜਦ ਕਿ ਸਾਫ਼ ਸਫ਼ਾਈ ਕਰਨ ਲਈ ਸਾਊਥਹੈਂਪਟਨ ਸਿਟੀ ਕੌਂਸਲ ਨੂੰ 6700 ਪੌਂਡ ਖ਼ਰਚਣੇ ਪਏ।

ਹਿੰਸਕ ਪ੍ਰਦਰਸ਼ਨ ਦੌਰਾਨ 12 ਪੁਲਿਸ ਅਧਿਕਾਰੀ ਜ਼ਖਮੀ ਹੋ ਗਏ ਸਨ। 2 ਜੂਨ ਨੂੰ ਇਹ ਵਿਰੋਧ ਪ੍ਰਦਰਸ਼ਨ ਪੁਲਿਸ ਦੇ ਬਾਡੀਕੈਮ (ਸਰੀਰਕ ਕੈਮਰਾ) ਦੀ ਫੁਟੇਜ ਸਾਹਮਣੇ ਆਉਣ ਤੋਂ ਬਾਅਦ ਹੋਇਆ ਸੀ। ਇਸ ਫੁਟੇਜ ਵਿੱਚ 18 ਸਾਲਾ ਨੋਵਾਕ ਨੂੰ ਦਮ ਤੋੜਦੇ ਸਮੇਂ ਹੱਥਕੜੀ ਲੱਗੀ ਹੋਈ ਦਿਖਾਇਆ ਗਿਆ ਸੀ। ਨੋਵਾਕ ਨੂੰ 23 ਸਾਲਾ ਵਿਕਰਮ ਦਿਗਵਾ ਨੇ ਚਾਕੂ ਮਾਰਿਆ ਸੀ, ਜਿਸ ਨੂੰ ਘੱਟੋ-ਘੱਟ 21 ਸਾਲ ਦੀ ਮਿਆਦ ਦੇ ਨਾਲ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

# ਲੰਡਨ 'ਚ ਭਾਰਤੀ ਮੂਲ ਦੇ ਵਿਅਕਤੀ ਨੇ ਖਿੜਕੀ 'ਚੋਂ ਡਿੱਗ ਰਹੀ 3 ਸਾਲਾ ਬੱਚੀ ਦੀ ਜਾਨ ਬਚਾਈ



ਖਿੜਕੀ ਦੇ ਬਾਹਰ ਲਟਕ ਰਹੀ ਬੱਚੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਫੋਰਡ ਇਲਾਕੇ ਵਿੱਚ ਇੱਕ ਬੇਹੱਦ ਰੂਹ ਕੰਬਾਊ ਘਟਨਾ ਦੌਰਾਨ ਭਾਰਤੀ ਮੂਲ ਦੇ ਇੱਕ ਵਿਅਕਤੀ ਨੇ ਆਪਣੀ ਸੂਝ-ਬੂਝ ਅਤੇ ਬਹਾਦਰੀ ਸਦਕਾ ਇੱਕ 3 ਸਾਲ ਦੀ ਮਾਸੂਮ ਬੱਚੀ ਦੀ ਜਾਨ ਬਚਾਈ ਹੈ, ਜੋ ਇੱਕ ਇਮਾਰਤ ਦੀ ਖਿੜਕੀ ਦੇ ਬਾਹਰਲੇ ਕਿਨਾਰੇ ਤੋਂ ਹੇਠਾਂ ਡਿੱਗਣ ਹੀ ਵਾਲੀ ਸੀ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਬੱਚੀ ਖਿੜਕੀ ਦੇ ਬਾਹਰ ਬੇਹੱਦ ਖ਼ਤਰਨਾਕ ਸਥਿਤੀ ਵਿੱਚ ਲਟਕ ਰਹੀ ਸੀ ਅਤੇ ਕਿਸੇ ਵੀ ਵੇਲੇ ਹੇਠਾਂ ਡਿੱਗ ਸਕਦੀ ਸੀ। ਜਦ ਇੱਕ ਵਿਅਕਤੀ ਉਸ ਨੂੰ ਬਚਾਉਣ ਲਈ ਪਹਿਲਾਂ ਹੀ ਪਹਿਲੀ ਮੰਜ਼ਲ ਤੇ ਪਹੁੰਚ ਗਿਆ ਸੀ ਅਤੇ ਇਸੇ ਦੌਰਾਨ ਹੀ ਇੱਕ ਭਾਰਤੀ ਮੂਲ ਦੇ ਨੌਜਵਾਨ ਨੇ ਬਿਨਾਂ ਸਮਾਂ ਗਵਾਏ ਤੁਰੰਤ ਮੁਸਤੈਦੀ ਦਿਖਾਈ।

ਉਸ ਨੇ ਬੜੀ ਬਹਾਦਰੀ ਨਾਲ ਉੱਪਰ ਪਹੁੰਚ ਕੇ ਬੱਚੀ ਨੂੰ ਡਿੱਗਣ ਤੋਂ ਪਹਿਲਾਂ ਹੀ ਸੁਰੱਖਿਅਤ ਹਵਾ ਵਿੱਚ ਹੀ ਬੋਚ ਲਿਆ। ਚਸ਼ਮਦੀਦਾਂ ਮੁਤਾਬਕ ਜੇਕਰ ਇੱਕ ਸਕਿੰਟ ਦੀ ਵੀ ਦੇਰੀ ਹੋ ਜਾਂਦੀ, ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ। ਸਥਾਨਕ ਲੋਕਾਂ ਵੱਲੋਂ ਇਸ ਭਾਰਤੀ ਮੂਲ ਦੇ ਵਿਅਕਤੀ ਦੀ ਬਹਾਦਰੀ ਦੀ ਖੂਬ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਅਸਲ ਜ਼ਿੰਦਗੀ ਦਾ ਨਾਇਕ ਦੱਸਿਆ ਜਾ ਰਿਹਾ ਹੈ। ਪੁਲਿਸ ਅਤੇ ਪ੍ਰਸ਼ਾਸਨ ਨੇ ਵੀ ਨੌਜਵਾਨ ਦੇ ਇਸ ਹੌਸਲੇ ਦੀ ਤਾਰੀਫ਼ ਕੀਤੀ ਹੈ। ਬੱਚੀ ਹੁਣ ਪੂਰੀ ਤਰ੍ਹਾਂ ਸੁਰੱਖਿਅਤ ਹੈ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਬਰਤਾਨੀਆ ਦੇ ਰੱਖਿਆ ਮਾਮਲੇ ਨੂੰ ਸਰਕਾਰ ਸੰਜੀਦਗੀ ਨਾਲ ਲਵੇ – ਤਨਮਨਜੀਤ ਸਿੰਘ ਢੇਸੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਰੱਖਿਆ ਮੰਤਰੀ ਜੌਹਨ ਹੀਲੀ ਦੇ ਅਸਤੀਫ਼ੇ ਤੋਂ ਬਾਅਦ ਹਾਊਸ ਆਫ਼ ਕਾਮਨਜ਼ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਅਤੇ ਸਲੋਹ ਤੋਂ ਸਾਂਸਦ ਤਨਮਨਜੀਤ ਸਿੰਘ ਢੇਸੀ ਨੇ ਇੱਕ ਅਹਿਮ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਨੇ ਜੌਨ ਹੀਲੀ ਦੀ ਸ਼ਲਾਘਾ ਕਰਦਿਆਂ ਸਰਕਾਰ ਨੂੰ ਰੱਖਿਆ ਬਜਟ ਦੇ ਮੁਦਿਆਂ 'ਤੇ ਸਖ਼ਤ ਚੇਤਾਵਨੀ ਦਿੱਤੀ ਹੈ।**


ਐਮ ਪੀ ਤਨਮਨਜੀਤ ਸਿੰਘ ਢੇਸੀ

ਆਪਣੇ ਬਿਆਨ ਵਿੱਚ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਜੌਹਨ ਹੀਲੀ ਇੱਕ ਗੰਭੀਰ, ਵਚਨਬੱਧ ਅਤੇ ਸਤਿਕਾਰਤ ਰੱਖਿਆ ਮੰਤਰੀ ਰਹੇ ਹਨ, ਜਿਨ੍ਹਾਂ ਨੇ ਯੂ ਕੇ ਦੇ ਸਾਹਮਣੇ ਮੌਜੂਦ ਖ਼ਤਰਿਆਂ ਦੇ ਪੱਧਰ ਅਤੇ ਸਾਡੀਆਂ ਹਥਿਆਰਬੰਦ ਸੈਨਾਵਾਂ ਨੂੰ ਮਜ਼ਬੂਤ ਕਰਨ ਦੀ ਤੁਰੰਤ ਲੋੜ ਨੂੰ ਬਾਖ਼ੂਬੀ ਸਮਝਿਆ। ਰੱਖਿਆ ਕਮੇਟੀ ਦੇ ਸਾਰੇ ਮੈਂਬਰ ਸਾਡੇ ਫੌਜੀ ਜਵਾਨਾਂ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਰੱਖਿਆ ਪ੍ਰਣਾਲੀ ਦੇ ਪੱਖ ਵਿੱਚ ਮਜ਼ਬੂਤੀ ਨਾਲ ਆਵਾਜ਼ ਬੁਲੰਦ ਕਰਨ ਦੇ ਉਨ੍ਹਾਂ ਦੇ ਦ੍ਰਿੜ ਇਰਾਦੇ ਦਾ ਸਨਮਾਨ ਕਰਦੇ ਹਨ। ਅਸੀਂ ਦੇਸ਼ ਲਈ ਦਿੱਤੀਆਂ ਉਨ੍ਹਾਂ ਦੀਆਂ ਸੇਵਾਵਾਂ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।"

ਢੇਸੀ ਨੇ ਰੱਖਿਆ ਬਜਟ ਦੀਆਂ ਕਮੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਅੱਗੇ ਕਿਹਾ ਕਿ ਜੌਹਨ ਹੀਲੀ ਵਰਗੇ ਇਮਾਨਦਾਰ ਅਤੇ ਵਚਨਬੱਧ ਰੱਖਿਆ ਮੰਤਰੀ ਦਾ ਪ੍ਰਸਤਾਵਿਤ ਰੱਖਿਆ ਬਜਟ ਦੀ ਨਾਕਾਮੀ ਕਾਰਨ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ "ਇੱਕ ਬਹੁਤ ਹੀ ਗੰਭੀਰ ਮੋੜ" ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਚੇਤਾਵਨੀ ਨੂੰ ਬਹੁਤ ਜ਼ਿਆਦਾ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ।

ਰੱਖਿਆ ਕਮੇਟੀ ਦੇ ਰੁਖ਼ ਨੂੰ ਸਾਫ਼ ਕਰਦਿਆਂ ਚੇਅਰਮੈਨ ਤਨਮਨਜੀਤ ਸਿੰਘ ਢੇਸੀ ਨੇ ਤਿੰਨ ਅਹਿਮ ਨੁਕਤੇ ਸਾਹਮਣੇ ਰੱਖੇ ਹਨ। ਉਹਨਾਂ ਕਿਹਾ ਕਿ ਰੱਖਿਆ ਖੇਤਰ ਵਿੱਚ ਨਿਵੇਸ਼ ਨੂੰ ਤੇਜ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਸੰਸਦ ਦੇ ਕਾਰਜਕਾਲ ਦੇ ਖ਼ਤਮ ਹੋਣ ਤੱਕ ਇਹ ਦੇਸ਼ ਦੀ ਜੀ ਡੀ ਪੀ ਦੇ 3% ਤੱਕ ਪਹੁੰਚ ਸਕੇ। 'ਡਿਫੈਂਸ ਇਨਵੈਸਟਮੈਂਟ ਪਲਾਨ' ਵਿੱਚ ਹੁਣ ਹੋਰ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ।

ਇਹ ਯੋਜਨਾ ਪੂਰੀ ਤਰ੍ਹਾਂ ਫੰਡਿਡ, ਕਿਫਾਇਤੀ ਅਤੇ ਲਾਗੂ ਕਰਨ ਯੋਗ ਹੋਣੀ ਚਾਹੀਦੀ ਹੈ, ਜਿਸ ਵਿੱਚ ਸਮੇਂ ਦੀ ਸੀਮਾ ਸਪੱਸ਼ਟ ਹੋਵੇ ਅਤੇ ਸੰਸਦ ਵੱਲੋਂ ਇਸ ਦੀ ਸਹੀ ਜਾਂਚ-ਪੜਤਾਲ ਕੀਤੀ ਜਾ ਸਕੇ। ਸਾਡੀਆਂ ਹਥਿਆਰਬੰਦ ਸੈਨਾਵਾਂ, ਰੱਖਿਆ ਉਦਯੋਗ, ਸਹਿਯੋਗੀ ਦੇਸ਼ਾਂ ਅਤੇ ਵਿਰੋਧੀਆਂ ਸਮੇਤ ਸਭ ਨੂੰ ਇਹ ਦੇਖਣ ਦੀ ਲੋੜ ਹੈ ਕਿ ਯੂ ਕੇ ਰਾਸ਼ਟਰੀ ਸੁਰੱਖਿਆ ਦੇ ਮਾਮਲੇ ਵਿੱਚ ਜੋ ਦਾਅਵੇ ਕਰਦਾ ਹੈ, ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਅਤੇ ਫੰਡ ਵੀ ਮੁਹੱਈਆ ਕਰਵਾ ਰਿਹਾ ਹੈ।

# ਪੁਤਿਨ ਦਾ ਮਜ਼ਾਕ ਉਡਾਉਣ ਵਾਲਾ ਰੂਸੀ ਕਲਾਕਾਰ ਪੋਲੈਂਡ ਵਿੱਚ ਗੋਲੀਆਂ ਮਾਰ ਕੇ ਹਤਿਆ ਕੀਤਾ ਗਿਆ



ਪੋਲੈਂਡ ਵਿੱਚ ਰਹਿ ਰਹੇ ਰੂਸੀ ਵਿਅੰਗ ਕਲਾਕਾਰ ਸੇਮਿਯੋਨ ਸਕ੍ਰੇਪੇਤਸਕੀ (ਅਸਲੀ ਨਾਮ ਰੋਬਰਟ ਕੁਜ਼ੋਵਕੋਵ) ਦੀ ਗੋਲੀਆਂ ਮਾਰ ਕੇ ਹਤਿਆ ਕਰ ਦਿੱਤੀ ਗਈ। ਪੁਲਿਸ ਦੇ ਮੁਤਾਬਕ ਇਹ ਹਮਲਾ ਇੱਕ "ਟਾਰਗੇਟਡ ਐਗਜ਼ਿਕਿਊਸ਼ਨ" (ਸੋਚੀ-ਸਮਝੀ ਹਤਿਆ) ਵਾਂਗ ਲੱਗਦਾ ਹੈ।44 ਸਾਲਾ ਕਲਾਕਾਰ ਪੋਲੈਂਡ ਦੇ ਬਿਆਵਾ ਪੋਡਲਾਸਕਾ ਸ਼ਹਿਰ ਵਿੱਚ ਰਹਿੰਦਾ ਸੀ ਅਤੇ ਆਪਣੇ ਵਿਅੰਗ ਚਿੱਤਰਾਂ ਵਿੱਚ ਰੂਸੀ ਰਾਸ਼ਟਰਪਤੀ Vlaidimr Puitn, ਬੇਲਾਰੂਸ ਦੇ ਨੇਤਾ Alexander Lukashenko ਅਤੇ ਹੋਰ ਕ੍ਰੇਮਲਿਨ ਸਮਰਥਕ ਆਗੂਆਂ ਦਾ ਮਜ਼ਾਕ ਉਡਾਉਂਦਾ ਸੀ। ਉਸ ਦੇ ਕਾਰਟੂਨ ਅਤੇ ਪੇਂਟਿੰਗਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਚਰਚਿਤ ਰਹਿੰਦੇ ਸਨ।ਸਥਾਨਕ ਅਧਿਕਾਰੀਆਂ ਅਨੁਸਾਰ ਹਮਲਾਵਰ ਨੇ ਕਲਾਕਾਰ 'ਤੇ ਨੇੜੇ ਤੋਂ ਕਈ ਗੋਲੀਆਂ ਚਲਾਈਆਂ। ਜਾਂਚਕਰਤਾਵਾਂ ਨੇ ਦੱਸਿਆ ਕਿ ਪੰਜ ਗੋਲੀਆਂ ਮਾਰੀ ਗਈਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੋ ਬੇਲਾਰੂਸੀ ਨਾਗਰਿਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ, ਹਾਲਾਂਕਿ ਅਜੇ ਤੱਕ ਕਿਸੇ 'ਤੇ ਅਧਿਕਾਰਿਕ ਦੋਸ਼ ਨਹੀਂ ਲਗਾਏ ਗਏ।ਰਿਪੋਰਟਾਂ ਮੁਤਾਬਕ ਸਕ੍ਰੇਪੇਤਸਕੀ ਨੂੰ ਹਤਿਆ ਤੋਂ ਪਹਿਲਾਂ ਪ੍ਰੋ-ਪੁਤਿਨ ਸਮਰਥਕਾਂ ਵੱਲੋਂ ਧਮਕੀਆਂ ਵੀ ਮਿਲੀਆਂ ਸਨ। ਕੁਝ ਦਿਨ ਪਹਿਲਾਂ ਹੀ ਉਸ ਨੇ ਬਰਲਿਨ ਵਿੱਚ ਰੂਸੀ ਦੂਤਾਵਾਸ ਦੇ ਬਾਹਰ ਕ੍ਰੇਮਲਿਨ ਵਿਰੋਧੀ ਪ੍ਰਦਰਸ਼ਨ ਕੀਤਾ ਸੀ।

# ਸਪੇਨ ਵਿੱਚ £30,000 ਦੇ ਮੈਡੀਕਲ ਬਿੱਲ ਨਾਲ ਫਸਿਆ ਬ੍ਰਿਟਿਸ਼ ਪਿਤਾ – ਬੀਮਾਰੀ ਨਾ ਦੱਸਣ ਦੀ ਪਈ ਭਾਰੀ ਕੀਮਤ



**ਡਰਬੀ-(ਪੰਜਾਬ ਟਾਈਮਜ)- ਇੱਕ ਬ੍ਰਿਟਿਸ਼ ਪਿਤਾ ਲਈ ਸਪੇਨ ਦੀ ਛੁੱਟੀ ਡਰਾਉਣਾ ਸੁਪਨਾ ਬਣ ਗਈ ਜਦੋਂ ਉਸ ਨੂੰ ਅਚਾਨਕ £30,000 (ਲਗਭਗ 35 ਲੱਖ ਰੁਪਏ) ਦਾ ਮੈਡੀਕਲ ਬਿੱਲ ਭਰਨ ਲਈ ਕਿਹਾ ਗਿਆ।ਰਿਪੋਰਟਾਂ ਅਨੁਸਾਰ, ਉਹ ਵਿਅਕਤੀ ਸਪੇਨ ਵਿੱਚ ਛੁੱਟੀਆਂ ਮਨਾਉਣ ਗਿਆ ਹੋਇਆ ਸੀ ਜਦੋਂ ਉਸ ਦੀ ਤਬੀਅਤ ਖਰਾਬ ਹੋ ਗਈ ਅਤੇ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਪਰ ਜਦੋਂ ਪਰਿਵਾਰ ਨੇ ਆਪਣੇ ਟ੍ਰੈਵਲ ਇੰਸ਼ੋਰੈਂਸ ਰਾਹੀਂ ਖਰਚਾ ਕਵਰ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਇੰਸ਼ੋਰੈਂਸ ਕੰਪਨੀ ਨੇ ਭੁਗਤਾਨ ਕਰਨ ਤੋਂ ਇਨਕਾਰ ਕਰ ਦਿੱਤਾ।ਕਾਰਨ ਇਹ ਸੀ ਕਿ ਯਾਤਰਾ ਬੀਮਾ ਲੈਂਦੇ ਸਮੇਂ ਉਸ ਵਿਅਕਤੀ ਨੇ ਆਪਣੀ ਪਹਿਲਾਂ ਤੋਂ ਮੌਜੂਦ ਇੱਕ ਸਿਹਤ ਸੰਬੰਧੀ ਬੀਮਾਰੀ (pre-eixsitng meidcal coniditon) ਦੀ ਜਾਣਕਾਰੀ ਨਹੀਂ ਦਿੱਤੀ ਸੀ।**

ਇੰਸ਼ੋਰੈਂਸ ਕੰਪਨੀ ਦਾ ਕਹਿਣਾ ਸੀ ਕਿ ਜੇ ਇਹ ਜਾਣਕਾਰੀ ਪਹਿਲਾਂ ਦਿੱਤੀ ਜਾਂਦੀ, ਤਾਂ ਪਾਲਿਸੀ ਦੀਆਂ ਸ਼ਰਤਾਂ ਵੱਖਰੀਆਂ ਹੋ ਸਕਦੀਆਂ ਸਨ ਜਾਂ ਵਾਧੂ ਪ੍ਰੀਮੀਅਮ ਲੱਗ ਸਕਦਾ ਸੀ।ਇਸ ਕਾਰਨ ਹਸਪਤਾਲ ਦੇ ਸਾਰੇ ਖਰਚੇ ਪਰਿਵਾਰ ਦੇ ਸਿਰ ਆ ਗਏ। ਪਰਿਵਾਰ ਨੇ ਦੱਸਿਆ ਕਿ ਉਹ ਇਸ ਵੱਡੇ ਬਿੱਲ ਕਾਰਨ ਬੇਬਸ ਮਹਿਸੂਸ ਕਰ ਰਹੇ ਹਨ ਅਤੇ ਆਰਥਿਕ ਤੌਰ 'ਤੇ ਬਹੁਤ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਨ।

ਮਾਹਿਰਾਂ ਨੇ ਯਾਤਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਟ੍ਰੈਵਲ ਇੰਸ਼ੋਰੈਂਸ ਖਰੀਦਦੇ ਸਮੇਂ ਆਪਣੀ ਸਾਰੀ ਮੈਡੀਕਲ ਹਿਸਟਰੀ ਸਹੀ ਅਤੇ ਪੂਰੀ ਤਰ੍ਹਾਂ ਦੱਸਣੀ ਬਹੁਤ ਜ਼ਰੂਰੀ ਹੈ। ਕਿਸੇ ਵੀ ਬੀਮਾਰੀ ਜਾਂ ਸਿਹਤ ਸਮੱਸਿਆ ਨੂੰ ਲੁਕਾਉਣ ਨਾਲ ਬਾਅਦ ਵਿੱਚ ਕਲੇਮ ਰੱਦ ਹੋ ਸਕਦਾ ਹੈ ਅਤੇ ਹਜ਼ਾਰਾਂ ਪੌਂਡ ਦਾ ਖਰਚਾ ਆਪਣੀ ਜੇਬ ਤੋਂ ਭਰਨਾ ਪੈ ਸਕਦਾ ਹੈ।ਇਹ ਘਟਨਾ ਯਾਤਰਾ ਕਰਨ ਵਾਲਿਆਂ ਲਈ ਇੱਕ ਵੱਡੀ ਸਿੱਖ ਹੈ ਕਿ ਛੁੱਟੀਆਂ 'ਤੇ ਜਾਣ ਤੋਂ ਪਹਿਲਾਂ ਬੀਮੇ ਦੀਆਂ ਸ਼ਰਤਾਂ ਧਿਆਨ ਨਾਲ ਪੜ੍ਹੀਆਂ ਜਾਣ ਅਤੇ ਸਾਰੀ ਜਾਣਕਾਰੀ ਇਮਾਨਦਾਰੀ ਨਾਲ ਦਿੱਤੀ ਜਾਵੇ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਬ੍ਰਿਟੇਨ ਵਿਚ ਨਸਲੀ ਹਿੰਸਾ: ਦਹਿਸ਼ਤ ਦੇ ਪਰਛਾਵੇਂ ਹੇਠ ਭਾਰਤੀ

ਖਾਸ ਰਿਪੋਰਟ

**✪ ਘਰਾਂ ਵਿਚ ਕੈਦ ਹੋ ਕੇ ਰਾਸ਼ਨ ਜਮ੍ਹਾਂ ਕਰਨ ਲਈ ਹੋਏ ਮਜਬੂਰ ✪ ਉੱਤਰੀ ਆਇਰਲੈਂਡ ਵਿਚ ਭੜਕੀ ਹਿੰਸਾ; ਭੀੜ ਨੇ ਭਾਰਤੀਆਂ ਦੇ ਘਰਾਂ ਅਤੇ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ ✪ ਬੇਲਫਾਸਟ ਵਿਚ ਪੁਲਿਸ 'ਤੇ ਪੈਟਰੋਲ ਬੰਬਾਂ ਨਾਲ ਹਮਲਾ, ਵਾਟਰ ਕੈਨਨ ਦੀ ਵਰਤੋਂ, ਮੁਸ਼ਕਲ ਵਿਚ ਭਾਰਤੀ**

ਬ੍ਰਿਟੇਨ ਦੇ ਉੱਤਰੀ ਆਇਰਲੈਂਡ (ਬੇਲਫਾਸਟ) ਵਿੱਚ ਹਾਲ ਹੀ ਵਿਚ ਵਾਪਰੀ ਚਾਕੂਬਾਜ਼ੀ ਦੀ ਇੱਕ ਮੰਦਭਾਗੀ ਘਟਨਾ ਤੋਂ ਬਾਅਦ ਭੜਕੀ ਪ੍ਰਵਾਸੀ-ਵਿਰੋਧੀ ਹਿੰਸਾ ਬੇਹੱਦ ਚਿੰਤਾਜਨਕ ਹੈ। ਇੱਕ ਵਿਅਕਤੀ ਦੀ ਅਪਰਾਧਿਕ ਮਾਨਸਿਕਤਾ ਕਾਰਨ ਪੂਰੇ ਪ੍ਰਵਾਸੀ ਭਾਈਚਾਰੇ, ਖਾਸ ਕਰਕੇ ਉੱਥੇ ਰਹਿ ਰਹੇ ਭਾਰਤੀਆਂ ਨੂੰ ਨਿਸ਼ਾਨਾ ਬਣਾਇਆ ਜਾਣਾ ਨਾ ਸਿਰਫ ਗੈਰ-ਕਾਨੂੰਨੀ ਹੈ, ਸਗੋਂ ਮਨੁੱਖਤਾ ਦੇ ਸਿਧਾਂਤਾਂ ਦੇ ਵੀ ਖਿਲਾਫ ਹੈ। ਬੇਲਫਾਸਟ ਵਿੱਚ ਹਾਲਾਤ ਇਹ ਹਨ ਕਿ ਸਾਲਾਂ ਤੋਂ ਉੱਥੇ ਰਹਿ ਰਹੇ ਭਾਰਤੀ ਆਪਣੇ ਹੀ ਘਰਾਂ ਵਿੱਚ ਕੈਦ ਹੋਣ ਲਈ ਮਜਬੂਰ ਹਨ ਅਤੇ ਡਰ ਦੇ ਪਰਛਾਵੇਂ ਹੇਠ ਰਾਸ਼ਨ ਜਮ੍ਹਾਂ ਕਰ ਰਹੇ ਹਨ। ਮਿਲੀ ਜਾਣਕਾਰੀ ਮੁਤਾਬਕ, ਇਹ ਵਿਵਾਦ ਬੀਤੇ ਦਿਨੀਂ ਬੇਲਫਾਸਟ ਵਿੱਚ ਵਾਪਰੀ ਚਾਕੂਬਾਜ਼ੀ ਦੀ ਇੱਕ ਖ਼ੌਫ਼ਨਾਕ ਘਟਨਾ ਤੋਂ ਬਾਅਦ ਸ਼ੁਰੂ ਹੋਇਆ। ਇੱਕ 30 ਸਾਲਾ ਸੂਡਾਨੀ ਮੂਲ ਦੇ ਵਿਅਕਤੀ (ਹਾਦੀ ਅਲੋਦਿਦ) ਨੇ ਸੜਕ 'ਤੇ ਇੱਕ ਸਥਾਨਕ ਨਾਗਰਿਕ ਦਾ ਸਿਰ ਵੱਢਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਆਸ-ਪਾਸ ਦੇ ਲੋਕਾਂ ਨੇ ਬਚਾ ਲਿਆ। ਇਸ ਹਮਲੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੇ ਹੀ ਲੋਕਾਂ ਦਾ ਗੁੱਸਾ ਭੜਕ ਗਿਆ ਅਤੇ ਉਸ ਤੋਂ ਬਾਅਦ ਪ੍ਰਵਾਸੀ-ਵਿਰੋਧੀ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ।

ਬੇਲਫਾਸਟ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਇੱਕ ਇੰਜੀਨੀਅਰ ਇਮਰਾਨ ਨੇ ਦੱਸਿਆ ਕਿ ਪ੍ਰਦਰਸ਼ਨਕਾਰੀ ਕੂੜੇਦਾਨਾਂ ਨੂੰ ਅੱਗ ਲਗਾ ਰਹੇ ਹਨ ਅਤੇ ਪੈਟਰੋਲ ਬੰਬ ਸੁੱਟ ਰਹੇ ਹਨ। ਸਥਾਨਕ ਆਗੂ ਗੇਰੀ ਕੈਰੋਲ ਮੁਤਾਬਕ, ਅਸ਼ਾਂਤੀ ਹੋਰ ਵਧਣ ਦੇ ਡਰੋਂ ਪ੍ਰਵਾਸੀ ਲੋਕ ਖਾਣ-ਪੀਣ ਦੀਆਂ ਚੀਜ਼ਾਂ ਇਕੱਠੀਆਂ ਕਰ ਰਹੇ ਹਨ। ਹਿੰਸਕ ਭੀੜ ਵੱਲੋਂ ਭਾਰਤੀਆਂ ਦੀਆਂ ਦੁਕਾਨਾਂ ਅਤੇ ਘਰਾਂ ਨੂੰ ਅੱਗ ਲਗਾਉਣਾ ਅਤੇ ਪ੍ਰਵਾਸੀਆਂ ਦੇ ਘਰਾਂ ਦੀ 'ਹਿੱਟ ਲਿਸਟ' ਜਾਰੀ ਕਰਨਾ ਇਹ ਦਰਸਾਉਂਦਾ ਹੈ ਕਿ ਅਮਨ-ਕਾਨੂੰਨ ਦੀ ਸਥਿਤੀ ਕਿੰਨੀ ਨਾਜ਼ੁਕ ਹੋ ਚੁੱਕੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ, ਜਿਸ ਕਾਰਨ ਨ.ਫਰਤ ਅਤੇ ਅਫਵਾਹਾਂ ਜੰਗਲ ਦੀ ਅੱਗ ਵਾਂਗ ਫੈਲੀਆਂ। ਦੰਗਿਆਂ 'ਤੇ ਕਾਬੂ ਪਾਉਣ ਲਈ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਵਾਟਰ ਕੈਨਨ (ਪਾਣੀ ਦੀਆਂ ਬੌਛਾਰਾਂ) ਦੀ ਵਰਤੋਂ ਕੀਤੀ ਜਾ ਰਹੀ ਹੈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਗਾਤਾਰ ਸਰਗਰਮ ਹਨ ਅਤੇ ਸੜ ਰਹੇ ਘਰਾਂ ਵਿੱਚੋਂ ਕਈ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ, ਪਰ ਫਿਰ ਵੀ ਕਈ ਘਰ ਅਤੇ ਗੱਡੀਆਂ ਸੜ ਕੇ ਸੁਆਹ ਹੋ ਚੁੱਕੀਆਂ ਹਨ।

ਪ੍ਰਵਾਸੀ, ਖਾਸ ਕਰਕੇ ਭਾਰਤੀ ਭਾਈਚਾਰਾ, ਬ੍ਰਿਟੇਨ ਅਤੇ ਆਇਰਲੈਂਡ ਦੀ ਆਰਥਿਕਤਾ ਅਤੇ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹੈ। ਜੇਕਰ ਅਜਿਹੇ ਹਾਲਾਤਾਂ ਕਾਰਨ ਡਾਕਟਰ, ਨਰਸਾਂ ਅਤੇ ਇੰਜੀਨੀਅਰ ਦੇਸ਼ ਛੱਡਣ ਬਾਰੇ ਸੋਚਣ ਲੱਗ ਪਏ ਹਨ, ਤਾਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਖੁਦ ਬ੍ਰਿਟੇਨ ਨੂੰ ਝੱਲਣਾ ਪਵੇਗਾ। ਪਿਛਲੇ 23 ਸਾਲਾਂ ਤੋਂ ਉੱਤਰੀ ਆਇਰਲੈਂਡ ਵਿੱਚ ਰਹਿ ਰਹੀ ਭਾਰਤੀ ਮੂਲ ਦੀ ਨਰਸ ਬਿਜੀ ਜੋਸ ਨੇ ਭਾਰੀ ਚਿੰਤਾ ਪ੍ਰਗਟਾਉਂਦਿਆਂ ਕਿਹਾ, "ਮੈਂ ਇਸ ਸਮੇਂ ਆਪਣੇ ਭਾਈਚਾਰੇ ਦੇ ਲੋਕਾਂ ਦੇ ਚਿਹਰਿਆਂ 'ਤੇ ਭਾਰੀ ਪਰੇਸ਼ਾਨੀ ਦੇਖ ਰਹੀ ਹਾਂ। ਮੈਨੂੰ ਡਰ ਹੈ ਕਿ ਇਸ ਹਿੰਸਾ ਤੋਂ ਬਾਅਦ ਕਈ ਭਾਰਤੀ ਉੱਤਰੀ ਆਇਰਲੈਂਡ ਛੱਡਣ ਦਾ ਫੈਸਲਾ ਕਰ ਸਕਦੇ ਹਨ, ਜਦਕਿ ਇੱਥੋਂ ਦੇ ਹੈਲਥਕੇਅਰ ਸਿਸਟਮ ਲਈ ਪ੍ਰਵਾਸੀ ਵਰਕਰ ਬਹੁਤ ਜ਼ਰੂਰੀ ਹਨ।"

ਯੂਕੇ ਵਿੱਚ ਇੰਡੀਅਨ ਕਮਿਊਨਿਟੀ ਸੈਂਟਰ ਦੇ ਚੇਅਰਮੈਨ ਡਾਕਟਰ ਸਤਿਆਵੀਰ ਸਿੰਘਲ ਦਾ ਇਹ ਬਿਆਨ ਬਹੁਤ ਪ੍ਰਭਾਵਸ਼ਾਲੀ ਹੈ ਕਿ "ਦੁਨੀਆ ਵਿੱਚ ਅਜਿਹੀ ਕੋਈ ਸਮੱਸਿਆ ਨਹੀਂ ਹੈ, ਜਿਸ ਨੂੰ ਗੱਲਬਾਤ ਰਾਹੀਂ ਹੱਲ ਨਾ ਕੀਤਾ ਜਾ ਸਕੇ।" ਹਿੰਸਾ, ਅੱਗਜ਼ਨੀ ਅਤੇ ਲੁਟਮਾਰ ਕਦੇ ਵੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਸਕਦੇ।

ਪ੍ਰਵਾਸੀ ਭਾਰਤੀਆਂ ਦਾ ਕਹਿਣਾ ਹੈ ਕਿ ਬ੍ਰਿਟੇਨ ਦੀ ਸਰਕਾਰ ਅਤੇ ਸਥਾਨਕ ਪੁਲਿਸ ਨੂੰ ਹਿੰਸਾ ਕਰਨ ਵਾਲੇ ਨਸਲਵਾਦੀਆਂ ਅਤੇ ਅਫਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਪ੍ਰਵਾਸੀ ਅਤੇ ਭਾਰਤੀ ਭਾਈਚਾਰੇ ਦੇ ਮਨਾਂ ਵਿੱਚੋਂ ਡਰ ਕੱਢਣ ਲਈ ਸਥਾਨਕ ਪ੍ਰਸ਼ਾਸਨ ਨੂੰ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕਰਨੇ ਹੋਣਗੇ। ਸਥਾਨਕ ਨਾਗਰਿਕਾਂ ਅਤੇ ਪ੍ਰਵਾਸੀਆਂ ਦੇ ਨੁਮਾਇੰਦਿਆਂ ਵਿਚਕਾਰ ਮੀਟਿੰਗਾਂ ਕਰਵਾਈਆਂ ਜਾਣ ਤਾਂ ਜੋ .ਗਲਤ.ਫਹਿਮੀਆਂ ਨੂੰ ਦੂਰ ਕਰਕੇ ਆਪਸੀ ਭਰੋਸਾ ਬਹਾਲ ਕੀਤਾ ਜਾ ਸਕੇ। ਕਿਸੇ ਇੱਕ ਵਿਅਕਤੀ ਦੇ ਗੁਨਾਹ ਦੀ ਸਜ਼ਾ ਪੂਰੇ ਸਮਾਜ ਜਾਂ ਭਾਈਚਾਰੇ ਨੂੰ ਨਹੀਂ ਦਿੱਤੀ ਜਾ ਸਕਦੀ। ਬ੍ਰਿਟਿਸ਼ ਸਰਕਾਰ ਨੂੰ ਹੁਣ ਜਲਦ ਤੋਂ ਜਲਦ ਹਾਲਾਤ 'ਤੇ ਕਾਬੂ ਪਾਉਣਾ ਹੋਵੇਗਾ, ਤਾਂ ਜੋ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ ਜਾ ਸਕੇ।







## ਪਰਦੇਸਾਂ ਵਿਚ ਰੁਲਦੀ ਪੰਜਾਬੀ ਜਵਾਨੀ ਅਤੇ ਸੁਰੱਖਿਆ ਦੇ ਵੱਡੇ ਸਵਾਲ

ਲੰਡਨ ਦੇ ਸਾਊਥਾਲ ਇਲਾਕੇ ਵਿੱਚ 26 ਸਾਲਾ ਭਾਰਤੀ ਮੂਲ ਦੇ ਪੰਜਾਬੀ ਨੌਜਵਾਨ ਗੁਰਭੇਜ ਸਿੰਘ ਦੇ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਣਾ ਬੇਹੱਦ ਮੰਦਭਾਗਾ, ਦਰਦਨਾਕ ਅਤੇ ਚਿੰਤਾਜਨਕ ਹੈ। ਇਹ ਹਮਲਾ ਰਾਤ ਦੌਰਾਨ ਇੱਕ ਦੁਕਾਨ ਦੇ ਬਾਹਰ ਹੋਇਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਮੌਕੇ 'ਤੇ ਪਹੁੰਚੀ ਪੁਲਿਸ ਅਤੇ ਮੈਡੀਕਲ ਟੀਮ ਨੇ ਗੁਰਭੇਜ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਉਸ ਦੀ ਮੌਤ ਹੋ ਗਈ। ਇਸ ਖ਼ਬਰ ਤੋਂ ਬਾਅਦ ਸਥਾਨਕ ਭਾਰਤੀ ਅਤੇ ਪੰਜਾਬੀ ਭਾਈਚਾਰੇ ਵਿੱਚ ਸੋਗ ਅਤੇ ਗੁੱਸੇ ਦੀ ਲਹਿਰ ਹੈ।

ਗੁਰਭੇਜ ਸਿੰਘ 26 ਸਾਲਾਂ ਦੇ ਭਾਰਤੀ ਮੂਲ ਦੇ ਨੌਜਵਾਨ ਸਨ, ਜੋ ਲੰਡਨ ਦੇ ਸਾਊਥਾਲ ਇਲਾਕੇ ਵਿੱਚ ਰਹਿੰਦੇ ਸਨ। ਪੀੜਤ ਪਰਿਵਾਰ ਅਤੇ ਨਜ਼ਦੀਕੀ ਇਸ ਘਟਨਾ ਨੂੰ ਬੇਹੱਦ ਦਰਦਨਾਕ ਦੱਸ ਰਹੇ ਹਨ। ਇਸ ਘਟਨਾ ਵਿੱਚ ਇੱਕ ਹੋਰ ਵਿਅਕਤੀ ਵੀ ਜ਼ਖ਼ਮੀ ਹੋਇਆ ਸੀ, ਜਿਸ ਨੂੰ ਬਾਅਦ ਵਿੱਚ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਪੁਲਿਸ ਨੇ ਅਜੇ ਤੱਕ ਕਤਲ ਦੇ ਪਿੱਛੇ ਦੇ ਅਸਲ ਕਾਰਨਾਂ ਦੀ ਪੁਸ਼ਟੀ ਨਹੀਂ ਕੀਤੀ ਹੈ। ਜਾਂਚ ਏਜੰਸੀਆਂ ਇਸ ਗੱਲ ਦੀ ਖੋਜ ਕਰ ਰਹੀਆਂ ਹਨ ਕਿ ਇਹ ਹਮਲਾ ਕਿਸੇ ਨਿੱਜੀ ਦੁਸ਼ਮਣੀ, ਨਸਲਵਾਦ, ਗੈਂਗ ਵਾਰ ਜਾਂ ਕਿਸੇ ਹੋਰ ਕਾਰਨ ਕਰਕੇ ਹੋਇਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਹਰ ਪਹਿਲੂ ਤੋਂ ਕੀਤੀ ਜਾ ਰਹੀ ਹੈ ਅਤੇ ਇਸ ਸ਼ੁਰੂਆਤੀ ਪੜਾਅ 'ਤੇ ਕਿਸੇ ਵੀ ਨਤੀਜੇ 'ਤੇ ਪਹੁੰਚਣਾ ਜਲਦਬਾਜ਼ੀ ਹੋਵੇਗਾ।

ਘਟਨਾ ਤੋਂ ਬਾਅਦ ਮੁਸਤੈਦੀ ਦਿਖਾਉਂਦੇ ਹੋਏ ਪੁਲਿਸ ਨੇ ਕਤਲ ਦੇ ਸ਼ੱਕ ਵਿੱਚ 7 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਸੀ, ਜਿਨ੍ਹਾਂ ਦੀ ਉਮਰ 20 ਤੋਂ 30 ਸਾਲ ਦੇ ਵਿਚਕਾਰ ਹੈ। ਹਾਲਾਂਕਿ, ਪੁੱਛਗਿੱਛ ਅਤੇ ਮੁਢਲੀ ਜਾਂਚ ਤੋਂ ਬਾਅਦ 6 ਲੋਕਾਂ ਨੂੰ ਬਿਨਾਂ ਕਿਸੇ ਕਾਰਵਾਈ ਦੇ ਰਿਹਾਅ ਕਰ ਦਿੱਤਾ ਗਿਆ। ਇੱਕ ਵਿਅਕਤੀ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ, ਜਿਸ ਤੋਂ ਅੱਗੇ ਵੀ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਅਜੇ ਵੀ ਅਸਲ ਮੁਲਜ਼ਮਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ।

ਮੈਟਰੋਪੋਲੀਟਨ ਪੁਲਿਸ ਦੀ ਅਧਿਕਾਰੀ ਐਲੀਸਨ ਫੌਕਸਵੈੱਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਨਾਲ ਜੁੜੀ ਕੋਈ ਜਾਣਕਾਰੀ ਹੈ, ਤਾਂ ਉਹ ਅੱਗੇ ਆਉਣ। ਪੁਲਿਸ ਇਲਾਕੇ ਦੇ ਸੀਸੀਟੀਵੀ ਫੁਟੇਜ, ਮੋਬਾਈਲ ਵੀਡੀਓਜ਼ ਅਤੇ ਚਸ਼ਮਦੀਦ ਗਵਾਹਾਂ ਦੇ ਬਿਆਨਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

ਸਾਊਥਾਲ ਵਿਖੇ ਅਜਿਹੀ ਹਿੰਸਕ ਘਟਨਾ ਦਾ ਵਾਪਰਨਾ ਪੂਰੇ ਪ੍ਰਵਾਸੀ ਭਾਈਚਾਰੇ ਨੂੰ ਝੰਜੋੜ ਕੇ ਰੱਖ ਦੇਣ ਵਾਲਾ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਹੈ; ਪਿਛਲੇ ਕੁਝ ਸਮੇਂ ਤੋਂ ਬਰਤਾਨੀਆ, ਕੈਨੇਡਾ ਅਤੇ ਹੋਰਨਾਂ ਮੁਲਕਾਂ ਵਿੱਚ ਭਾਰਤੀ ਅਤੇ ਖ਼ਾਸ ਕਰਕੇ ਪੰਜਾਬੀ ਨੌਜਵਾਨਾਂ 'ਤੇ ਹੋ ਰਹੇ ਹਮਲੇ ਅਤੇ ਨਸਲੀ ਜਾਂ ਆਪਸੀ ਹਿੰਸਕ ਝੜਪਾਂ ਦੀਆਂ ਖ਼ਬਰਾਂ ਲਗਾਤਾਰ ਸੁਰਖੀਆਂ ਬਣ ਰਹੀਆਂ ਹਨ। ਇਹ ਸਥਿਤੀ ਉਨ੍ਹਾਂ ਮਾਪਿਆਂ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ ਜੋ ਆਪਣੀਆਂ ਅੱਖਾਂ ਵਿੱਚ ਬੱਚਿਆਂ ਦੇ ਸੁਨਹਿਰੀ ਭਵਿੱਖ ਦੇ ਸੁਪਨੇ ਲੈ ਕੇ ਉਨ੍ਹਾਂ ਨੂੰ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ ਭੇਜਦੇ ਹਨ।

ਲੰਡਨ ਵਰਗੇ ਵਿਕਸਿਤ ਸ਼ਹਿਰ ਵਿੱਚ, ਜਿੱਥੇ ਚੱਪੇ-ਚੱਪੇ 'ਤੇ ਸੀਸੀਟੀਵੀ ਕੈਮਰਿਆਂ ਦਾ ਜਾਲ ਵਿਛਿਆ ਹੋਇਆ ਹੈ, ਉੱਥੇ ਦੇਰ ਰਾਤ ਇੱਕ ਨੌਜਵਾਨ ਨੂੰ ਸ਼ਰੇਆਮ ਮੌਤ ਦੇ ਘਾਟ ਉਤਾਰ ਦਿੱਤਾ ਜਾਣਾ ਸਥਾਨਕ ਕਾਨੂੰਨ ਵਿਵਸਥਾ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ।

ਬਰਤਾਨੀਆ ਸਰਕਾਰ ਅਤੇ ਲੰਡਨ ਪੁਲਿਸ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਇਸ ਕੇਸ ਦੀ ਨਿਰਪੱਖ ਅਤੇ ਤੇਜ਼ੀ ਨਾਲ ਜਾਂਚ ਕਰਕੇ ਅਸਲ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ, ਤਾਂ ਜੋ ਭਵਿੱਖ ਵਿੱਚ ਕੋਈ ਹੋਰ ਗੁਰਭੇਜ ਅਜਿਹੀ ਬੇਵਕਤੀ ਮੌਤ ਦਾ ਸ਼ਿਕਾਰ ਨਾ ਹੋਵੇ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਲੱਖਾਂ ਭਾਰਤੀ ਪਰਿਵਾਰਾਂ ਵਿੱਚ ਸੁਰੱਖਿਆ ਦੀ ਭਾਵਨਾ ਬਹਾਲ ਹੋ ਸਕੇ।

# ਯੂਕੇ ਸਿੱਖ ਸੰਗਠਨਾਂ ਨੇ ਸੋਸ਼ਲ ਮੀਡੀਆ ਇਨਫਲੂਐਂਸਰਾਂ ਹਰਮਨ ਕਪੂਰ ਅਤੇ ਬੌਬੀ ਸਿੰਘ ਤੋਂ ਬਣਾਈ ਦੂਰੀ

## ✪ ਕਿਹਾ-'ਇਹ ਸਿਰਫ਼ ਆਪਣੀ ਗੱਲ ਕਰਦੇ ਹਨ, ਕੌਮ ਦੀ ਨਹੀਂ'





ਲੰਡਨ-ਯੂਕੇ ਗੁਰਦੁਆਰਾ ਅਲਾਇੰਸ ਨੇ ਇੱਕ ਜਨਤਕ ਸਪੱਸ਼ਟੀਕਰਨ ਜਾਰੀ ਕਰਦਿਆਂ ਸੋਸ਼ਲ ਮੀਡੀਆ ਟਿੱਪਣੀਕਾਰਾਂ ਹਰਮਨ ਕਪੂਰ ਅਤੇ ਬੌਬੀ ਸਿੰਘ ਤੋਂ ਦੂਰੀ ਬਣਾ ਲਈ ਹੈ। ਸੰਗਠਨ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਹੈ ਕਿ ਇਹ ਦੋਵੇਂ ਵਿਅਕਤੀ ਸਿੱਖ ਭਾਈਚਾਰੇ, ਸਿੱਖ ਸੰਸਥਾਵਾਂ ਜਾਂ ਕਿਸੇ ਵੀ ਮਾਨਤਾ ਪ੍ਰਾਪਤ ਸਿੱਖ ਪ੍ਰਤੀਨਿਧ ਸੰਸਥਾ ਦੀ ਅਗਵਾਈ ਨਹੀਂ ਕਰਦੇ।

ਜਾਰੀ ਕੀਤੇ ਗਏ ਬਿਆਨ ਵਿੱਚ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਕਿ ਨਾ ਤਾਂ ਹਰਮਨ ਕਪੂਰ ਅਤੇ ਨਾ ਹੀ ਬੌਬੀ ਸਿੰਘ ਨੂੰ ਸਿੱਖਾਂ ਵੱਲੋਂ ਬੋਲਣ ਲਈ ਕੋਈ ਅਧਿਕਾਰ ਜਾਂ ਜ਼ਿੰਮੇਵਾਰੀ ਦਿੱਤੀ ਗਈ ਹੈ। ਸੋਸ਼ਲ ਮੀਡੀਆ 'ਤੇ ਇਨ੍ਹਾਂ ਦੋਵਾਂ ਜਾਂ ਕਿਸੇ ਹੋਰ ਸੁਤੰਤਰ ਟਿੱਪਣੀਕਾਰ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨੂੰ ਉਨ੍ਹਾਂ ਦੇ ਨਿੱਜੀ ਵਿਚਾਰ ਹੀ ਮੰਨਿਆ ਜਾਣਾ ਚਾਹੀਦਾ ਹੈ, ਨਾ ਕਿ ਸਮੁੱਚੇ ਸਿੱਖ ਭਾਈਚਾਰੇ ਦਾ ਪੱਖ।

ਸੰਗਠਨ ਨੇ ਮੀਡੀਆ ਅਦਾਰਿਆਂ, ਜਨਤਕ ਸੰਸਥਾਵਾਂ ਅਤੇ ਹੋਰ ਹਿੱਸੇਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਵਿਅਕਤੀਆਂ ਨੂੰ ਸਿੱਖਾਂ ਦੇ ਪ੍ਰਤੀਨਿਧ ਵਜੋਂ ਪੇਸ਼ ਨਾ ਕਰਨ। ਉਨ੍ਹਾਂ ਕਿਹਾ:

"ਸਿੱਖ ਭਾਈਚਾਰੇ ਦੀ ਇੱਕੋ-ਇੱਕ ਆਵਾਜ਼ ਹੈ: ਪੰਥ ਦੀ ਸਮੂਹਿਕ ਆਵਾਜ਼।"

ਸਿੱਖਾਂ ਦੇ ਫੈਸਲੇ ਅਤੇ ਪੱਖ ਕਿਸੇ ਵਿਅਕਤੀਗਤ ਇਨਫਲੂਐਂਸਰ ਰਾਹੀਂ ਨਹੀਂ, ਬਲਕਿ ਸਮੂਹਿਕ ਵਿਚਾਰ-ਵਟਾਂਦਰੇ ਅਤੇ ਮਾਨਤਾ ਪ੍ਰਾਪਤ ਪੰਥਕ ਸੰਸਥਾਵਾਂ ਰਾਹੀਂ ਸਾਹਮਣੇ ਆਉਂਦੇ ਹਨ।

### ਵਿਵਾਦਾਂ ਦੇ ਘੇਰੇ ਵਿੱਚ ਦੋਵੇਂ ਸ਼ਖ਼ਸੀਅਤਾਂ

ਇਹ ਸਪੱਸ਼ਟੀਕਰਨ ਦੋਵਾਂ ਵਿਅਕਤੀਆਂ ਨਾਲ ਜੁੜੀਆਂ ਹਾਲੀਆ ਆਨਲਾਈਨ ਗਤੀਵਿਧੀਆਂ ਅਤੇ ਵਿਵਾਦਾਂ ਤੋਂ ਬਾਅਦ ਸਾਹਮਣੇ ਆਇਆ ਹੈ:

ਬੌਬੀ ਸਿੰਘ: ਸੋਸ਼ਲ ਮੀਡੀਆ ਸਨਸਨੀ ਬੌਬੀ ਸਿੰਘ ਨੂੰ ਇੱਕ ਇੰਸਟਾਗ੍ਰਾਮ ਲਾਈਵ ਦੌਰਾਨ ਕੀਤੀਆਂ ਟਿੱਪਣੀਆਂ ਲਈ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। "ਸਿੱਖ ਬ੍ਰਦਰਹੁੱਡ" ਜਥੇਬੰਦੀ ਦੇ ਨਾਂ 'ਤੇ ਬਚਾਅ: ਉਸ ਨੇ ਇਸ ਕਤਲ ਦੇ ਦੋਸ਼ੀ ਵਿਕਰਮ ਸਿੰਘ ਦਿਗਵਾ ਦਾ ਪੱਖ ਪੂਰਦਿਆਂ ਉਸ ਪ੍ਰਤੀ ਹਮਦਰਦੀ ਜਤਾਈ। ਉਸ ਦਾ ਵਿਚਾਰ ਸੀ ਕਿ ਸਿੱਖ ਹੋਣ ਦੇ ਨਾ ਤੇ ਦੋਸ਼ੀ ਵਿਅਕਤੀ ਨਾਲ ਖੜ੍ਹੇ ਹੋਣਾ ਚਾਹੀਦਾ ਹੈ।

ਸਿੱਖ ਸੰਗਤ ਦਾ ਕਹਿਣਾ ਹੈ ਕਿ ਬੌਬੀ ਸਿੰਘ ਦਾ ਇਹ ਵਿਚਾਰ ਬਿਲਕੁਲ ਗਲਤ ਹੈ ਕਿਉਂਕਿ ਸਿੱਖ ਧਰਮ ਕਿਸੇ ਬੇਗੁਨਾਹ ਦੇ ਕਤਲ ਵਰਗੇ ਘਿਨਾਉਣੇ ਅਪਰਾਧ ਦੀ ਹਮਾਇਤ ਕਰਨਾ ਨਹੀਂ ਸਿਖਾਉਂਦਾ। ਉਸ 'ਤੇ 18 ਸਾਲਾ ਹੈਨਰੀ ਦੇ ਕਾਤਲ ਵਿਕਰਮ ਸਿੰਘ ਦਿਗਵਾ ਦੀ "ਸਿੱਖ ਭਾਈਚਾਰੇ/ ਭਾਈਵਾਲੀ" ਦੇ ਨਾਂ 'ਤੇ ਕਥਿਤ ਤੌਰ 'ਤੇ ਹਮਾਇਤ ਕਰਨ ਦੇ ਦੋਸ਼ ਲੱਗੇ ਹਨ। ਇਸ ਬਿਆਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਭਾਰੀ ਰੋਸ ਦੇਖਣ ਨੂੰ ਮਿਲਿਆ।

ਹਰਮਨ ਕਪੂਰ: ਲੰਡਨ ਵਿੱਚ ਰੈਸਟੋਰੈਂਟ ਦੇ ਮਾਲਕ ਹਰਮਨ ਕਪੂਰ, ਜੋ ਸਿੱਖ ਮੁੱਦਿਆਂ 'ਤੇ ਆਪਣੇ ਸਿਖ ਵਿਰੋਧੀ ਵਿਚਾਰਾਂ ਲਈ ਜਾਣੇ ਜਾਂਦੇ ਹਨ, ਵੀ ਵਿਵਾਦਾਂ ਵਿੱਚ ਹਨ। ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਉਨ੍ਹਾਂ ਵੱਲੋਂ 'ਕਿਰਪਾਨ' ਧਾਰਨ ਕਰਨ ਦਾ ਵਿਰੋਧ ਕੀਤਾ, ਪਾਬੰਦੀ ਲਗਾਉਣ ਦੀ ਗਲ ਕੀਤੀ ਜੋ ਸਿੱਖ ਮਰਿਆਦਾ ਦੇ ਉਲਟ ਹਨ ਤੇ ਸਿੱਖਾਂ ਨੂੰ ਸਹੀ ਨਹੀਂ ਲੱਗੀਆਂ।

ਸਿੱਖ ਪਛਾਣ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਦਿੱਤੇ ਬਿਆਨਾਂ ਨੂੰ ਲੈ ਕੇ ਕਈ ਸਿੱਖ ਸਮੂਹਾਂ ਨੇ ਇਤਰਾਜ਼ ਜਤਾਇਆ ਹੈ ਕਿ ਇਹ ਮੁੱਖ ਧਾਰਾ ਦੇ ਸਿੱਖ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ।

ਸਿੱਖ ਜਥੇਬੰਦੀਆਂ ਮੁਤਾਬਕ ਇਹ ਸਪੱਸ਼ਟੀਕਰਨ ਇਸ ਲਈ ਜਾਰੀ ਕਰਨਾ ਪਿਆ ਤਾਂ ਜੋ ਸਿੱਖ ਕੌਮ ਦੇ ਅਕਸ ਨੂੰ ਗਲਤ ਤਰੀਕੇ ਨਾਲ ਪੇਸ਼ ਹੋਣ ਤੋਂ ਰੋਕਿਆ ਜਾ ਸਕੇ ਅਤੇ ਸਿੱਖ ਸੰਸਥਾਵਾਂ ਦੀ ਮਰਿਆਦਾ ਤੇ ਸਮੂਹਿਕ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

# ਜਲੰਧਰ ਦੇ ਕਿਸ਼ਨਪੁਰਾ ਚੌਕ 'ਚ ਦਹਿਸ਼ਤ : ਕੱਪੜਾ ਸ਼ੋਰੂਮ ਦੇ ਬਾਹਰ ਚੱਲੀਆਂ ਤਾਬੜਤੋੜ ਗੋਲੀਆਂ

## ✪ ਮੋਟਰਸਾਈਕਲ ਸਵਾਰ ਹਮਲਾਵਰ ਫ਼ਰਾਰ



ਜਲੰਧਰ-ਜਲੰਧਰ ਸ਼ਹਿਰ ਦੇ ਸਭ ਤੋਂ ਭੀੜ ਭਾੜ ਵਾਲੇ ਬਾਜ਼ਾਰ ਕਿਸ਼ਨਪੁਰਾ ਚੌਕ ਵਿੱਚ ਬੀਤੇ ਦਿਨੀਂ ਇੱਕ ਕੱਪੜਾ ਸ਼ੋਰੂਮ ਦੇ ਬਾਹਰ ਅਣਪਛਾਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਸ਼ਰੇਆਮ ਫਾਇਰਿੰਗ ਕਰ ਦਿੱਤੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਏ। ਰਾਹਤ ਦੀ ਗੱਲ ਇਹ ਰਹੀ ਕਿ ਇਸ ਗੋਲੀਬਾਰੀ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਕੋਈ ਵੀ ਵਿਅਕਤੀ ਜ਼ਖਮੀ ਨਹੀਂ ਹੋਇਆ। ਘਟਨਾ ਤੋਂ ਤੁਰੰਤ ਬਾਅਦ ਸਥਾਨਕ ਲੋਕਾਂ ਵੱਲੋਂ ਪੁਲਿਸ ਨੂੰ ਸੂਚਨਾ ਦਿੱਤੀ ਗਈ। ਸੂਚਨਾ ਮਿਲਦੇ ਹੀ ਪੁਲਿਸ ਦੀਆਂ ਉੱਚ-ਅਧਿਕਾਰੀਆਂ ਸਮੇਤ ਕਈ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਇਲਾਕੇ ਨੂੰ ਸੀਲ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੇ ਸੀਸੀਟੀਵੀ ਫੁਟੇਜ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਫੁਟੇਜ ਦੇ ਆਧਾਰ 'ਤੇ ਹਮਲਾਵਰਾਂ ਦੇ ਆਉਣ-ਜਾਣ ਦੇ ਰੂਟ ਅਤੇ ਉਨ੍ਹਾਂ ਦੇ ਹੁਲੀਏ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਲੁਧਿਆਣਾ ਵਿਚ ਸ਼ਰਮਨਾਕ ਵਾਰਦਾਤ: ਝਾੜ-ਫੂਕ ਦੇ ਬਹਾਨੇ 16 ਸਾਲਾ ਨਾਬਾਲਗ ਨਾਲ ਬਦਫੈਲੀ; ਮਸਜਿਦ ਦੇ ਕਮਰੇ ਵਿਚ ਮੌਲਵੀ ਨੇ ਕੀਤਾ ਗੁਨਾਹ



ਲੁਧਿਆਣਾ-ਲੁਧਿਆਣਾ ਦੇ ਪਿੰਡ ਖੇੜੀ ਤੋਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਇੱਕ ਬੇਹੱਦ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ 16 ਸਾਲ ਦੇ ਨਾਬਾਲਗ ਲੜਕੇ ਨਾਲ ਝਾੜ-ਫੂਕ ਅਤੇ ਇਲਾਜ ਦੇ ਬਹਾਨੇ ਬਦਫੈਲੀ (ਕੁਕਰਮ) ਕੀਤੀ ਗਈ। ਪੁਲਿਸ ਨੇ ਪੀੜਤ ਦੇ ਪਰਿਵਾਰ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਮੌਲਵੀ ਖ਼ਿਲਾਫ਼ ਪੋਕਸੋ ਐਕਟਸਮੇਤ ਹੋਰ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਪੀੜਤ ਦੇ ਭਰਾ ਨੇ ਦੱਸਿਆ ਕਿ ਉਸ ਦਾ ਨਾਬਾਲਗ ਭਰਾ ਰੋਜ਼ਗਾਰ ਦੀ ਭਾਲ ਵਿੱਚ ਪੰਜਾਬ ਆਇਆ ਹੋਇਆ ਸੀ। ਪਿਛਲੇ ਕੁਝ ਦਿਨਾਂ ਤੋਂ ਬੱਚੇ ਦੀ ਸਰੀਰਕ ਤਬੀਅਤ ਠੀਕ ਨਹੀਂ ਸੀ। ਉਸ ਦੀ ਸਰੀਰਕ ਤਕਲੀਫ਼ ਨੂੰ ਦੇਖਦਿਆਂ ਪਰਿਵਾਰ ਦਾ ਇੱਕ ਜਾਣਕਾਰ ਵਿਅਕਤੀ ਉਸ ਨੂੰ ਝਾੜ-ਫੂਕ ਅਤੇ ਇਲਾਜ ਕਰਵਾਉਣ ਲਈ ਪਿੰਡ ਖੇੜੀ ਸਥਿਤ ਮਸਜਿਦ ਵਿਖੇ ਲੈ ਗਿਆ।

ਮਾਲਿਸ਼ ਦੇ ਬਹਾਨੇ ਬਣਾਈ ਹਵਸ ਦਾ ਸ਼ਿਕਾਰ-ਦੋਸ਼ ਹੈ ਕਿ ਮਸਜਿਦ ਵਿੱਚ ਮੌਜੂਦ ਮੌਲਵੀ ਨੇ ਪਹਿਲਾਂ ਬੱਚੇ ਦੇ ਨਾਲ ਆਏ ਜਾਣਕਾਰ ਵਿਅਕਤੀ ਦਾ ਝਾੜਾ ਕੀਤਾ ਅਤੇ ਉਸ ਨੂੰ ਉੱਥੋਂ ਵਾਪਸ ਭੇਜ ਦਿੱਤਾ। ਇਸ ਤੋਂ ਬਾਅਦ ਉਹ ਨਾਬਾਲਗ ਲੜਕੇ ਨੂੰ ਮਸਜਿਦ ਦੇ ਨਾਲ ਹੀ ਬਣੇ ਇੱਕ ਨਿੱਜੀ ਕਮਰੇ ਵਿੱਚ ਲੈ ਗਿਆ। ਕਮਰੇ ਦੇ ਅੰਦਰ ਲਿਜਾ ਕੇ ਮੌਲਵੀ ਨੇ ਲੜਕੇ ਨੂੰ ਸਰੀਰਕ ਦਰਦ ਠੀਕ ਕਰਨ ਲਈ 'ਮਾਲਿਸ਼' ਕਰਨ ਦਾ ਬਹਾਨਾ ਬਣਾਇਆ ਅਤੇ ਉਸ ਨਾਲ ਜ਼ਬਰਦਸਤੀ ਬਦਫੈਲੀ ਦੀ ਸ਼ਰਮਨਾਕ ਘਟਨਾ ਨੂੰ ਅੰਜਾਮ ਦਿੱਤਾ।

ਘਟਨਾ ਤੋਂ ਬਾਅਦ ਡਰੇ ਹੋਏ ਨਾਬਾਲਗ ਨੇ ਆਪਣੇ ਪਰਿਵਾਰ ਨੂੰ ਆਪ ਬੀਤੀ ਦੱਸੀ, ਜਿਸ ਮਗਰੋਂ ਪਰਿਵਾਰ ਨੇ ਤੁਰੰਤ ਪੁਲਿਸ ਕੋਲ ਪਹੁੰਚ ਕੀਤੀ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਘਿਨਾਉਣੇ ਅਪਰਾਧ ਦੇ ਹਰ ਪਹਿਲੂ ਦੀ ਬਾਰੀਕੀ ਅਤੇ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਰੀਅਲ ਐਸਟੇਟ ਦੇ ਕਿੰਗ ਤੋਂ ਵ੍ਹਾਈਟ ਹਾਊਸ ਦੇ ਸਿਖਰ ਤੱਕ: 80 ਸਾਲ ਦੇ ਹੋਏ ਡੋਨਾਲਡ ਟਰੰਪ

**ਖਾਸ ਖਬਰ**

## ✪ ਕਾਰੋਬਾਰੀ ਸੰਕਟ, ਤਿੰਨ ਵਿਆਹ ਅਤੇ ਸੱਤਾ ਦਾ ਸਫ਼ਰ: ਡੋਨਾਲਡ ਟਰੰਪ ਦੀ ਦਿਲਚਸਪ ਕਹਾਣੀ
## ✪ ਏਲੀਅਨਜ਼ ਅਤੇ 72 ਸੀਕ੍ਰੇਟ ਫਾਈਲਾਂ: ਟਰੰਪ ਦੇ ਜਨਮਦਿਨ 'ਤੇ ਖੁੱਲ੍ਹੇ ਕਈ ਵੱਡੇ ਰਾਜ਼
## ✪ ਹਾਰਮੁਜ਼ ਜਲਡਮਰੂ ਵਿਵਾਦ ਤੋਂ ਲੈ ਕੇ ਦੀਵਾਲੀਆਪਨ ਤੱਕ: ਵਿਵਾਦਾਂ ਦੇ ਕੇਂਦਰ ਵਿਚ ਟਰੰਪ

ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ 80ਵੇਂ ਸਾਲ ਵਿੱਚ ਪ੍ਰਵੇਸ਼ ਕਰਨਾ ਸਿਰਫ਼ ਇੱਕ ਵਿਅਕਤੀ ਦੇ ਜੀਵਨ ਦਾ ਪੜਾਅ ਨਹੀਂ, ਸਗੋਂ ਸਮਕਾਲੀ ਵਿਸ਼ਵ ਰਾਜਨੀਤੀ ਦੇ ਇੱਕ ਸਭ ਤੋਂ ਪ੍ਰਭਾਵਸ਼ਾਲੀ ਅਤੇ ਧਰੁਵੀਕਰਨ ਵਾਲੇ ਅਧਿਆਏ ਦੀ ਗਵਾਹੀ ਹੈ। ਨਿਊਯਾਰਕ ਦੇ ਇੱਕ ਅਨੁਸ਼ਾਸਿਤ ਕਾਰੋਬਾਰੀ ਪਰਿਵਾਰ ਤੋਂ ਸ਼ੁਰੂ ਹੋ ਕੇ, ਮਿਲਟਰੀ ਸਕੂਲ ਦੀ ਸਖ਼ਤ ਟ੍ਰੇਨਿੰਗ, ਰੀਅਲ ਅਸਟੇਟ ਦੇ ਕਾਰੋਬਾਰ, ਗਲੈਮਰ ਦੀ ਦੁਨੀਆ ਅਤੇ ਆਖਰਕਾਰ ਵ੍ਹਾਈਟ ਹਾਊਸ ਦੇ ਸਿਖਰ ਤੱਕ ਪਹੁੰਚਣ ਵਾਲੀ ਟਰੰਪ ਦੀ ਕਹਾਣੀ ਆਧੁਨਿਕ ਲੋਕਤੰਤਰ ਅਤੇ ਮੀਡੀਆ ਦੀ ਤਾਕਤ ਦਾ ਇੱਕ ਵਿਲੱਖਣ ਪ੍ਰਤੀਕ ਹੈ।

ਟਰੰਪ ਦੀ ਸ਼ਖਸੀਅਤ ਅਤੇ ਉਨ੍ਹਾਂ ਦੀ ਸਿਆਸਤ ਨੂੰ ਪਰੰਪਰਾਗਤ ਪੈਮਾਨਿਆਂ ਨਾਲ ਨਹੀਂ ਮਾਪਿਆ ਜਾ ਸਕਦਾ। 1980 ਦੇ ਦਹਾਕੇ ਵਿੱਚ 'ਟਰੰਪ ਟਾਵਰ' ਵਰਗੀਆਂ ਗਗਨਚੁੰਬੀ ਇਮਾਰਤਾਂ ਨਾਲ ਆਪਣੇ ਨਾਮ ਨੂੰ ਇੱਕ ਗਲੋਬਲ ਬ੍ਰਾਂਡ ਬਣਾਉਣ ਵਾਲੇ ਟਰੰਪ ਨੇ 1990 ਦੇ ਦਹਾਕੇ ਵਿੱਚ ਵੱਡੇ ਆਰਥਿਕ ਸੰਕਟਾਂ ਅਤੇ ਦੀਵਾਲੀਆਪਨ ਦਾ ਸਾਹਮਣਾ ਵੀ ਕੀਤਾ। ਪਰ ਹਰ ਸੰਕਟ ਵਿੱਚੋਂ ਨਵੇਂ ਰੂਪ ਵਿੱਚ ਬਾਹਰ ਨਿਕਲਣਾ ਉਨ੍ਹਾਂ ਦੀ ਸਭ ਤੋਂ ਵੱਡੀ ਖੂਬੀ ਰਹੀ ਹੈ। ਮੀਡੀਆ ਅਤੇ ਮਨੋਰੰਜਨ ਜਗਤ (ਜਿਵੇਂ ਕਿ ਮਿਸ ਯੂਨੀਵਰਸ ਪ੍ਰਤੀਯੋਗਤਾਵਾਂ) ਵਿੱਚ ਉਨ੍ਹਾਂ ਦੀ ਮੌਜੂਦਗੀ ਨੇ ਉਨ੍ਹਾਂ ਨੂੰ ਅਮਰੀਕੀ ਲੋਕਾਂ ਦੇ ਘਰ-ਘਰ ਤੱਕ ਪਹੁੰਚਾਇਆ, ਜਿਸ ਦਾ ਫਾਇਦਾ ਉਨ੍ਹਾਂ ਨੂੰ ਸਾਲ 2016 ਵਿੱਚ ਮਿਲਿਆ ਸੀ ਜਦੋਂ ਉਨ੍ਹਾਂ ਨੇ ਸਾਰੀਆਂ ਸਿਆਸੀ ਭਵਿੱਖਬਾਣੀਆਂ ਨੂੰ ਗਲਤ ਸਾਬਤ ਕਰਦੇ ਹੋਏ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ।



ਟਰੰਪ ਦੀ ਰਾਜਨੀਤੀ - ਜਿਸ ਨੂੰ ਅਕਸਰ 'ਟਰੰਪਵਾਦ' ਕਿਹਾ ਜਾਂਦਾ ਹੈ - ਨੇ ਅਮਰੀਕਾ ਦੀ ਅੰਦਰੂਨੀ ਅਤੇ ਬਾਹਰੀ ਨੀਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। 'ਅਮਰੀਕਾ ਫਸਟ' ਦੇ ਨਾਅਰੇ ਹੇਠ ਉਨ੍ਹਾਂ ਨੇ ਗਲੋਬਲ ਵਪਾਰਕ ਸਮਝੌਤਿਆਂ ਨੂੰ ਚੁਣੌਤੀ ਦਿੱਤੀ ਅਤੇ ਸੁਰੱਖਿਆਵਾਦ ਦੀ ਨੀਤੀ ਅਪਣਾਈ। ਵਰਤਮਾਨ ਸਮੇਂ ਵਿੱਚ ਵੀ, ਚਾਹੇ ਉਹ ਏਲੀਅਨਜ਼ ਅਤੇ ਯੂ.ਐਫ.ਓ. ਨਾਲ ਜੁੜੀਆਂ 72 ਗੁਪਤ ਫਾਈਲਾਂ ਨੂੰ ਜਨਤਕ ਕਰਨ ਦਾ ਫੈਸਲਾ ਹੋਵੇ ਜਾਂ ਹਾਰਮੁਜ਼ ਜਲਡਮਰੂ ਵਰਗੇ ਅੰਤਰਰਾਸ਼ਟਰੀ ਵਿਵਾਦਾਂ ਵਿੱਚ ਭਾਰਤੀ ਜਹਾਜ਼ਾਂ 'ਤੇ ਇਰਾਨੀ ਹਮਲੇ ਦੇ ਦਾਅਵੇ, ਟਰੰਪ ਹਮੇਸ਼ਾ ਸੁਰਖੀਆਂ ਅਤੇ ਵਿਵਾਦਾਂ ਦੇ ਕੇਂਦਰ ਵਿੱਚ ਰਹਿੰਦੇ ਹਨ।

ਟਰੰਪ ਦੀ ਸਫਲਤਾ ਦਾ ਰਾਜ਼ ਇਹ ਹੈ ਕਿ ਉਹ ਆਪਣੇ ਸਮਰਥਕਾਂ ਲਈ ਇੱਕ ਅਜਿਹੇ ਰਾਸ਼ਟਰਵਾਦੀ ਨੇਤਾ ਹਨ ਜੋ ਸਥਾਪਿਤ ਵਿਵਸਥਾ ਦੇ ਖਿਲਾਫ ਲੜਦਾ ਹੈ, ਜਦਕਿ ਆਲੋਚਕਾਂ ਲਈ ਉਹ ਇੱਕ ਵਿਵਾਦਗ੍ਰਸਤ ਅਤੇ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੇ ਸਿਆਸਤਦਾਨ ਹਨ।

ਤਿੰਨ ਵਿਆਹ, ਪੰਜ ਬੱਚੇ, ਅਰਬਾਂ ਡਾਲਰਾਂ ਦੀ ਜਾਇਦਾਦ ਅਤੇ ਨਿਰੰਤਰ ਕਾਨੂੰਨੀ ਤੇ ਸਿਆਸੀ ਲੜਾਈਆਂ ਦੇ ਬਾਵਜੂਦ 80 ਸਾਲ ਦੀ ਉਮਰ ਵਿੱਚ ਵ੍ਹਾਈਟ ਹਾਊਸ ਅੰਦਰ ਯੂ.ਐਫ.ਸੀ. ਫਾਈਟਸ ਵਰਗੇ ਪ੍ਰੋਗਰਾਮਾਂ ਨਾਲ ਜਨਮਦਿਨ ਮਨਾਉਣਾ ਇਹ ਦਰਸਾਉਂਦਾ ਹੈ ਕਿ ਉਹ ਪਰੰਪਰਾਗਤ ਨਿਯਮਾਂ ਨੂੰ ਤੋੜਨ ਵਿੱਚ ਵਿਸ਼ਵਾਸ ਰੱਖਦੇ ਹਨ।

ਅੰਤ ਵਿੱਚ, ਡੋਨਾਲਡ ਟਰੰਪ ਦਾ ਸਿਆਸੀ ਸਫ਼ਰ ਦੁਨੀਆ ਭਰ ਦੇ ਲੋਕਤੰਤਰਾਂ ਲਈ ਇੱਕ ਸਬਕ ਹੈ ਕਿ ਅੱਜ ਦੇ ਦੌਰ ਵਿੱਚ ਜਨਤਕ ਅਕਸ ਮੀਡੀਆ ਪ੍ਰਬੰਧਨ ਅਤੇ ਲੋਕ-ਲੁਭਾਊ ਰਾਜਨੀਤੀ ਕਿਸੇ ਵੀ ਪਰੰਪਰਾਗਤ ਸਿਆਸੀ ਤਜ਼ਰਬੇ 'ਤੇ ਭਾਰੀ ਪੈ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀਆਂ ਨੀਤੀਆਂ ਅਮਰੀਕਾ ਅਤੇ ਵਿਸ਼ਵ ਦੀ ਆਰਥਿਕਤਾ ਤੇ ਸੁਰੱਖਿਆ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾਂਦੀਆਂ ਹਨ, ਇਸ 'ਤੇ ਪੂਰੀ ਦੁਨੀਆ ਦੀ ਨਜ਼ਰ ਰਹੇਗੀ। ਆਲੋਚਕਾਂ ਮੁਤਾਬਕ ਉਨ੍ਹਾਂ ਦੀ 'ਅਮਰੀਕਾ ਫਸਟ' ਦੀ ਨੀਤੀ ਅਤੇ ਹਮਲਾਵਰ ਬਿਆਨਬਾਜ਼ੀ ਨੇ ਅਮਰੀਕੀ ਸਮਾਜ ਨੂੰ ਆਪਸ ਵਿੱਚ ਵੰਡਿਆ ਅਤੇ ਕੌਮਾਂਤਰੀ ਸਬੰਧਾਂ ਨੂੰ ਨੁਕਸਾਨ ਪਹੁੰਚਾਇਆ।

ਜੇਕਰ ਕੋਰੋਨਾ ਤੋਂ ਪਹਿਲਾਂ ਦੇ ਅੰਕੜੇ ਦੇਖੀਏ, ਤਾਂ ਟਰੰਪ ਦੇ ਯੁੱਗ ਵਿੱਚ ਆਰਥਿਕਤਾ ਤੇਜ਼ੀ ਨਾਲ ਅੱਗੇ ਵਧੀ। ਪਰ ਜੇਕਰ ਪੂਰੇ ਕਾਰਜਕਾਲ ਦਾ ਲੇਖਾ-ਜੋਖਾ ਕਰੀਏ, ਤਾਂ ਮਹਾਂਮਾਰੀ ਦੇ ਪ੍ਰਬੰਧਨ ਅਤੇ ਲਾਕਡਾਊਨ ਕਾਰਨ ਉਨ੍ਹਾਂ ਦੇ ਯੁੱਗ ਦਾ ਅੰਤ ਇੱਕ ਵੱਡੀ ਆਰਥਿਕ ਗਿਰਾਵਟ ਨਾਲ ਹੋਇਆ।

ਇਹੀ ਕਾਰਨ ਹੈ ਕਿ ਆਰਥਿਕ ਮਾਹਿਰ ਅੱਜ ਵੀ ਟਰੰਪ ਦੀਆਂ ਨੀਤੀਆਂ ਨੂੰ ਮਿਸ਼ਰਤ ਮੰਨਦੇ ਹਨ - ਜਿੱਥੇ ਕਾਰੋਬਾਰੀ ਟੈਕਸ ਕਟੌਤੀਆਂ ਦੀ ਤਾਰੀਫ਼ ਹੁੰਦੀ ਹੈ, ਉੱਥੇ ਹੀ ਵਪਾਰ ਯੁੱਧ ਅਤੇ ਵਧਦੇ ਸਰਕਾਰੀ ਕਰਜ਼ੇ ਦੀ ਆਲੋਚਨਾ ਵੀ ਕੀਤੀ ਜਾਂਦੀ ਹੈ।

# ਏਅਰ ਇੰਡੀਆ ਦਾ ਨਿੱਜੀਕਰਨ: 'ਟਾਟਾ' ਦੇ ਹੱਥ ਆ ਕੇ ਵੀ ਨਾ ਬਦਲੀ ਕਿਸਮਤ

**ਖਾਸ ਖਬਰ**

## ✪ 3 ਬਿਲੀਅਨ ਡਾਲਰ ਦਾ ਘਾਟਾ ਅਤੇ ਫਾਡੀ ਸੇਵਾਵਾਂ! ਹਵਾਬਾਜ਼ੀ ਖੇਤਰ ਵਿਚ ਲੁੱਟ ਦੀ ਖੁੱਲ੍ਹ! ✪ ਸਰਕਾਰੀ ਹੱਥਾਂ ਵਿਚੋਂ ਨਿਕਲ ਕੇ ਵੀ 'ਸੰਕਟ' 'ਚ ਏਅਰ ਇੰਡੀਆ: ਉਡਾਣਾਂ ਵਿਚ ਕਟੌਤੀ, ਸੁਰੱਖਿਆ 'ਤੇ ਸਵਾਲ!

ਹਾਲ ਹੀ ਵਿੱਚ ਸੈਨ ਫਰਾਂਸਿਸਕੋ ਤੋਂ ਮੁੰਬਈ ਜਾ ਰਹੀ ਏਅਰ ਇੰਡੀਆ ਦੀ ਇੱਕ ਉਡਾਣ ਨੂੰ ਤਕਨੀਕੀ ਖ਼ਰਾਬੀ ਦੇ ਸ਼ੱਕ ਕਾਰਨ ਕੋਲਕਾਤਾ ਵਿੱਚ ਐਮਰਜੈਂਸੀ ਸਥਿਤੀ ਵਿੱਚ ਉਤਾਰਨਾ ਪਿਆ ਸੀ। ਹਾਲਾਂਕਿ ਸਾਰੇ ਯਾਤਰੀ ਸੁਰੱਖਿਅਤ ਹਨ, ਪਰ ਇਸ ਘਟਨਾ ਨੇ ਇੱਕ ਵਾਰ ਫਿਰ ਦੇਸ਼ ਦੀ ਹਵਾਬਾਜ਼ੀ ਸੇਵਾ ਅਤੇ ਖਾਸ ਕਰਕੇ ਏਅਰ ਇੰਡੀਆ ਦੇ ਪ੍ਰਬੰਧਨ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਖ਼ਬਰਾਂ ਮੁਤਾਬਕ, ਏਅਰ ਇੰਡੀਆ ਹੁਣ ਆਪਣੀਆਂ ਉਡਾਣਾਂ ਵਿੱਚ ਕਟੌਤੀ ਕਰਨ, ਨਵੇਂ ਜਹਾਜ਼ਾਂ ਦੀ ਡਿਲੀਵਰੀ ਵਿੱਚ ਦੇਰੀ ਕਰਨ ਅਤੇ ਆਪਣੇ ਵਿਸਤਾਰ ਪਲਾਨ 'ਤੇ ਰੋਕ ਲਗਾਉਣ ਜਾ ਰਹੀ ਹੈ। ਇਸ ਦੇ ਨਾਲ ਹੀ ਕੰਪਨੀ ਦੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਵੀ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

ਦਹਾਕਿਆਂ ਤੱਕ ਇਹ ਦਲੀਲ ਦਿੱਤੀ ਜਾਂਦੀ ਰਹੀ ਕਿ ਸਰਕਾਰੀ ਅਫ਼ਸਰਸ਼ਾਹੀ ਦੀ ਨਾਕਾਮੀ ਅਤੇ ਸਿਆਸੀ ਦਖਲਅੰਦਾਜ਼ੀ ਕਾਰਨ ਏਅਰ ਇੰਡੀਆ ਲਗਾਤਾਰ ਘਾਟੇ ਵਿੱਚ ਚੱਲ ਰਹੀ ਹੈ ਅਤੇ ਟੈਕਸਦਾਤਾਵਾਂ ਦਾ ਪੈਸਾ ਬਰਬਾਦ ਹੋ ਰਿਹਾ ਹੈ। ਇਸੇ ਤਰਕ ਦੇ ਆਧਾਰ 'ਤੇ ਨਿੱਜੀਕਰਨ ਦਾ ਮਾਹੌਲ ਤਿਆਰ ਕੀਤਾ ਗਿਆ ਅਤੇ ਸਾਲ 2022 ਵਿੱਚ ਨਰਿੰਦਰ ਮੋਦੀ ਸਰਕਾਰ ਨੇ ਏਅਰ ਇੰਡੀਆ ਦੀ ਕਮਾਨ ਟਾਟਾ ਗਰੁੱਪ ਦੇ ਹੱਥਾਂ ਵਿੱਚ ਸੌਂਪ ਦਿੱਤੀ ਸੀ। ਪਰ ਅੱਜ ਨਤੀਜਾ ਕੀ ਹੈ? ਨਿੱਜੀਕਰਨ ਦੇ ਬਾਵਜੂਦ, ਪਿਛਲੇ ਸਾਲ ਹੀ ਕੰਪਨੀ ਨੂੰ ਤਿੰਨ ਬਿਲੀਅਨ ਡਾਲਰ ਦਾ ਭਾਰੀ ਨੁਕਸਾਨ ਹੋਇਆ ਹੈ, ਜਿਸ ਕਾਰਨ ਹੁਣ ਉਡਾਣਾਂ ਘਟਾਉਣ ਅਤੇ ਵਿਸਤਾਰ ਯੋਜਨਾਵਾਂ ਨੂੰ ਠੰਢੇ ਬਸਤੇ ਵਿੱਚ ਪਾਉਣ ਦੀ ਨੌਬਤ ਆ ਗਈ ਹੈ।

ਸਭ ਤੋਂ ਚਿੰਤਾਜਨਕ ਪਹਿਲੂ ਸੁਰੱਖਿਆ ਅਤੇ ਜਾਂਚ ਏਜੰਸੀਆਂ ਦੀ ਸੁਸਤੀ ਹੈ। ਇੱਕ ਸਾਲ ਬੀਤ ਜਾਣ ਦੇ ਬਾਵਜੂਦ, ਏਆਈ-171 (ਅੀ-171) ਹਾਦਸੇ ਦੇ ਅਸਲ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ। ਜਹਾਜ਼ ਹਾਦਸਾ ਜਾਂਚ ਬਿਊਰੋ ਦਾ ਇਹ ਕਹਿਣਾ ਕਿ ਉਡਾਣ ਭਰਨ ਦੇ ਮਹਿਜ਼ 32 ਸੈਕਿੰਡ ਬਾਅਦ ਹੋਏ ਇਸ ਭਿਆਨਕ ਹਾਦਸੇ ਦੀ ਜਾਂਚ ਲਈ ਉਨ੍ਹਾਂ ਨੂੰ ਅਜੇ ਹੋਰ ਸਮਾਂ ਚਾਹੀਦਾ ਹੈ, ਉਨ੍ਹਾਂ ਦੀ ਕਾਰਜਸ਼ੈਲੀ ਅਤੇ ਨਾਕਾਮੀ ਨੂੰ ਸਾਫ਼ ਬਿਆਨ ਕਰਦਾ ਹੈ।

ਮੁੱਖ ਚਿੰਤਾ: ਏਅਰ ਇੰਡੀਆ ਦੇ ਨਿੱਜੀ ਹੱਥਾਂ ਵਿੱਚ ਜਾਣ ਨਾਲ ਭਾਰਤੀ ਹਵਾਬਾਜ਼ੀ ਖੇਤਰ ਵਿੱਚ ਲਗਭਗ 'ਡਿਊਓਪੋਲੀ' (ਦੋ ਵੱਡੀਆਂ ਕੰਪਨੀਆਂ ਦਾ ਦਬਦਬਾ) ਪੈਦਾ ਹੋ ਗਈ ਹੈ। ਇਸ ਬਾਜ਼ਾਰ ਵਿੱਚ ਦੂਜੀ ਵੱਡੀ ਕੰਪਨੀ 'ਇੰਡੀਗੋ' ਹੈ। ਪਾਇਲਟਾਂ ਦੀਆਂ ਕੰਮ ਕਰਨ ਦੀਆਂ ਸਥਿਤੀਆਂ ਅਤੇ ਨਿਯਮਾਂ ਨੂੰ ਲੈ ਕੇ ਇੰਡੀਗੋ ਵੱਲੋਂ ਅਪਣਾਏ ਗਏ ਕਥਿਤ ਅੜੀਅਲ ਰਵੱਈਏ ਨੇ ਪੂਰੀਆਂ ਸੇਵਾਵਾਂ ਨੂੰ ਅਸਤ-ਵਿਅਸਤ ਕਰ ਦਿੱਤਾ ਸੀ। ਇਸ ਨਾਲ ਇਹ ਸਾਫ਼ ਹੋ ਗਿਆ ਹੈ ਕਿ ਮੁਕਾਬਲੇਬਾਜ਼ੀ ਖ਼ਤਮ ਹੋਣ ਦੇ ਕੀ ਨੁਕਸਾਨ ਹੋ ਸਕਦੇ ਹਨ। ਅੱਜ ਸਥਿਤੀ ਇਹ ਹੈ ਕਿ ਇਹ ਦੋਵੇਂ ਕੰਪਨੀਆਂ ਯਾਤਰੀਆਂ ਦੀ ਮਜਬੂਰੀ ਦਾ ਫਾਇਦਾ ਚੁੱਕਦਿਆਂ ਮਨਮਰਜ਼ੀ ਦਾ ਕਿਰਾਇਆ ਵਸੂਲ ਰਹੀਆਂ ਹਨ। ਯਾਤਰੀਆਂ ਕੋਲ ਕੋਈ ਹੋਰ ਵਿਕਲਪ ਨਾ ਹੋਣ ਕਾਰਨ ਇਨ੍ਹਾਂ ਕੰਪਨੀਆਂ 'ਤੇ ਲੁੱਟ-ਖਸੁੱਟ ਦੇ ਦੋਸ਼ ਲੱਗ ਰਹੇ ਹਨ।

ਇਹ ਤਰਕ ਪੂਰੀ ਤਰ੍ਹਾਂ ਸਹੀ ਨਹੀਂ ਹੈ ਕਿ ਇਹ ਸਭ ਕੁਝ ਅੰਤਰਰਾਸ਼ਟਰੀ ਹਾਲਾਤਾਂ ਕਾਰਨ ਹੋ ਰਿਹਾ ਹੈ। ਚੁਣੌਤੀਪੂਰਨ ਹਾਲਾਤ ਹਮੇਸ਼ਾ ਰਹਿੰਦੇ ਹਨ, ਪਰ ਜਦੋਂ ਇਹ ਕੰਪਨੀ ਸਰਕਾਰੀ ਹੱਥਾਂ ਵਿੱਚ ਸੀ, ਉਦੋਂ ਘਾਟਾ ਸਹਿ ਕੇ ਵੀ ਯਾਤਰੀਆਂ ਦੇ ਹਿੱਤਾਂ ਅਤੇ ਸਹੂਲਤਾਂ ਨੂੰ ਪਹਿਲ ਦਿੱਤੀ ਜਾਂਦੀ ਸੀ। ਅੱਜ ਦੇ ਦੌਰ ਵਿੱਚ ਯਾਤਰੀਆਂ ਦੇ ਹਿੱਤ ਸਭ ਤੋਂ ਹੇਠਲੇ ਪੱਧਰ 'ਤੇ ਚਲੇ ਗਏ ਹਨ। ਯਾਤਰੀਆਂ ਦੀ ਜੇਬ ਕੱਟਣ ਦੇ ਬਾਵਜੂਦ ਜੇਕਰ ਹਵਾਬਾਜ਼ੀ ਉਦਯੋਗ ਸੰਕਟ ਵਿੱਚ ਹੈ, ਤਾਂ ਇਸ ਤੋਂ ਵੱਡੀ ਪ੍ਰਬੰਧਕੀ ਨਾਕਾਮੀ ਹੋਰ ਕੀ ਹੋ ਸਕਦੀ ਹੈ? ਇਹ ਸਥਿਤੀ ਨਿੱਜੀਕਰਨ ਦੇ ਉਨ੍ਹਾਂ ਦਾਅਵਿਆਂ 'ਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਹੈ, ਜਿਨ੍ਹਾਂ ਵਿੱਚ ਬਿਹਤਰ ਸੇਵਾਵਾਂ ਅਤੇ ਮੁਨਾਫ਼ੇ ਦਾ ਵਾਅਦਾ ਕੀਤਾ ਗਿਆ ਸੀ।

# ਨਾਜ਼ਿਰ ਲਿੰਚਿੰਗ ਮਾਮਲਾ: 3 ਸਾਲ ਬਾਅਦ ਮਿਲਿਆ ਇਨਸਾਫ਼

## ✪ 14 ਦੋਸ਼ੀਆਂ ਨੂੰ ਉਮਰਕੈਦ ਸੁਣਾਉਣ ਵਾਲੀ ਜੱਜ ਤਬੱਸੁਮ ਖਾਨ ਦੀ ਵਧਾਈ ਗਈ ਸੁਰੱਖਿਆ ✪ ਕੀ ਭਾਰਤ ਵਿੱਚ ਭੀੜਤੰਤਰ ਕਾਨੂੰਨ ਤੋਂ ਉੱਪਰ ਹੈ ?

### ਨਿਊਜ਼ ਵਿਸ਼ਲੇਸ਼ਣ

ਮੱਧ ਪ੍ਰਦੇਸ਼ ਦੇ ਨਰਮਦਾਪੁਰਮ (ਸਿਵਨੀ ਮਾਲਵਾ) ਤੋਂ ਆਈ ਇੱਕ ਖ਼ਬਰ ਨੇ ਭਾਰਤੀ ਨਿਆਂ ਪ੍ਰਣਾਲੀ ਅਤੇ ਕਾਨੂੰਨ ਦੇ ਰਾਜ 'ਤੇ ਇੱਕ ਵਾਰ ਫਿਰ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਾਲ 2022 ਦੇ ਇੱਕ ਭਿਆਨਕ ਮੌਬ ਲਿੰਚਿੰਗ (ਭੀੜ ਵੱਲੋਂ ਕੁੱਟ-ਕੁੱਟ ਕੇ ਮਾਰਨ) ਦੇ ਮਾਮਲੇ ਵਿੱਚ ਅਦਾਲਤ ਨੇ ਹੁਣੇ ਜਿਹੇ 14 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਨਿਆਂ ਦੀ ਤੱਕੜੀ 'ਤੇ ਤਾਂ ਇਹ ਇੱਕ ਸਹੀ ਅਤੇ ਜ਼ਰੂਰੀ ਫੈਸਲਾ ਹੈ, ਪਰ ਇਸ ਫੈਸਲੇ ਤੋਂ ਬਾਅਦ ਜੋ ਤਸਵੀਰਾਂ ਸਾਹਮਣੇ ਆਈਆਂ, ਉਹ ਬੇਹੱਦ ਚਿੰਤਾਜਨਕ ਹਨ। ਅਦਾਲਤ ਦੇ ਅੰਦਰ ਹੋਇਆ ਭਾਰੀ ਹੰਗਾਮਾ, ਪੁਲਿਸ ਦੀਆਂ ਗੱਡੀਆਂ ਅੱਗੇ ਦੋਸ਼ੀਆਂ ਦੇ ਪਰਿਵਾਰ ਵਾਲਿਆਂ ਦਾ ਲੇਟਣਾ ਅਤੇ ਇਸ ਸਭ ਤੋਂ ਵੱਧ-ਫੈਸਲਾ ਸੁਣਾਉਣ ਵਾਲੀ ਮਹਿਲਾ ਜੱਜ ਤਬੱਸੁਮ ਖਾਨ ਦੀ ਸੁਰੱਖਿਆ ਨੂੰ ਵਧਾਉਣਾ ਪੈਣਾ-ਇਹ ਸਾਫ਼ ਕਰਦਾ ਹੈ ਕਿ ਦੇਸ਼ ਵਿੱਚ 'ਭੀੜਤੰਤਰ' ਦੇ ਹੌਸਲੇ ਕਿਸ ਕਦਰ ਬੁਲੰਦ ਹੋ ਚੁੱਕੇ ਹਨ।

ਇਹ ਮਾਮਲਾ ਸਾਲ 2022 ਦਾ ਹੈ, ਜਦੋਂ ਅਮਰਾਵਤੀ ਜਾ ਰਹੇ ਇੱਕ ਟਰੱਕ ਨੂੰ ਰੋਕ ਕੇ ਗਊ-ਰੱਖਿਅਕ ਹੋਣ ਦਾ ਦਾਅਵਾ ਕਰਨ ਵਾਲੀ ਭੀੜ ਨੇ ਤਿੰਨ ਮੁਸਲਿਮ ਨੌਜਵਾਨਾਂ ਨੂੰ ਬੇਰਹਿਮੀ ਨਾਲ ਕੁਟਿਆ ਸੀ। ਇਸ ਵਹਿਸ਼ੀਆਨਾ ਹਮਲੇ ਵਿੱਚ ਨਾਜ਼ਿਰ ਅਹਿਮਦ ਨਾਮ ਦੇ ਵਿਅਕਤੀ ਦੀ ਮੌਤ ਹੋ ਗਈ ਸੀ। ਦੋਸ਼ੀਆਂ ਦੇ ਪਰਿਵਾਰ ਹੁਣ ਵੀ ਇਹ ਦਲੀਲ ਦੇ ਰਹੇ ਹਨ ਕਿ ਉਨ੍ਹਾਂ ਦੇ ਬੱਚੇ 'ਗਊ ਸੇਵਾ' ਦੇ ਮਕਸਦ ਨਾਲ ਉੱਥੇ ਗਏ ਸਨ। ਸਵਾਲ ਇਹ ਪੈਦਾ ਹੁੰਦਾ ਹੈ ਕੀ ਗਊ ਸੇਵਾ ਦਾ ਮਤਲਬ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣਾ ਅਤੇ ਕਿਸੇ ਦੀ ਜਾਨ ਲੈ ਲੈਣਾ ਹੈ ? ਜਦੋਂ ਕਿਸੇ ਬੇਕਸੂਰ ਦੀ ਜਾਨ ਚਲੀ ਜਾਂਦੀ ਹੈ, ਤਾਂ ਉਹ 'ਸੇਵਾ' ਨਹੀਂ, ਸਗੋਂ 'ਬੇਰਹਿਮ ਕਤਲ' ਕਹਾਉਂਦਾ ਹੈ। ਕਾਨੂੰਨ ਨੇ ਆਪਣਾ ਕੰਮ ਕੀਤਾ ਅਤੇ ਅਦਾਲਤ ਨੇ ਸਬੂਤਾਂ ਤੇ ਗਵਾਹਾਂ ਦੇ ਅਧਾਰ 'ਤੇ 14 ਲੋਕਾਂ ਨੂੰ ਦੋਸ਼ੀ ਮੰਨਿਆ ਸੀ।

ਇਸ ਪੂਰੇ ਘਟਨਾਕ੍ਰਮ ਦਾ ਸਭ ਤੋਂ ਡਰਾਉਣਾ ਪਹਿਲੂ ਨਿਆਂਪਾਲਿਕਾ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਹੈ। ਫੈਸਲੇ ਦੇ ਤੁਰੰਤ ਬਾਅਦ ਕੋਰਟ ਕੰਪਲੈਕਸ ਵਿੱਚ ਜੰਗ ਦਾ ਮੈਦਾਨ ਬਣ ਗਿਆ। ਦੋਸ਼ੀਆਂ ਨੂੰ ਜੇਲ੍ਹ ਸ਼ਿਫਟ ਕਰਨ ਲਈ ਪੁਲਿਸ ਨੂੰ ਭਾਰੀ ਮਿਹਨਤ ਕਰਨੀ ਪਈ। ਪਰ ਹੱਦ ਤਾਂ ਉਦੋਂ ਹੋ ਗਈ ਜਦੋਂ ਮਹਿਲਾ ਜੱਜ ਤਬੱਸੁਮ ਖਾਨ ਦੇ ਘਰ ਅਤੇ ਕੋਰਟ ਕੰਪਲੈਕਸ ਵਿੱਚ ਵਾਧੂ ਪੁਲਿਸ ਫੋਰਸ ਤਾਇਨਾਤ ਕਰਨੀ ਪਈ।

ਇਹ ਸਥਿਤੀ ਦਰਸਾਉਂਦੀ ਹੈ ਕਿ ਸਮਾਜ ਦਾ ਇੱਕ ਖਾਸ ਵਰਗ, ਜੋ ਹਿੰਦੂਤਵਵਾਦੀ ਰਾਜਨੀਤੀ ਅਤੇ ਕਥਿਤ ਸੱਭਿਆਚਾਰਕ ਰਾਸ਼ਟਰਵਾਦ ਦੀ ਆੜ ਵਿੱਚ ਖੁਦ ਨੂੰ ਕਾਨੂੰਨ ਤੋਂ ਉੱਪਰ ਸਮਝਣ ਲੱਗ ਪਿਆ ਹੈ, ਉਹ ਹੁਣ ਅਦਾਲਤੀ ਫੈਸਲਿਆਂ ਨੂੰ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੈ। ਜਦੋਂ ਇੱਕ ਜੱਜ ਨੂੰ ਸਿਰਫ਼ ਇਸ ਲਈ ਆਪਣੀ ਸੁਰੱਖਿਆ ਦੀ ਚਿੰਤਾ ਕਰਨੀ ਪਵੇ, ਕਿਉਂਕਿ ਉਸਨੇ ਨਿਰਪੱਖ ਹੋ ਕੇ ਇਨਸਾਫ਼ ਕੀਤਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਦਾ ਨੈਤਿਕ ਤਾਣਾ-ਬਾਣਾ ਕਿਸ ਹੱਦ ਤੱਕ ਬਿਖਰ ਚੁੱਕਾ ਹੈ।



ਬਹੁਗਿਣਤੀਵਾਦੀ ਹਮਲਾਵਰਤਾ ਬਨਾਮ ਕਾਨੂੰਨ ਦਾ ਰਾਜ-ਇਹ ਘਟਨਾ ਕੋਈ ਇਕੱਲੀ ਮਿਸਾਲ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਮੌਬ ਲਿੰਚਿੰਗ ਦੀਆਂ ਘਟਨਾਵਾਂ ਵਿੱਚ ਇੱਕ ਖਾਸ ਪੈਟਰਨ ਦੇਖਿਆ ਗਿਆ ਹੈ, ਜਿੱਥੇ ਘੱਟਗਿਣਤੀ (ਖਾਸ ਕਰਕੇ ਮੁਸਲਮਾਨ) ਭੀੜ ਦੇ ਨਿਸ਼ਾਨੇ 'ਤੇ ਹੁੰਦੇ ਹਨ। ਅਤੇ ਇਸ ਤੋਂ ਵੀ ਵੱਧ ਦੁਖਦਾਈ ਇਹ ਹੈ ਕਿ ਜਦੋਂ ਇਹਨਾਂ ਮਾਮਲਿਆਂ ਵਿੱਚ ਕਾਨੂੰਨ ਆਪਣਾ ਕੰਮ ਕਰਦਾ ਹੈ, ਤਾਂ ਦੋਸ਼ੀਆਂ, ਕਾਤਲਾਂ ਨੂੰ 'ਸ਼ਹੀਦ' ਜਾਂ 'ਧਰਮ ਰੱਖਿਅਕ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨਰਮਦਾਪੁਰਮ ਕੋਰਟ ਦਾ ਇਹ ਫੈਸਲਾ ਉਹਨਾਂ ਲੋਕਾਂ ਲਈ ਇੱਕ ਕਰਾਰੀ ਸੱਟ ਹੈ ਜੋ ਭੀੜ ਦਾ ਹਿੱਸਾ ਬਣ ਕੇ ਖੁਦ ਨੂੰ ਕਾਨੂੰਨ ਤੋਂ ਉੱਪਰ ਸਮਝਦੇ ਹਨ। ਪਰ ਪ੍ਰਸ਼ਾਸਨ ਅਤੇ ਸਰਕਾਰ ਦੀ ਅਸਲ ਪ੍ਰੀਖਿਆ ਹੁਣ ਸ਼ੁਰੂ ਹੁੰਦੀ ਹੈ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕਿਸੇ ਵੀ ਜੱਜ, ਗਵਾਹ ਜਾਂ ਪੀੜਤ ਪਰਿਵਾਰ ਨੂੰ ਡਰਾਇਆ-ਧਮਕਾਇਆ ਨਾ ਜਾ ਸਕੇ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਜੇਕਰ ਇਨਸਾਫ਼ ਕਰਨ ਦੇ ਬਦਲੇ ਕਿਸੇ ਜੱਜ ਨੂੰ ਆਪਣੀ ਜਾਨ ਦੀ ਸੁਰੱਖਿਆ ਮੰਗਣੀ ਪਵੇ, ਤਾਂ ਸਮਾਜ ਵਿੱਚ ਇਹ ਸੰਦੇਸ਼ ਜਾਂਦਾ ਹੈ ਕਿ ਕਾਨੂੰਨ ਦਾ ਰਾਜ ਕਮਜ਼ੋਰ ਹੋ ਰਿਹਾ ਹੈ ਤੇ ਭੀੜਤੰਤਰ ਮਜ਼ਬੂਤ। ਇਸ ਸੋਚ ਨੂੰ ਬਦਲਣਾ ਹੋਵੇਗਾ। ਨਿਆਂ ਦਾ ਸਤਿਕਾਰ ਹਰ ਹਾਲ ਵਿੱਚ ਹੋਣਾ ਚਾਹੀਦਾ ਹੈ, ਚਾਹੇ ਅਪਰਾਧੀ ਕੋਈ ਵੀ ਹੋਵੇ ਅਤੇ ਉਸਦੀ ਰਾਜਨੀਤਿਕ ਜਾਂ ਧਾਰਮਿਕ ਪਛਾਣ ਕੁਝ ਵੀ ਕਿਉਂ ਨਾ ਹੋਵੇ।

# ਫ਼ੀਫਾ ਵਿਸ਼ਵ ਕੱਪ 2026: ਗਲੋਬਲ ਸਟੇਜ 'ਤੇ ਸਿੰਘ ਦੀ ਦਸਤਕ, ਰਚਿਆ ਇਤਿਹਾਸ !

## ✪ ਮੈਦਾਨ ਭਾਵੇਂ ਫੁੱਟਬਾਲ ਦਾ ਹੋਵੇ, 'ਸਿੰਘ' ਤੋਂ ਬਿਨਾਂ ਅਧੂਰਾ ਹੈ ਵਿਸ਼ਵ ਕੱਪ ✪ ਸਰਪ੍ਰੀਤ ਸਿੰਘ ਨੇ ਫ਼ੀਫਾ ਵਿਚ ਗੱਡਿਆ ਝੰਡਾ

### ਖਾਸ ਖਬਰ

ਫ਼ੀਫਾ ਵਿਸ਼ਵ ਕੱਪ 2026 ਸਿਰਫ਼ ਫੁੱਟਬਾਲ ਦੇ ਮਹਾਂਕੁੰਭ ਵਜੋਂ ਹੀ ਨਹੀਂ, ਸਗੋਂ ਗਲੋਬਲ ਖੇਡ ਜਗਤ ਵਿੱਚ ਸਿੱਖ ਭਾਈਚਾਰੇ ਦੀ ਵਧ ਰਹੀ ਭੂਮਿਕਾ ਅਤੇ ਚੜ੍ਹਦੀ ਕਲਾ ਦੇ ਪ੍ਰਤੀਕ ਵਜੋਂ ਵੀ ਯਾਦ ਰੱਖਿਆ ਜਾਵੇਗਾ। ਹਾਲਾਂਕਿ ਭਾਰਤ ਇਸ ਵਾਰ ਵੀ ਵਿਸ਼ਵ ਕੱਪ ਦੀ ਮੁੱਖ ਦੌੜ ਤੋਂ ਬਾਹਰ ਹੈ, ਪਰ ਮੈਦਾਨ ਦੇ ਅੰਦਰ ਅਤੇ ਬਾਹਰ 'ਸਿੰਘਾਂ' ਦੀ ਮੌਜੂਦਗੀ ਨੇ ਪੰਜਾਬੀਆਂ ਦਿ ਨਾਮ ਰੋਸ਼ਨ ਕੀਤਾ ਹੈ।

ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਵੱਧ ਮਾਣ ਵਾਲੀ ਗੱਲ ਸਰਪ੍ਰੀਤ ਸਿੰਘ ਦਾ ਨਿਊਜ਼ੀਲੈਂਡ ਦੀ ਰਾਸ਼ਟਰੀ ਟੀਮ ਵੱਲੋਂ ਫ਼ੀਫਾ ਵਿਸ਼ਵ ਕੱਪ ਵਿੱਚ ਖੇਡਣਾ ਹੈ। ਉਹ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਹਿੱਸਾ ਲੈਣ ਵਾਲੇ ਪਹਿਲੇ ਸਿੱਖ ਖਿਡਾਰੀ ਬਣ ਕੇ ਇੱਕ ਨਵਾਂ ਇਤਿਹਾਸ ਸਿਰਜ ਰਹੇ ਹਨ।

### ਪ੍ਰਵਾਸੀ ਪੰਜਾਬੀਆਂ ਦਾ ਖੇਡ ਸਫ਼ਰ: ਸੰਸਾਰਪੁਰ ਤੋਂ ਨਿਊਜ਼ੀਲੈਂਡ ਤੱਕ

ਸਰਪ੍ਰੀਤ ਸਿੰਘ ਦਾ ਇਹ ਸਫ਼ਰ ਅਚਾਨਕ ਨਹੀਂ ਹੈ, ਸਗੋਂ ਇਹ ਪੰਜਾਬੀਆਂ ਦੇ ਖੇਡ ਜੀਨ ਅਤੇ ਮਿਹਨਤ ਦਾ ਪ੍ਰਮਾਣ ਹੈ। ਉਹਨਾਂ ਦੇ ਪਰਿਵਾਰ ਦੀਆਂ ਜੜ੍ਹਾਂ ਪੰਜਾਬ ਦੇ ਮਸ਼ਹੂਰ ਪਿੰਡ




ਸੰਸਾਰਪੁਰ ਨਾਲ ਜੁੜੀਆਂ ਹੋਈਆਂ ਹਨ, ਜਿਸ ਨੂੰ ਅੰਤਰਰਾਸ਼ਟਰੀ ਹਾਕੀ ਖਿਡਾਰੀ ਪੈਦਾ ਕਰਨ ਦੀ ਫੈਕਟਰੀ ਕਿਹਾ ਜਾਂਦਾ ਹੈ।

ਇੱਕ ਇਤਿਹਾਸਕ ਯਾਦ: ਇਹ ਸਥਿਤੀ ਸਾਲ 2008 ਦੀਆਂ ਬੀਜਿੰਗ ਓਲੰਪਿਕਸ ਦੀ ਯਾਦ ਦਿਵਾਉਂਦੀ ਹੈ, ਜਦੋਂ ਭਾਰਤੀ ਹਾਕੀ ਟੀਮ ਕੁਆਲੀਫਾਈ ਨਹੀਂ ਕਰ ਸਕੀ ਸੀ, ਪਰ ਕੈਨੇਡਾ ਦੀ ਟੀਮ ਵਿੱਚ ਬਿੰਦੀ ਕੁਲਾਰ ਸਮੇਤ ਕਈ ਪੰਜਾਬੀ ਸਿੱਖ ਖਿਡਾਰੀ ਭਾਰਤ ਦੀ ਨੁਮਾਇੰਦਗੀ ਦਾ ਅਹਿਸਾਸ ਕਰਵਾ ਰਹੇ ਸਨ। ਅੱਜ ਸਰਪ੍ਰੀਤ ਸਿੰਘ ਫੁੱਟਬਾਲ ਵਿੱਚ ਉਹੀ ਇਤਿਹਾਸ ਦੁਹਰਾ ਰਹੇ ਹਨ। 2006 ਵਿੱਚ ਫਰਾਂਸ ਵੱਲੋਂ ਖੇਡਣ ਵਾਲੇ ਵਿਕਾਸ ਧੋਰਾਸੂ ਤੋਂ ਬਾਅਦ, ਉਹ ਵਿਸ਼ਵ ਕੱਪ ਖੇਡਣ ਵਾਲੇ ਪਹਿਲੇ ਭਾਰਤੀ-ਪੰਜਾਬੀ ਮੂਲ ਦੇ ਖਿਡਾਰੀ ਹਨ।

### ਅਮਰੀਕਾ ਵਿਚ ਸਿੱਖਾਂ ਦਾ ਯੋਗਦਾਨ

ਉੱਤਰੀ ਅਮਰੀਕਾ (ਅਮਰੀਕਾ, ਕੈਨੇਡਾ ਅਤੇ ਮੈਕਸੀਕੋ) ਵਿੱਚ ਹੋ ਰਹੇ ਇਸ ਸਭ ਤੋਂ ਵੱਡੇ ਵਿਸ਼ਵ ਕੱਪ ਵਿੱਚ ਸਿੱਖ ਭਾਈਚਾਰੇ ਦਾ ਯੋਗਦਾਨ ਕੇਵਲ ਖੇਡ ਤੱਕ ਸੀਮਤ ਨਹੀਂ ਹੈ। ਸੁਰੱਖਿਆ, ਟ੍ਰਾਂਸਪੋਰਟ, ਲੌਜਿਸਟਿਕਸ ਅਤੇ ਆਈ.ਟੀ. ਵਰਗੇ ਅਹਿਮ ਖੇਤਰਾਂ ਵਿੱਚ ਹਜ਼ਾਰਾਂ ਸਿੱਖ ਨੌਜਵਾਨ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਪੀੜ੍ਹੀਆਂ ਤੋਂ ਉੱਥੇ ਰਹਿ ਰਹੇ ਪ੍ਰਵਾਸੀ ਵਲੰਟੀਅਰ ਵਜੋਂ ਦਿਨ-ਰਾਤ ਸੇਵਾ ਨਿਭਾ ਰਹੇ ਹਨ। ਇਹ ਪ੍ਰਵਾਸ ਵਿੱਚ ਸਿੱਖਾਂ ਦੀ ਸਖ਼ਤ ਮਿਹਨਤ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਦਰਸਾਉਂਦਾ ਹੈ।

### ਇੱਕ ਨਵੀਂ ਸ਼ੁਰੂਆਤ ਅਤੇ ਉਮੀਦ

ਨਿਊਜ਼ੀਲੈਂਡ ਦੀ ਟੀਮ ਗਰੁੱਪ-ਜੀ ਵਿੱਚ ਇਰਾਨ, ਮਿਸਰ ਅਤੇ ਬੈਲਜੀਅਮ ਵਰਗੀਆਂ ਮਜ਼ਬੂਤ ਟੀਮਾਂ ਨਾਲ ਮੁਕਾਬਲਾ ਕਰ ਰਹੀ ਹੈ। ਪਰ ਸਰਪ੍ਰੀਤ ਸਿੰਘ ਦੀ ਮੈਦਾਨ 'ਤੇ ਮੌਜੂਦਗੀ ਨਤੀਜਿਆਂ ਤੋਂ ਪਰੇ ਜਾ ਕੇ ਦੁਨੀਆ ਭਰ ਦੇ ਕਰੋੜਾਂ ਸਿੱਖਾਂ ਅਤੇ ਭਾਰਤੀ ਨੌਜਵਾਨਾਂ ਲਈ ਇੱਕ ਵੱਡੀ ਪ੍ਰੇਰਣਾ ਹੈ।

ਸਰਪ੍ਰੀਤ ਸਿੰਘ ਦੀ ਇਹ ਪ੍ਰਾਪਤੀ ਸਾਬਤ ਕਰਦੀ ਹੈ ਕਿ ਜੇਕਰ ਮੌਕਾ ਮਿਲੇ ਤਾਂ ਪੰਜਾਬੀ ਨੌਜਵਾਨ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਜਾ ਕੇ, ਕਿਸੇ ਵੀ ਖੇਡ ਵਿੱਚ ਆਪਣੀ ਪਛਾਣ ਅਤੇ ਵਿਲੱਖਣਤਾ ਦਾ ਲੋਹਾ ਮਨਵਾ ਸਕਦੇ ਹਨ। ਦੁਨੀਆ ਭਰ ਦੇ ਖੇਡ ਪ੍ਰੇਮੀਆਂ ਵੱਲੋਂ ਇਸ ਇਤਿਹਾਸਕ ਪਾਰੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਪੰਜਾਬ ਵਿਚ ਦਲਿਤਾਂ ਨਾਲ ਵਿਤਕਰੇ ਬਹੁਤ ਘਟ

ਪੰਜਾਬ ਦੇ ਦਲਿਤ ਜਾਂ ਸਮਾਜਿਕ ਸੰਗਠਨ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਹੁੰਦੇ ਅੱਤਿਆਚਾਰਾਂ ਖਿਲਾਫ ਚੁਪ ਹਨ। ਪੰਜਾਬ ਵਿੱਚ ਜਦੋਂ ਵੀ ਅਜਿਹੀਆਂ ਵੱਡੀਆਂ ਘਟਨਾਵਾਂ (ਜਿਵੇਂ ਹਾਥਰਸ ਕਾਂਡ ਜਾਂ ਹੁਣ ਉਤਰਾਖੰਡ ਦੀ ਘਟਨਾ) ਹੁੰਦੀਆਂ ਹਨ, ਤਾਂ ਪੰਜਾਬ ਦੀਆਂ ਦਲਿਤ ਜਥੇਬੰਦੀਆਂ, ਖੇਤ ਮਜ਼ਦੂਰ ਯੂਨੀਅਨਾਂ ਅਤੇ ਖੱਬੇਪੱਖੀ ਸੰਗਠਨ ਦਲਿਤ ਲੀਡਰਸ਼ਿਪ ਚੁਪ ਰਹਿੰਦੀ ਹੈ।

ਇਹ ਬਿਲਕੁਲ ਸੱਚ ਹੈ ਕਿ ਸਿੱਖ ਧਰਮ ਦੇ ਸਿਧਾਂਤਾਂ ਵਿੱਚ ਜਾਤੀਵਾਦ ਲਈ ਕੋਈ ਥਾਂ ਨਹੀਂ ਹੈ। ਗੁਰੂ ਸਾਹਿਬਾਨ ਨੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਅਤੇ 'ਸੰਗਤ-ਪੰਗਤ' ਦਾ ਸੰਕਲਪ ਦੇ ਕੇ ਜਾਤੀਵਾਦ ਦੀਆਂ ਜੜ੍ਹਾਂ 'ਤੇ ਸੱਟ ਮਾਰੀ ਸੀ। ਇਸੇ ਕਾਰਨ ਪੰਜਾਬ ਵਿੱਚ ਦੂਜੇ ਰਾਜਾਂ (ਜਿਵੇਂ ਯੂ.ਪੀ., ਬਿਹਾਰ ਜਾਂ ਰਾਜਸਥਾਨ) ਵਾਂਗ ਖੁੱਲ੍ਹੇਆਮ ਛੂਆ-ਛੂਤ, ਮੰਦਰਾਂ ਵਿੱਚ ਜਾਣ ਤੋਂ ਰੋਕਣਾ, ਜਾਂ ਦਲਿਤਾਂ 'ਤੇ ਬੇਰਹਿਮੀ ਨਾਲ ਹਿੰਸਾ ਵਰਗੇ ਮਾਮਲੇ ਨਾਮਾਤਰ ਜਾਂ ਬਹੁਤ ਘੱਟ ਹਨ।

ਪੰਜਾਬ ਵਿੱਚ ਜਿਸ ਟਕਰਾਅ ਨੂੰ ਬਾਹਰਲੇ ਮੀਡੀਆ ਜਾਂ ਸਿਆਸਤਦਾਨਾਂ ਵੱਲੋਂ "ਜਾਤੀਵਾਦ" ਦਾ ਨਾਂ ਦਿੱਤਾ ਜਾਂਦਾ ਹੈ, ਉਹ ਅਸਲ ਵਿੱਚ ਜਾਤੀਗਤ ਨਫ਼ਰਤ ਨਹੀਂ, ਬਲਕਿ ਜਮਾਤੀ ਅਤੇ ਆਰਥਿਕ ਟਕਰਾਅ ਹੈ।

ਪੰਜਾਬ ਦਾ ਪੇਂਡੂ ਅਰਥਚਾਰਾ 'ਕਿਸਾਨ' (ਜੋ ਮੁੱਖ ਤੌਰ 'ਤੇ ਜੱਟ ਸਿੱਖ ਹਨ) ਅਤੇ 'ਖੇਤ ਮਜ਼ਦੂਰ' (ਜੋ ਮੁੱਖ ਤੌਰ 'ਤੇ ਦਲਿਤ ਹਨ) ਦੇ ਆਪਸੀ ਸਹਿਯੋਗ 'ਤੇ ਟਿਕਿਆ ਹੋਇਆ ਹੈ। ਦੋਵੇਂ ਇੱਕ-ਦੂਜੇ ਤੋਂ ਬਿਨਾਂ ਅਧੂਰੇ ਹਨ।

ਜਦੋਂ ਹਰੇ ਇਨਕਲਾਬ ਤੋਂ ਬਾਅਦ ਖੇਤੀ ਸੰਕਟ ਵਧਿਆ, ਤਾਂ ਕਿਸਾਨਾਂ ਦੀ ਆਮਦਨ ਘਟੀ ਅਤੇ ਮਜ਼ਦੂਰਾਂ ਦੀ ਰੋਜ਼ੀ-ਰੋਟੀ 'ਤੇ ਅਸਰ ਪਿਆ। ਦਿਹਾੜੀ ਦੇ ਰੇਟ, ਪੰਚਾਇਤੀ ਜ਼ਮੀਨਾਂ ਦੇ ਠੇਕੇ, ਜਾਂ ਕਰਜ਼ੇ ਨੂੰ ਲੈ ਕੇ ਹੋਣ ਵਾਲੇ ਵਿਵਾਦ ਆਰਥਿਕ ਹਿੱਤਾਂ ਦੀ ਲੜਾਈ ਹਨ। ਇਸ ਨੂੰ ਯੂ.ਪੀ.-ਬਿਹਾਰ ਵਾਂਗ "ਸਵਰਨ ਬਨਾਮ ਦਲਿਤ" ਦੀ ਖੂਨੀ ਜੰਗ ਦੇ ਚਸ਼ਮੇ ਤੋਂ ਦੇਖਣਾ ਪੂਰੀ ਤਰ੍ਹਾਂ ਗਲਤ ਹੈ।

ਪੰਜਾਬ ਵਿੱਚ 'ਜੱਟ' ਕੋਈ ਮਨੂੰਵਾਦੀ 'ਬ੍ਰਾਹਮਣਵਾਦੀ ਸਰਵਉੱਚਤਾ' ਵਾਲਾ ਸੰਕਲਪ ਨਹੀਂ ਹੈ, ਬਲਕਿ ਇਹ ਇੱਕ ਕਬਾਇਲੀ ਅਤੇ ਸੱਭਿਆਚਾਰਕ ਪਛਾਣ ਹੈ ਜੋ ਜ਼ਮੀਨ ਨਾਲ ਜੁੜੀ ਹੋਈ ਹੈ।

ਪੰਜਾਬ ਦੇ ਗੀਤਾਂ ਵਿੱਚ ਜੋ 'ਜੱਟਵਾਦ' (ਜਿਵੇਂ ਹਥਿਆਰ, ਗੱਡੀਆਂ, ਜ਼ਮੀਨਾਂ ਦਾ ਦਿਖਾਵਾ) ਦਿਸਦਾ ਹੈ, ਉਹ ਇੱਕ ਸੱਭਿਆਚਾਰਕ ਹੰਕਾਰ ਹੈ। ਇਹ ਹੰਕਾਰ ਦੂਜੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ ਹੈ, ਪਰ ਇਸ ਦੇ ਪਿੱਛੇ ਦੂਜੇ ਸਮੂਹ ਦਾ ਸਰੀਰਕ ਸ਼ੋਸ਼ਣ ਕਰਨ ਜਾਂ ਉਨ੍ਹਾਂ ਨੂੰ ਗੁਲਾਮ ਰੱਖਣ ਦੀ ਕੋਈ ਸੰਸਥਾਗਤ ਸੋਚ ਨਹੀਂ ਹੁੰਦੀ, ਜਿਵੇਂ ਕਿ ਭਾਰਤ ਦੇ ਹੋਰਨਾਂ ਹਿੱਸਿਆਂ ਵਿੱਚ ਦੇਖਣ ਨੂੰ ਮਿਲਦੀ ਹੈ।

ਸਿੱਖ ਇਤਿਹਾਸ ਨੇ ਪੰਜਾਬ ਦੇ ਦਲਿਤ ਭਾਈਚਾਰੇ ਅੰਦਰ ਅਜਿਹੀ "ਸਵੈ-ਮਾਣ ਅਤੇ ਦਲੇਰੀ" ਭਰ ਦਿੱਤੀ ਹੈ ਕਿ ਪੰਜਾਬ ਦਾ ਦਲਿਤ ਕਦੇ ਵੀ ਆਪਣੇ-ਆਪ ਨੂੰ ਲਾਚਾਰ ਜਾਂ ਕਮਜ਼ੋਰ ਨਹੀਂ ਮੰਨਦਾ। ਉਹ ਬਰਾਬਰ ਖੜ੍ਹ ਕੇ ਆਪਣੇ ਹੱਕਾਂ ਲਈ ਲੜਦਾ ਹੈ, ਜਿਸ ਕਾਰਨ ਇੱਥੇ ਉਤਰਾਖੰਡ ਜਾਂ ਰਾਜਸਥਾਨ ਵਰਗੀ ਇੱਕਤਰਫ਼ਾ ਵਹਿਸ਼ੀਆਨਾ ਹਿੰਸਾ ਸੰਭਵ ਹੀ ਨਹੀਂ ਹੈ।

ਇਥੇ ਜ਼ਿਕਰਯੋਗ ਹੈ ਕਿ ਕੁਦਰਤੀ ਬਿਪਤਾਵਾਂ (ਜਿਵੇਂ ਹੜ੍ਹ ਜਾਂ ਕੋਰੋਨਾ ਕਾਲ) ਵਿੱਚ ਇਹ ਭਾਈਚਾਰੇ ਇੱਕ ਹੋ ਜਾਂਦੇ ਹਨ। ਇਹ ਸਾਬਤ ਕਰਦਾ ਹੈ ਕਿ ਪੰਜਾਬ ਦੇ ਪਿੰਡਾਂ ਵਿੱਚ ਇੱਕ "ਸਮਾਜਿਕ ਸੁਰੱਖਿਆ ਨੈੱਟਵਰਕ" ਕੰਮ ਕਰਦਾ ਹੈ।

ਜਦੋਂ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਅੰਦੋਲਨ ਚੱਲ ਰਿਹਾ ਸੀ, ਤਾਂ ਪਿੰਡਾਂ ਵਿੱਚੋਂ ਦਲਿਤ ਮਜ਼ਦੂਰਾਂ ਨੇ ਕਿਸਾਨਾਂ ਦੇ ਖੇਤਾਂ ਦੀ ਰਾਖੀ ਕੀਤੀ ਅਤੇ ਅੰਦੋਲਨ ਵਿੱਚ ਸ਼ਮੂਲੀਅਤ ਕੀਤੀ।

ਜਦੋਂ ਪਿੰਡ 'ਤੇ ਮੁਸੀਬਤ ਆਉਂਦੀ ਹੈ, ਤਾਂ ਸਾਂਝਾ ਲੰਗਰ ਚੱਲਦਾ ਹੈ। ਇਹ ਸਾਂਝ ਕਿਸੇ ਕਾਨੂੰਨ ਜਾਂ ਸਰਕਾਰੀ ਆਦੇਸ਼ ਨਾਲ ਨਹੀਂ, ਬਲਕਿ ਸਦੀਆਂ ਪੁਰਾਣੀ 'ਪੇਂਡੂ ਸਾਂਝ' ਅਤੇ ਗੁਰੂ ਸਾਹਿਬ ਦੇ ਸੇਵਾ ਦੇ ਸਿਧਾਂਤ ਵਿੱਚੋਂ ਨਿਕਲਦੀ ਹੈ।

ਮੌਲਿਕ ਪੱਖ ਤੋਂ ਸਭ ਤੋਂ ਵੱਡਾ ਸੱਚ ਇਹ ਹੈ ਕਿ ਰਾਸ਼ਟਰਵਾਦੀ ਸਿਆਸਤ ਹਮੇਸ਼ਾ ਜਮਾਤੀ ਏਕੇ ਤੋਂ ਡਰਦੀ ਹੈ।

ਜੇਕਰ ਕਿਸਾਨ (ਜੱਟ) ਅਤੇ ਖੇਤ ਮਜ਼ਦੂਰ (ਦਲਿਤ) ਪੂਰੀ ਤਰ੍ਹਾਂ ਇੱਕ ਹੋ ਜਾਣ, ਤਾਂ ਪੰਜਾਬ ਵਿੱਚ ਇੱਕ ਅਜਿਹਾ ਵੱਡਾ ਸਿਆਸੀ ਅਤੇ ਆਰਥਿਕ ਬਦਲਾਅ ਆ ਸਕਦਾ ਹੈ ਜੋ ਮੌਜੂਦਾ ਹਾਕਮ ਜਮਾਤਾਂ ਦੇ ਕੰਟਰੋਲ ਤੋਂ ਬਾਹਰ ਹੋਵੇਗਾ। ਇਸ ਲਈ, ਪਿੰਡਾਂ ਦੇ ਛੋਟੇ-ਮੋਟੇ ਸਥਾਨਕ ਜਾਂ ਆਰਥਿਕ ਵਿਵਾਦਾਂ ਨੂੰ 'ਜਾਤੀਵਾਦ' ਦਾ ਰੰਗ ਦੇ ਕੇ ਮੀਡੀਆ ਅਤੇ ਸਿਆਸੀ ਪਾਰਟੀਆਂ ਦੁਆਰਾ ਹਵਾ ਦਿੱਤੀ ਜਾਂਦੀ ਹੈ, ਤਾਂ ਜੋ ਪੰਜਾਬ ਦੀ ਮੂਲ ਤਾਕਤ (ਸਾਂਝੀਵਾਲਤਾ) ਨੂੰ ਖੇਰੂੰ-ਖੇਰੂੰ ਰੱਖਿਆ ਜਾ ਸਕੇ।

ਪੰਜਾਬ ਵਿੱਚ ਸਮਾਜਿਕ ਅਸਮਾਨਤਾ ਦੇ ਕੁਝ ਅੰਸ਼ (ਜਿਵੇਂ ਵੱਖਰੇ ਸ਼ਮਸ਼ਾਨਘਾਟ ਜਾਂ ਵਿਆਹ-ਸ਼ਾਦੀਆਂ ਵੇਲੇ ਜਾਤ ਦੇਖਣਾ) ਅਜੇ ਵੀ ਮੌਜੂਦ ਹਨ, ਜੋ ਕਿ ਬਦਲਣੇ ਚਾਹੀਦੇ ਹਨ। ਪਰ ਇਸ ਨੂੰ ਭਾਰਤ ਦੇ ਹੋਰਨਾਂ ਹਿੱਸਿਆਂ ਵਰਗਾ "ਕੱਟੜ ਜਾਤੀਵਾਦ" ਕਹਿਣਾ ਪੰਜਾਬ ਦੀ ਅਸਲ ਰੂਹ ਅਤੇ ਇਤਿਹਾਸ ਨਾਲ ਬੇਇਨਸਾਫ਼ੀ ਹੈ। ਪੰਜਾਬ ਦਾ ਰਿਸ਼ਤਾ ਟਕਰਾਅ ਦਾ ਨਹੀਂ, ਬਲਕਿ 'ਗੂੜ੍ਹੀ ਆਰਥਿਕ ਅਤੇ ਸੱਭਿਆਚਾਰਕ ਸਾਂਝ' ਦਾ ਹੈ।

# ਲੁਧਿਆਣਾ ਵਿਚ ਕਾਨੂੰਨ ਹੱਥ ਵਿਚ ਲੈਣ ਦੀ ਖ਼ੌਫ਼ਨਾਕ ਵੀਡੀਓ

## ✪ ਕੱਪੜੇ ਦੀ ਦੁਕਾਨ ਤੋਂ ਮੋਬਾਈਲ ਚੋਰੀ ਕਰਨ ਵਾਲੇ ਨੌਜਵਾਨ ਦਾ ਅੱਧਾ ਸਿਰ ਮੁੰਨਿਆ, ਨੰਗਾ ਕਰਕੇ ਖੰਭੇ ਨਾਲ ਬੰਨ੍ਹਿਆ

ਲੁਧਿਆਣਾ-ਉਦਯੋਗਿਕ ਨਗਰੀ ਲੁਧਿਆਣਾ ਵਿੱਚ ਕਾਨੂੰਨ ਵਿਵਸਥਾ ਨੂੰ ਛਿੱਕੇ ਟੰਗ ਕੇ ਭੀੜ ਵੱਲੋਂ ਇੱਕ ਨੌਜਵਾਨ ਨੂੰ ਤਾਲਿਬਾਨੀ ਸਜ਼ਾ ਦੇਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਕੈਲਾਸ਼ ਨਗਰ ਰੋਡ 'ਤੇ ਇੱਕ ਕੱਪੜੇ ਦੀ ਦੁਕਾਨ ਤੋਂ ਮੋਬਾਈਲ ਫ਼ੋਨ ਚੋਰੀ ਕਰਕੇ ਭੱਜ ਰਹੇ ਦੋ ਨੌਜਵਾਨਾਂ ਵਿੱਚੋਂ ਇੱਕ ਨੂੰ ਸਥਾਨਕ ਲੋਕਾਂ ਅਤੇ ਰਾਹਗੀਰਾਂ ਨੇ ਦਬੋਚ ਲਿਆ। ਇਸ ਤੋਂ ਬਾਅਦ ਗੁੱਸੇ ਵਿੱਚ ਆਈ ਭੀੜ ਨੇ ਕਾਨੂੰਨ ਆਪਣੇ ਹੱਥ ਵਿੱਚ ਲੈਂਦੇ ਹੋਏ ਨੌਜਵਾਨ ਦਾ ਅੱਧਾ ਸਿਰ ਮੁੰਨ ਦਿੱਤਾ, ਉਸਨੂੰ ਅੱਧਾ ਨੰਗਾ ਕਰਕੇ ਬਿਜਲੀ ਦੇ ਖੰਭੇ ਨਾਲ ਬੰਨ੍ਹ ਦਿੱਤਾ ਅਤੇ ਉਸਦੀ ਛਾਤੀ 'ਤੇ "ਮੈਂ ਚੋਰ ਹਾਂ" ਲਿਖੀ ਹੋਈ ਪਰਚੀ ਚਿਪਕਾ ਦਿੱਤੀ।

### ਦੁਪਹਿਰ ਦੇ ਖਾਣੇ ਵੇਲੇ ਵਾਪਰੀ ਵਾਰਦਾਤ

ਜਾਣਕਾਰੀ ਅਨੁਸਾਰ, ਕੈਲਾਸ਼ ਨਗਰ ਰੋਡ 'ਤੇ ਸਥਿਤ ਇੱਕ ਕੱਪੜੇ ਦੀ ਦੁਕਾਨ ਦਾ ਮਾਲਕ ਦੁਪਹਿਰ ਦੇ ਖਾਣੇ ਤੋਂ ਬਾਅਦ ਆਪਣੀ ਦੁਕਾਨ ਦੇ ਅੰਦਰ ਆਰਾਮ ਕਰ ਰਿਹਾ ਸੀ। ਉਸ ਦਾ ਮੋਬਾਈਲ ਫ਼ੋਨ ਕੋਲ ਹੀ ਚਾਰਜਿੰਗ 'ਤੇ ਲੱਗਿਆ ਹੋਇਆ ਸੀ। ਇਸੇ ਦੌਰਾਨ ਮੌਕਾ ਤਾੜ ਕੇ ਦੋ ਸ਼ੱਕੀ ਨੌਜਵਾਨ ਦੁਕਾਨ ਦੇ ਅੰਦਰ ਦਾਖਲ ਹੋਏ ਅਤੇ ਚਾਰਜਿੰਗ 'ਤੇ ਲੱਗਿਆ ਮੋਬਾਈਲ ਫ਼ੋਨ ਚੁੱਕ ਕੇ ਭੱਜਣ ਲੱਗੇ।




### ਇੱਕ ਸਾਥੀ ਮੋਟਰਸਾਈਕਲ 'ਤੇ ਫਰਾਰ, ਦੂਜਾ ਚੜ੍ਹਿਆ ਭੀੜ ਦੇ ਹੱਥੇ

ਦੁਕਾਨਦਾਰ ਨੂੰ ਜਿਵੇਂ ਹੀ ਚੋਰੀ ਦਾ ਅਹਿਸਾਸ ਹੋਇਆ, ਉਸਨੇ ਤੁਰੰਤ ਰੌਲਾ ਪਾ ਦਿੱਤਾ। ਦੁਕਾਨਦਾਰ ਦਾ ਅਲਾਰਮ ਸੁਣ ਕੇ ਆਸ-ਪਾਸ ਦੇ ਲੋਕ ਅਤੇ ਰਾਹਗੀਰ ਇਕੱਠੇ ਹੋ ਗਏ ਅਤੇ ਭੱਜ ਰਹੇ ਚੋਰਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਇੱਕ ਚੋਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ, ਜਦਕਿ ਉਸਦੇ ਦੂਜੇ ਸਾਥੀ ਨੂੰ ਲੋਕਾਂ ਨੇ ਘੇਰ ਕੇ ਮੌਕੇ 'ਤੇ ਹੀ ਦਬੋਚ ਲਿਆ। ਤਲਾਸ਼ੀ ਦੌਰਾਨ ਕਾਬੂ ਕੀਤੇ ਗਏ ਨੌਜਵਾਨ ਕੋਲੋਂ ਇੱਕ ਤੇਜ਼ਧਾਰ ਹਥਿਆਰ ਵੀ ਬਰਾਮਦ ਹੋਇਆ ਹੈ।

### ਭੀੜ ਨੇ ਸਿਖਾਇਆ ਅਣਮਨੁੱਖੀ ਸਬਕ

ਗੁੱਸੇ 'ਚ ਆਏ ਲੋਕਾਂ ਨੇ ਪੁਲਿਸ ਨੂੰ ਬੁਲਾਉਣ ਦੀ ਬਜਾਏ ਨੌਜਵਾਨ ਨੂੰ ਖੁਦ ਹੀ ਸਜ਼ਾ ਦੇਣੀ ਸ਼ੁਰੂ ਕਰ ਦਿੱਤੀ। ਪਹਿਲਾਂ ਉਸਦਾ ਅੱਧਾ ਸਿਰ ਮੁੰਨਿਆ ਗਿਆ, ਫਿਰ ਕੱਪੜੇ ਪਾੜ ਕੇ ਅੱਧਾ ਨੰਗਾ ਕਰ ਦਿੱਤਾ ਅਤੇ ਬਾਜ਼ਾਰ ਦੇ ਵਿਚਕਾਰ ਇੱਕ ਖੰਭੇ ਨਾਲ ਬੰਨ੍ਹ ਦਿੱਤਾ। ਇੰਨਾ ਹੀ ਨਹੀਂ, ਲੋਕਾਂ ਨੇ ਕਾਗਜ਼ 'ਤੇ "ਮੈਂ ਚੋਰ ਹਾਂ" ਲਿਖ ਕੇ ਉਸਦੀ ਛਾਤੀ 'ਤੇ ਲਗਾ ਦਿੱਤਾ ਤਾਂ ਜੋ ਉੱਥੋਂ ਲੰਘਣ ਵਾਲਾ ਹਰ ਕੋਈ ਉਸਦਾ ਤਮਾਸ਼ਾ ਦੇਖ ਸਕੇ।

### ਪੁਲਿਸ ਦਾ ਪੱਖ

ਇਸ ਪੂਰੇ ਮਾਮਲੇ ਬਾਰੇ ਜਦੋਂ ਇਲਾਕੇ ਦੇ ਐਸਐਚਓ ਜਸਬੀਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਹੈਰਾਨੀਜਨਕ ਬਿਆਨ ਦਿੰਦਿਆਂ ਕਿਹਾ ਕਿ ਫਿਲਹਾਲ ਉਨ੍ਹਾਂ ਨੂੰ ਇਸ ਘਟਨਾ ਬਾਰੇ ਕੋਈ ਜਾਣਕਾਰੀ ਨਹੀਂ ਹੈ। ਭਾਵੇਂ ਨੌਜਵਾਨ ਕੋਲੋਂ ਤੇਜ਼ਧਾਰ ਹਥਿਆਰ ਮਿਲਿਆ ਹੈ ਅਤੇ ਉਹ ਚੋਰੀ ਦੀ ਨੀਅਤ ਨਾਲ ਆਇਆ ਸੀ, ਪਰ ਸਵਾਲ ਇਹ ਉੱਠਦਾ ਹੈ ਕਿ ਕੀ ਮਹਾਨਗਰ ਲੁਧਿਆਣਾ ਵਿੱਚ ਕਾਨੂੰਨ ਦਾ ਡਰ ਇੰਨਾ ਖ਼ਤਮ ਹੋ ਚੁੱਕਾ ਹੈ ਕਿ ਲੋਕ ਸ਼ਰੇਆਮ ਕਿਸੇ ਨੂੰ ਬੰਨ੍ਹ ਕੇ ਅਜਿਹੀ ਸਜ਼ਾ ਦੇ ਰਹੇ ਹਨ? ਫਿਲਹਾਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ।

# 2027 ਦੀ ਜੰਗ ਲਈ ਸੁਖਬੀਰ ਬਾਦਲ ਦੀ ਵੱਡੀ ਘੇਰਾਬੰਦੀ

# 'ਯੂਥ ਬ੍ਰਿਗੇਡ' ਦੇ ਸਿਰ 'ਤੇ ਸੱਤਾ ਵਾਪਸੀ ਦੀ ਤਿਆਰੀ !

**✪ ਵਿਰੋਧੀਆਂ ਨੂੰ ਸੁਖਬੀਰ ਬਾਦਲ ਦੀ ਸਿੱਧੀ ਚੁਣੌਤੀ, 84 ਹਲਕਿਆਂ ਵਿਚ ਨੌਜਵਾਨ ਜਰਨੈਲ ਤਾਇਨਾਤ ✪ ਸੁਖਬੀਰ ਬਾਦਲ ਦਾ ਸਿਆਸੀ ਮਾਸਟਰਸਟ੍ਰੋਕ: ਨੌਜਵਾਨ ਸ਼ਕਤੀ ਦੇ ਭਰੋਸੇ ਅਕਾਲੀ ਦਲ ਲੜੇਗਾ 2027 ਦੀ ਲੜਾਈ**

ਖਾਸ ਖਬਰ

ਪੰਜਾਬ ਦੀ ਸਿਆਸਤ ਵਿੱਚ ਉਹੀ ਪਾਰਟੀ ਲੰਬੀ ਰੇਸ ਦੀ ਘੋੜੀ ਸਾਬਤ ਹੁੰਦੀ ਹੈ ਜੋ ਸਮੇਂ ਸਿਰ ਆਪਣੇ ਸੰਗਠਨ ਨੂੰ ਮਜ਼ਬੂਤ ਕਰਕੇ ਮੈਦਾਨ ਵਿੱਚ ਉਤਰਦੀ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਲਿਆ ਗਿਆ ਤਾਜ਼ਾ ਫੈਸਲਾ ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਸਿਆਸੀ ਪਕੜ ਦਾ ਪ੍ਰਗਟਾਵਾ ਕਰਦਾ ਹੈ। ਪੰਜਾਬ ਦੇ 84 ਵਿਧਾਨ ਸਭਾ ਹਲਕਿਆਂ ਵਿੱਚ ਯੂਥ ਵਿੰਗ ਦੇ ਪ੍ਰਧਾਨਾਂ ਦਾ ਐਲਾਨ ਕਰਕੇ ਸੁਖਬੀਰ ਬਾਦਲ ਨੇ ਨਾ ਸਿਰਫ਼ ਵਿਰੋਧੀਆਂ ਨੂੰ ਸਿੱਧੀ ਚੁਣੌਤੀ ਦਿੱਤੀ ਹੈ, ਬਲਕਿ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਅਕਾਲੀ ਦਲ ਪੰਜਾਬ ਦੀ ਸੱਤਾ ਵਿੱਚ ਵਾਪਸੀ ਲਈ ਪੂਰੀ ਤਰ੍ਹਾਂ ਗੰਭੀਰ ਹੈ।

### ਨੌਜਵਾਨ ਸ਼ਕਤੀ 'ਤੇ ਭਰੋਸਾ: ਸਹੀ ਦਿਸ਼ਾ ਵੱਲ ਕਦਮ

ਕਿਸੇ ਵੀ ਰਾਜਨੀਤਿਕ ਜਥੇਬੰਦੀ ਦੀ ਰੀੜ੍ਹ ਦੀ ਹੱਡੀ ਉਸ ਦਾ ਯੂਥ ਵਿੰਗ ਹੁੰਦਾ ਹੈ। ਸੁਖਬੀਰ ਸਿੰਘ ਬਾਦਲ ਨੇ ਯੂਥ ਵਿੰਗ ਦੇ ਪ੍ਰਧਾਨ ਸ. ਸਰਬਜੀਤ ਸਿੰਘ ਝਿੰਜਰ ਅਤੇ ਹਲਕਾ ਇੰਚਾਰਜਾਂ ਨਾਲ ਲੰਬੀ ਸਲਾਹ-ਮਸ਼ਵਰੇ ਤੋਂ ਬਾਅਦ ਜਿਸ ਤਰ੍ਹਾਂ ਮਿਹਨਤੀ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਅੱਗੇ ਲਿਆਂਦਾ ਹੈ, ਉਹ ਸ਼ਲਾਘਾਯੋਗ ਹੈ। ਅੱਜ ਦੇ ਦੌਰ ਵਿੱਚ ਜਿੱਥੇ ਪੰਜਾਬ ਦਾ ਨੌਜਵਾਨ ਸਿਆਸੀ ਦਿਸ਼ਾ-ਹੀਣਤਾ ਦਾ ਸ਼ਿਕਾਰ ਮਹਿਸੂਸ ਕਰ ਰਿਹਾ ਹੈ, ਉੱਥੇ ਅਕਾਲੀ ਦਲ ਵੱਲੋਂ ਨੌਜਵਾਨ ਚਿਹਰਿਆਂ ਨੂੰ ਲੀਡਰਸ਼ਿਪ ਸੌਂਪਣਾ ਪਾਰਟੀ ਵਿੱਚ ਨਵੀਂ ਰੂਹ ਫੂਕਣ ਦਾ ਕੰਮ ਕਰੇਗਾ।

### ਜ਼ਮੀਨੀ ਪੱਧਰ 'ਤੇ ਘੇਰਾਬੰਦੀ

ਡਾ. ਦਲਜੀਤ ਸਿੰਘ ਚੀਮਾ ਵੱਲੋਂ ਸਾਂਝੀ ਕੀਤੀ ਗਈ ਸੂਚੀ 'ਤੇ ਨਜ਼ਰ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਇਸ ਨਿਯੁਕਤੀ ਵਿੱਚ ਪੰਜਾਬ ਦੇ ਹਰ ਖੇਤਰ-ਮਾਝਾ, ਮਾਲਵਾ ਅਤੇ ਦੋਆਬਾ-ਨੂੰ ਬਰਾਬਰ ਅਹਿਮੀਅਤ ਦਿੱਤੀ ਗਈ ਹੈ। ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਜਲੰਧਰ, ਪਟਿਆਲਾ ਤੋਂ ਲੈ ਕੇ ਰੋਪੜ ਅਤੇ ਸੰਗਰੂਰ ਤੱਕ, ਹਰ ਹਲਕੇ ਦੇ ਸਮੀਕਰਨਾਂ ਨੂੰ



ਧਿਆਨ ਵਿੱਚ ਰੱਖ ਕੇ ਜ਼ਮੀਨੀ ਵਰਕਰਾਂ ਨੂੰ ਮਾਣ-ਸਤਿਕਾਰ ਦਿੱਤਾ ਗਿਆ ਹੈ। ਐਸ.ਸੀ (ਸ਼ਡ) ਰਾਖਵੇਂ ਹਲਕਿਆਂ ਅਤੇ ਸ਼ਹਿਰੀ-ਦਿਹਾਤੀ ਖੇਤਰਾਂ ਵਿੱਚ ਸੰਤੁਲਨ ਬਣਾ ਕੇ ਸੁਖਬੀਰ ਬਾਦਲ ਨੇ ਸੋਸ਼ਲ ਇੰਜੀਨੀਅਰਿੰਗ ਦਾ ਇੱਕ ਵਧੀਆ ਨਮੂਨਾ ਪੇਸ਼ ਕੀਤਾ ਹੈ।

ਮੁੱਖ ਨੁਕਤਾ: ਵਿਰੋਧੀ ਪਾਰਟੀਆਂ ਜਿੱਥੇ ਅਜੇ ਆਪਸੀ ਖਿੱਚੋਤਾਣ ਅਤੇ ਅੰਦਰੂਨੀ ਕਲਹ ਨਾਲ ਜੂਝ ਰਹੀਆਂ ਹਨ, ਉੱਥੇ ਸੁਖਬੀਰ ਬਾਦਲ ਨੇ ਬਿਨਾਂ ਸਮਾਂ ਗਵਾਏ 84 ਹਲਕਿਆਂ ਵਿੱਚ ਆਪਣੇ 'ਜਰਨੈਲ' ਮੈਦਾਨ ਵਿੱਚ ਉਤਾਰ ਕੇ ਪਹਿਲਕਦਮੀ ਹਾਸਲ ਕਰ ਲਈ ਹੈ।

ਇਸ ਮੁਹਿੰਮ ਰਾਹੀਂ ਸੁਖਬੀਰ ਸਿੰਘ ਬਾਦਲ ਨੇ ਸਿੱਧ ਕਰ ਦਿੱਤਾ ਹੈ ਕਿ ਉਹ ਕੇਵਲ ਚੋਣਾਂ ਵੇਲੇ ਸਰਗਰਮ ਹੋਣ ਵਾਲੇ ਆਗੂ ਨਹੀਂ, ਬਲਕਿ ਲੰਬੇ ਸਮੇਂ ਦੀ ਰਣਨੀਤੀ ਤਹਿਤ ਕੰਮ ਕਰਨ ਵਾਲੇ ਇੱਕ ਮਾਹਰ ਸੰਗਠਨਕਰਤਾ ਹਨ। ਨੌਜਵਾਨਾਂ ਨੂੰ ਇਹ ਜ਼ਿੰਮੇਵਾਰੀ ਮਿਲਣ ਨਾਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਪਾਰਟੀ ਦੀ ਗਤੀਵਿਧੀ ਤੇਜ਼ ਹੋਵੇਗੀ। ਵਿਰੋਧੀਆਂ ਲਈ ਹੁਣ ਅਕਾਲੀ ਦਲ ਦੀ ਇਸ ਨਵੀਂ ਅਤੇ ਜੋਸ਼ੀਲੀ 'ਯੂਥ ਬ੍ਰਿਗੇਡ' ਦਾ ਮੁਕਾਬਲਾ ਕਰਨਾ ਸੌਖਾ ਨਹੀਂ ਹੋਵੇਗਾ। ਸੁਖਬੀਰ ਬਾਦਲ ਦਾ ਇਹ ਕਦਮ 2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦਾ ਹੈ।

**ਅੰਮ੍ਰਿਤਸਰ ਪੁਲਿਸ ਦੀ ਵੱਡੀ ਸਫ਼ਲਤਾ**

## ਗ੍ਰਨੇਡ ਮਾਮਲੇ ਵਿਚ ਸ਼ਾਮਲ 2 ਹੋਰ ਮੁਲਜ਼ਮ ਹਥਿਆਰਾਂ ਤੇ 3 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ-ਪੰਜਾਬ ਵਿੱਚ ਦੇਸ਼-ਵਿਰੋਧੀ ਅਨਸਰਾਂ ਅਤੇ ਗੈਂਗਸਟਰਾਂ ਦੇ ਨੈੱਟਵਰਕ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਅੰਮ੍ਰਿਤਸਰ ਦੇਹਾਤ (ਸਪੈਸ਼ਲ) ਪੁਲਿਸ ਨੂੰ ਉਸ ਵੇਲੇ ਇੱਕ ਵੱਡੀ ਕਾਮਯਾਬੀ ਹਾਸਲ ਹੋਈ, ਜਦੋਂ ਪੁਲਿਸ ਨੇ ਪਿਛਲੇ ਦਿਨੀਂ ਮਿਲੇ ਗ੍ਰਨੇਡ ਮਾਮਲੇ ਦੀ ਕੜੀ ਜੋੜਦਿਆਂ ਦੋ ਹੋਰ ਸਰਗਰਮ ਮੁਲਜ਼ਮਾਂ ਨੂੰ ਦਬੋਚ ਲਿਆ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਭਾਰੀ ਮਾਤਰਾ ਵਿੱਚ ਨਾਜਾਇਜ਼ ਹਥਿਆਰ ਅਤੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ।

### ਭਾਰੀ ਮਾਤਰਾ ਵਿਚ ਹਥਿਆਰ ਅਤੇ ਹੈਰੋਇਨ ਬਰਾਮਦ

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਫੜੇ ਗਏ ਦੋਵਾਂ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 6 ਅਤਿ-ਆਧੁਨਿਕ ਪਿਸਤੌਲ ਅਤੇ 3 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਅਸਲਾ ਐਕਟ ਅਤੇ ਐੱਨ.ਡੀ.ਪੀ.ਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਗੈਂਗਸਟਰਾਂ ਨੂੰ ਸਪਲਾਈ ਹੋਣੇ ਸਨ ਹਥਿਆਰ; ਪੁਲਿਸ ਇਮਾਰਤਾਂ ਸਨ ਨਿਸ਼ਾਨੇ 'ਤੇ-ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ




ਹੈ ਕਿ ਬਰਾਮਦ ਕੀਤੇ ਗਏ ਇਹ ਸਾਰੇ ਪਿਸਤੌਲ ਪੰਜਾਬ ਵਿੱਚ ਸਰਗਰਮ ਵੱਖ-ਵੱਖ ਗੈਂਗਸਟਰਾਂ ਨੂੰ ਸਪਲਾਈ ਕੀਤੇ ਜਾਣੇ ਸਨ, ਤਾਂ ਜੋ ਸੂਬੇ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜ਼ਾਮ ਦਿੱਤਾ ਜਾ ਸਕੇ।

ਪਿਛਲੇ ਦਿਨੀਂ ਫੜੇ ਗਏ ਗ੍ਰਨੇਡ ਨੂੰ ਲੈ ਕੇ ਪੁਲਿਸ ਅਜੇ ਵੀ ਗੰਭੀਰਤਾ ਨਾਲ ਪੜਤਾਲ ਕਰ ਰਹੀ ਹੈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਗ੍ਰਨੇਡ ਕਿਹੜੀਆਂ ਪੁਲਿਸ ਇਮਾਰਤਾਂ ਜਾਂ ਸਰਕਾਰੀ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਲਈ ਭੇਜੇ ਗਏ ਸਨ। ਪੁਲਿਸ ਇਸ ਗੱਲ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਪਿੱਛੇ ਸਰਹੱਦ ਪਾਰ ਬੈਠੇ ਆਕਾਵਾਂ ਦਾ ਹੱਥ ਹੈ ਜਾਂ ਸਥਾਨਕ ਗੈਂਗਸਟਰਾਂ ਦੀ ਕੋਈ ਖ਼ਤਰਨਾਕ ਸਾਜ਼ਿਸ਼।

## ਅੰਮ੍ਰਿਤਸਰ ਪੁਲਿਸ ਵਲੋਂ ਦੁਬਈ ਤੋਂ ਚੱਲ ਰਹੇ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼

**✪ 30 ਕਿੱਲੋ ਹੈਰੋਇਨ ਸਣੇ 6 ਤਸਕਰ ਗ੍ਰਿਫ਼ਤਾਰ**

ਅੰਮ੍ਰਿਤਸਰ-ਪੰਜਾਬ ਵਿੱਚੋਂ ਨਸ਼ਾ ਤਸਕਰੀ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੂੰ ਇੱਕ ਬਹੁਤ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਸਰਹੱਦ ਪਾਰੋਂ ਚੱਲ ਰਹੇ ਇੱਕ ਅੰਤਰਰਾਸ਼ਟਰੀ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕਰਦਿਆਂ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ 30.045 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਮੁੱਢਲੀ ਜਾਂਚ ਦੌਰਾਨ ਪੁਲਿਸ ਦੇ ਹੱਥ ਕਈ ਅਹਿਮ ਸੁਰਾਗ ਲੱਗੇ ਹਨ, ਜਿਨ੍ਹਾਂ ਤੋਂ ਪਤਾ ਲੱਗਿਆ ਹੈ ਕਿ ਇਸ ਪੂਰੇ ਗਿਰੋਹ ਦੀਆਂ ਤਾਰਾਂ ਵਿਦੇਸ਼ ਨਾਲ ਜੁੜੀਆਂ ਹੋਈਆਂ ਹਨ:

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੁਬਈ ਵਿੱਚ ਬੈਠੇ ਇੱਕ ਵੱਡੇ ਨਸ਼ਾ ਤਸਕਰ ਦੇ ਸਿੱਧੇ ਸੰਪਰਕ ਵਿੱਚ ਸਨ। ਉਹੀ ਤਸਕਰ ਦੁਬਈ ਤੋਂ ਸਰਹੱਦ ਪਾਰ (ਪਾਕਿਸਤਾਨ) ਰਾਹੀਂ ਭਾਰਤ ਵਿੱਚ ਹੈਰੋਇਨ ਦੀਆਂ ਵੱਡੀਆਂ ਖੇਪਾਂ ਭੇਜਣ ਦੀ ਸਾਜ਼ਿਸ਼ ਰਚ ਰਿਹਾ ਸੀ। ਦੁਬਈ ਵਿੱਚ ਬੈਠੇ ਆਕਾ ਦੀਆਂ ਹਦਾਇਤਾਂ 'ਤੇ ਇਹ ਛੇ ਮੁਲਜ਼ਮ ਨਿਰਧਾਰਿਤ ਕੀਤੀਆਂ ਗਈਆਂ ਥਾਵਾਂ ਤੋਂ ਹੈਰੋਇਨ ਦੀ ਖੇਪ ਪ੍ਰਾਪਤ ਕਰਦੇ ਸਨ ਅਤੇ ਫਿਰ ਉਸ ਨੂੰ ਅੱਗੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕਰਦੇ ਸਨ।



ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ-ਇਸ ਵੱਡੀ ਬਰਾਮਦਗੀ ਅਤੇ ਗ੍ਰਿਫ਼ਤਾਰੀ ਤੋਂ ਬਾਅਦ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਮੁਲਜ਼ਮਾਂ ਖ਼ਿਲਾਫ਼ ਐਨ. ਡੀ. ਪੀ. ਐਸ. ਐਕਟ ਦੇ ਤਹਿਤ ਐਫ. ਆਈ. ਆਰ. ਦਰਜ ਕਰ ਲਈ ਗਈ ਹੈ।

ਹਵਾਲਾ ਅਤੇ ਵਿੱਤੀ ਲਿੰਕ ਦੀ ਜਾਂਚ ਜਾਰੀ: ਪੁਲਿਸ ਅਧਿਕਾਰੀਆਂ ਮੁਤਾਬਕ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਹੁਣ ਇਸ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਨੂੰ ਖੰਗਾਲ ਰਹੀ ਹੈ ਤਾਂ ਜੋ ਇਸ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕੀਤੀ ਜਾ ਸਕੇ। ਇਸ ਦੇ ਨਾਲ ਹੀ ਕਰੋੜਾਂ ਰੁਪਏ ਦੇ ਇਸ ਨਸ਼ਾ ਤਸਕਰੀ ਦੇ ਵਿੱਤੀ ਲੈਣ-ਦੇਣ ਅਤੇ ਸੰਭਾਵਿਤ ਹਵਾਲਾ ਕਨੈਕਸ਼ਨਾਂ ਦਾ ਪਤਾ ਲਗਾਉਣ ਲਈ ਵੀ ਪੁਲਿਸ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਜਲੰਧਰ ਤਹਿਸੀਲ ਵਿਚ ਵੱਡਾ ਫਰਜ਼ੀਵਾੜਾ ਨਾਕਾਮ

## ✪ 'ਆਪ' ਆਗੂ ਦੇ ਕਤਲ ਮਗਰੋਂ ਨੌਕਰ ਨੇ ਰਚੀ ਸੀ ਜ਼ਮੀਨ ਵੇਚਣ ਦੀ ਸਾਜ਼ਿਸ਼, ਪਰਿਵਾਰ ਨੇ ਮੌਕੇ 'ਤੇ ਫੜਿਆ

ਜਲੰਧਰ-ਜਲੰਧਰ ਤਹਿਸੀਲ-1 ਵਿੱਚ ਪ੍ਰਾਪਰਟੀ ਰਜਿਸਟਰੀ ਦਾ ਇੱਕ ਵੱਡਾ ਫਰਜ਼ੀਵਾੜਾ ਹੋਣੋਂ ਬਚ ਗਿਆ। ਜਲੰਧਰ ਦੇ ਇੱਕ ਚਰਚਿਤ 'ਆਪ' ਆਗੂ, ਜਿਨ੍ਹਾਂ ਦਾ ਕੁਝ ਮਹੀਨੇ ਪਹਿਲਾਂ ਮਾਡਲ ਟਾਊਨ ਦੇ ਇੱਕ ਧਾਰਮਿਕ ਸਥਾਨ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਨੌਕਰ ਦੀ ਨੀਅਤ ਬਦਲ ਗਈ। ਨੌਕਰ ਵੱਲੋਂ ਆਗੂ ਦੀ ਜ਼ਮੀਨ ਨੂੰ ਫਰਜ਼ੀ ਤਰੀਕੇ ਨਾਲ ਅੱਗੇ ਵੇਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸ ਨੂੰ ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਮੌਕੇ 'ਤੇ ਪਹੁੰਚ ਕੇ ਨਾਕਾਮ ਕਰ ਦਿੱਤਾ।




### ਕੀ ਹੈ ਪੂਰਾ ਮਾਮਲਾ?

ਮ੍ਰਿਤਕ 'ਆਪ' ਆਗੂ ਨੇ ਜਿਉਂਦੇ ਜੀਅ ਆਪਣੀ ਇੱਕ ਜ਼ਮੀਨ ਦੀ ਰਜਿਸਟਰੀ ਆਪਣੇ ਨੌਕਰ ਦੇ ਨਾਮ 'ਤੇ ਕਰਵਾਈ ਹੋਈ ਸੀ। ਆਗੂ ਦੇ ਕਤਲ ਤੋਂ ਬਾਅਦ ਨੌਕਰ ਨੇ ਉਸ ਜ਼ਮੀਨ ਦਾ ਸੌਦਾ ਕਿਸੇ ਹੋਰ ਪਾਰਟੀ ਨਾਲ ਕਰ ਲਿਆ। ਮੰਗਲਵਾਰ ਨੂੰ ਨੌਕਰ ਉਸ ਜ਼ਮੀਨ ਦੀ ਅੱਗੇ ਰਜਿਸਟਰੀ ਕਰਵਾਉਣ ਲਈ ਜਲੰਧਰ-1 ਤਹਿਸੀਲ ਵਿੱਚ ਪਹੁੰਚਿਆ ਹੋਇਆ ਸੀ ਅਤੇ ਰਜਿਸਟਰੀ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਸਨ।

### ਪਰਿਵਾਰ ਨੇ ਤਹਿਸੀਲ ਵਿਚ ਹੀ ਦਬੋਚਿਆ

ਜਦੋਂ ਇਸ ਸਾਜ਼ਿਸ਼ ਦੀ ਭਣਕ ਮ੍ਰਿਤਕ ਆਗੂ ਦੇ ਪਰਿਵਾਰਕ ਮੈਂਬਰਾਂ ਨੂੰ ਲੱਗੀ, ਤਾਂ ਉਨ੍ਹਾਂ ਨੇ ਤੁਰੰਤ ਤਹਿਸੀਲ ਪਹੁੰਚ ਕੇ ਨੌਕਰ ਨੂੰ ਮੌਕੇ 'ਤੇ ਹੀ ਫੜ ਲਿਆ। ਹੰਗਾਮਾ ਹੁੰਦਾ ਵੇਖ ਸਬ-ਰਜਿਸਟਰਾਰ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਰਜਿਸਟਰੀ ਦੀ ਅਪੁਆਇੰਟਮੈਂਟ ਨੂੰ ਰੱਦ ਕਰ ਦਿੱਤਾ।

ਹੈਰਾਨੀ ਦੀ ਗੱਲ ਇਹ ਰਹੀ ਕਿ ਮੌਕੇ 'ਤੇ ਮੌਜੂਦ ਪਰਿਵਾਰ ਵਾਲਿਆਂ ਨੇ ਇਸ ਧੋਖਾਧੜੀ ਦੇ ਬਾਵਜੂਦ ਤਹਿਸੀਲ ਅਫ਼ਸਰਾਂ ਜਾਂ ਪੁਲਿਸ ਨੂੰ ਕੋਈ ਲਿਖਤੀ ਸ਼ਿਕਾਇਤ ਨਹੀਂ ਦਿੱਤੀ ਅਤੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕਰਵਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ।

### ਤਹਿਸੀਲ ਦੀ ਕਾਰਜਸ਼ੈਲੀ 'ਤੇ ਖੜ੍ਹੇ ਹੋਏ ਵੱਡੇ ਸਵਾਲ

ਭਾਵੇਂ ਇਸ ਮਾਮਲੇ ਵਿੱਚ ਕੋਈ ਪੁਲਿਸ ਕਾਰਵਾਈ ਨਹੀਂ ਹੋਈ, ਪਰ ਇਸ ਘਟਨਾ ਨੇ ਜਲੰਧਰ ਤਹਿਸੀਲ-1 ਦੇ ਪ੍ਰਬੰਧਾਂ ਅਤੇ ਕਾਰਜਸ਼ੈਲੀ 'ਤੇ ਗੰਭੀਰ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ:

ਫੋਟੋ ਕਾਪੀ 'ਤੇ ਰਜਿਸਟਰੀ? ਸਭ ਤੋਂ ਵੱਡੀ ਲਾਪਰਵਾਹੀ ਇਹ ਸਾਹਮਣੇ ਆਈ ਕਿ ਪੁਰਾਣੀ ਰਜਿਸਟਰੀ ਦੀ ਸਿਰਫ਼ 'ਫੋਟੋ ਕਾਪੀ' ਦੇ ਅਧਾਰ 'ਤੇ ਹੀ ਅੱਗੇ ਨਵੀਂ ਰਜਿਸਟਰੀ ਦਾ ਸਾਰਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ, ਜਦਕਿ ਅਸਲ ਦਸਤਾਵੇਜ਼ਾਂ ਦੀ ਜਾਂਚ ਨਹੀਂ ਕੀਤੀ ਗਈ।

ਅਫ਼ਸਰਾਂ ਤੇ ਵਸੀਕਾ ਨਵੀਸਾਂ ਦਾ ਗੱਠਜੋੜ: ਇਸ ਮਾਮਲੇ ਨੇ ਇੱਕ ਵਾਰ ਫਿਰ ਤਹਿਸੀਲ ਦੇ ਅਫ਼ਸਰਾਂ ਅਤੇ ਵਸੀਕਾ ਨਵੀਸਾਂ ਦੇ ਵਿਚਕਾਰ ਚੱਲ ਰਹੇ ਕਥਿਤ ਗੱਠਜੋੜ ਅਤੇ ਮਿਲੀਭੁਗਤ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਫਿਲਹਾਲ ਪਰਿਵਾਰ ਦੀ ਮੁਸਤੈਦੀ ਕਾਰਨ ਇਹ ਫਰਜ਼ੀਵਾੜਾ ਤਾਂ ਰੁਕ ਗਿਆ, ਪਰ ਬਿਨਾਂ ਅਸਲ ਦਸਤਾਵੇਜ਼ਾਂ ਦੇ ਰਜਿਸਟਰੀ ਦੀ ਤਿਆਰੀ ਕਰਨਾ ਤਹਿਸੀਲ ਦੇ ਕੰਮਕਾਜ ਵਿੱਚ ਚੱਲ ਰਹੀ ਵੱਡੀ ਗੜਬੜੀ ਵੱਲ ਇਸ਼ਾਰਾ ਕਰਦਾ ਹੈ।

# ਲੁਧਿਆਣਾ ਵਿਚ ਹਾਈਵੇਅ 'ਤੇ ਗੁੰਡਾਗਰਦੀ: ਹਥਿਆਰਬੰਦ ਬਦਮਾਸ਼ਾਂ ਨੇ ਘੇਰਿਆ ਗੈਸ ਏਜੰਸੀ ਦਾ ਮੁਲਾਜ਼ਮ

## ✪ ਟਾਇਰ ਬਦਲਦੇ ਸਮੇਂ ਹਜ਼ਾਰਾਂ ਦੀ ਨਗਦੀ ਖੋਹ ਕੇ ਫ਼ਰਾਰ

ਲੁਧਿਆਣਾ-ਮਹਾਨਗਰ ਦੇ ਨੂਰਾਂ ਵਾਲਾ ਰੋਡ ਸਥਿਤ ਬਜਰੰਗ ਵਿਹਾਰ ਇਲਾਕੇ ਵਿੱਚ ਹਾਈਵੇਅ 'ਤੇ ਗੁੰਡਾਗਰਦੀ ਦਾ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੱਥੇ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਹਥਿਆਰਬੰਦ ਬਦਮਾਸ਼ਾਂ ਨੇ ਤੇਜ਼ਧਾਰ ਹਥਿਆਰਾਂ ਦੇ ਜ਼ੋਰ 'ਤੇ ਇੱਕ ਗੈਸ ਏਜੰਸੀ ਦੇ ਮੁਲਾਜ਼ਮ ਨੂੰ ਘੇਰ ਕੇ ਉਸ ਕੋਲੋਂ ਹਜ਼ਾਰਾਂ ਰੁਪਏ ਦੀ ਨਗਦੀ ਲੁੱਟ ਲਈ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਥਾਣਾ ਬਸਤੀ ਜੋਧੇਵਾਲ ਦੀ ਪੁਲਿਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਟਾਇਰ ਬਦਲਦੇ ਸਮੇਂ ਹੋਈ ਵਾਰਦਾਤ

ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਵਾਰਦਾਤ ਦਾ ਸ਼ਿਕਾਰ ਹੋਏ ਮੁਲਾਜ਼ਮ ਦੁਆਰਕਾ ਪ੍ਰਸਾਦ ਨੇ ਦੱਸਿਆ ਕਿ ਉਹ ਪਿਛਲੇ ਕਰੀਬ 25 ਸਾਲਾਂ ਤੋਂ 'ਦੀਵਾਨ ਗੈਸ ਸਰਵਿਸ' (ਕਾਰਾ ਬਾਰਾ ਚੌਕ) ਵਿੱਚ ਗੈਸ ਸਪਲਾਈ ਦਾ ਕੰਮ ਕਰ ਰਿਹਾ ਹੈ। ਰੋਜ਼ਾਨਾ ਦੀ ਤਰ੍ਹਾਂ ਉਹ ਕੰਪਨੀ ਦਾ ਆਟੋ ਰਿਕਸ਼ਾ ਲੈ ਕੇ ਇਲਾਕੇ ਵਿੱਚ ਸਿਲੰਡਰਾਂ ਦੀ ਸਪਲਾਈ ਕਰਨ ਗਿਆ ਸੀ। ਜਦੋਂ ਉਹ ਬਜਰੰਗ ਵਿਹਾਰ ਨੂਰਾਂ ਵਾਲਾ ਰੋਡ ਤੋਂ ਸਪਲਾਈ ਖ਼ਤਮ ਕਰਕੇ ਸੰਨਿਆਸ ਨਗਰ ਵੱਲ ਜਾ ਰਿਹਾ ਸੀ, ਤਾਂ ਅਚਾਨਕ ਉਸਦੇ ਆਟੋ ਦਾ ਅਗਲਾ ਟਾਇਰ ਪੈਂਚਰ ਹੋ ਗਿਆ। ਜਦੋਂ ਉਹ ਵਾਹਨ ਦੀ ਮੁਰੰਮਤ ਕਰਦਿਆਂ ਟਾਇਰ ਬਦਲ ਰਿਹਾ ਸੀ, ਤਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਬਦਮਾਸ਼ਾਂ ਨੇ ਉਸ ਨੂੰ ਘੇਰ ਲਿਆ।

### 14,000 ਰੁਪਏ ਦੀ ਨਗਦੀ ਲੁੱਟੀ

ਬਦਮਾਸ਼ਾਂ ਨੇ ਤੇਜ਼ਧਾਰ ਹਥਿਆਰ ਦਿਖਾ ਕੇ ਦੁਆਰਕਾ ਪ੍ਰਸਾਦ ਨੂੰ ਡਰਾਇਆ-ਧਮਕਾਇਆ ਅਤੇ ਸਿਲੰਡਰਾਂ ਦੀ ਸੇਲ ਵਾਲੀ ਸਾਰੀ ਰਕਮ, ਜੋ ਕਿ ਕਰੀਬ 14,000 ਰੁਪਏ ਸੀ, ਜ਼ਬਰਦਸਤੀ ਖੋਹ ਲਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਫ਼ਰਾਰ ਹੋ ਗਏ। ਮਾਮਲੇ ਦੀ ਜਾਣਕਾਰੀ ਮਿਲਦੇ ਹੀ ਥਾਣਾ ਬਸਤੀ ਜੋਧੇਵਾਲ ਦੀ ਪੁਲਿਸ ਹਰਕਤ ਵਿੱਚ ਆ ਗਈ ਹੈ। ਵਾਰਦਾਤ ਦੇ ਤਫਤੀਸ਼ੀ ਅਧਿਕਾਰੀ ਜਸਵਿੰਦਰ ਸਿੰਘ ਨੇ ਦੱਸਿਆ: "ਪੀੜਤ ਦੁਆਰਕਾ ਪ੍ਰਸਾਦ ਦੇ ਬਿਆਨਾਂ 'ਤੇ ਪਰਚਾ ਦਰਜ ਕਰ ਲਿਆ ਗਿਆ ਹੈ। ਬਦਮਾਸ਼ਾਂ ਦੇ ਫ਼ਰਾਰ ਹੋਣ ਵਾਲੇ ਰਸਤਿਆਂ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮਾਂ ਦੀ ਸ਼ਨਾਖਤ ਅਤੇ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਲਗਾਤਾਰ ਛਾਪੇਮਾਰੀ ਤੇ ਉੱਦਮ ਕੀਤੇ ਜਾ ਰਹੇ ਹਨ ਅਤੇ ਜਲਦ ਹੀ ਉਹ ਪੁਲਿਸ ਦੀ ਗ੍ਰਿਫ਼ਤ ਵਿੱਚ ਹੋਣਗੇ।"

ਇਸ ਵਾਰਦਾਤ ਤੋਂ ਬਾਅਦ ਇਲਾਕੇ ਦੇ ਕਾਰੋਬਾਰੀਆਂ ਅਤੇ ਮੁਲਾਜ਼ਮਾਂ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਪਾਈ ਜਾ ਰਹੀ ਹੈ।

# ਰਈਆ ਖੁਰਦ ਵਿਚ ਸਨਸਨੀ: ਨੌਜਵਾਨ ਦਾ ਬੇਰਹਿਮੀ ਨਾਲ ਕਤਲ

## ✪ ਹੱਥ ਬੰਨ੍ਹ ਕੇ ਲਾਸ਼ ਡਰੇਨ ਕਿਨਾਰੇ ਸੁੱਟੀ; ਪੁਲਿਸ ਵੱਲੋਂ ਕਾਤਲਾਂ ਦੀ ਪਛਾਣ ਦਾ ਦਾਅਵਾ

ਰਈਆ-ਰਈਆ ਦੇ ਨਜ਼ਦੀਕੀ ਪਿੰਡ ਰਈਆ ਖੁਰਦ ਵਿਖੇ ਬੀਤੀ ਰਾਤ ਇੱਕ ਨੌਜਵਾਨ ਦੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਅਣਪਛਾਤੇ ਕਾਤਲਾਂ ਵੱਲੋਂ ਨੌਜਵਾਨ ਦਾ ਕਤਲ ਕਰਨ ਤੋਂ ਬਾਅਦ ਲਾਸ਼ ਨੂੰ ਖੁਰਦ-ਬੁਰਦ (ਨਸ਼ਟ) ਕਰਨ ਦੇ ਇਰਾਦੇ ਨਾਲ ਇੱਕ ਡਰੇਨ (ਨਾਲੇ) ਦੇ ਕਿਨਾਰੇ ਸੁੱਟ ਦਿੱਤਾ ਗਿਆ। ਇਸ ਘਟਨਾ ਕਾਰਨ ਇਲਾਕੇ ਵਿੱਚ ਭਾਰੀ ਸਨਸਨੀ ਫੈਲ ਗਈ ਹੈ।

ਨਾਨਾ ਕੋਲ ਰਹਿੰਦਾ ਸੀ ਮ੍ਰਿਤਕ ਨੌਜਵਾਨ-ਮ੍ਰਿਤਕ ਦੀ ਪਛਾਣ ਸੰਦੀਪ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸੰਦੀਪ ਸਿੰਘ ਪਿੰਡ ਰਈਆ ਖੁਰਦ ਵਿਖੇ ਆਪਣੇ ਨਾਨਾ ਮਾਨ ਸਿੰਘ ਦੇ ਕੋਲ ਰਹਿ ਰਿਹਾ ਸੀ। ਮੁੱਢਲੀ ਨਜ਼ਰੇ ਮ੍ਰਿਤਕ ਦੇ ਸਰੀਰ 'ਤੇ ਕਿਸੇ ਤੇਜ਼ਧਾਰ ਹਥਿਆਰ ਜਾਂ ਸੱਟ ਦਾ ਕੋਈ ਸਿੱਧਾ ਜ਼ਖ਼ਮ ਨਜ਼ਰ ਨਹੀਂ ਆ ਰਿਹਾ ਸੀ, ਪਰ ਘਟਨਾ ਸਥਾਨ 'ਤੇ ਮੌਜੂਦ ਪ੍ਰਤੱਖਦਰਸ਼ੀਆਂ ਦੇ ਬਿਆਨਾਂ ਨੇ ਕਈ ਸ਼ੰਕੇ ਖੜ੍ਹੇ ਕੀਤੇ ਹਨ। ਪ੍ਰਤੱਖਦਰਸ਼ੀਆਂ ਮੁਤਾਬਕ ਮ੍ਰਿਤਕ ਦੀਆਂ ਦੋਵੇਂ ਬਾਹਵਾਂ ਰੱਸੀ ਨਾਲ ਬੰਨ੍ਹੀਆਂ ਹੋਈਆਂ ਸਨ। ਨੌਜਵਾਨ ਦੇ ਕੱਪੜਿਆਂ 'ਤੇ ਖੂਨ ਦੇ ਨਿਸ਼ਾਨ ਲੱਗੇ ਹੋਏ ਪਾਏ ਗਏ। ਮ੍ਰਿਤਕ ਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਕਾਤਲਾਂ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਜਾਂ ਬੇਹੋਸ਼ ਕਰਨ ਲਈ ਉਸ ਨੂੰ ਕੋਈ ਜ਼ਹਿਰੀਲੀ ਚੀਜ਼ ਦਿੱਤੀ ਗਈ ਹੋ ਸਕਦੀ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਪੋਸਟਮਾਰਟਮ ਤੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰ ਸੂਤਰਾਂ ਤੋਂ ਮਿਲੀ ਵੱਡੀ ਖ਼ਬਰ ਮੁਤਾਬਕ, ਪੁਲਿਸ ਨੇ ਇਸ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਕਾਤਲਾਂ ਦਾ ਪਤਾ ਲਗਾ ਲਿਆ ਹੈ। ਪੁਲਿਸ ਵੱਲੋਂ ਦੋਸ਼ੀਆਂ ਦੀ ਪਛਾਣ ਕਰ ਲਏ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਅਤੇ ਬਹੁਤ ਜਲਦ ਪ੍ਰੈਸ ਕਾਨਫਰੰਸ ਕਰਕੇ ਇਸ ਪੂਰੇ ਮਾਮਲੇ ਦਾ ਰਸਮੀ ਖੁਲਾਸਾ ਕੀਤੇ ਜਾਣ ਦੀ ਸੰਭਾਵਨਾ ਹੈ।

# ਏਅਰ ਕੈਨੇਡਾ ਦਾ ਵੱਡਾ ਫਰਜ਼ੀਵਾੜਾ

## ✪ ਬਿਨਾਂ ਲਾਜ਼ਮੀ ਲਾਇਸੈਂਸ ਦੇ 17 ਸਾਲ ਤੱਕ ਉਡਾਈਆਂ 900 ਤੋਂ ਵੱਧ ਫਲਾਈਟਾਂ, ਪਾਇਲਟ ਗ੍ਰਿਫ਼ਤਾਰ






ਓਟਾਵਾ-ਕੈਨੇਡਾ ਦੀ ਹਵਾਬਾਜ਼ੀ ਇੰਡਸਟਰੀ ਤੋਂ ਇੱਕ ਬੇਹੱਦ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਏਅਰ ਕੈਨੇਡਾ ਦਾ ਇੱਕ ਕੈਪਟਨ ਬਿਨਾਂ ਲੋੜੀਂਦੇ ਲਾਇਸੈਂਸ ਦੇ ਕਰੀਬ 17 ਸਾਲਾਂ ਤੱਕ ਸੈਂਕੜੇ ਯਾਤਰੀ ਜਹਾਜ਼ ਉਡਾਉਂਦਾ ਰਿਹਾ। ਮੁਲਜ਼ਮ ਪਾਇਲਟ ਜੈਫਰੀ ਵਾਲ ਨੂੰ ਇਸ ਲੰਬੇ ਸਮੇਂ ਤੋਂ ਚੱਲ ਰਹੀ ਧੋਖਾਧੜੀ ਦੇ ਦੋਸ਼ ਹੇਠ 1 ਜੂਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਪੀਲ ਰੀਜਨਲ ਪੁਲਿਸ ਦੇ ਡਿਪਟੀ ਚੀਫ਼ ਮਿਲਿਨੋਵਿਚ ਨੇ ਓਂਟਾਰੀਓ ਵਿੱਚ ਦੱਸਿਆ, "ਇਸ ਜਾਂਚ ਅਤੇ ਇਸ ਨਾਲ ਜੁੜੇ ਵੇਰਵੇ ਕਿਸੇ ਫ਼ਿਲਮੀ ਸਕ੍ਰਿਪਟ ਵਰਗੇ ਲੱਗਦੇ ਹਨ। ਮੁਲਜ਼ਮ 'ਪਾਇਲਟ ਇਨ ਕਮਾਂਡ' ਦੇ ਅਹੁਦੇ ਤੱਕ ਪਹੁੰਚ ਗਿਆ ਅਤੇ ਲਗਪਗ 17 ਸਾਲਾਂ ਤੱਕ ਬੋਇੰਗ ਜਹਾਜ਼ ਉਡਾਉਂਦਾ ਰਿਹਾ।"

ਜੈਫਰੀ ਵਾਲ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਸਾਲ 2009 ਤੋਂ 2025 ਦੇ ਵਿਚਕਾਰ 900 ਤੋਂ ਵੱਧ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਭਰੀਆਂ। ਇਸ ਦੌਰਾਨ ਉਨ੍ਹਾਂ ਨੇ ਬੋਇੰਗ 767, 777 ਅਤੇ 787 ਵਰਗੇ ਦੁਨੀਆ ਦੇ ਸਭ ਤੋਂ ਵੱਡੇ ਅਤੇ ਆਧੁਨਿਕ ਜਹਾਜ਼ ਉਡਾਏ।

ਕੀ ਨਹੀਂ ਸੀ ਕੋਲ? ਕੈਪਟਨ ਬਣਨ ਲਈ ਸਭ ਤੋਂ ਲਾਜ਼ਮੀ 'ਏਅਰਲਾਈਨ ਟ੍ਰਾਂਸਪੋਰਟ ਪਾਇਲਟ ਲਾਇਸੈਂਸ ਫਾਰ ਏਅਰੋਪਲੇਨ' ਉਨ੍ਹਾਂ ਕੋਲ ਨਹੀਂ ਸੀ।

ਇਹਨਾਂ ਉਡਾਣਾਂ ਰਾਹੀਂ ਹਜ਼ਾਰਾਂ ਯਾਤਰੀਆਂ ਦੀ ਜਾਨ ਜੋਖਮ ਵਿੱਚ ਪਾ ਕੇ ਉਨ੍ਹਾਂ ਨੇ ਤਨਖ਼ਾਹ ਵਜੋਂ ਲਗਭਗ 20 ਲੱਖ ਅਮਰੀਕੀ ਡਾਲਰ ਤੋਂ ਵੱਧ ਕਮਾਏ।

ਜਾਂਚ ਮੁਤਾਬਕ ਜੈਫਰੀ ਵਾਲ ਪੂਰੀ ਤਰ੍ਹਾਂ ਅਯੋਗ ਨਹੀਂ ਸਨ। ਏਅਰ ਕੈਨੇਡਾ ਵਿੱਚ ਆਪਣੇ 27 ਸਾਲਾਂ ਦੇ ਕਰੀਅਰ ਦੌਰਾਨ ਉਨ੍ਹਾਂ ਕੋਲ 'ਕਮਰਸ਼ੀਅਲ ਪਾਇਲਟ ਲਾਇਸੈਂਸ' ਸੀ, ਜਿਸ ਨਾਲ ਉਹ ਜਹਾਜ਼ ਉਡਾ ਸਕਦੇ ਸਨ। ਪਰ ਜਦੋਂ 2009 ਵਿੱਚ ਉਨ੍ਹਾਂ ਨੂੰ ਪ੍ਰਮੋਟ ਕਰਕੇ 'ਕੈਪਟਨ' ਬਣਾਇਆ ਗਿਆ, ਤਾਂ ਉਨ੍ਹਾਂ ਨੇ ਇਸ ਉੱਚ-ਪੱਧਰੀ ਅਹੁਦੇ ਲਈ ਜ਼ਰੂਰੀ ਅਠਫਲ਼-ਅ ਲਾਇਸੈਂਸ ਕਦੇ ਹਾਸਲ ਹੀ ਨਹੀਂ ਕੀਤਾ ਅਤੇ ਫਰਜ਼ੀ ਕ੍ਰੇਡੈਂਸ਼ੀਅਲਸ ਦੀ ਵਰਤੋਂ ਕੀਤੀ।

ਡਿਪਟੀ ਚੀਫ਼ ਮਿਲਿਨੋਵਿਚ ਨੇ ਉਦਾਹਰਨ ਦਿੰਦੇ ਹੋਏ ਕਿਹਾ: "ਇਹ ਬਿਲਕੁਲ ਅਜਿਹਾ ਹੀ ਹੈ ਜਿਵੇਂ ਕੋਈ ਡਾਕਟਰ ਫੈਮਿਲੀ ਮੈਡੀਸਨ ਦੀ ਪ੍ਰੈਕਟਿਸ ਕਰਨ ਲਈ ਲਾਇਸੈਂਸਸ਼ੁਦਾ ਹੋਵੇ, ਪਰ ਉਹ ਆਪਣੇ ਕਲੀਨਿਕ ਵਿੱਚ ਬ੍ਰੇਨ ਸਰਜਰੀ ਕਰ ਰਿਹਾ ਹੋਵੇ। ਸਾਡਾ ਮੰਨਣਾ ਹੈ ਕਿ ਮੁਲਜ਼ਮ ਨੇ ਕੰਪਨੀ ਅਤੇ ਰੈਗੂਲੇਟਰ ਦੋਵਾਂ ਦੇ ਸਾਹਮਣੇ ਆਪਣੀਆਂ ਯੋਗਤਾਵਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ।"

ਇਸ ਵੱਡੇ ਫਰਜ਼ੀਵਾੜੇ ਦਾ ਪਰਦਾਫਾਸ਼ ਸਾਲ 2025 ਵਿੱਚ ਦਸਤਾਵੇਜ਼ਾਂ ਦੀ ਇੱਕ ਰੁਟੀਨ ਸਮੀਖਿਆ ਦੌਰਾਨ ਹੋਇਆ। ਜਦੋਂ ਅਧਿਕਾਰੀਆਂ ਨੂੰ ਲਾਇਸੈਂਸ ਵਿੱਚ ਗੜਬੜੀ ਮਿਲੀ, ਤਾਂ ਏਅਰ ਕੈਨੇਡਾ ਨੇ ਤੁਰੰਤ ਹਵਾਬਾਜ਼ੀ ਰੈਗੂਲੇਟਰਾਂ ਨੂੰ ਸੂਚਿਤ ਕੀਤਾ। ਇਸ ਸਾਲ ਦੀ ਸ਼ੁਰੂਆਤ ਵਿੱਚ ਜਦੋਂ ਅਧਿਕਾਰੀਆਂ ਨੇ 'ਪ੍ਰੋਜੈਕਟ ਇਕਾਰਸ' ਨਾਮਕ ਅਪਰਾਧਿਕ ਜਾਂਚ ਸ਼ੁਰੂ ਕੀਤੀ, ਤਾਂ ਉਸ ਤੋਂ ਠੀਕ ਪਹਿਲਾਂ ਜੈਫਰੀ ਵਾਲ ਨੇ ਸਵੈ-ਇੱਛਤ ਸੇਵਾਮੁਕਤੀ ਲੈ ਲਈ ਸੀ।

ਏਅਰ ਕੈਨੇਡਾ ਦਾ ਪੱਖ: 'ਯਾਤਰੀਆਂ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਹੋਇਆ'- ਏਅਰਲਾਈਨ ਨੇ ਇਸ ਮਾਮਲੇ 'ਤੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਕਿ ਯਾਤਰੀਆਂ ਦੀ ਸੁਰੱਖਿਆ ਪੂਰੀ ਤਰ੍ਹਾਂ ਸੁਰੱਖਿਅਤ ਸੀ।

ਕੰਪਨੀ ਮੁਤਾਬਕ ਸਾਰੇ ਪਾਇਲਟਾਂ ਨੂੰ ਹਰ 6 ਮਹੀਨਿਆਂ ਵਿੱਚ ਲਾਜ਼ਮੀ ਆਵਰਤੀ ਸਿਖਲਾਈ ਵਿੱਚੋਂ ਲੰਘਣਾ ਪੈਂਦਾ ਹੈ।

ਹਰ 12 ਮਹੀਨਿਆਂ ਵਿੱਚ 'ਟ੍ਰਾਂਸਪੋਰਟ ਕੈਨੇਡਾ' ਦੇ ਇੱਕ ਪ੍ਰਮਾਣਿਤ ਚੈੱਕ-ਪਾਇਲਟ ਨਾਲ ਉਡਾਣ ਦੀ ਜਾਂਚ ਹੁੰਦੀ ਹੈ।

ਹਾਲਾਂਕਿ, ਏਅਰਲਾਈਨ ਨੇ ਮੰਨਿਆ ਕਿ ਉਚਿਤ ਲਾਇਸੈਂਸਿੰਗ ਸੁਰੱਖਿਆ ਪ੍ਰਣਾਲੀ ਦਾ ਅਹਿਮ ਹਿੱਸਾ ਹੈ, ਇਸ ਲਈ ਉਹ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੇ ਹਨ।

ਅਗਲੀ ਕਾਰਵਾਈ ਅਤੇ ਅਦਾਲਤੀ ਪੇਸ਼ੀ-ਇਸ ਧੋਖਾਧੜੀ ਦੇ ਸਾਹਮਣੇ ਆਉਣ ਤੋਂ ਬਾਅਦ 'ਟ੍ਰਾਂਸਪੋਰਟ ਕੈਨੇਡਾ' ਨੇ ਜੈਫਰੀ ਵਾਲ 'ਤੇ ਭਾਰੀ ਜੁਰਮਾਨਾ ਲਗਾਇਆ ਹੈ। ਇਸ ਦੇ ਨਾਲ ਹੀ ਉਹ ਹੁਣ ਸੱਤ ਗੰਭੀਰ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਵਿੱਚ:

5,000 ਕੈਨੇਡੀਅਨ ਡਾਲਰ ਤੋਂ ਵੱਧ ਦੀ ਧੋਖਾਧੜੀ।

ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਨ ਦੇ 2 ਮਾਮਲੇ।

ਨਕਲੀ ਮੋਹਰ ਰੱਖਣ ਦੇ 3 ਮਾਮਲੇ।

ਮੁਲਜ਼ਮ ਜੈਫਰੀ ਵਾਲ ਨੂੰ 29 ਜੂਨ, 2026 ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਮਰੀਕਾ ਵਿਚ ਸਿੱਖੀ ਦਾ ਪਾਸਾਰ ਹੋਵੇਗਾ, ਸ਼੍ਰੋਮਣੀ ਕਮੇਟੀ ਦਾ ਉਦਮ

## ✪ ਯੂਬਾ ਸਿਟੀ 'ਚ ਜਲਦ ਸਥਾਪਤ ਹੋਵੇਗਾ ਸ਼੍ਰੋਮਣੀ ਕਮੇਟੀ ਦਾ ਸਿੱਖ ਮਿਸ਼ਨ ਅਤੇ ਗੁਰਮਤਿ ਵਿਦਿਆਲਾ



ਖਾਸ ਖਬਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਵੱਲੋਂ ਅਮਰੀਕਾ ਦੇ ਯੂਬਾ ਸਿਟੀ ਵਿੱਚ ਸਥਾਨਕ ਸਿੱਖ ਆਗੂਆਂ ਨਾਲ ਮਿਲ ਕੇ 'ਸਿੱਖ ਮਿਸ਼ਨ' ਅਤੇ 'ਗੁਰਮਤਿ ਵਿਦਿਆਲਾ' ਸਥਾਪਤ ਕਰਨ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕਦਮ ਵਧਾਉਣਾ ਇੱਕ ਬਹੁਤ ਹੀ ਸ਼ਲਾਘਾਯੋਗ ਅਤੇ ਦੂਰਅੰਦੇਸ਼ੀ ਫੈਸਲਾ ਹੈ। ਵਿਸ਼ਵ ਭਰ ਵਿੱਚ ਫੈਲ ਚੁੱਕੇ ਸਿੱਖ ਭਾਈਚਾਰੇ ਨੂੰ ਆਪਣੀਆਂ ਜੜ੍ਹਾਂ, ਅਮੀਰ ਇਤਿਹਾਸ ਅਤੇ ਗੁਰਮਤਿ ਫਲਸਫੇ ਨਾਲ ਜੋੜੀ ਰੱਖਣ ਲਈ ਅਜਿਹੇ ਸੰਸਥਾਗਤ ਯਤਨਾਂ ਦੀ ਲੰਬੇ ਸਮੇਂ ਤੋਂ ਲੋੜ ਮਹਿਸੂਸ ਕੀਤੀ ਜਾ ਰਹੀ ਸੀ।

ਅੱਜ ਜਦੋਂ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਰੁਖ਼ ਕਰ ਰਹੀ ਹੈ, ਤਾਂ ਸਭ ਤੋਂ ਵੱਡੀ ਚੁਣੌਤੀ ਅਗਲੀਆਂ ਪੀੜ੍ਹੀਆਂ ਨੂੰ ਆਪਣੇ ਵਿਰਸੇ ਅਤੇ ਸਿੱਖੀ ਸਰੂਪ ਨਾਲ ਜੋੜ ਕੇ ਰੱਖਣ ਦੀ ਹੈ। ਅਮਰੀਕਾ ਵਰਗੇ ਵਿਕਸਿਤ ਦੇਸ਼ ਵਿੱਚ, ਜਿੱਥੇ ਸਿੱਖਾਂ ਨੇ ਆਪਣੀ ਮਿਹਨਤ ਸਦਕਾ ਆਰਥਿਕ ਅਤੇ ਸਿਆਸੀ ਤੌਰ 'ਤੇ ਵੱਡੀਆਂ ਮੱਲਾਂ ਮਾਰੀਆਂ ਹਨ, ਉੱਥੇ ਇੱਕ ਅਧਿਕਾਰਤ ਸਿੱਖ ਮਿਸ਼ਨ ਅਤੇ ਪ੍ਰੈੱਸ ਦਾ ਹੋਣਾ ਸਮੇਂ ਦੀ ਮੁੱਖ ਮੰਗ ਹੈ। ਸਵਰਗੀ ਦੀਦਾਰ ਸਿੰਘ ਬੈਂਸ ਵੱਲੋਂ ਦਾਨ ਕੀਤੀ ਗਈ 14.5 ਏਕੜ ਜ਼ਮੀਨ 'ਤੇ ਬਣਨ ਜਾ ਰਿਹਾ ਇਹ ਸੈਂਟਰ ਨਾ ਸਿਰਫ਼ ਧਰਮ ਪ੍ਰਚਾਰ ਦਾ ਕੇਂਦਰ ਬਣੇਗਾ, ਸਗੋਂ ਇਹ ਪੱਛਮੀ ਦੇਸ਼ਾਂ ਵਿੱਚ ਸਿੱਖ ਪਛਾਣ ਪ੍ਰਤੀ ਜਾਗਰੂਕਤਾ ਫੈਲਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾ ਸਕਦਾ ਹੈ।

### ਇਸ ਪ੍ਰੋਜੈਕਟ ਦੇ ਦੂਰਗਾਮੀ ਪ੍ਰਭਾਵ

ਗੁਰਮਤਿ ਵਿਦਿਆਲੇ ਰਾਹੀਂ ਵਿਦੇਸ਼ਾਂ ਵਿੱਚ ਜੰਮੀ-ਪਲੀ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਸ਼ੁੱਧ ਸੰਥਿਆ ਪ੍ਰਦਾਨ ਕੀਤੀ ਜਾ ਸਕੇਗੀ। ਇੱਕ ਸੁਤੰਤਰ 'ਪ੍ਰੈੱਸ' ਦੀ ਸਥਾਪਨਾ ਨਾਲ ਸਿੱਖ ਮਸਲਿਆਂ ਅਤੇ ਸਿੱਖੀ ਦੇ ਮਾਨਵਵਾਦੀ ਸੰਦੇਸ਼ ਨੂੰ ਕੌਮਾਂਤਰੀ ਪੱਧਰ 'ਤੇ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇਗਾ। ਇਹ ਸੈਂਟਰ ਅੰਮ੍ਰਿਤਸਰ (ਸ਼੍ਰੋਮਣੀ ਕਮੇਟੀ) ਅਤੇ ਸੱਤ ਸਮੁੰਦਰੋਂ ਪਾਰ ਬੈਠੀ ਸੰਗਤ ਦਰਮਿਆਨ ਇੱਕ ਸਿੱਧਾ ਅਤੇ ਮਜ਼ਬੂਤ ਸੰਪਰਕ ਸੂਤਰ ਬਣੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਇਹ ਬਿਆਨ ਕਿ "ਇਸ ਕਾਰਜ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤਾ ਜਾਵੇਗਾ" ਅਤੇ ਲੋੜੀਂਦੀਆਂ ਸਰਕਾਰੀ ਪ੍ਰਵਾਨਗੀਆਂ ਦਾ ਮਿਲ ਜਾਣਾ, ਇਸ ਪ੍ਰੋਜੈਕਟ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਪਰ, ਇਸ ਪ੍ਰੋਜੈਕਟ ਦੀ ਅਸਲ ਸਫ਼ਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਇਸ ਦੀ ਬਣਤਰ ਅਤੇ ਕਾਰਜਸ਼ੈਲੀ ਨੂੰ ਕਿੰਨਾ ਆਧੁਨਿਕ ਅਤੇ ਪਾਰਦਰਸ਼ੀ ਰੱਖਿਆ ਜਾਂਦਾ ਹੈ। ਵਿਦੇਸ਼ੀ ਸੰਗਤ ਦਾ ਸਹਿਯੋਗ ਲੈਣ ਦੇ ਨਾਲ-ਨਾਲ ਉੱਥੋਂ ਦੇ ਸਥਾਨਕ ਕਾਨੂੰਨਾਂ ਅਤੇ ਉੱਥੋਂ ਦੀ ਨੌਜਵਾਨ ਮਾਨਸਿਕਤਾ ਨੂੰ ਸਮਝਦੇ ਹੋਏ ਪ੍ਰਚਾਰ ਦੇ ਤਰੀਕਿਆਂ ਨੂੰ ਡਿਜੀਟਲ ਅਤੇ ਨਿਵੇਕਲਾ ਬਣਾਉਣਾ ਪਵੇਗਾ। ਉਮੀਦ ਹੈ ਕਿ ਸ਼੍ਰੋਮਣੀ ਕਮੇਟੀ ਵਿਸ਼ਵ ਭਰ ਵਿੱਚ ਸਿੱਖੀ ਦੇ ਪ੍ਰਸਾਰ ਲਈ ਇੱਕ ਨਵਾਂ ਮੀਲ ਪੱਥਰ ਸਥਾਪਤ ਕਰੇਗੀ।

# ਗੁਰ ਅਰਜਨ ਵਿਟਹੁ ਕੁਰਬਾਣੀ

ਡਾ. ਸਤਿੰਦਰ ਪਾਲ ਸਿੰਘ
akaalpurkh.7@gmail.com





ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਦੇ ਸਿੱਖ ਜਗਤ ਤੇ ਹੀ ਨਹੀਂ ਪੂਰੀ ਮਨੁੱਖਤਾ ਤੇ ਕੀਤੇ ਉਪਕਾਰ ਕਥਨ ਤੋਂ ਪਰੇ ਹਨ। ਆਪ ਨੇ ਆਪਣੀ ਕਿਰਪਾ ਨਾਲ ਇਵੇਂ ਨਿਹਾਲ ਨਿਹਾਲ ਨਿਹਾਲ ਕੀਤਾ ਕਿ ਸ਼ਬਦ ਮੁੱਕ ਜਾਣ ਪਰ ਵਡਿਆਈ ਕਹੀ ਨਾ ਜਾ ਸਕੇ। ਸੰਸਾਰ ਨੇ ਉਨ੍ਹਾਂ ਦੇ ਸਰੀਰਕ ਰੂਪ 'ਚ ਜੋ ਰੱਬੀ ਰੰਗ ਵੇਖੇ, ਉਹ ਵਿਸਮਾਦ ਨਾਲ ਭਰ ਦੇਣ ਵਾਲੇ ਸਨ। ਗੁਰੂ ਅਰਜਨ ਸਾਹਿਬ ਦੀਆਂ ਦਾਤਾਂ ਦੇ ਝਰਨੇ ਨਿਰੰਤਰ ਵਰ੍ਹ ਰਹੇ ਸਨ ਤੇ ਉਨ੍ਹਾਂ ਦੀ ਨਦਰਿ ਦੀਆਂ ਕਿਰਨਾਂ ਸੰਸਾਰ ਦੇ ਕਣ - ਕਣ ਨੂੰ ਰੋਸ਼ਨ ਕਰ ਰਹੀਆਂ ਸਨ। ਇਹ ਅਚਰਜ ਵੇਖ ਕੇ ਹੀ ਭੱਟ ਸਾਹਿਬਾਨ ਨੂੰ ਕਹਿਣਾ ਪਿਆ "ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ।। ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ।।" ਸ੍ਰੀ ਅੰਮ੍ਰਿਤਸਰ ਅੰਦਰ ਗੁਰਗੱਦੀ ਤੇ ਵਿਰਾਜਮਾਨ ਹੋਣ ਤੋਂ ਲਾਹੌਰ ਅੰਦਰ ਵਿਲਖਣ ਸ਼ਹੀਦੀ ਦੀ ਲਗਭਗ 25 ਸਾਲ ਦੀ ਯਾਤਰਾ ਸਿੱਖ ਪੰਥ ਨੂੰ ਧਾਰਮਕ - ਆਤਮਕ - ਸੰਸਾਰਕ , ਹਰ ਪੱਖੋਂ ਨਵੀਆਂ ਉਚਾਈਆਂ ਤੇ ਲੈ ਜਾਣ ਵਾਲੀ ਸੀ 9 ਇਸ ਕਾਲ 'ਚ ਗੁਰੂ ਨਾਨਕ ਸਾਹਿਬ ਦੇ ਚਲਾਏ ਸਿੱਖ ਪੰਥ ਨੂੰ ਇੱਕ ਪਰਿਪੱਕ ਆਧਾਰ ਪ੍ਰਾਪਤ ਹੋਇਆ ਤੇ ਉਹ ਦਿਸ਼ਾ ਦਿਸ਼ਾ ਵੀ ਤੈ ਹੋ ਗਈ ਜਿਸ ਵੱਲ ਪੰਥ ਨੂੰ ਅਗਾਂਹ ਵੱਧਣਾ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਗੁਰਬਾਣੀ ਦਾ ਸਤਿਕਾਰ ਤੇ ਧਰਮ ਲਈ ਸ਼ਹੀਦੀ, ਇਹ ਚਾਰ ਥੰਮ ਗੁਰੂ ਅਰਜਨ ਸਾਹਿਬ ਦੀ ਅਨਮੋਲ ਦੇਣ ਸਨ ਜਿਨ੍ਹਾਂ ਤੇ ਸਿੱਖ ਪੰਥ ਦਾ ਅਦੁੱਤੀ ਅਤੇ ਮਹਾਨ ਕੋਟ ਰਚਿਆ ਗਿਆ ਜੋ ਸਮਾਂ ਆਉਣ ਤੇ ਸੰਪੂਰਣ ਮਨੁੱਖਤਾ ਨੂੰ ਅਚਿੰਤ ਤੇ ਨਿਡਰ ਬਣਾਉਣ ਦਾ ਇੱਕ ਅਜਿੱਤ ਲੋਕ ਬਣ ਕੇ ਸਾਹਮਣੇ ਆਇਆ ।

ਗੁਰੂ ਅਰਜਨ ਸਾਹਿਬ ਦਾ ਮਾਰਗ ਅਤਿ ਕਠਿਨ ਸੀ। ਗੁਰੂ ਘਰ ਦੇ ਵੈਰੀ ਆਪ ਦੇ ਮਿਸ਼ਨ ਨੂੰ ਢਾਹ ਲਾਉਣ ਲਈ ਦਿਨ ਰਾਤ ਲੱਗੇ ਹੋਏ ਸਨ। ਵੈਰੀ ਘਰ ਦੇ ਵੀ ਸਨ ਤੇ ਬਾਹਰ ਦੇ ਵੀ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਤਾਕਤ ਆਪ ਦੀ ਸ਼ਾਂਤ ਤੇ ਸੰਜਮੀ ਵਿਰਤੀ ਅਤੇ ਪਰਮਾਤਮਾ 'ਤੇ ਅਡੋਲ ਭਰੋਸਾ ਸੀ। ਆਪ ਨੇ ਵਚਨ ਕੀਤਾ ਕਿ ਮਨੁੱਖ ਆਪਣੀ ਯੁਕਤੀ, ਸਿਆਣਪ ਦਾ ਤਿਆਗ ਕਰੇ ਤੇ ਮਾਇਆ, ਵਿਕਾਰਾਂ ਤੋਂ ਉਦਾਸ ਹੋ ਜਾਏ ਤਾਂ ਨਿਰਮਲ ਅਵਸਥਾ ਪ੍ਰਾਪਤ ਹੁੰਦੀ ਹੈ "ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ।। ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ।।" ਗੁਰੂ ਸਾਹਿਬ ਅੰਦਰ ਗੁਰੂ ਘਰ ਦੇ ਵੈਰੀਆਂ ਲਈ ਕਦੇ ਵੀ ਰੋਸ਼ ਨਹੀਂ ਵਿਆਪਤ ਹੋਇਆ। ਮਨ ਸਦਾ ਹੀ ਸਹਿਜ, ਥਿਰ ਰਿਹਾ। ਆਪ ਜੀ ਦੀ ਪ੍ਰੇਰਨਾ ਪਰਮਾਤਮਾ 'ਤੇ ਪੂਰਨ ਭਰੋਸਾ ਰੱਖਨ ਦੀ ਸੀ ਗੁਰੂ ਸਾਹਿਬ ਦਾ ਪੂਰਾ ਜੀਵਨ ਇਸ ਦੀਆਂ ਮਿਸਾਲਾਂ ਨਾਲ ਭਰਿਆ ਹੋਇਆ ਹੈ। ਹਰ ਸਥਿਤੀ 'ਚ ਪਰਮਾਤਮਾ ਤੇ ਭਰੋਸਾ ਕਾਇਮ ਰੱਖਣਾ ਗੁਰਸਿੱਖੀ ਦਾ ਮੁੱਢਲਾ ਸਿਧਾਂਤ ਸੀ। ਆਪ ਸਦਾ ਹੀ ਸਿੱਖਾਂ ਨੂੰ ਪਰਮਾਤਮਾ ਦੇ ਨਿਆਂ ਅੰਦਰ ਰਹਿਣਾ ਸਿਖਾਉਂਦੇ ਰਹੇ। ਆਪ ਦਾ ਵਚਨ ਸੀ ਕਿ ਪਰਮਾਤਮਾ ਆਪ ਅੱਗੇ ਹੋ ਕੇ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ "ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ।। ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।।" 9 ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤ ਸਰੋਵਰ ਪੱਕਾ ਕਰਾਇਆ ਤੇ ਸ੍ਰੀ ਹਰਿਮੰਦਰ ਸਾਹਿਬ ਰਚਿਆ ਜੋ ਕਿ ਮਹਾਨ ਤੇ ਮਾਣ ਭਰਿਆ ਭਵਿੱਖ ਸਿਰਜਣ ਦਾ ਅਤੁੱਲ ਉਪਕਾਰ ਸੀ। ਗੁਰੂ ਸਾਹਿਬ ਦੇ ਪਰਮਾਤਮਾ ਤੇ ਅਟਲ ਭਰੋਸੇ ਕਾਰਨ ਸਾਰਾ ਕਾਰਜ ਨਿਰਵਿਘਨ ਪੂਰਨ ਹੋਇਆ। ਗੁਰੂ ਸਾਹਿਬਾਨ ਦੀ ਪ੍ਰਮਾਣਿਕ ਬਾਣੀ ਇਕੱਤਰ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਰੂਪ ਦੇਣਾ ਤੇ ਭਿੰਨ ਭਿੰਨ ਖੇਤਰਾਂ ਦੇ ਭਗਤਾਂ ਦੇ ਨਾਲ ਹੀ ਭੱਟ ਕਵੀ ਸਾਹਿਬਾਨ ਅਤੇ ਸਿੱਖਾਂ ਦੀ ਬਾਣੀ ਵੀ ਜੋੜਨਾ ਇਕ ਅਜਿਹਾ ਉੱਦਮ ਸੀ ਜੋ ਗੁਰੂ ਅਰਜਨ ਸਾਹਿਬ ਦੀ ਅਗੰਮੀ ਸਮਰਥਾ ਤੇ ਅਚਰਜ ਭਰੀ ਇਕਾਗਰਤਾ ਦਾ ਪ੍ਰਤੀਕ ਸੀ। ਗੁਰੂ ਸਾਹਿਬ ਨਿਤ ਦੀ ਮਰਿਆਦਾ, ਵਿਵਹਾਰ ਵੀ ਪੂਰਨ ਕਰਦੇ, ਸੰਗਤ ਨਾਲ ਸੰਵਾਦ ਵੀ ਕਰਦੇ ਤੇ ਆਪਣੇ ਮਿਥੇ ਟੀਚੇ ਵੀ ਪੂਰੇ ਕਰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਤੇ ਗੁਰੂ ਸਾਹਿਬ ਦਾ ਕੀਤਾ ਗੁਰਬਾਣੀ ਦਾ ਸਤਿਕਾਰ ਸਿੱਖ ਪੰਥ ਲਈ ਰੋਸ਼ਨ ਮੀਨਾਰ ਬਣ ਗਿਆ। ਗੁਰੂ ਅਰਜਨ ਸਾਹਿਬ ਦੇ ਚਰਣਾਂ 'ਚ ਮਸਤਕ ਟੇਕਨ ਲਈ ਸੰਗਤਾਂ ਦੀਆਂ ਕਤਾਰਾਂ ਲੱਗਦੀਆਂ। ਗੁਰੂ ਸਾਹਿਬ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾ ਕੇ ਗੁਰਬਾਣੀ ਦੇ ਸਤਿਕਾਰ ਦਾ ਜੋ ਆਦਰਸ਼ ਕਾਇਮ ਕੀਤਾ ਉਸ ਨੇ ਧਾਰਮਿਕ ਜਗਤ ਨੂੰ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ। ਅਜੇ ਤੱਕ ਗੁਰੂ ਸਾਹਿਬਾਨ ਦਾ ਦਰਬਾਰ ਲੱਗਿਆ ਕਰਦਾ ਸੀ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਬਾਰ ਸੱਜਣ ਲੱਗ ਪਿਆ ਤੇ ਗੁਰੂ ਅਰਜਨ ਸਾਹਿਬ ਆਪ ਭੀ ਸੰਗਤ ਵਿੱਚ ਬਹਿ ਕੇ ਗੁਰਬਾਣੀ ਸਰਵਣ ਕਰਦੇ। ਗੁਰੂ ਸਾਹਿਬ ਆਪ ਪ੍ਰਤੱਖ ਹਰੀ ਦਾ ਰੂਪ ਸਨ ਤੇ ਗੁਰ ਸ਼ਬਦ ਅੰਦਰ ਵੀ ਰੂਪਮਾਨ ਹੋ ਗਏ। ਇਹ ਵਿਲਖਣ ਅਧਿਆਤਮਿਕਤਾ ਸੀ ਜਿਸ ਦਾ ਆਰੰਭ ਗੁਰੂ ਨਾਨਕ ਸਾਹਿਬ ਕਰ ਚੁਕੇ ਸਨ ਤੇ ਜਿਸ ਨੂੰ ਬਾਅਦ 'ਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਣ ਕੀਤਾ। ਸਿੱਖ ਪੰਥ ਅੰਦਰ ਗੁਰ ਸ਼ਬਦ ਨੂੰ ਅੰਮ੍ਰਿਤ ਰੂਪ ਧਾਰਨ ਕਰਨ ਦਾ ਸੰਕਲਪ ਦ੍ਰਿੜ੍ਹ ਹੋਇਆ "ਅੰਮ੍ਰਿਤ ਬਚਣ ਸਾਧ ਕੀ ਬਾਣੀ।। ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ।।" ਮਨੁੱਖ ਦਾ ਜੀਵਨ ਖੁਆਰ ਕਰਨ ਵਾਲੇ , ਧਰਮ ਦੇ ਨਾਂ ਤੇ ਕੀਤੇ ਜਾ ਰਹੇ ਪਾਖੰਡ , ਆਡੰਬਰ ਤਿਆਗ ਕੇ ਸਿੱਖ ਸੰਗਤ ਨੂੰ ਪਰਮਾਤਮਾ ਦਾ ਜਸ ਗਾਉਣ ਦਾ ਪੱਕਾ ਤੇ ਸੰਸਾ ਰਹਿਤ ਮਾਰਗ ਵਿਖਾਈ ਦਿੱਤਾ "ਨਿਰਬਾਣੁ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ" ਹਾਲਾਂਕਿ ਸਿੱਖ ਸੰਗਤ ਦੁਆਰਾ ਗੁਰਬਾਣੀ ਗਾਇਣ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਆਰੰਭ ਹੋ ਗਈ ਸੀ ਪਰ ਇਹ ਪਰੰਪਰਾ ਨੇ ਗੁਰੂ ਅਰਜਨ ਸਾਹਿਬ ਦੇ ਕਾਲ 'ਚ ਬਾਕਾਇਦਾ ਸੰਸਥਾਗਤ ਰੂਪ ਧਾਰਨ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੰਗਤ ਨੂੰ ਜੋੜਨ ਤੇ ਪ੍ਰੇਰਨ ਦਾ ਮੁੱਖ ਮਾਧਿਅਮ ਬਣ ਗਈ।

ਗੁਰੂ ਅਰਜਨ ਸਾਹਿਬ ਦੀ ਪ੍ਰੇਰਨਾ ਸਿੱਖ ਪੰਥ ਦੇ ਵਿਕਾਸ 'ਚ ਬੜੀ ਅਹਿਮ ਸਾਬਿਤ ਹੋਈ। ਵੱਡੀ ਤਦਾਦ 'ਚ ਵੱਖ ਵੱਖ ਧਰਮਾਂ ਦੇ ਲੋਗ ਸਿੱਖ ਬਣਨ ਲੱਗ ਪਏ। ਗੁਰਬਾਣੀ ਦਾ ਵਿਆਪਕ ਪ੍ਰਚਾਰ, ਪ੍ਰਸਾਰ ਹੋਇਆ। ਇਹ ਸਮਾਂ ਸੀ ਜਦੋਂ ਹਿੰਦੁਸਤਾਨ ਦੀ ਰਾਜ ਵਿਵਸਥਾ ਵੀ ਬਦਲੀ ਤੇ ਅਕਬਰ ਤੋਂ ਬਾਅਦ ਜਹਾਂਗੀਰ ਦਿੱਲੀ ਦੇ ਤਖਤ ਤੇ ਬੈਠਾ ਜੋ ਕੱਟੜ ਧਾਰਮਿਕ ਭਾਵਨਾ ਦਾ ਧਾਰਣੀ ਸੀ। ਗੁਰੂ ਘਰ ਦੇ ਨਿੰਦਕਾਂ, ਵੈਰੀਆਂ ਲਈ ਇਹ ਮੁਫੀਦ ਮੌਕਾ ਸੀ। ਉਨ੍ਹਾਂ ਗੁਰੂ ਸਾਹਿਬ ਦੇ ਵਿਰੁੱਧ ਦੁਰਭਾਵਨਾ ਭਰੀਆਂ, ਝੂਠੀਆਂ ਸ਼ਿਕਾਇਤਾਂ ਕਰਣੀਆਂ ਸ਼ੁਰੂ ਕਰ ਦਿੱਤੀਆਂ। ਜਹਾਂਗੀਰ ਦੀ ਸੋਚ ਬਣਦੀ ਗਈ ਕਿ ਜੇ ਗੁਰੂ ਅਰਜਨ ਸਾਹਿਬ ਦਾ ਪ੍ਰਤਾਪ ਇਵੇਂ ਹੀ ਵੱਧਦਾ ਗਿਆ ਤੇ ਹਰ ਜਾਤੀ, ਸੰਪਰਦਾ, ਧਰਮ ਦੇ ਲੋਕਾਂ ਅੰਦਰ ਸਿੱਖ ਪੰਥ ਲਈ ਸਨਮਾਨ ਤੇ ਭਰੋਸਾ ਦ੍ਰਿੜ੍ਹ ਹੁੰਦਾ ਗਿਆ ਤਾਂ ਇਸਲਾਮ ਦੇ ਪ੍ਰਸਾਰ ਦੀ ਨੀਤੀ ਨੂੰ ਢਾਹ ਲੱਗ ਸਕਦੀ ਹੈ। ਗੁਰੂ ਘਰ ਦੇ ਵੈਰੀਆਂ ਨੇ ਗੁਰੂ ਅਰਜਨ ਸਾਹਿਬ ਦੇ ਅਕਸ ਨੂੰ ਬਾਗੀ ਸ਼ਾਹਜਾਦਾ ਖੁਸਰੋ ਦੇ ਹਿਮਾਇਤੀ ਦੇ ਰੂਪ 'ਚ ਵੀ ਜਹਾਂਗੀਰ ਦੇ ਸਾਹਮਣੇ ਪੇਸ਼ ਕੀਤਾ। ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਤਲਬ ਕਰ ਲਿਆ। ਸੰਜਮ , ਸੰਤੋਖ ਤੇ ਸਹਿਜ ਦੇ ਪੁੰਜ ਗੁਰੂ ਅਰਜਨ ਸਾਹਿਬ ਜਾਣਦੇ ਸਨ ਕਿ ਇੱਕ ਅਦੁੱਤੀ ਇਤਿਹਾਸ ਰਚਨ ਦੀ ਜਿੰਮੇਵਾਰੀ ਉਨ੍ਹਾਂ ਤੇ ਆਣ ਪਈ ਹੈ। ਆਪ ਪੰਜ ਸਿੱਖਾਂ ਨਾਲ ਲਾਹੌਰ ਚੱਲ ਪਏ ਤਾਂ ਜੋ ਸਿੱਖ ਪੰਥ ਦੀ ਆਨ , ਬਾਨ ਨਵੀਆਂ ਉਚਾਈਆਂ ਤੇ ਪੁੰਜ ਸਕੇ। ਲਾਹੌਰ ਪੁੱਜਣ ਤੇ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਗਿਆ ਤੇ ਚੰਦੂ ਸ਼ਾਹ ਦੇ ਘਰ ਰੱਖਿਆ ਗਿਆ। ਸ਼ਾਹੀ ਦਰਬਾਰ ਵਿੱਚ ਗੁਰੂ ਸਾਹਿਬ ਅੱਗੇ ਦੋ ਵਿਕਲਪ ਰੱਖੇ ਗਏ ਕਿ ਜਾਣ ਇਸਲਾਮ ਕਬੂਲ ਕਰ ਲਵੋ ਜਾਂ ਮੌਤ। ਗੁਰੂ ਸਾਹਿਬ ਤਾਂ ਸੁੱਖਾਂ ਦੇ ਦਾਤੇ ਸਨ ਜਿਨ੍ਹਾਂ ਦੇ ਦਰਸ਼ਨ ਮਾਤਰ ਨਾਲ ਜਨਮਾਂ ਜਨਮਾਂ ਦੇ ਸੋਗ, ਸੰਤਾਪ ਦੂਰ ਹੋ ਜਾਂਦੇ ਸਨ "ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ।। ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ।।" ਆਪ ਦੀ ਅੰਮ੍ਰਿਤ ਬਾਣੀ ਤਾਂ ਜਗਤ ਜਲੰਦੇ ਨੂੰ ਤ੍ਰਿਪਤ ਤੇ ਸ਼ਾਂਤ ਕਰਨ ਵਾਲੀ ਸੀ "ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ।। ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ।।" 9 ਗੁਰੂ ਅਰਜਨ ਸਾਹਿਬ ਤਾਂ ਪਰਮਾਤਮਾ ਦੇ ਰੰਗ 'ਚ ਰੰਗੇ ਹੋਏ ਅਡੋਲ ਚਿੱਤ ਤੇ ਨਿਰਮਲ ਸੋਚ ਦੇ ਸੁਆਮੀ ਸਨ "ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ।। ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ।।" ਮੁਗਲ ਦਰਬਾਰ ਦੇ ਕਿਸੇ ਵੀ ਦਬਾਅ ਦਾ ਗੁਰੂ ਸਾਹਿਬ ਤੇ ਕੋਈ ਅਸਰ ਨਾ ਪਿਆ ਤਾਂ ਆਪ ਨੂੰ ਯਾਸਾ - ਓ - ਸਿਆਸਤ ਕਾਨੂਨ ਦੇ ਤਹਿਤ ਤਸੀਹੇ ਦੇ ਕੇ ਸ਼ਹੀਦ ਕਰ ਦੇਣ ਦੀ ਸਜਾ ਸੁਨਾ ਦਿੱਤੀ ਗਈ। ਆਪ ਤੇ ਜੁਰਮਾਨਾ ਵੀ ਲਾਇਆ ਗਿਆ। ਇਹ ਮੁਗਲ ਰਾਜ ਦਾ ਉਸ ਵੇਲੇ ਦਾ ਸਭ ਤੋਂ ਸਖਤ ਕਾਨੂਨ ਸੀ। ਗੁਰੂ ਸਾਹਿਬ ਨੇ ਅਜਰ ਬੜੇ ਹੀ ਸਹਿਜ ਨਾਲ ਜਰ ਕੇ ਸਾਰੀ ਮਨੁੱਖਤਾ ਨੂੰ ਸ਼ਬਦ ਹੀਨ ਕਰ ਦਿੱਤਾ। ਜੋ ਦੁਨਿਆ ਤੇ ਵੈਰੀ ਦੀ ਨਿਗਾਹ 'ਚ ਤੱਤੀ ਰੇਤ , ਪਾਨੀ ਦੀ ਉਬਲਦੀ ਦੇਗ, ਤੱਤੀ ਤਵੀ ਸੀ, ਗੁਰੂ ਸਾਹਿਬ ਦੇ ਅੰਮ੍ਰਿਤ ਸੰਕਲਪ ਅੱਗੇ ਹਾਰ ਕੇ ਸ਼ੀਤਲ ਚੰਦਨ ਹੁੰਦੀ ਗਈ "ਜਿਸਹਿ ਸਹਾਈ ਗੋਬਿਦੁ ਮੇਰਾ।। ਤਿਸੁ ਕਉ ਜਮੁ ਨਹੀ ਆਵੈ ਨੇਰਾ।।" ਗੁਰੂ ਅਰਜਨ ਸਾਹਿਬ ਅੰਦਰ ਪਰਮਾਤਮਾ ਆਪ ਪਰਗਟ ਸੀ, ਉਹ ਆਪ ਗੁਰੂ ਸਾਹਿਬ ਦਾ ਸਹਾਈ ਸੀ 9 ਇਸ ਕਾਰਨ ਤਾਪ , ਸੇਕ ਵੀ ਪੋਹ ਦਾ ਠਾਰ ਬਣ ਗਿਆ "ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ" ਗੁਰੂ ਅਰਜਨ ਸਾਹਿਬ ਨੇ ਧਰਮ ਲਈ ਅਜਰ ਜਰੀਆ ਤੇ ਉਨ੍ਹਾਂ ਦਾ ਮਨੋਰਥ ਸਫਲ ਹੋਇਆ "ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ।।" ਤਿੰਨ ਦਿਨਾਂ ਦੀ ਅਸਹਿ ਪੀੜਾ ਜਰਨ ਤੋਂ ਬਾਅਦ ਆਪ ਪਰਮਾਤਮਾ 'ਚ ਸਮਾ ਗਏ ਜਿਵੇਂ ਰਾਵੀ ਨਦੀ ਦੀਆਂ ਲਹਿਰਾਂ ਨਦੀ 'ਚ ਸਮੋ ਰਹੀਆਂ ਸਨ "ਜਲ ਤਰੰਗੁ ਜਿਉ ਜਲਹਿ ਸਮਾਇਆ।। ਤਿਉ ਜੋਤੀ ਸੰਗਿ ਜੋਤਿ ਮਿਲਾਇਆ।।"

ਗੁਰੂ ਅਰਜਨ ਸਾਹਿਬ ਦਾ ਗੁਰਤਾ ਕਾਲ ਮਨੁੱਖੀ ਕਦਰਾਂ ਕੀਮਤਾਂ ਦਾ ਸੁਨਹਿਰੀ ਕਾਲ ਸੀ "ਭਲਾ ਭਲਾ ਭਲਾ ਤੇਰਾ ਰੂਪ।। ਅਤਿ ਸੁੰਦਰ ਅਪਾਰ ਅਨੂਪ।।" ਆਪ ਦੀ ਪ੍ਰੇਰਨਾ ਅੰਤਰ ਅਵਸਥਾ ਸ਼ੀਤਲ ਕਰਨ ਵਾਲੀ ਸੀ "ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ" ਆਪ ਦੀ ਸ਼ਹੀਦੀ ਸੰਸਾਰ ਦਾ ਸਭ ਤੋਂ ਪਵਿੱਤਰ ਕਰਮ ਸੀ ਜਿਸ ਨੇ ਸਿੱਖ ਸ਼ਹੀਦੀਆਂ ਦੇ ਇਤਿਹਾਸ ਦੇ ਪੰਨੇ ਤੇ ਸਿਰਲੇਖ ਦਰਜ ਕੀਤਾ "ਪਵਿਤ੍ਰੁ ਪਵਿਤ੍ਰੁ ਪਵਿਤ੍ਰੁ ਪੁਨੀਤ" ਗੁਰੂ ਸਾਹਿਬ ਦੀ ਪਾਵਨ ਸ਼ਹੀਦੀ ਸਿੱਖਾਂ ਦਾ ਸ਼ਸਤਰਾਂ ਨਾਲ ਮੇਲ ਕਰਾਉਣ ਵਾਲੀ ਸਾਬਿਤ ਹੋਈ । ਸਿੱਖਾ ਨੇ ਸਾਕਤ ਦਾ ਜੋਰ ਜਰਨਾ ਵੀ ਸਿੱਖਿਆ ਤੇ ਸਾਕਤ ਦੇ ਜੋਰ ਦਾ ਮੂੰਹ ਮੋੜਨਾ ਵੀ। ਗੁਰੂ ਸਾਹਿਬ ਦੀ ਸ਼ਹੀਦੀ ਸ਼ਕਤੀ ਤੇ ਸੰਜਮ ਦਾ ਸੁਮੇਲ ਬਣਨ ਦੀ ਰਾਹ ਬਣੀ। ਮੀਰੀ ਤੇ ਪੀਰੀ ਦੇ ਸਿਧਾਂਤ ਤੋਂ ਖਾਲਸਾ ਦੇ ਉਦੈ ਤੱਕ ਦੀ ਯਾਤਰਾ ਵਿੱਚ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਇੱਕ ਅਹਿਮ ਪੜਾਅ ਸੀ।

# ਉਸਕੋ ਭੀ ਅਪਨੇ ਖੁਦਾ ਹੋਨੇ ਪੇ ਇਤਨਾ ਹੀ ਯਕੀਂ ਥਾ

ਗੁਰਮੀਤ ਸਿੰਘ ਪਲਾਹੀ
9815802070





ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿੱਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖੁਸ਼ਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿੱਚ ਆਪਣੇ ਲੰਬੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ। ਜਦੋਂ ਸੱਤਾ ਦੇ ਗਲਿਆਰਿਆਂ ਵਿੱਚ ਹਾਕਮਾਂ ਦੀ ਆਰਤੀ ਉਤਾਰੀ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਠੀਕ ਨਹੀਂ ਹੈ।

ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾਂ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ-ਜਿਵੇਂ ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐਕਸਪ੍ਰੈਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ, ਅਤੇ ਮੈਟਰੋ ਰੇਲ ਨੈੱਟਵਰਕ ਜੋ ਕਦੇ ਸਿਰਫ਼ 5 ਸ਼ਹਿਰਾਂ ਵਿੱਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸ਼ਾਨ ਬਣ ਚੁੱਕਾ ਹੈ। ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐਕਸਪ੍ਰੈਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧਮ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?

ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜ਼ਿੰਦਗੀ ਕੱਟਣ ਲਈ ਮਜਬੂਰ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ। ਆਜ਼ਾਦੀ ਦੇ 70-77 ਸਾਲਾਂ ਬਾਅਦ ਵੀ ਆਮ ਇਨਸਾਨ ਲਈ 'ਰੋਟੀ ਦੀ ਟੋਕਰੀ' ਅਤੇ ਸਨਮਾਨਜਨਕ ਜ਼ਿੰਦਗੀ ਉਸ ਦੀ ਪਹੁੰਚ ਤੋਂ ਉਤਨੀ ਹੀ ਦੂਰ ਹੈ, ਜਿੰਨੀ ਪਹਿਲਾਂ ਸੀ। ਇਹ ਕਿਹੋ ਜਿਹਾ ਵਿਕਾਸ ਹੈ ਜੋ ਕਾਰਪੋਰੇਟਾਂ ਦੀਆਂ ਤਿਜੋਰੀਆਂ ਤਾਂ ਭਰਦਾ ਹੈ, ਪਰ ਗ਼ਰੀਬ ਦੀ ਥਾਲੀ ਵਿੱਚੋਂ ਰੋਟੀ ਖੋਹ ਲੈਂਦਾ ਹੈ?

ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿੱਚ ਮਮਤਾ ਬਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਅਜਿੱਤ ਕਿਲੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਡੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ.ਐੱਮ.ਸੀ. ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿੱਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿੱਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿੱਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ।

ਕੀ ਦੂਜੀਆਂ ਪਾਰਟੀਆਂ ਵਿੱਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ, ਉਨ੍ਹਾਂ ਦੇ ਫੰਡ ਫ੍ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿੱਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿੱਚ ਬਣੇ ਰਹਿਣ ਲਈ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ। ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ।

ਪਰ ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ ਕਿਉਂਕਿ ਹੁਣ ਸੱਤਾ ਦੀ ਹਵਸ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂ 'ਤੇ ਸਮਾਜ ਵਿੱਚ ਨਫ਼ਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ ਅਤੇ ਜਨਤਾ ਦੇ ਅਸਲ ਸਵਾਲਾਂ ਨੂੰ ਗਾਇਬ ਕਰ ਚੁੱਕਾ ਹੈ। ਅਜਿਹਾ ਘੁੱਟਣ ਭਰਿਆ ਅਤੇ ਦਮਨਕਾਰੀ ਮਾਹੌਲ ਭਾਰਤੀ ਲੋਕਤੰਤਰ ਦੇ ਪਿਛਲੇ 77 ਸਾਲਾਂ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸ਼ਾਸਨ ਵਿੱਚ ਦੇਖਣ ਨੂੰ ਨਹੀਂ ਮਿਲਿਆ।

ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ੍ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿੱਚ ਜਾਮ ਵਿੱਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।

ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸ਼ੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿੱਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿੱਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ।

ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ, ਮੋਦੀ ਜੀ ਅਤੇ ਉਨ੍ਹਾਂ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿੱਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:

ਤੁਮ ਸੇ ਪਹਿਲੇ ਵੋ ਜੋ ਏਕ ਸ਼ਖ਼ਸ
ਯਹਾਂ ਤਖ਼ਤ ਨਸ਼ੀਂ ਥਾ,
ਉਸ ਕੋ ਭੀ ਅਪਨੇ ਖੁਦਾ ਹੋਨੇ ਕਾ
ਇਤਨਾ ਹੀ ਯਕੀਂ ਥਾ।

# ਪੰਜਾਬ ਦੀ ਰਾਜਨੀਤੀ ਦਾ ਗਿਰਦਾ ਮਿਆਰ

– ਲੇਖਕ –
ਇਕਬਾਲ ਸਿੰਘ ਲਾਲਪੁਰਾ
ਫੋਨ: 91 97800 03333



**ਜੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀਆਂ ਸ਼ਕਤੀਆਂ ਇੱਕਜੁੱਟ ਹੋ ਕੇ ਇਸ ਦਿਸ਼ਾ ਵਿੱਚ ਯਤਨ ਕਰਨ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁੜ ਦੇਸ਼ ਦਾ ਮੋਹਰੀ ਸੂਬਾ ਬਣੇਗਾ। ਇਹ ਉਹ ਧਰਤੀ ਹੈ ਜਿਸ ਨੇ ਸੰਸਾਰ ਨੂੰ 'ਸਰਬੱਤ ਦੇ ਭਲੇ' ਦਾ ਸੰਦੇਸ਼ ਦਿੱਤਾ ਹੈ।**

ਪੰਜਾਬ ਦੇ ਅੱਜ ਦੇ ਰਾਜਸੀ ਹਾਲਾਤ ਚਿੰਤਾ ਤੇ ਗੰਭੀਰ ਚਿੰਤਨ ਦਾ ਵਿਸ਼ਾ ਹਨ। ਕਿਸੇ ਵੀ ਲੋਕ ਰਾਜ ਪ੍ਰਣਾਲੀ ਵਿੱਚ ਵਿਧਾਨਕਾਰ ਹੀ ਕਾਨੂੰਨ ਬਣਾਉਣ ਦੀ ਸ਼ਕਤੀ ਰੱਖਦੇ ਹਨ। ਅਫ਼ਸਰਸ਼ਾਹੀ ਤੇ ਅਦਾਲਤਾਂ ਤਾਂ ਇਸ ਨੂੰ ਇਨ-ਬਿਨ ਪਾਲਣਾ ਕਰਨ ਤੇ ਕਰਾਉਣ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਹਨ। ਇੱਕ ਸਾਬਕਾ ਮੰਤਰੀ ਦਾ ਅਖੌਤੀ ਤੌਰ 'ਤੇ ਥਾਣੇ ਦੇ ਅੰਦਰੋਂ ਇੱਕ ਹਵਾਲਾਤੀ ਨੂੰ ਛੁਡਾਉਣ ਅਤੇ ਉਸਦੇ ਪੁਰਾਣੇ ਸਹਾਇਕ ਤੋਂ ਨਵੇਂ ਬਣੇ ਵਿਰੋਧੀ ਵੱਲੋਂ ਦੂਸ਼ਣਬਾਜ਼ੀ ਕਰਨਾ ਰਾਜਨੀਤੀ ਦੇ ਨੀਵੇਂ ਪੱਧਰ ਦੀ ਮਿਸਾਲ ਹੈ। ਭ੍ਰਿਸ਼ਟਾਚਾਰ, ਅਪਰਾਧਿਕ ਮਾਮਲਿਆਂ ਅਤੇ ਸਰਕਾਰੀ ਤੰਤਰ ਦੀ ਦੁਰਵਰਤੋਂ ਕਰਦੇ ਕਈ ਵਿਧਾਨਕਾਰ ਤੇ ਮੰਤਰੀ ਜੇਲ੍ਹਾਂ ਵਿੱਚ ਹਨ। ਉੱਚ ਆਚਰਣ ਤੇ ਬੋਲਚਾਲ ਵਾਲੇ ਸਦਨਾਂ ਦੇ ਮੈਂਬਰ ਰਹੇ ਅਤੇ ਮੌਜੂਦਾ ਵਿਧਾਇਕ ਇੱਕ-ਦੂਜੇ ਲਈ ਨੀਵੇਂ ਦਰਜੇ ਦੀ ਭਾਸ਼ਾ ਵਰਤਦੇ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੇ ਹਨ। ਉਹ ਕੇਵਲ ਇੱਕ-ਦੂਜੇ ਨੂੰ ਹੀ ਨਹੀਂ ਲਲਕਾਰ ਰਹੇ, ਸਗੋਂ ਆਪਣੀਆਂ ਤਿੰਨ-ਤਿੰਨ ਪੁਸ਼ਤਾਂ ਨੂੰ ਵੀ ਬਦਨਾਮ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ।

ਆਸ਼ਾ ਤੇ ਇਨਸਾਫ਼ ਦੇ ਪ੍ਰਤੀਕ ਸਰਕਾਰੀ ਆਹੁਦਿਆਂ 'ਤੇ ਬਿਰਾਜਮਾਨ ਵਿਅਕਤੀ ਵੀ ਰਾਜਸੀ ਮੰਚ ਨੂੰ ਹਲਕੇ-ਫੁਲਕੇ ਚੁਟਕਲਿਆਂ ਦੀ ਸਟੇਜ ਬਣਾਉਂਦੇ ਨਜ਼ਰ ਆ ਰਹੇ ਹਨ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਸੰਤਾਂ ਦੀ ਧਰਤੀ ਮੰਨੀ ਜਾਂਦੀ ਹੈ। ਸਪਤ ਸਿੰਧੂ ਦੇ ਇਲਾਕੇ ਵਿੱਚ ਹੀ ਵੇਦਾਂ, ਵਾਲਮੀਕੀ ਰਾਮਾਇਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਕਾਸ਼ ਹੋਇਆ। ਗੁਰੂ ਸਾਹਿਬਾਨ ਨੇ ਧਰਮ ਨੂੰ ਆਪਣੇ ਜੀਵਨ ਵਿੱਚ ਪ੍ਰਗਟ ਕਰਕੇ ਸੱਚ ਅਤੇ ਬਹਾਦਰੀ ਦਾ ਸੁਮੇਲ ਪੇਸ਼ ਕੀਤਾ ਅਤੇ ਸੰਤ-ਸਿਪਾਹੀ ਬਣਨ ਦਾ ਰਾਹ ਦੱਸਿਆ। ਇਨ੍ਹਾਂ ਸੰਤ-ਸਿਪਾਹੀਆਂ ਨੇ ਆਪਣੀ ਬਹਾਦਰੀ ਨਾਲ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਪੋਰਸ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜਿਆਂ ਨੇ ਆਦਰਸ਼ ਰਾਜ-ਪ੍ਰਬੰਧ ਦੀਆਂ ਮਿਸਾਲਾਂ ਕਾਇਮ ਕੀਤੀਆਂ।

ਇਸ ਤਰ੍ਹਾਂ ਦੇ ਉੱਚ ਜੀਵਨ-ਮੁੱਲਾਂ ਵਾਲੇ ਪੰਜਾਬੀ ਜਦੋਂ ਅੰਗਰੇਜ਼ਾਂ ਦੇ ਅਧੀਨ ਹੋਏ ਤਾਂ ਬਹੁਤੇ ਲੋਕ ਆਪਣੇ ਸਿਧਾਂਤਾਂ ਤੋਂ ਦੂਰ ਹੋ ਗਏ। ਅੰਗਰੇਜ਼ਾਂ ਲਈ ਆਪਸ ਵਿੱਚ ਵੰਡੇ ਹੋਏ ਲੋਕਾਂ 'ਤੇ ਰਾਜ ਕਰਨਾ ਆਸਾਨ ਹੋ ਗਿਆ। ਇੱਕ ਸੋਚੀ-ਸਮਝੀ ਨੀਤੀ ਤਹਿਤ ਅੰਗਰੇਜ਼ਾਂ ਨੇ ਮੁੱਢ ਕਦੀਮ ਤੋਂ ਇਕੱਠੇ ਰਹਿੰਦੇ ਪੰਜਾਬੀ ਸਮਾਜ ਨੂੰ ਹਿੰਦੂ-ਸਿੱਖ ਵੰਡ ਵਿੱਚ ਧੱਕ ਦਿੱਤਾ, ਜਿਸ ਦੇ ਪ੍ਰਭਾਵ ਅੱਜ ਵੀ ਬਰਕਰਾਰ ਹਨ।

ਮੱਛੀ ਹਮੇਸ਼ਾ ਸਿਰ ਵੱਲੋਂ ਖਰਾਬ ਹੁੰਦੀ ਹੈ। ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਹੀ ਰਾਜ ਵਿੱਚ ਕਾਬਜ਼ ਧਿਰ ਦੇ ਆਗੂ ਆਪਣੇ ਕੀਤੇ ਵਾਅਦਿਆਂ ਤੋਂ ਮੁੱਕਰ ਗਏ। ਸਿਰਫ਼ ਇਹ ਹੀ ਨਹੀਂ, ਪੰਜਾਬੀ ਅਤੇ ਹਿੰਦੀ ਦਾ ਝਗੜਾ ਵੀ ਖੜ੍ਹਾ ਕਰ ਦਿੱਤਾ ਗਿਆ। ਆਜ਼ਾਦੀ ਅਤੇ ਪੰਥ ਲਈ ਇਕੱਠੇ ਲੜਨ ਵਾਲੇ ਬਹੁਤ ਸਾਰੇ ਪੰਜਾਬੀ ਆਗੂ ਕੁਰਸੀ ਦੇ ਲਾਲਚ ਵਿੱਚ ਕਾਂਗਰਸੀ ਬਣ ਗਏ ਅਤੇ ਪੰਜਾਬ ਤੇ ਪੰਜਾਬੀ ਦੇ ਵਿਰੋਧੀ ਬਣ ਕੇ ਆਪਣੇ ਪੁਰਾਣੇ ਸਾਥੀਆਂ ਉੱਤੇ ਹੀ ਤਸ਼ੱਦਦ ਕਰਨ ਲੱਗ ਪਏ।

ਕਾਂਗਰਸ ਪਾਰਟੀ ਨੇ ਆਜ਼ਾਦੀ ਦੇ ਵਿਰੋਧੀ ਰਹੇ ਆਗੂਆਂ ਨੂੰ ਵੀ ਰਾਜਸੀ ਸ਼ਕਤੀ ਨਾਲ ਨਿਵਾਜਿਆ। ਇਸ ਕਾਰਨ ਆਜ਼ਾਦੀ ਤੋਂ ਬਾਅਦ ਵੀ ਪੰਜਾਬ ਅਸ਼ਾਂਤ ਰਿਹਾ। ਇਸ ਦੌਰ ਵਿੱਚ ਹੋਏ ਜਾਨੀ ਅਤੇ ਮਾਲੀ ਨੁਕ-ਸਾਨ ਦਾ ਪੂਰਾ ਹਿਸਾਬ ਲਗਾਉਣਾ ਸੰਭਵ ਨਹੀਂ। ਪਰ ਇਸ ਸਭ ਦੇ ਬਾਵਜੂਦ ਰਾਜਨੀਤਿਕ ਮਤਭੇਦਾਂ ਦੀ ਭਾਸ਼ਾ ਅਕਸਰ ਮਰਿਆਦਾ ਵਿੱਚ ਰਹਿੰਦੀ ਸੀ।

ਅੱਸੀਵੇਂ ਦਹਾਕੇ ਵਿੱਚ ਹਾਲਾਤ ਹੋਰ ਗੰਭੀਰ ਹੋ ਗਏ। ਮਰਨ-ਮਾਰਨ ਦੀਆਂ ਧਮਕੀਆਂ ਧਰਮ ਅਸਥਾਨਾਂ ਵਿੱਚੋਂ ਆਉਣ ਲੱਗ ਪਈਆਂ। ਪੰਜਾਬ ਲਹੂ-ਲੁਹਾਨ ਹੋਇਆ ਅਤੇ ਅੱਜ ਵੀ ਇੱਥੇ ਜਾਨ ਅਤੇ ਮਾਲ ਦੀ ਸੁਰੱਖਿਆ ਬਾਰੇ ਪੂਰਾ ਭਰੋਸਾ ਮਹਿਸੂਸ ਨਹੀਂ ਹੁੰਦਾ।

ਕਤਲਾਂ ਵਿੱਚ ਸ਼ਾਮਲ ਅਪਰਾਧੀ ਧਰਮ ਅਤੇ ਰਾਜਨੀਤੀ ਦਾ ਬੁਰਕਾ ਪਾ ਕੇ ਆਗੂ ਬਣੇ ਫਿਰਦੇ ਹਨ। ਮੰਦਿਰਾਂ ਵਿੱਚ ਗਊ ਦੇ ਸਿਰ ਅਤੇ ਪੂਛਾਂ ਸੁੱਟਣ ਜਾਂ ਗੁਰਦੁਆਰਿਆਂ ਵਿੱਚ ਸਿਗਰਟ ਸੁੱਟਣ ਦੇ ਦੋਸ਼ੀ ਵੀ ਨਵੇਂ ਅਵਤਾਰ ਵਿੱਚ ਆਗੂ ਬਣੇ ਨਜ਼ਰ ਆਉਂਦੇ ਹਨ। ਇਸ ਦੌਰ ਵਿੱਚ ਰਾਜ ਸੱਤਾ ਦਾ ਕੇਂਦਰ ਅਫ਼ਸਰਸ਼ਾਹੀ ਅਤੇ ਪੁਲਿਸ ਤੰਤਰ ਹੀ ਬਣਿਆ ਰਿਹਾ।

1992 ਦੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ, ਜਿਨ੍ਹਾਂ ਦਾ ਇੱਕ ਵੱਡੀ ਧਿਰ ਵੱਲੋਂ ਬਾਈਕਾਟ ਕੀਤਾ ਗਿਆ ਸੀ, ਪੰਜਾਬ ਦੀ ਰਾਜਨੀਤੀ ਦਾ ਇੱਕ ਵਿਸ਼ੇਸ਼ ਅਧਿਆਇ ਹਨ। ਇਸ ਦੌਰ ਵਿੱਚ ਕੁਝ ਸਰਕਾਰੀ ਏਜੰਸੀਆਂ ਨਾਲ ਜੁੜੇ ਲੋਕ ਵੀ ਚੁਣੇ ਗਏ। ਸ਼ਕਤੀ ਫਿਰ ਵੀ ਸਰਕਾਰੀ ਤੰਤਰ ਕੋਲ ਹੀ ਰਹੀ, ਪਰ ਰਾਜਨੀਤਿਕ ਆਗੂਆਂ ਅਤੇ ਨਵੇਂ ਨੇਤਾਵਾਂ ਨੇ ਆਪਸ ਵਿੱਚ ਹੱਥ ਮਿਲਾ ਲਏ। ਵਿਰੋਧੀਆਂ ਨਾਲ ਰਾਜਨੀਤਿਕ ਪ੍ਰਤੀਦੰਦੀ ਨਹੀਂ, ਸਗੋਂ ਅਪਰਾਧੀਆਂ ਵਾਂਗ ਵਿਹਾਰ ਹੋਣ ਲੱਗਾ।

ਪੰਜਾਬ ਵਿੱਚ 15-20 ਸਾਲ ਤੱਕ ਚੱਲੀ ਕਤਲੋ-ਗਾਰਤ ਦੇ ਕਾਰਨਾਂ ਦਾ ਹੱਲ ਲੱਭਣ ਜਾਂ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ। ਨੌਜਵਾਨਾਂ ਦੀ ਮਾਨਸਿਕਤਾ ਨੂੰ ਸ਼ਾਂਤ ਕਰਨ ਬਾਰੇ ਵੀ ਸੋਚਣ ਦੀ ਲੋੜ ਮਹਿਸੂਸ ਨਹੀਂ ਕੀਤੀ ਗਈ।

1985, 1989, 1996, 1997, 2007 ਅਤੇ 2012 ਦੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਆਗੂਆਂ ਨੂੰ ਜਿੱਤ ਦੀ ਬਖ਼ਸ਼ਿਸ਼ ਦਿੱਤੀ ਜਿਨ੍ਹਾਂ ਨੇ ਸਿੱਖ ਅੰਦੋਲਨ ਦੌਰਾਨ ਕੌਮ ਦੀ ਅਗਵਾਈ ਕੀਤੀ ਸੀ। ਲੋਕ ਰਾਜਨੀਤੀ ਵਿੱਚ ਸੇਵਾ ਅਤੇ ਕੁਰਬਾਨੀ ਕਰਨ ਵਾਲੇ ਨੂੰ ਨੇਤਾ ਮੰਨਦੇ ਹਨ। ਪਰ ਇਨ੍ਹਾਂ ਆਗੂਆਂ ਨੇ ਬਿਨਾਂ ਕਿਸੇ ਅੰਤਿਮ ਪ੍ਰਾਪਤੀ ਦਾ ਨਿਸ਼ਾਨਾ ਤੈਅ ਕੀਤੇ, ਲੋਕ ਭਾਵਨਾਵਾਂ ਨੂੰ ਭੜਕਾ ਕੇ ਹਜ਼ਾਰਾਂ ਲੋਕਾਂ ਦੀਆਂ ਸ਼ਹਾਦਤਾਂ ਅਤੇ ਬੇਅੰਤ ਮਾਲੀ ਨੁਕ-ਸਾਨ ਤੋਂ ਬਾਅਦ ਮੁੱਖ ਮੰਤਰੀਆਂ ਅਤੇ ਕੇਂਦਰੀ ਮੰਤਰੀਆਂ ਦੇ ਅਹੁਦੇ ਹਾਸਲ ਕੀਤੇ।

ਕੇਂਦਰ ਸਰਕਾਰ ਵਿੱਚ ਭਾਈਵਾਲ ਹੋਣ ਦੇ ਬਾਵਜੂਦ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ, ਉਨ੍ਹਾਂ ਦੇ ਹੱਲ ਲਈ ਕੋਈ ਗੰਭੀਰ ਗੱਲਬਾਤ ਨਹੀਂ ਕੀਤੀ ਗਈ। ਜਦੋਂ ਉਹ ਸੱਤਾ ਵਿੱਚ ਆਏ ਤਾਂ ਉਨ੍ਹਾਂ ਲੋਕਾਂ ਅਤੇ ਸੰਸਥਾਵਾਂ ਨੂੰ ਤਰਜੀਹ ਦਿੱਤੀ ਜਿਨ੍ਹਾਂ ਨੇ ਉਨ੍ਹਾਂ ਦੇ ਸੰਘਰਸ਼ ਦਾ ਵਿਰੋਧ ਕੀਤਾ ਸੀ। ਇਸ ਤਰ੍ਹਾਂ ਕੌਮ ਦੀਆਂ ਭਾਵਨਾਵਾਂ ਨੂੰ ਭਟਕਾ ਕੇ ਕੌਮ ਅਤੇ ਪੰਜਾਬ ਦੋਵਾਂ ਦਾ ਨੁਕਸਾਨ ਕੀਤਾ ਗਿਆ।

ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਕੁਰਸੀ 'ਤੇ ਬਿਰਾਜਮਾਨ ਲੋਕਾਂ ਨੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਦੇ ਉਲਟ ਕੰਮ ਕੀਤੇ ਹਨ। ਪੰਜਾਬ ਉੱਤੇ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਗਈ ਹੈ। ਅਮਨ-ਕਾਨੂੰਨ ਦੀ ਸਥਿਤੀ ਗੰਭੀਰ ਹੈ। ਪੁਲਿਸ ਦੇ ਥਾਣਿਆਂ ਤੱਕ 'ਤੇ ਹਮਲੇ ਹੋ ਰਹੇ ਹਨ। ਸਰਕਾਰੀ ਫ਼ੈਸਲੇ ਉਹ ਲੋਕ ਪ੍ਰਭਾਵਿਤ ਕਰ ਰਹੇ ਹਨ ਜਿਨ੍ਹਾਂ ਦਾ ਪੰਜਾਬ ਨਾਲ ਕੋਈ ਸਿੱਧਾ ਸਬੰਧ ਨਹੀਂ ਅਤੇ ਜੋ ਲੋਕਾਂ ਵੱਲੋਂ ਚੁਣੇ ਵੀ ਨਹੀਂ ਗਏ।

ਪੰਜਾਬ ਦੇ ਮੁੱਖ ਮੰਤਰੀਆਂ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ 1960 ਦੇ ਦਹਾਕੇ ਤੋਂ ਹੀ ਲੱਗਣੇ ਸ਼ੁਰੂ ਹੋ ਗਏ ਸਨ। ਇੱਕ-ਦੋ ਅਪਵਾਦਾਂ ਨੂੰ ਛੱਡ ਕੇ ਬਹੁਤੇ ਮੁੱਖ ਮੰਤਰੀ ਕਿਸੇ ਨਾ ਕਿਸੇ ਵਿਵਾਦ ਨਾਲ ਜੁੜੇ ਰਹੇ ਹਨ। ਜੇ ਕਿਸੇ ਪਰਿਵਾਰ, ਰਾਜ ਜਾਂ ਦੇਸ਼ ਦਾ ਮੁਖੀ ਹੀ ਵਿਵਾਦਾਂ ਵਿੱਚ ਘਿਰਿਆ ਹੋਵੇ ਤਾਂ ਪ੍ਰਣਾਲੀ ਨੂੰ ਸਹੀ ਦਿਸ਼ਾ ਵਿੱਚ ਲੈ ਜਾਣਾ ਔਖਾ ਹੋ ਜਾਂਦਾ ਹੈ।

ਸਭ ਤੋਂ ਵੱਡਾ ਨੁਕਸਾਨ ਸਿੱਖ ਕੌਮ ਦਾ ਹੋਇਆ ਹੈ। ਬਿਨਾਂ ਸੋਚੇ-ਸਮਝੇ ਉਗਰ ਅੰਦੋਲਨਾਂ ਨੇ ਦੇਵਤਿਆਂ ਦੀ ਕੌਮ ਨੂੰ ਅਤਿਵਾਦ ਨਾਲ ਜੋੜ ਕੇ ਪੇਸ਼ ਕਰਨ ਦਾ ਮੌਕਾ ਦਿੱਤਾ। ਸਾਰੇ ਹਾਲਾਤ ਜਾਣਦੇ ਹੋਏ ਵੀ ਕੁਝ ਲੋਕ ਅੱਜ ਨਿੱਜੀ ਲਾਭ ਲਈ ਭਾਰਤ ਦੇ ਦੁਸ਼ਮਣਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ।

ਪੰਜਾਬ ਨੇ ਹਰ ਦੌਰ ਵਿੱਚ ਮਹਾਨ ਨੇਤਾ ਪੈਦਾ ਕੀਤੇ ਹਨ। ਅੰਗਰੇਜ਼ਾਂ ਤੋਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਅਤੇ ਕੁਰਬਾਨੀਆਂ ਦੇਣ ਵਾਲਿਆਂ ਦੀ ਇੱਕ ਲੰਬੀ ਸੂਚੀ ਹੈ। ਆਜ਼ਾਦੀ ਤੋਂ ਬਾਅਦ ਵੀ ਮਾਸਟਰ ਤਾਰਾ ਸਿੰਘ, ਜਥੇਦਾਰ ਮੋਹਣ ਸਿੰਘ ਤੁੜ, ਸਰਦਾਰ ਮੇਜਰ ਸਿੰਘ ਉਬੋਕੇ, ਰਘੂਨੰਦਨ ਲਾਲ ਭਾਟੀਆ, ਬ੍ਰਿਜ ਭੂਸ਼ਣ ਮਹਿਰਾ, ਮਾਸਟਰ ਕੁੰਦਨ ਸਿੰਘ, ਸਰਦਾਰ ਕ੍ਰਿਪਾਲ ਸਿੰਘ, ਡਾ. ਬਲਦੇਵ ਪ੍ਰਕਾਸ਼ ਅਤੇ ਡਾ. ਬਲਦੇਵ ਚਾਵਲਾ ਵਰਗੇ ਆਗੂਆਂ ਨੇ ਆਪਣੇ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਲੋਕ ਸੇਵਾ ਨੂੰ ਤਰਜੀਹ ਦਿੱਤੀ। ਉਹ ਆਮ ਲੋਕਾਂ ਦੀ ਆਸ ਬਣੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਕਾਇਮ ਕਰ ਗਏ।

ਪੰਜਾਬ ਦੇਸ਼ ਦਾ ਮੋਹਰੀ ਸੂਬਾ, ਖਾਲਸਾ ਪੰਥ ਦੀ ਜਨਮ ਭੂਮੀ ਅਤੇ ਗੁਰੂਆਂ-ਪੀਰਾਂ ਦੀ ਧਰਤੀ ਹੈ। ਇਸ ਧਰਤੀ ਦੇ ਆਗੂ ਸੂਰਬੀਰ ਅਤੇ ਬਚਨ ਦੇ ਪੱਕੇ ਰਹੇ ਹਨ। ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਵਾਲੀ ਇਹ ਧਰਤੀ ਨਸ਼ਿਆਂ ਦੇ ਵਪਾਰੀਆਂ, ਗੈਂਗਸਟਰਾਂ, ਦੇਸ਼ ਦੇ ਗਦਾਰਾਂ ਅਤੇ ਭ੍ਰਿਸ਼ਟਾਚਾਰੀਆਂ ਦਾ ਕੇਂਦਰ ਨਾ ਬਣ ਜਾਵੇ, ਇਸ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਇੱਕਜੁੱਟ ਹੋਣਾ ਪਵੇਗਾ।

ਜੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀਆਂ ਸ਼ਕਤੀਆਂ ਇੱਕਜੁੱਟ ਹੋ ਕੇ ਇਸ ਦਿਸ਼ਾ ਵਿੱਚ ਯਤਨ ਕਰਨ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁੜ ਦੇਸ਼ ਦਾ ਮੋਹਰੀ ਸੂਬਾ ਬਣੇਗਾ। ਇਹ ਉਹ ਧਰਤੀ ਹੈ ਜਿਸ ਨੇ ਸੰਸਾਰ ਨੂੰ 'ਸਰਬੱਤ ਦੇ ਭਲੇ' ਦਾ ਸੰਦੇਸ਼ ਦਿੱਤਾ ਹੈ। ਇਸ ਲਈ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੰਡਿਆ ਹੋਇਆ, ਕਰਜ਼ੇ ਹੇਠ ਦੱਬਿਆ ਅਤੇ ਨਿਰਾਸ਼ ਪੰਜਾਬ ਨਹੀਂ, ਸਗੋਂ ਇੱਕ ਅਜਿਹਾ ਪੰਜਾਬ ਸੌਂਪੀਏ ਜੋ ਆਰਥਿਕ ਤੌਰ 'ਤੇ ਮਜ਼ਬੂਤ, ਸਮਾਜਿਕ ਤੌਰ 'ਤੇ ਸਦਭਾਵਨਾ ਭਰਿਆ, ਨੈਤਿਕ ਤੌਰ 'ਤੇ ਉੱਚਾ ਅਤੇ ਰਾਸ਼ਟਰੀ ਤੌਰ 'ਤੇ ਮਾਣਯੋਗ ਹੋਵੇ।

ਪੰਜਾਬ ਦਾ ਭਵਿੱਖ ਕਿਸੇ ਇੱਕ ਪਾਰਟੀ, ਇੱਕ ਨੇਤਾ ਜਾਂ ਇੱਕ ਵਿਚਾਰਧਾਰਾ ਨਾਲ ਨਹੀਂ ਜੁੜਿਆ। ਇਹ ਪੰਜਾਬ ਦੇ ਤਿੰਨ ਅਮੁੱਲੇ ਸ਼ਬਦਾਂ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ, ਦੀ ਸੁਰੱਖਿਆ ਅਤੇ ਪ੍ਰਫੁੱਲਤਾ ਨਾਲ ਜੁੜਿਆ ਹੋਇਆ ਹੈ। ਜੇ ਅਸੀਂ ਇਨ੍ਹਾਂ ਨੂੰ ਬਚਾ ਲਿਆ, ਤਾਂ ਪੰਜਾਬ ਦਾ ਭਵਿੱਖ ਸੁਰੱਖਿਅਤ ਹੈ; ਜੇ ਇਨ੍ਹਾਂ ਨੂੰ ਗੁਆ ਬੈਠੇ, ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

**ਡਾ ਇਕਬਾਲ ਸਿੰਘ ਲਾਲਪੁਰਾ**
**ਸਾਬਕਾ ਚੇਅਰਮੈਨ**
**ਰਾਸ਼ਟਰੀ ਘੱਟ ਗਿਣਤੀਆਂ ਕਮਿਸ਼ਨ**

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



ਪੰਜਾਬ, ਪੰਜਾਬੀਅਤ, ਪੰਜਾਬੀਆਂ ਅਤੇ ਸਿੱਖ ਕੌਮ ਦੇ ਸਮੂਹਿਕ ਕਿਰਦਾਰ ਨੂੰ ਢਾਹ 1980ਵੇਂ ਤੋਂ ਬਾਅਦ, 2010ਵੇਂ-20ਵੇਂ 'ਚ ਵੀ ਲੱਗੀ। ਜਿਹੜਾ ਪਹਿਲੂ ਅਜੇ ਪੂਰਾ ਪਛਾਂਣਿਆ ਜਾਂਣਾ ਹੈ ਉਹ ਇਹ ਹੈ ਕਿ ਆਮ ਆਦਮੀ ਪਾਰਟੀ, ਇਸਦੇ ਕੁੱਝ ਆਗੂਆਂ ਅਤੇ ਇਸਦੀ ਪ੍ਰਾਪੇਗੰਡਾ ਮਸ਼ੀਨ ਨੇ ਵੋਟਾਂ, ਰਾਜਨੀਤਕ ਸਤਾਹ, ਮੀਡੀਏ ਅਤੇ ਆਰਥਿਕ ਸੋਮੇ ਕਬਜਿਆਂ 'ਚ ਲੈਂਣ ਲਈ ਅਤੇ ਕਬਜੇ ਜਮਾਈ ਰਖਣ ਲਈ - 15 ਵਰੇ ਕਿਵੇਂ ਕੀ ਕੀ ਕੀਤਾ।

..................................

15 ਜੂਨ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਈ ਪੰਥਕ ਇਕੱਤਰਤਾ, ਇਸ ਉਪਰੰਤ, ਪੰਜ ਸਿੰਘ ਸਾਹਿਬਾਨਾਂ ਵਲੋਂ ਹੋਏ ਫੈਸਲੇ ਅਤੇ ਜਥੇਦਾਰ ਸਾਹਿਬ ਵਲੋਂ ਫੁਰਮਾਂਣ, ਇਕ ਵੱਖਰੀ ਅਰੰਭਕ ਜਾਗ੍ਰਿਤੀ ਦਾ ਹੀ ਸੰਕੇਤ ਹੈ। ਦਿਲੀਉਂ ਹਾਰੇ ਹੋਏ ਸੁਪਰੀਮੋ ਅਖਵਾਉਂਦੇ ਕੇਜਰੀਵਾਲ ਤੇ ਸ਼ਿਸ਼ੋਦੀਆ ਅਦਿ ਟੋਲਾ ਸ਼ੈਤਾਨ ਹਨ। ਉਹ ਪੰਜਾਬ ਨੂੰ ਵਰਤ-ਵਰਗਲਾ ਕੇ ਬਾਹਰ ਆਪਣੀਂ ਭਲ ਬਣਾਉਂਣ ਦੀ ਤਾਕ 'ਚ ਰਹੇ ਹਨ। ਭਗਵੰਤ ਸਿੰਘ ਮਾਨ ਦਾ ਚਰਿੱਤਰ ਅਦਾਕਾਰੀ ਹੀ ਹੈ, ਉਸਦੀ ਹੈਸੀਅਤ ਅਤੇ ਔਕਾਤ ਪੰਜਾਬ ਦੇ ਮੁੱਖ-ਮੰਤ੍ਰੀ ਦੇ ਰੁਤਵੇ ਦੀ ਹਾਂਣ ਦੀ ,ਬਣ ਹੀ ਨਹੀਂ ਸਕੀ। ਆਲੇ-ਦੁਅਲੇ ਬਹੁਤੇ ਚੁੱਪ-ਚਾਪ ਮੌਕਾਪ੍ਰਸਤੀ ਕਰ ਰਹੇ ਹਨ। ਜਦ ਕਿ ਪੰਜਾਬ ਕਰਜ਼ਾਈ, ਬੇਰੁਜ਼ਗਾਰ, ਗੁਰਮਤਿ ਤੋਂ ਓਲਟ ਬਿਮਾਰ ਮਾਨਸਿਕਤਾ ਵਲ ਧੱਕਿਆ ਜਾ ਰਿਹੈ...ਅਤੇ ਪਿਛਾਂਹ ਪੈ ਰਿਹਾ ਹੈ:



...............................

ਪੰਜਾਬ ਵਿਚ ਆਪਹੁਦਰੇ ਰਾਜਨੀਤਕ ਰੁਝਾਂਨਾਂ ਤੇ ਰੰਝਸ਼ਾਂ ਦੇ ਹਲਕੇ ਹੋ ਰਹੇ ਮਿਆਰਾਂ ਬਾਰੇ ਤਾਂ ਗੱਲ ਕਰਨੀਂ ਵੀ ਫਜ਼ੂਲ ਲਗਦੀ ਹੈ। ਪਰ ਜੇ ਸਿੱਖ ਧਰਮ ਦੇ ਸਰਬ-ਉਚ ਅਸਥਾਨਾਂ ਦੇ ਪ੍ਰਮੁੱਖ ਰੁਤਵਿਆਂ ਉਪਰ ਰਹਿ ਚੁੱਕੇ ਹੈਡ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੀ ਮਾਣ-ਮਰਿਆਦਾ ਤੋਂ ਉਖੜਕੇ, ਨਿਭਾਈਆਂ ਜਿੰਮੇਵਾਰੀਆਂ ਨੂੰ ਸਰਕਾਰੀ ਮੁਲਾਜ਼ਮਾਂ ਮੋਹਰੇ ਰੋਲਣ ਲਗ ਪੈਣ ਤਾਂ ਸਿਖ ਪੰਥਕ ਅਦਾਰੇ ਕੀ ਕਰਨ?

..........................................


If the idea of World Punjabi Parliamentarian Forum should be revived and realised in run up to forthcoming Punjab election. it



could encourage and develop momentum for connecting Indian origin Punjabi enterprenuers, educationalists and community resources of Punjab NRIs towards a new future for Punhab under a new government.

.....................................

Former Labour deputy leader, shadow Home Secretary and Birmingham MP Roy Hatersley passes at 93. He championed race equally and development of minority ethnic communities as integral to the modern British society. He proudly participated in many community, media and business events during his time.




----------------------

These and other willing to join countries of Asian region, should develop and expand their trade in their local currencies...there is a strong RUPEE FAMILY

ⒾⓃ India - Indian Rupee (INR)
ⓅⓀ Pakistan - Pakistani Rupee (PKR) and so on

The issue in the contemporary UK Labour is not necessariy of




leadership involving PM KeirStarmer - rather, it is a serious policy issue wether to increase relative spending on the UK welfare state or defence state. It all depends which narrative and lobby pressuere is the strongest.

..................................

Intersting data of Punjabi speakers from Canada showing a higher present percentage than that of any other country, outside the greater historic Punjab region of India and Pakistan

2004 → ~1.3%
2005 → ~1.38%
2006 → ~1.46%
2007 → ~1.5% ...
2023 → ~2.75%
2024 → ~2.85%
2025 → ~2.95%
2026 → ~3.05% (proj.)

Source : Statistics Canada Censuses (mother tongue data), population estimates. Rapid growth via immigration from Punjab (India/Pakistan), family sponsorship & higher fertility. Punjabi is now one of Canada's top non-official languages, concentrated in Brampton, Surrey & other GTA/BC hubs.

..................................

One of the main questions is that - are the areas' morals, ethics, spirit and values are taught in English? People in any area will have their local/regional/pan-regional history and heritage which form their ethnic identity. But some misguded politician are trying to deny them that, for sake of few ultra right votes!

British English
American English




......................................

Need a similar statistical analysis of some 50 countries where Sikhs are settled Sikh Population % in the UK

1990 → ~0.5%
1991 → 0.5%
1992 → ~0.5%
1993 → ~0.5%
...
2013 → ~0.8%
2014 → ~0.8–0.9%
2015 → ~0.9%
2016 → ~0.9%
...
2022 → ~1.0%
2023 → ~1.0%
2024 → ~1.0–1.1%
2025 → ~1.1%

Source: Office for National Statistics Census 2001, 2011 & 2021; intercensal years estimated from Censuses)

## ਲੈਸਟਰ ਵਿੱਚ ਵੈਨ ਵਿੱਚੋਂ ਮਿਲੀ ਲਾਸ਼ ਮਾਮਲੇ ਵਿੱਚ ਔਰਤ 'ਤੇ ਕਤਲ ਦਾ ਦੋਸ਼, ਅਗਲੇ ਸਾਲ ਟ੍ਰਾਇਲ ਸ਼ੁਰੂ ਹੋਵੇਗੀ

ਲੈਸਟਰ -ਇੰਗਲੈਂਡ ਦੇ ਲੈਸਟਰ ਸ਼ਹਿਰ ਵਿੱਚ ਇੱਕ ਵੈਨ ਦੇ ਪਿੱਛੇ ਇੱਕ ਵਿਅਕਤੀ ਦੀ ਲਾਸ਼ ਮਿਲਣ ਦੇ ਮਾਮਲੇ ਵਿੱਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ 39 ਸਾਲਾ ਹਰਿੰਦਰ ਕੌਰ ਦੀ ਟ੍ਰਾਇਲ ਦੀ ਤਾਰੀਖ ਤੈਅ ਕਰ ਦਿੱਤੀ ਗਈ ਹੈ।

ਮ੍ਰਿਤਕ ਦੀ ਪਛਾਣ ਪਹਿਲੀ ਵਾਰ ਮੇਜਰ ਸਿੰਘ ਵਜੋਂ ਕੀਤੀ ਗਈ ਹੈ, ਜੋ 30 ਸਾਲਾਂ ਦੀ ਉਮਰ ਦੇ ਕਰੀਬ ਸੀ। ਉਸ ਦੀ ਲਾਸ਼ 27 ਮਈ ਨੂੰ ਸ਼ਾਮ ਕਰੀਬ 5:30 ਵਜੇ ਲੈਸਟਰ ਦੇ ਗਾਰਡਨ ਸਟ੍ਰੀਟ ਇਲਾਕੇ ਵਿੱਚ ਖੜ੍ਹੀ ਇੱਕ ਫੋਰਡ ਟਰਾਂਜ਼ਿਟ ਵੈਨ ਦੇ ਪਿਛਲੇ ਹਿੱਸੇ ਵਿੱਚੋਂ ਮਿਲੀ ਸੀ। ਇਹ ਖੁਲਾਸਾ ਉਸ ਵੇਲੇ ਹੋਇਆ ਜਦੋਂ ਇੱਕ ਰਾਹਗੀਰ ਨੇ ਵੈਨ ਦੀ ਹਾਲਤ ਬਾਰੇ ਪੁਲਿਸ ਨੂੰ ਸੂਚਿਤ ਕੀਤਾ। ਪੱਛਮੀ ਲੰਡਨ ਦੇ ਹੰਸਲੋ ਇਲਾਕੇ ਦੀ ਰਹਿਣ ਵਾਲੀ ਹਰਿੰਦਰ ਕੌਰ 'ਤੇ ਕਤਲ ਕਰਨ ਦੇ ਨਾਲ-ਨਾਲ ਇਨਸਾਫ ਦੀ ਕਾਰਵਾਈ ਵਿੱਚ ਰੁਕਾਵਟ ਪੈਦਾ ਕਰਨ (Perveritng the Course of Jusitce) ਦਾ ਵੀ ਦੋਸ਼ ਲਗਾਇਆ ਗਿਆ ਹੈ।

ਬੁੱਧਵਾਰ ਨੂੰ ਇਹ ਮਾਮਲਾ ਲੈਸਟਰ ਕਰਾਊਨ ਕੋਰਟ ਤੋਂ ਲੰਡਨ ਦੀ ਓਲਡ ਬੇਲੀ ਅਦਾਲਤ ਵਿੱਚ ਤਬਦੀਲ ਕੀਤਾ ਗਿਆ, ਜਿੱਥੇ ਹਰਿੰਦਰ ਕੌਰ ਨੇ ਪੀਟਰਬਰੋ ਜੇਲ੍ਹ ਤੋਂ ਵੀਡੀਓ ਲਿੰਕ ਰਾਹੀਂ ਪੇਸ਼ੀ ਭਰੀ। ਸੁਣਵਾਈ ਦੌਰਾਨ ਉਸ ਨੇ ਸਿਰਫ਼ ਆਪਣੀ ਪਛਾਣ ਦੀ ਪੁਸ਼ਟੀ ਕੀਤੀ।

ਜੱਜ ਰਿਚਰਡ ਮਾਰਕਸ ਕੇਸੀ ਨੇ 18 ਸਤੰਬਰ ਨੂੰ ਦੋਸ਼ਾਂ ਬਾਰੇ ਪਲੀ ਹਿਅਰਿੰਗ (Plea Heairng) ਦੀ ਤਾਰੀਖ ਨਿਰਧਾਰਤ ਕੀਤੀ ਹੈ। ਇਸ ਤੋਂ ਇਲਾਵਾ, ਅਦਾਲਤ ਨੇ 5 ਅਪ੍ਰੈਲ ਅਗਲੇ ਸਾਲ ਤੋਂ ਤਿੰਨ ਹਫ਼ਤਿਆਂ ਦੀ ਅਸਥਾਈ ਟ੍ਰਾਇਲ ਤੈਅ ਕੀਤੀ ਹੈ।

ਸ਼ੁਰੂਆਤੀ ਜਾਂਚ ਈਸਟ ਮਿਡਲੈਂਡਜ਼ ਸਪੈਸ਼ਲ ਓਪਰੇਸ਼ਨਜ਼ ਯੂਨਿਟ ਅਤੇ ਲੈਸਟਰਸ਼ਾਇਰ ਪੁਲਿਸ ਵੱਲੋਂ ਕੀਤੀ ਗਈ ਸੀ, ਪਰ ਬਾਅਦ ਵਿੱਚ ਕੇਸ ਨੂੰ ਮੈਟਰੋਪੋਲਿਟਨ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਪੁਲਿਸ ਮੁਤਾਬਕ ਵੈਨ ਪੱਛਮੀ ਲੰਡਨ ਦੇ ਇੱਕ ਪਤੇ 'ਤੇ ਰਜਿਸਟਰਡ ਸੀ। ਅਦਾਲਤ ਨੇ ਹਰਿੰਦਰ ਕੌਰ ਨੂੰ ਅਗਲੀ ਸੁਣਵਾਈ ਤੱਕ ਨਿਆਂਇਕ ਹਿਰਾਸਤ ਵਿੱਚ ਹੀ ਰੱਖਣ ਦੇ ਹੁਕਮ ਦਿੱਤੇ ਹਨ। ਮਾਮਲੇ ਦੀ ਜਾਂਚ ਜਾਰੀ ਹੈ।

# ਗੁਰੂ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-42**



ਬਾਉਲੀ ਸਾਹਿਬ ਸ੍ਰੀ ਗੋਇੰਦਵਾਲ

ਹਾਥ ਜੋੜ ਸਨਮੁਖ ਹੋਇ ਬੈਠਾ।
**ਸਾਹੁ ਹੁਸੈਨ ਦੇਖਾ ਤਿਸ ਐਠਾ (ਆਕੜਿਆ)।**
ਮਾਰ ਸੋਟਾ ਤਿਸ ਦੀਆ ਉਠਾਈ।
ਵੈ ਉਠ ਭਾਗ ਟੰਗੜੀ ਬਨਿ ਆਈ।15॥
ਸੋਰਠਾ॥ ਟੰਗੜੀ ਭਈ ਸਬੂਤ
ਦੇਖ ਜਾਇ ਕਦਮਨ ਪੜਾ।
ਕਹਿਆ ਸਾਹੁ ਸੁਨ ਪੂਤ
ਕਰਨ ਕਰਾਵਨ ਅਉਰ ਹੈ।16॥
**ਚੌਪਈ॥...ਅਬ ਜਾਉ ਤਹਾ ਗੁਰਚਰਨੀ ਪਰੋ।**
ਹਮਰੀ ਚਰਨ-ਬੰਦਨਾ ਕਰੋ।
ਹਮ ਸਮਾਨ ਕੋਟ ਤਿਨ ਦਾਸ।
ਮਨ ਧਰੋ ਸਦਾ ਸਤਿਗੁਰ ਬਿਸਵਾਸ।18॥
ਮ.ਪ੍ਰ.

**ਨਾਂ ਨਾਲ ਸਿੰਘ ਪਦ ਦਾ ਹੋਣਾ**

ਸਾਡੇ ਧਿਆਨ ਕਰਨ ਯੋਗ ਹੈ ਕਿ ਦਸ਼ਮੇਸ਼ ਜੀ ਵੱਲੋਂ ਖੰਡੇ ਦੀ ਪਾਹੁਲ ਬਖ਼ਸ਼ਸ਼ ਕਰਨ ਸਮੇਂ ਹੀ ਸਿੰਘਾਂ ਨੂੰ ਆਪਣੇ ਨਾਂ ਨਾਲ 'ਸਿੰਘ' ਪਦ ਲਾਉਣ ਦਾ ਹੁਕਮ ਹੋਇਆ, ਇਸ ਤੋਂ ਪਹਿਲਾਂ ਇਹ ਵਿਧਾਨ ਨਹੀਂ ਸੀ। ਸਤਿਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਇਸ ਸਮੇਂ ਤੱਕ ਜਿੰਨੇ ਵੀ ਹਿੰਦੂ ਜਾਂ ਮੁਸਲਿਮ ਪਿਛੋਕੜ ਵਾਲੇ ਸਿਖੀ ਮੰਡਲ ਵਿਚ ਆਏ, ਕਿਸੇ ਦੇ ਨਾਂ ਵਿਚ ਗੁਰੂ ਸਾਹਿਬਾਨ ਨੇ ਤਬਦੀਲੀ ਨਹੀਂ ਕੀਤੀ। ਉਨ੍ਹਾਂ ਦੇ ਪਹਿਲੇ ਨਾਂਵਾਂ ਨੂੰ ਧਿਆਨ ਵਿਚ ਰੱਖ ਕੇ ਇਹ ਭਾਵ ਲੈਣਾ ਕਿ ਗੁਰੂ-ਸ਼ਰਨ ਵਿਚ ਆਉਣ ਉਪਰੰਤ ਵੀ ਉਹ ਕੇਵਲ ਸ਼ਰਧਾਲੂ ਹੀ ਸਨ ਉਨ੍ਹਾਂ ਸਿੱਖੀ ਧਾਰਨ ਨਹੀਂ ਕੀਤੀ, ਸਾਡੀ ਜਾਚੇ, ਇਹ ਭੁੱਲ ਹੈ। ਇਹ ਭੁਲੇਖਾ ਸਾਨੂੰ ਖ਼ਾਸ ਤੌਰ'ਤੇ ਮੁਸਲਿਮ ਪਿਛੋਕੜ ਤੋਂ ਆਏ ਵਿਅਕਤੀਆਂ ਤੋਂ ਵਿਸ਼ੇਸ਼ ਹੈ ਚਾਹੇ ਉਹ ਗੁਰੂ-ਦਰਬਾਰ ਵਿਚ ਕਿੰਨੇ ਹੀ ਸਤਿਕਾਰੇ ਗਏ ਜਿਵੇਂ ਕਿ ਭਾਈ ਮਰਦਾਨਾ ਜੀ, ਭਾਈ ਬਲਵੰਡ ਤੇ ਭਾਈ ਸੱਤਾ ਜੀ, ਭਾਈ ਬਾਬਕ ਜੀ, ਭਾਈ ਅੱਲ੍ਹਾ ਯਾਰ ਖ਼ਾਂ ਅਤੇ ਭਾਈ ਸ਼ਾਹ ਹੁਸੈਨ ਆਦਿ।

**ਗੰਗੂ ਸ਼ਾਹ ਗੜ੍ਹਸ਼ੰਕਰ**

ਭਾਈ ਨੰਦ ਲਾਲ ਜੀ ਨੇ ਧੰਨ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਪਵਿੱਤਰ ਨਾਂ ਨਾਲ 'ਦਾਸ' ਸ਼ਬਦ ਦੀ ਭਾਵਪੂਰਕ ਵਿਆਖਿਆ ਕਰਦਿਆਂ ਲਿਖਿਆ ਹੈ:

ਵ ਦਾਲੇ ਸਆਦਤ ਇਸਤਮਾਲਸ਼
ਦਸਤਗੀਰ-ਇ ਹਰ ਨਾ-ਉਮੀਦ।
ਅਲਫ਼ੇ ਸਾਨੀਅਸ਼ ਅਮਾਨ-ਇ
ਹਰ ਮੁਜਰਿਮ ਵ ਸਿਆਹਕਾਰ।
ਵ ਸੀਨੇ ਆਖ਼ਰੀਨਸ਼
ਸਾਯਹ-ਇ ਕਿਰਦਗਾਰ।

ਇਸ ਦੀ ਸੰਖੇਪ ਵਿਆਖਿਆ ਪੰਜਾਬੀ ਵਿਚ ਡਾ. ਗੰਡਾ ਸਿੰਘ ਜੀ ਨੇ ਇਉਂ ਕੀਤੀ ਹੈ:

(ਤੀਜੀ ਪਾਤਸ਼ਾਹੀ ਦੇ ਨਾਂ ਨਾਲ ਲੱਗਣ ਵਾਲੀ) ਨੇਕ-ਬਖ਼ਤੀ ਭਰਪੂਰ 'ਦਾਲ' ਹਰ ਨਿਰਾਸੇ ਦੀ ਸਹਾਈ ਹੁੰਦੀ ਹੈ। ਉਸ ਦੇ ਨਾਮ ਦਾ ਦੂਜਾ 'ਅਲਿਫ਼' ਹਰ ਪਾਪੀ ਅਤੇ ਦੋਸ਼ੀ ਨੂੰ ਸ਼ਰਨ ਅਤੇ ਪਨਾਹ ਦੇਣ ਵਾਲਾ ਹੈ ਅਤੇ ਅੰਤਲਾ 'ਸੀਨ' ਉਹ ਕਰਤਾਰ ਦਾ ਪ੍ਰਛਾਵਾਂ ਹੈ।

ਅਸੀਂ ਕਹਿ ਸਕਦੇ ਹਾਂ ਕਿ ਤੀਜੇ ਪਾਤਸ਼ਾਹ ਜੀ ਨੇਕ-ਬਖ਼ਤੀ ਭਰਪੂਰ, ਹਰ ਨਿਰਾਸੇ ਦੇ ਸਹਾਇਕ, ਹਰ ਪਾਪੀ ਤੇ ਦੋਸ਼ੀ ਦੇ ਸ਼ਰਨ-ਪਾਲਕ ਅਰ ਕਰਤਾਰ ਦਾ ਪ੍ਰਛਾਵਾਂ ਹਨ।

ਸਤਿਗੁਰਾਂ ਦੀ ਸ਼ਰਨ ਵਿਚ ਆਉਣ ਵਾਲੇ ਇਸ ਵਿਅਕਤੀ ਦਾ ਇਤਿਹਾਸ ਅਸੀਂ ਜਿਵੇਂ ਜਿਵੇਂ ਪੜ੍ਹਦੇ ਹਾਂ, ਭਾਈ ਨੰਦ ਲਾਲ ਗੋਯਾ ਜੀ ਦੇ ਲਿਖੇ ਸ਼ਬਦ ਸਾਨੂੰ ਪੂਰਨ ਸੱਚ ਭਾਸਦੇ ਹਨ। ਗੰਗੂ ਸ਼ਾਹ ਬੱਸੀ ਖੱਤ੍ਰੀ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਦੇ ਜੰਮ-ਪਲ ਲਾਹੌਰ ਵਿਚ ਸ਼ਾਹੂਕਾਰਾ ਕਰਦੇ ਸਨ। ਕਰਤਾਰ ਦੇ ਰੰਗ! ਕਰਜ਼ਾ ਲੈਣ ਵਾਲੇ ਵਾਪਸ ਮੋੜਨ ਤੋਂ ਇਨਕਾਰੀ ਹੁੰਦੇ ਗਏ ਜਿਸ ਕਾਰਨ ਦੇਣ-ਦਾਰੀਆਂ ਵੀ ਰੁਕ ਗਈਆਂ। ਇਕ ਦਿਨ ਮਜਬੂਰ ਹੋ ਕੇ ਮੂੰਹ-ਸਿਰ ਲਪੇਟ ਕੇ ਚੁੱਪ-ਚੁੱਪੀਤੇ ਖ਼ਾਲੀ ਹੱਥੀਂ ਲਾਹੌਰ ਛੱਡ ਤੁਰੇ। ਜਾਣ ਕਿਧਰ? ਆਖ਼ਰ ਚਲਦੇ ਚਲਦੇ ਨਿਮਾਣਿਆਂ ਦੇ ਮਾਣ ਸਤਿਗੁਰਾਂ ਦੀ ਸ਼ਰਨ ਗੋਇੰਦਵਾਲ ਸਾਹਿਬ ਆ ਗਏ। ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਅਰ ਸਮਾਂ ਮਿਲਣ 'ਤੇ ਹਜ਼ੂਰ ਕੋਲ ਆਪਣਾ ਦੁੱਖੜਾ ਰੋਇਆ। ਸਾਰਾ ਹਾਲ ਸੁਣ ਕੇ ਇਸ ਦੀਵਾਲੀਏ ਨੂੰ ਸਾਹਿਬ ਜੀ ਨੇ ਧੀਰਜ ਦੇਂਦਿਆਂ ਫ਼ੁਰਮਾਇਆ,

'ਗੰਗੂ ਸ਼ਾਹ! ਫ਼ਿਕਰ ਨਾ ਕਰ। ਹੁਣ ਦਿੱਲੀ ਜਾ ਕੇ ਸ਼ਾਹੂਕਾਰਾ (banking) ਸ਼ੁਰੂ ਕਰੋ। ਕਮਾਈ ਵਿਚੋਂ ਸੰਗਤ ਅਤੇ ਲੋੜਵੰਦਾਂ ਦੀ ਸੇਵਾ ਕਰਨੀ, ਗੁਰੂ ਨਾਨਕ ਸਾਹਿਬ ਬਰਕਤਾਂ ਪਾਉਣਗੇ'।

ਗੁਰੂ ਕਹਯੋ 'ਅਬਿ ਦਿੱਲੀ ਜੱਯੈ।
ਮਾਨ ਬਾਕ ਤਹਿਂ ਕੋਠੀ ਪੱਯੈ।
ਸਤਿਸੰਗਤਿ ਕੀ ਸੇਵਾ ਕਰਹੁ।
ਹੁਇ ਹੈ ਦਰਬ ਨ ਚਿੰਤਾ ਧਰਹੁ'।15॥

'ਜੀ! ਸਤਿਬਚਨ' ਕਹਿ ਕੇ ਗੁਰੂ ਕੇ ਭਰੋਸੇ ਗੰਗੂ ਸ਼ਾਹ ਦਿੱਲੀ ਨੂੰ ਰਵਾਨਾ ਹੋ ਗਿਆ।

ਕਾਰੋਬਾਰ ਦਾ ਭੇਤੀ ਸੀ। ਗੁਰੂ ਕੀਆਂ ਅਸੀਸਾਂ ਸਦਕਾ ਏਥੇ ਛੇਤੀ ਪੈਰ ਲੱਗ ਗਏ। ਸਾਡਾ ਇਤਿਹਾਸ ਦੱਸਦਾ ਹੈ ਕਿ ਇਕ ਮੁਗ਼ਲ ਵਪਾਰੀ ਨੇ ਇਕ ਲੱਖ ਦੀ ਹੁੰਡੀ (draft, bill of exchange or promissory note) ਭਾਈ ਜੀ ਕੋਲ ਦਿੱਲੀ ਕਰਨੀ ਚਾਹੀ ਤਾਂ ਕਿ ਉਸ ਨੂੰ ਇਹ ਰਕਮ ਲਾਹੌਰ ਗਿਆਂ ਸਮੇਂ ਸਿਰ ਸੁਰੱਖਿਅਤ ਮਿਲ ਜਾਵੇ। ਗੰਗੂ ਸ਼ਾਹ ਨੇ ਲੋੜੀਂਦਾ ਪ੍ਰਬੰਧ ਕਰ ਕੇ ਮੁਗ਼ਲ ਨੂੰ ਸਮੇਂ ਸਿਰ ਲਾਹੌਰ ਭੁਗਤਾਨ ਕਰ ਦਿੱਤਾ। ਉਸ ਸਮੇਂ ਏਨੀ ਵੱਡੀ ਰਕਮ ਦੇ ਸਮੇਂ ਸਿਰ ਭੁਗਤਾਨ ਨੇ ਗੰਗੂ ਰਾਮ ਦੇ ਸ਼ਾਹੂਕਾਰੇ ਨੂੰ ਬਹੁਤ ਹੁਲਾਰਾ ਦਿੱਤਾ ਜਿਸ ਸਦਕਾ ਇਹ ਦਿਨਾਂ ਵਿਚ ਹੀ ਬਹੁਤ ਪ੍ਰਸਿਧ ਹੋ ਗਿਆ।

ਥੋੜੇ ਸਮੇਂ ਬਾਦ ਇਸ ਪਾਸ ਗੁਰੂ ਸਾਹਿਬ ਦਾ ਲਿਖਿਆ ਲੈ ਕੇ ਇਕ ਲੋੜਵੰਦ ਬ੍ਰਾਹਮਣ ਆਇਆ ਜਿਸ ਨੇ ਆਪਣੀ ਧੀ ਦੇ ਵਿਆਹ ਲਈ 50 ਰੁਪੈ ਦੀ ਮੰਗ ਕੀਤੀ। ਗੰਗੂ ਸ਼ਾਹ ਨੇ ਤਸੱਲੀ ਤਾਂ ਕਰ ਲਈ ਪਰ, ਸਹਾਇਤਾ ਕਰਨ ਤੋਂ ਬਿਲਕੁਲ ਇਨਕਾਰੀ ਹੋ ਗਿਆ। ਗ਼ਰੀਬ ਬ੍ਰਾਹਮਣ ਫਿਰ ਗੋਇੰਦਵਾਲ ਆਇਆ ਅਰ ਸਤਿਗੁਰਾਂ ਨੂੰ ਸਾਰੀ ਗੱਲ ਦੱਸੀ। ਸੁਣ ਕੇ ਪਾਤਸ਼ਾਹ ਜੀ ਗੰਗੂ ਸ਼ਾਹ ਦੀ ਅਵਸਥਾ ਜਾਣ ਗਏ ਅਰ ਇਸ ਨੂੰ ਆਖਿਆ ਕਿ ਬਹੁਤਾ ਧਨ ਆ ਜਾਣ ਕਾਰਨ ਮੰਦੇ-ਭਾਗੀਂ ਗੰਗਾ ਲੋੜਵੰਦ ਦੀ ਮਦਦ ਕਰਨ ਵਾਲਾ ਆਪਣਾ ਫ਼ਰਜ਼ ਭੁਲਾ ਬੈਠਾ ਹੈ, ਹੁਣ ਗੁਰੂ ਕੀ ਬਰਕਤ ਵੀ ਗੁਆ ਬਹੇਗਾ।

ਕਰਯੋ ਬਿਚਾਰਨ -ਦਰਬ ਸੁਭਾਇ।
ਜਿਸ ਢਿਗ ਆਵੈ ਸੁਧਿ ਤਿਸੁ ਜਾਇ।
ਗੁਰ ਪਰਮੇਸਰ ਬੀਸਰ ਜੈ ਹੈ।
ਲਾਲਚ ਲਗੇ ਕਸ਼ਟ ਕੋ ਪੈ ਹੈ-।28॥

ਇੰਨੇ ਬਚਨ ਕਰਦਿਆਂ ਪਾਤਸ਼ਾਹ ਜੀ ਨੇ ਹੋਰ ਥਾਉਂ ਇਸ ਦੀ ਸਹਾਇਤਾ ਕਰਵਾ ਦਿੱਤੀ।ਹਜ਼ੂਰ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਕਹਿਣ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ॥ ਪੰਨਾ 1246 ਅਨੁਸਾਰ ਧਨ ਦਾ ਵਹਿੰਦਾ ਪ੍ਰਵਾਹ ਸੁੱਕਣਾ ਸ਼ੁਰੂ ਹੋ ਗਿਆ ਅਰ ਇਕ ਲਾਹੌਰ ਵਾਲਾ ਦਿਨ ਫਿਰ ਆ ਗਿਆ। ਪਹਿਲਾਂ ਵਾਂਗ ਦੀਵਾਲੀਆ ਹੋ ਜਾਣ 'ਤੇ ਦੀਵਾਨਿਆਂ ਦੀ ਅਵਸਥਾ ਵਿਚ ਗੰਗਾ ਨਿਆਸਰਾ ਹੋ ਕੇ ਫਿਰ ਗੋਇੰਦਵਾਲ ਆ ਡਿੱਗਾ। ਜਦੋਂ ਪਹੁੰਚਿਆ ਤਾਂ ਬਾਉਲੀ ਸਾਹਿਬ ਦੀ ਕਾਰ-ਸੇਵਾ ਚੱਲ ਰਹੀ ਸੀ। ਲੱਜਾ ਦਾ ਮਾਰਿਆ ਹੁਣ ਗੁਰੂ ਸਾਹਿਬ ਜੀ ਦੇ ਸਨਮੁਖ ਨਾ ਹੋਇਆ ਅਤੇ ਲੋੜ ਅਨੁਸਾਰ ਲੰਗਰ ਛਕ ਕੇ ਬਾਕੀ ਸੰਗਤਾਂ ਵਿਚ ਰਲ ਕੇ ਸੇਵਾ ਕਰਨ ਲੱਗ ਪਿਆ।

ਲੋਕ ਲਾਜ ਕੁਲ ਰੀਤਿ ਮਹਾਨਾ।
ਖਾਨ ਪਾਨ ਆਦਿਕ ਤਜਿ ਗਿਆਨਾ।
ਬਾਪੀ ਕਾਰ ਬਿਖੈ ਰਹਿ ਲਾਗਾ।
ਸਭਿ ਸੁਧ ਭੁਲਿ ਪ੍ਰੇਮ ਰਸਿ ਪਾਗਾ।35॥

ਗੁਰੂ-ਪਾਤਸ਼ਾਹ ਜੀ ਦੇ ਧਿਆਨ ਵਿਚ ਇਕ ਦਿਨ ਆਇਆ ਕਿ ਦੁਸ਼ਾਲੇ ਵਿਚ ਮਿੱਟੀ ਭਰ-ਭਰ ਕੌਣ ਢੋ ਰਿਹਾ ਹੈ? ਪਛਾਨਣ ਵਿਚ ਬਹੁਤੀ ਦੇਰ ਨ ਲੱਗੀ ਪਰ, ਪਾਤਸ਼ਾਹ ਜੀ ਨੇ ਇਸ ਨੂੰ ਬੁਲਾਇਆ ਨਾਹ। ਕੁਝ ਦਿਨਾਂ ਬਾਦ ਜਦੋਂ ਬਾਕੀ ਸੰਗਤਾਂ ਨਾਲ ਬਾਣੀ ਪੜ੍ਹਦਿਆਂ ਇਸ ਨੂੰ ਦੁਸ਼ਾਲੇ ਵਿਚ ਇੱਟਾਂ-ਮਿੱਟੀ ਢੋਂਦਿਆਂ ਵੇਖਿਆ ਤਾਂ ਕੋਲੋਂ ਲੰਘਦੇ ਨੂੰ ਆਵਾਜ਼ ਮਾਰ ਲਈ। ਇਹ ਚਰਨੀਂ ਆਣ ਢੱਠਾ ਤੇ ਆਪਣੀ ਭੁੱਲ ਬਖ਼ਸ਼ਾਉਣ ਲੱਗਾ।

'ਮਾਇਆ ਮਗਨ ਬਿਮੁਖ ਮੈਂ ਭਯੋ।
ਅਪਨੋ ਜਾਨਿ ਬਖ਼ਸ਼ ਕਰਿ ਲਯੋ'॥41॥

ਬਖ਼ਸ਼ਿੰਦ ਸਤਿਗੁਰੂ ਜੀ ਨੇ ਕੋਲ ਸਿੱਖਾਂ ਨੂੰ ਆਖਿਆ ਇਸ ਨੂੰ ਸ਼ਨਾਨ ਕਰਵਾ ਕੇ ਨਵੇਂ ਬਸਤ੍ਰ ਪੁਆ ਕੇ ਲਿਆਉ।

ਵਾਪਸ ਪਰਤਨ 'ਤੇ ਗੁਰੂ ਪਾਤਸ਼ਾਹ ਜੀ ਨੇ ਆਖਿਆ, 'ਗੰਗੂ ਸ਼ਾਹ! ਤੁਹਾਡੀ ਸੇਵਾ ਸਫ਼ਲ ਹੋ ਗਈ ਹੈ। ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਦਰੋਂ ਤੁਹਾਨੂੰ ਲੋਕ-ਪ੍ਰਲੋਕ ਦੇ ਪਦਾਰਥ ਬਖ਼ਸ਼ੇ। ਹੁਣ ਤੁਸੀਂ ਲੰਗਰ ਚਲਾਉ ਅਤੇ ਇਲਾਕੇ ਵਿਚ ਨਾਮ-ਬਾਣੀ ਦਾ ਪ੍ਰਚਾਰ ਕਰੋ।

'ਭੁਕਤਿ ਮੁਕਤਿ ਨਿਧਿ ਸਿਧਿ ਤੁਹਿ ਦੀਨੀ।
ਗ੍ਰਹਿ ਕੋ ਗਮਨੋ' ਆਗਿਆ ਕੀਨੀ।
'ਅਪਨੀ ਸੰਗਤਿ ਕੀਜਹਿ ਜਾਇ। ਗੁਰਸਿੱਖੀ
ਕੀ ਰੀਤਿ ਚਲਾਇ।44॥55॥ ਰਾਸ 1

**ਹੋਰ ਇਤਿਹਾਸਕ ਹਵਾਲੇ:**

ਗੰਗਾ ਦਾਸ ਬਸੀ ਖਤ੍ਰੀ ਲਹੌਰ ਮੇ ਕੋਠੀਦਾਰ ਥਾ। ਉਸ ਕਾ ਕਾਮ ਬਿਚਲ ਗਇਆ। ਵਹੁ ਲਹੌਰ ਸੇ ਇਕਲਾ ਭਾਗਾ। ..ਸਤਿਗੁਰ ਕੇ ਚਰਨੋ ਸਾਥ ਜਾਇ ਲਗਾ।.. ਆਗਿਆ ਹੋਈ-ਤੂ ਦਿਲੀ ਜਾਹਿ, ਕੋਠੀ ਕਾ ਕਾਮ ਕਾਜ ਕਰ, ਸਭ ਕੰਮ ਤੇਰਾ ਬਣ ਜਾਇਗਾ।..ਗੰਗਾ ਦਾਸ ਉਸ ਬ੍ਰਹਮਣ ਕਾ ਕੁਛ ਕੀਆ ਨਹੀ।.. ਦਿਲੀ ਮੇ ਗੰਗਾ ਦਾਸ ਕਾ ਕਾਮ ਬਿਗਰ ਗਇਆ। ਦਿਵਾਲਾ ਨਿਕਾਲ ਕਰ ਸਾਹਿਬੋ ਕੇ ਪਾਸ ਆਏ।..ਬਾਉਲੀ ਜੀ ਕੀ ਟਹਲ ਮੇ ਲਗੇ। ਦੁਸਾਲੇ ਮੇ ਅਰ ਇਟਾ ਮਿਟੀ ਢੋਵੈ।..ਤਬ ਦਇਆ ਭਈ।ਤਬ ਹਜੂਰ ਮੋ ਬੁਲਾਇਆ।..ਆਨ ਕਰ ਹਾਥ ਜੋੜ ਕਰ ਚਰਨੋ ਪਰ ਪੜਿਆ।... ਨਾਉ ਗੰਗਾ ਸਾਹ ਰਖਾ, ਬਚਨ ਹੋਇਆ-ਕਿ ਸਤਿਨਾਮ ਕਾ ਮੰਤ੍ਰ ਜਗਤ ਪਰ ਜਾਇ ਕਰ ਉਪਦੇਸ ਕਰੋ।..ਬਖਸ ਹੂਆ, ਬਡੀ ਮਿਹਰ ਹੂਈ। ਤਬ ਗੰਗਾ ਸਾਹ ਸਤਿਨਾਮ ਕਾ ਉਪਦੇਸ ਲਗਾ ਕਰਨੇ।38॥ ਮ.ਪ੍ਰ.ਵਾ.

ਗੰਗ ਸਾਹ ਨਾਮ ਤਿਸ ਰਾਖਾ।
ਅਮਰ ਸ੍ਰੀ ਗੁਰੂ ਮੁਖ ਸੋ ਭਾਖਾ।
ਮੁਕਤ ਭੁਗਤ ਰਿਧ ਸਿਧ ਦੀਨੀ।
**ਸਤਿਗੁਰ ਅਮਰ ਦਇਆ ਤਿਨ ਕੀਨੀ।32॥**
ਦੋਹਰਾ॥ ਸਤਿਗੁਰ ਤਿਹ ਕਿਰਪਾ ਕਰੀ ਹੇ
ਗੰਗਸਾਹ ਘਰ ਜਾਉ।
ਸਤਿਨਾਮ ਹਿਰਦੇ ਜਪੋ ਅਰ ਸੰਗਤ ਨਾਮ
ਜਪਾਉ।33॥13॥ ਮ.ਪ੍ਰ.

ਚਲਦਾ.....

# ਸੰਘਰਸ਼ਸ਼ੀਲ ਆਗੂ ਸਨ – ਮਾਸਟਰ ਤਾਰਾ ਸਿੰਘ

**24 ਜੂਨ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

20ਵੀਂ ਸਦੀ ਦੇ ਉਘੇ ਸਿੱਖ ਆਗੂਆਂ ਵਿੱਚੋਂ ਇਕ ਸਨ, ਮਾਸਟਰ ਤਾਰਾ ਸਿੰਘ। ਜਿਨ੍ਹਾਂ ਸਮੁੱਚਾ ਜੀਵਨ ਸ਼੍ਰੋਮਣੀ ਅਕਾਲੀ ਦਲ ਅਤੇ ਦੇਸ਼ ਵਿੱਚ ਵੱਸਦੇ ਸਮੁੱਚੇ ਸਿੱਖ-ਹਿੱਤਾਂ ਦੇ ਵੱਡੇ ਹਿੱਤਾਂ ਲਈ ਸੰਘਰਸ਼ ਕੀਤਾ। ਮਾਸਟਰ ਜੀ ਦਾ ਜਨਮ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਰਾਵਲਪਿੰਡੀ ਦੇ ਹਰਿਆਲ ਪਿੰਡ ਵਿੱਚ ਪਿਤਾ ਬਖਸ਼ੀ ਮੂਲ ਚੰਦ ਮਲਹੋਤਰਾ (ਜੋ ਕਿੱਤੇ ਵਜੋਂ ਪਟਵਾਰੀ ਸਨ) ਅਤੇ ਮਾਤਾ ਮੂਲਾਂ ਦੇਵੀ ਦੇ ਗ੍ਰਹਿ ਵਿਖੇ 24 ਜੂਨ, 1885 ਨੂੰ ਹੋਇਆ। ਮਾਸਟਰ ਜੀ ਦਾ ਪਹਿਲਾ ਨਾਂਅ ਨਾਨਕ ਚੰਦ ਸੀ, ਪਰ ਸਿੰਘ ਸਭਾ ਲਹਿਰ ਅਤੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਨਾ ਦੇ ਪ੍ਰਭਾਵ ਵਿੱਚ 1902 ਈ: ਵਿੱਚ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ। ਹੁਣ ਆਪ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਏ। ਮੁੱਢਲੀ ਸਿੱਖਿਆ ਉਨ੍ਹਾਂ ਪਿੰਡ ਦੇ ਮਦਰੱਸੇ ਤੋਂ ਪ੍ਰਾਪਤ ਕੀਤੀ। ਮਾਸਟਰ ਜੀ ਨੇ ਉੱਚ ਸਿੱਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਇਥੋਂ ਗ੍ਰੈਜੂਏਸ਼ਨ ਕਰਨ ਤੋਂ ਪਿੱਛੋਂ ਲਾਹੌਰ ਤੋਂ ਬੀ.ਟੀ. ਪਾਸ ਕੀਤੀ। ਟੀਚਰ ਟ੍ਰੇਨਿੰਗ ਲਈ ਬੈਚੂਲਰ ਦੀ ਡਿਗਰੀ ਪ੍ਰਾਪਤ ਹੋਣ ਤੋਂ ਬਾਅਦ ਮਾਸਟਰ ਤਾਰਾ ਸਿੰਘ ਖ਼ਾਲਸਾ ਹਾਈ ਸਕੂਲ ਦੇ ਹੈੱਡਮਾਸਟਰ ਵਜੋਂ ਨਿਯੁੱਕਤ ਹੋਏ।

ਗੁਰਦੁਆਰਾ ਸੁਧਾਰ ਲਹਿਰ ਅਜਿਹੀ ਲਹਿਰ ਸੀ, ਜਿਸ ਦਾ ਅਸਰ ਹਰ ਸਿੱਖ ਨੌਜਵਾਨ ਨੇ ਕਬੂਲ ਕੀਤਾ। ਮਾਸਟਰ ਜੀ ਵੀ ਇਸ ਲਹਿਰ ਵਿੱਚ ਕੁੱਦ ਪਏ। ਛੇਤੀ ਹੀ ਅੰਗ੍ਰੇਜ਼ ਹਕੂਮਤ ਨੇ ਬਾਕੀ ਅਕਾਲੀ ਆਗੂਆਂ ਵਾਂਗ ਮਾਸਟਰ ਜੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਦੋਂ ਬਾਕੀ ਲੀਡਰਾਂ ਨਾਲ ਮਾਸਟਰ ਜੀ ਜੇਲ੍ਹ ਤੋਂ ਬਾਹਰ ਆਏ, ਉਸ ਸਮੇਂ ਅੰਗ੍ਰੇਜ਼ ਸਰਕਾਰ ਵੱਲੋਂ ਗੁਰਦੁਆਰਾ ਐਕਟ-1925 ਈ: ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਲਾਗੂ ਕੀਤਾ। ਅਕਾਲੀ ਦਲ ਨੂੰ ਇਸੇ ਐਕਟ ਨੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਮਾਸਟਰ ਜੀ ਦੂਜੇ ਧੜੇ ਨਾਲ ਜੁੜ ਗਏ। ਜਿਹੜਾ ਧੜਾ ਇਸ ਐਕਟ ਨੂੰ ਮੰਨਣ ਤੋਂ ਇਨਕਾਰੀ ਸੀ। ਜਦੋਂ 1926 ਈ: ਵਿੱਚ ਦੂਜੇ ਧੜੇ ਦੇ ਆਗੂ ਜੇਲ੍ਹ ਵਿੱਚੋਂ ਬਾਹਰ ਆਏ ਤਾਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਾਇਆ ਗਿਆ। ਇਸ ਤੋਂ ਪਿੱਛੋਂ ਸਮੇਂ-ਸਮੇਂ ਮਾਸਟਰ ਜੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਆਪਣੇ ਫਰਜ਼ ਨਿਭਾਉਂਦੇ ਰਹੇ।

ਦੇਸ਼ ਦੀ ਵੰਡ ਤੋਂ ਬਾਅਦ ਫਰਵਰੀ, 1949 ਈ: ਵਿੱਚ ਜਦੋਂ ਦਿੱਲੀ ਵਿੱਚ ਆਪ ਅਕਾਲੀ ਕਾਨਫਰੰਸ ਵਿੱਚ ਹਿੱਸਾ ਲੈਣ ਜਾ ਰਹੇ ਸਨ ਤਾਂ ਅਜ਼ਾਦ ਦੇਸ਼ ਵਿੱਚ ਦਿੱਲੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਨਰੇਲਾ ਸਟੇਸ਼ਨ 'ਤੇ ਗ੍ਰਿਫਤਾਰ ਕਰ ਲਿਆ ਗਿਆ। ਰਿਹਾਈ ਤੋਂ ਪਿੱਛੋਂ ਆਪ ਨੇ ਭਾਸ਼ਾ 'ਤੇ ਆਧਾਰਿਤ ਪੰਜਾਬੀ ਸੂਬੇ ਲਈ ਸੰਘਰਸ਼ ਦਾ ਐਲਾਨ ਕਰ ਦਿੱਤਾ। 1960 ਈ: ਵਿੱਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਮਾਸਟਰ ਜੀ ਦੀ ਅਗਵਾਈ ਵਿੱਚ ਅਕਾਲੀ ਦਲ ਨੇ 140 ਸੀਟਾਂ ਵਿੱਚੋਂ 136 ਸੀਟਾਂ ਅਕਾਲੀ ਦਲ ਲਈ ਜਿੱਤੀਆਂ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਛੇਤੀ ਹੀ ਪ੍ਰਧਾਨਗੀ ਛੱਡ ਕੇ ਪੰਜਾਬੀ ਸੂਬੇ ਦੇ ਅੰਦੋਲਨ ਨੂੰ ਸ਼ੁਰੂ ਕਰ ਦਿੱਤਾ।

ਅੰਮ੍ਰਿਤਸਰ ਵਿੱਚ ਪੰਜਾਬੀ ਸੂਬਾ ਕਨਵੈਨਸ਼ਨ ਵਿੱਚ ਪੰਜਾਬੀ ਸੂਬਾ ਬਨਾਉਣ ਲਈ ਮਤਾ ਪਾਸ ਕਰਵਾਇਆ। ਦਿੱਲੀ ਵਿੱਚ ਪ੍ਰਭਾਵਸ਼ਾਲੀ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਜਲੂਸ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਮਾਸਟਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰ ਗ੍ਰਿਫਤਾਰੀ ਪਿੱਛੋਂ ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਲਈ ਸ਼ਾਨਦਾਰ ਜਲੂਸ ਕੱਢਿਆ। 4 ਜਨਵਰੀ, 1961 ਨੂੰ ਰਿਹਾਅ ਹੋ ਕੇ ਸੰਤ ਬਾਬਾ ਫਤਹਿ ਸਿੰਘ ਵੱਲੋਂ ਸ਼ੁਰੂ ਕੀਤਾ ਮਰਨ ਵਰਤ ਖੁੱਲ੍ਹਵਾਇਆ।

ਮਾਸਟਰ ਜੀ ਵੱਲੋਂ ਸੱਚਾ ਢੰਡੋਰਾ ਅਤੇ ਪ੍ਰਦੇਸੀ ਖ਼ਾਲਸਾ ਸਪਤਾਹਿਕ ਮੈਗਜ਼ੀਨ ਵੀ



ਮਾਸਟਰ ਤਾਰਾ ਸਿੰਘ

ਸ਼ੁਰੂ ਕੀਤੇ ਗਏ, ਜੋ ਪਿੱਛੋਂ ਜਾ ਕੇ ਅਕਾਲੀ ਅਖ਼ਬਾਰ ਦੇ ਰੂਪ ਵਿੱਚ ਬਦਲ ਗਏ। 1961 ਈ: ਵਿੱਚ ਜਥੇਦਾਰ ਅਖ਼ਬਾਰ ਛਪਣਾ ਸ਼ੁਰੂ ਹੋਇਆ। ਉਰਦੂ ਵਿੱਚ ਪੰਥਕ ਹਿੱਤਾਂ ਲਈ ਅਤੇ ਮਹਾਸ਼ਾ ਪ੍ਰੈਸ ਦੇ ਜਵਾਬ ਲਈ ਪ੍ਰਭਾਤ ਅਖ਼ਬਾਰ ਵੀ ਕੱਢਿਆ। 1946 ਈ: ਵਿੱਚ ਆਪ ਜੀ ਵੱਲੋਂ ਸ਼ੁਰੂ ਕੀਤਾ ਗਿਆ ਸੰਤ ਸਿਪਾਹੀ ਮਾਸਿਕ ਪੱਤਰ ਹੁਣ ਤੱਕ ਛੱਪ ਰਿਹਾ ਹੈ। ਮਾਸਟਰ ਤਾਰਾ ਸਿੰਘ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਪੂਰਾ ਜੀਵਨ ਸਿੱਖ ਹਿੱਤਾਂ ਲਈ ਸੰਘਰਸ਼ ਕਰਦਿਆਂ ਬੀਤਿਆ। ਮਾਸਟਰ ਜੀ ਆਪਣੇ ਲੱਖਾਂ ਸਨੇਹੀਆਂ ਤੇ ਪਿਆਰਿਆਂ ਨੂੰ 22 ਨਵੰਬਰ, 1967 ਈ: ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

## ਉਚੇਰੀ ਸਿੱਖਿਆ ਦੇ ਸੁਧਾਰ ਦੀ ਗੱਲ

ਸਰਕਾਰ ਚੋਣ ਵਾਅਦੇ ਵਿੱਚ ਸਿਖਿਆ ਸੁਧਾਰ ਅਤੇ ਸਿਹਤ ਸੇਵਾਵਾਂ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਤੇ ਸੁਧਾਰ ਕਰਨ ਦੀ ਗੱਲ ਕਰਦੀ ਸੀ , ਪਰ ਬਹੁਤ ਸਾਰੇ ਸਕੂਲਾਂ , ਕਾਲਜਾਂ ਵਿੱਚ ਪ੍ਰਿੰਸੀਪਲ ਦੀਆਂ ਪੋਸਟਾਂ ਖਾਲੀ ਪਈਆਂ ਹਨ ਜਿਸ ਕਰਕੇ ਇੱਕ ਪ੍ਰਿੰਸੀਪਲ ਨੂੰ ਕਈ ਕਈ ਸਕੂਲ, ਕਾਲਜਾਂ ਦੀ ਜਿੰਮੇਵਾਰੀ ਨਿਭਾਉਣ ਨਾਲ ਮਾਨਸਿਕ ਪੀੜਾ ਹੋਣੀ ਸੰਭਵ ਹੈ। ਕਾਲਜਾਂ ਵਿੱਚ ਵੱਡੀ ਗਿਣਤੀ ਵਿਚ ਖਾਲੀ ਅਸਾਮੀਆਂ ਤੇ 1158 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀ ਭਰਤੀ ਪਿਛਲੀ ਸਰਕਾਰ ਕਰ ਗਈ ਸੀ ਜੋ ਅਦਾਲਤਾਂ ਵਿੱਚ ਉਲਝ ਗਈ । ਭਰਤੀ ਉਚ ਅਦਾਲਤ ਵੱਲੋਂ ਰੱਦ ਹੋਣ ਦੇ ਬਾਵਜੂਦ ਵੀ ਭਾਵੇਂ ਉਹ ਕਾਲਜਾਂ ਵਿੱਚ ਕੁਝ ਤਾਂ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਹਨ। ਸਿਖਿਆ ਮੰਤਰੀ ਨਾਲ ਭਰਤੀ ਨੂੰ ਬਚਾਉਣ ਲਈ ਅਸਿਸਟੈਂਟ ਪ੍ਰੋਫ਼ੈਸਰਾਂ ਦੀ ਮੀਟਿੰਗ ਵਾਰ ਵਾਰ ਮੁਲਤਵੀ ਕਰ ਦਿੱਤੀ ਜਾਂਦੀ ਹੈ। ਸਰਕਾਰ ਦੀਆਂ ਭਰਤੀ ਵਿਚ ਛੱਡੀਆਂ ਖਾਮੀਆਂ ਦਾ ਖਮਿਆਜ਼ਾ ਸਿਲੈਕਟ ਹੋਏ ਉਮੀਦਵਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਜਿਸ ਤਰ੍ਹਾਂ ਸਿਖਿਆ ਵਿਭਾਗ ਦੇ ਸੁਧਾਰ ਦੀ ਗੱਲ ਸੀ। ਉਹ ਵੀ ਅਧੂਰੀ ਰਹਿ ਗਈ ਹੈ, ਉਚੇਰੀ ਸਿੱਖਿਆ ਦੇ ਸੁਧਾਰ ਲਈ ਭਰਤੀ ਕੀਤੇ ਅਸਿਸਟੈਂਟ ਪ੍ਰੋਫ਼ੈਸਰਾਂ ਦੀ ਭਰਤੀ ਨੂੰ ਬਚਾਉਣ ਲਈ ਸਰਕਾਰ ਨੂੰ ਸੁਹਿਰਦ ਯਤਨ ਕਰਕੇ ਸਿਖਿਆ ਕ੍ਰਾਂਤੀ ਵੱਲ ਵਧਣਾ ਚਾਹੀਦਾ ਹੈ।- **ਮੇਜਰ ਸਿੰਘ ਨਾਭਾ**

## ਸਥਾਈ ਨਿਵਾਸੀ ਭਾਰਤੀ 10 ਕਰੋੜ ਡਾਲਰ ਬੈਂਕ ਧੋਖਾਧੜੀ ਮਾਮਲੇ ਵਿੱਚ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਵਿੱਚ ਸੰਘੀ ਏਜੰਟਾਂ ਨੇ 44 ਸਾਲਾ ਕਾਰੋਬਾਰੀ ਅਤੇ ਭਾਰਤ ਤੋਂ ਕਾਨੂੰਨੀ ਸਥਾਈ ਨਿਵਾਸੀ ਮਹਿੰਦਰ ਮਖੀਜਾਨੀ ਨੂੰ 10 ਕਰੋੜ ਡਾਲਰ ਦੀ ਬੈਂਕ ਧੋਖਾਧੜੀ ਯੋਜਨਾ ਦੇ ਮਾਸਟਰਮਾਈਂਡ ਹੋਣ ਦੇ ਦੋਸ਼ਾਂ ਤਹਿਤ ਹਿਰਾਸਤ ਵਿੱਚ ਲੈ ਲਿਆ ਹੈ। ਉਸ ਨੂੰ ਨਿਊਪੋਰਟ ਬੀਚ ਦੇ ਕੋਰੋਨਾ ਡੇਲ ਮਾਰ ਵਿੱਚ ਉਸ ਦੇ ਘਰ ਤੋਂ ਗ੍ਰਿਫਤਾਰ ਕੀਤਾ ਹੈ। ਮਖੀਜਾਨੀ ਨੂੰ ਸੰਭਾਵਤ 30 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਅਪਰਾਧਿਕ ਸ਼ਿਕਾਇਤ ਅਨੁਸਾਰ ਕੈਂਟਰ ਗਰੁੱਪ ਜੋ ਕਿ ਮਖੀਜਾਨੀ ਦੇ ਨਿਯੰਤਰਣ ਅਧੀਨ ਇੱਕ ਫਰਮ ਹੈ, ਨਾਲ ਸਬੰਧਤ ਉਧਾਰ ਸਮਝੌਤਿਆਂ ਵਿੱਚ ਗੜਬੜੀ ਕੀਤੀ ਗਈ। ਜਾਂਚਕਰਤਾਵਾਂ ਦਾ ਦੋਸ਼ ਹੈ ਕਿ ਸਤੰਬਰ 2024 ਅਤੇ ਅਪ੍ਰੈਲ 2025 ਦੇ ਵਿਚਕਾਰ, ਮਖੀਜਾਨੀ ਅਤੇ ਇੱਕ ਅਧੀਨ ਅਧਿਕਾਰੀ ਨੇ ਟਾਈਟਲ ਬੀਮਾ ਦਸਤਾਵੇਜ਼ਾਂ ਨੂੰ ਜਾਅਲੀ ਬਣਾ ਕੇ ਉਧਾਰ ਸਮਝੌਤਿਆਂ ਵਿੱਚ ਹੇਰਾਫੇਰੀ ਕੀਤੀ। ਵਿੱਤੀ ਅਪਰਾਧਾਂ ਤੋਂ ਇਲ-ਾਵਾ ਉਸ ਉਪਰ ਅਧੀਨ ਅਧਿਕਾਰੀਆਂ ਤੇ ਨਿਯੰਤਰਣ ਪਾਉਣ ਲਈ ਧਮਕੀਆਂ ਦੇਣ ਦੇ ਦੋਸ਼ ਵੀ ਲਾਏ ਗਏ ਹਨ।


## ਗੁਰੂ ਨਾਨਕ ਗੁਰਦੁਆਰਾ ਸਾਊਥ ਬ੍ਰਮਿੰਘਮ ਵਿਖੇ

## ਗ੍ਰਥੀ ਸਿੰਘ ਦੀ ਲੋੜ ਹੈ

***ਉਮੀਦਵਾਰ ਟੀਅਰ-5 ਦੇ ਮੁਤਾਬਕ ਹੇਠ ਲਿਖੀਆਂ ਸੇਵਾਵਾਂ ਨਿਭਾ ਸਕਦਾ ਹੋਵੇ ਜੀ :-***

ਗੁਰਬਾਣੀ ਪੜਨੀ, ਕੀਰਤਨ ਕਰਨਾ, ਅਰਦਾਸ, ਰੋਜ਼ਾਨਾ ਅਤੇ ਹਫ਼ਤਾਵਾਰੀ ਦੀਵਾਨ, ਵਿਆਹ ਅਤੇ ਕੁੜਮਾਈ, ਅੰਤਿਮ ਸੰਸਕਾਰ ਅਤੇ ਹੋਰ ਧਾਰਮਿਕ ਸੇਵਾਵਾਂ ਆਦਿ । ਤਜ਼ਰਬੇਕਾਰ ਅਤੇ ਯੋਗ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਵੇਗੀ ।ਇਹ ਯੋਗਤਾ ਰੱਖਣ ਵਾਲੇ ਨੂੰ 37 ਘੰਟੇ/ਹਫਤਾ ਕੰਮ, ਯੂ ਕੇ ਦੇ ਘੱਟੋ-ਘੱਟ ਵੇਜ ਕਾਨੂੰਨ ਮੁਤਾਬਕ ਤਨਖਾਹ ਦਿੱਤੀ ਜਾਵੇਗੀ। ਤੁਹਾਡੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ ।

**ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਵੀ ਕਰ ਸਕਦਾ ਹੈ।**

**ਅਰਜ਼ੀ ਭੇਜਣ ਦੀ ਆਖਰੀ ਤਰੀਕ 17 ਜੁਲਾਈ 2026**

**VACANCY - at Guru Nanak Gurdwara South Birmingham.**

We need Granthi Singh (Tier 5) to do the following duties. Reading from Guru Granth Sahib Ji, singing Hymns, saying prayers, conducting daily and weekly Diwans, marriages & engagements, funeral and other religious ceremonies. Preference will be given to qualified and experienced person. The post is for 37 hours per week and earnings will be in accordance with UK minimum wage law. You should have no limit for working in UK. Full boarding and lodging facilities are available.

***Please apply or contact management committee.***

**Closing date: 17th July 2026**

**Contact: President Kulwinder Singh: 07817 721091**
**Head Granthi Kirpal Singh : 07480 175308**

**GURU NANAK GURDWARA SOUTH BIRMINGHAM**
***629-631 STRATFORD ROAD, SPARKHILL, BIRMINGHAM, B11 4LS***

# ਫ਼ਲਸਤੀਨ ਦੇ ਮਾਸੂਮਾਂ ਦਾ ਖ਼ੂਨ, ਹਥਿਆਰ ਕੰਪਨੀਆਂ ਦੇ ਅਰਬਾਂ ਡਾਲਰਾਂ ਦੇ ਠੇਕੇ, ਇਨਸਾਨੀਅਤ ਬੇਵੱਸ

**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ–3**






ਮਈ 2025 ਤੋਂ ਅਕਤੂਬਰ 2025 ਦੇ ਸਿਰਫ਼ ਛੇ ਮਹੀਨਿਆਂ ਦੇ ਅੰਦਰ, ਆਪਣੇ ਪਰਿਵਾਰ ਲਈ ਖਾਣਾ ਲੈਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹੋਏ 2,600 ਤੋਂ ਵੱਧ ਫ਼ਲਸਤੀਨੀ ਨਾਗਰਿਕ ਬੇਰਹਿਮੀ ਨਾਲ ਮਾਰੇ ਗਏ। ਇਹ ਸਿਰਫ਼ ਦੋ ਫ਼ੌਜਾਂ ਵਿਚਕਾਰ ਜੰਗ ਨਹੀਂ ਸੀ, ਬਲਕਿ ਇੱਕ ਨਿਹੱਥੀ ਆਬਾਦੀ ਨੂੰ ਦਿੱਤੀ ਜਾ ਰਹੀ ਇੱਕ ਯੋਜਨਾਬੱਧ ਸਮੂਹਿਕ ਸਜ਼ਾ ਸੀ।

ਜੇਕਰ ਸਮਾਜ ਸ਼ਾਸਤਰ ਅਤੇ ਰਾਜਨੀਤਿਕ ਅਰਥਸ਼ਾਸਤਰ ਦੀ ਨਜ਼ਰ ਨਾਲ ਡੂੰਘਾਈ ਵਿੱਚ ਵੇਖਿਆ ਜਾਵੇ, ਤਾਂ ਗਜ਼ਾ ਖੇਤਰ ਦੀ ਜੰਗ ਸਿਰਫ਼ ਇੱਕ ਰਵਾਇਤੀ ਫੌਜੀ ਹਮਲਾ ਨਹੀਂ ਸੀ, ਸਗੋਂ ਇਹ ਮਨੁੱਖੀ "ਜੀਵਨ ਦੀਆਂ ਸਭ ਤੋਂ ਬੁਨਿਆਦੀ ਸ਼ਰਤਾਂ" ਉੱਤੇ ਮੁਕੰਮਲ ਕਬਜ਼ਾ ਕਰਨ ਦੀ ਇੱਕ ਕਰੂਰ ਜੰਗ ਸੀ। ਪਾਣੀ, ਰੋਟੀ, ਦਵਾਈ, ਬਿਜਲੀ ਅਤੇ ਇੰਟਰਨੈੱਟ-ਸੰਚਾਰ ਪ੍ਰਣਾਲੀ ਉੱਤੇ ਪੂਰਨ ਕਾਬੂ ਹਾਸਲ ਕਰਕੇ, ਇੱਕ ਪੂਰੀ ਸਵੈ-ਅਭਿਮਾਨੀ ਆਬਾਦੀ ਨੂੰ ਮਨੋਵਿਗਿਆਨਕ, ਸਰੀਰਕ ਅਤੇ ਸਮਾਜਿਕ ਤੌਰ 'ਤੇ ਪੂਰੀ ਤਰ੍ਹਾਂ ਢਾਹੁਣ ਅਤੇ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਮਹਾਨ ਚਿੰਤਕ ਕਾਰਲ ਮਾਰਕਸ ਨੇ ਲਿਖਿਆ ਸੀ ਕਿ ਸਰਮਾਏਦਾਰੀ ਸਿਰਫ਼ ਮਜ਼ਦੂਰ ਦੀ ਮਿਹਨਤ ਉੱਤੇ ਹੀ ਨਹੀਂ, ਸਗੋਂ ਉਸ ਦੀ ਜ਼ਿੰਦਗੀ ਦੇ ਜਿਉਣ ਦੀਆਂ ਬੁਨਿਆਦੀ ਲੋੜਾਂ ਉੱਤੇ ਵੀ ਹੌਲੀ-ਹੌਲੀ ਕਬਜ਼ਾ ਕਰਦੀ ਹੈ। ਗਜ਼ਾ ਵਿੱਚ ਮਾਰਕਸ ਦਾ ਇਹ ਸਿਧਾਂਤ ਇੱਕ ਬਿਲਕੁਲ ਨਵੇਂ, ਨਿਰਦਈ ਅਤੇ ਭਿਆਨਕ ਰੂਪ ਵਿੱਚ ਸਾਹਮਣੇ ਆਇਆ।

ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਸਾਲ 2025 ਤੱਕ ਗਜ਼ਾ ਖੇਤਰ ਦੀ 90 ਫ਼ੀਸਦੀ ਤੋਂ ਵੱਧ ਆਬਾਦੀ ਪੂਰੀ ਤਰ੍ਹਾਂ ਬੇਘਰ ਹੋ ਚੁੱਕੀ ਸੀ। ਮਾਸੂਮ ਬੱਚਿਆਂ ਵਿੱਚ ਭੁੱਖ ਅਤੇ ਕੁਪੋਸ਼ਣ ਦੀ ਦਰ ਇਤਿਹਾਸ ਦੇ ਸਭ ਤੋਂ ਉੱਚੇ ਅਤੇ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਸੀ। ਹਸਪਤਾਲਾਂ ਦੀ ਹਾਲਤ ਇਹ ਸੀ ਕਿ ਉੱਥੇ ਬੇਹੋਸ਼ੀ ਦੀਆਂ ਬੁਨਿਆਦੀ ਦਵਾਈਆਂ ਤੱਕ ਖ਼ਤਮ ਹੋ ਚੁੱਕੀਆਂ ਸਨ ਅਤੇ ਮਜਬੂਰਨ ਡਾਕਟਰਾਂ ਨੂੰ ਬਿਨਾਂ ਸੁੰਨ ਕੀਤੇ ਹੀ ਮਾਸੂਮ ਬੱਚਿਆਂ ਦੇ ਅੰਗ (Amputaiton) ਕੱਟਣੇ ਪੈ ਰਹੇ ਸਨ।

ਇਹ ਦ੍ਰਿਸ਼ ਸਿਰਫ਼ ਜੰਗ ਦੀ ਆਮ ਤਬਾਹੀ ਨਹੀਂ, ਸਗੋਂ ਇੱਕ ਯੋਜਨਾਬੱਧ ਸਮਾਜਿਕ ਟੁੱਟ-ਫੁੱਟ ਦੀ ਉਹ ਭਿਆਨਕ ਤਸਵੀਰ ਪੇਸ਼ ਕਰਦੇ ਹਨ, ਜਿੱਥੇ ਲੋਕਾਂ ਤੋਂ ਨਾ ਸਿਰਫ਼ ਉਨ੍ਹਾਂ ਦੀ ਪੁਰਖਿਆਂ ਦੀ ਜ਼ਮੀਨ, ਬਲਕਿ ਉਨ੍ਹਾਂ ਦੇ ਅੰਦਰੋਂ ਜਿਉਣ ਦੀ ਆਖਰੀ ਇੱਛਾ ਵੀ ਖੋਹ ਲੈਣ ਦੀ ਸਾਜ਼ਿਸ਼ ਰਚੀ ਗਈ।

ਸੰਯੁਕਤ ਰਾਸ਼ਟਰ ਸੈਟਲਾਈਟ ਸੈਂਟਰ (UNOSAT) ਦੀ ਅਧਿਕਾਰਤ ਰਿਪੋਰਟ ਮੁਤਾਬਕ, ਅਕਤੂਬਰ 2025 ਤੱਕ ਗਜ਼ਾ ਖੇਤਰ ਦੀਆਂ ਲਗਭਗ 81 ਫ਼ੀਸਦੀ ਇਮਾਰਤਾਂ, ਘਰ ਅਤੇ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਤਬਾਹ ਜਾਂ ਬੁਰੀ ਤਰ੍ਹਾਂ ਨੁਕਸਾਨਗ੍ਰਸਤ ਹੋ ਚੁੱਕੇ ਸਨ। ਇਸ ਛੋਟੇ ਜਿਹੇ ਖੇਤਰ ਉੱਤੇ ਤਕਰੀਬਨ 200,000 ਟਨ ਤੋਂ ਵੱਧ ਆਧੁਨਿਕ ਧਮਾਕਾਖੇਜ਼ ਸਮੱਗਰੀ ਗਜ਼ਾ ਦੇ ਲੋਕਾਂ ਉੱਤੇ ਸੁੱਟੀ ਗਈ। ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਭਿਆਨਕ ਸ਼ਹਿਰੀ ਤਬਾਹੀਆਂ (Urban Destruciton) ਵਿਚੋਂ ਇੱਕ ਸੀ।

ਫ਼ਲਸਤੀਨ-ਗਜ਼ਾ ਵਿੱਚ ਸਕੂਲ, ਯੂਨੀਵਰਸਿਟੀਆਂ, ਹਸਪਤਾਲ, ਸਦੀਆਂ ਪੁਰਾਣੀਆਂ ਮਸਜਿਦਾਂ, ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਕੈਂਪ ਅਤੇ ਪਾਣੀ ਦੇ ਸਾਫ਼ ਕਰਨ ਵਾਲੇ ਪਲਾਂਟ ਕੁਝ ਵੀ ਇਸਰਾਇਲੀ ਬੰਬਾਰੀ ਤੋਂ ਸੁਰੱਖਿਅਤ ਨਹੀਂ ਰਿਹਾ। ਇੱਥੋਂ ਤੱਕ ਕਿ ਇਸਰਾਇਲੀ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਖੁਦ ਹੰਕਾਰ ਵਿੱਚ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ "ਗਜ਼ਾ ਸੜ ਰਿਹਾ ਹੈ।" ਇਹ ਸਿਰਫ਼ ਇੱਕ ਆਮ ਸਿਆਸੀ ਬਿਆਨ ਨਹੀਂ ਸੀ, ਬਲਕਿ ਇਹ ਉਸ ਕਰੂਰ ਨਸਲਕੁਸ਼ੀ ਮਨੋਵਿਗਿਆਨ ਦੀ ਸਿੱਧੀ ਝਲਕ ਸੀ, ਜਿਸ ਵਿੱਚ ਇੱਕ ਪੂਰੀ ਜਿਉਂਦੀ-ਜਾਗਦੀ ਆਬਾਦੀ ਨੂੰ ਸਿਰਫ਼ "ਦੁਸ਼ਮਣ ਖੇਤਰ" ਵਿੱਚ ਬਦਲ ਕੇ ਮਿਟਾ ਦੇਣਾ ਜਾਇਜ਼ ਮੰਨ ਲਿਆ ਜਾਂਦਾ ਹੈ।

ਗਜ਼ਾ ਦੀ ਇਸ ਬੇਅੰਤ ਤਬਾਹੀ ਨੂੰ ਸਿਰਫ਼ ਮਲਬੇ, ਮੌਤਾਂ ਦੇ ਅੰਕੜਿਆਂ ਅਤੇ ਧਮਾਕਿਆਂ ਦੀ ਗਿਣਤੀ ਨਾਲ ਕਦੇ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਅਸਲ ਵਿੱਚ ਇੱਕ ਪੂਰੀ ਜਿਉਂਦੀ ਕੌਮ ਦੀ ਮਨੋਵਿਗਿਆਨਕ ਅਤੇ ਸਭਿਆਚਾਰਕ ਯਾਦਾਸ਼ਤ ਉੱਤੇ ਕੀਤਾ ਗਿਆ ਇੱਕ ਯੋਜਨਾਬੱਧ ਹਮਲਾ ਸੀ। ਜਦੋਂ ਕਿਸੇ ਸਮਾਜ ਦੇ ਸਕੂਲ ਤਬਾਹ ਹੁੰਦੇ ਹਨ, ਇਤਿਹਾਸਕ ਲਾਇਬ੍ਰੇਰੀਆਂ ਸਾੜ ਦਿੱਤੀਆਂ ਜਾਂਦੀਆਂ ਹਨ, ਯੂਨੀਵਰਸਿਟੀਆਂ ਨਾਮੋ-ਨਿਸ਼ਾਨ ਤੋਂ ਮਿਟਾਈਆਂ ਜਾਂਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਹੀ ਪੁਰਖਿਆਂ ਦੇ ਘਰਾਂ ਤੋਂ ਹਮੇਸ਼ਾ ਲਈ ਬੇਦਖ਼ਲ ਕਰ ਦਿੱਤੀਆਂ ਜਾਂਦੀਆਂ ਹਨ, ਉਦੋਂ ਸਿਰਫ਼ ਇੱਟਾਂ-ਗਾਰੇ ਦੀਆਂ ਇਮਾਰਤਾਂ ਨਹੀਂ ਡਿੱਗਦੀਆਂ, ਸਗੋਂ ਉਸ ਸਮਾਜ ਦੀ ਸਾਂਝੀ ਇਤਿਹਾਸਕ ਯਾਦ, ਉਸ ਦੀ ਮੂਲ ਪਛਾਣ ਅਤੇ ਉਸ ਦਾ ਭਵਿੱਖ ਵੀ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਮੁਤਾਬਕ, ਗਜ਼ਾ ਖੇਤਰ ਵਿੱਚ ਲੱਖਾਂ ਮਾਸੂਮ ਬੱਚੇ ਗੰਭੀਰ ਮਾਨਸਿਕ ਸਦਮੇ, ਅੰਨ੍ਹੇ ਡਰ, ਨੀਂਦ ਦੀ ਕਮੀ ਅਤੇ ਸਥਾਈ ਜੰਗੀ ਤਣਾਅ ਨਾਲ ਜੂਝ ਰਹੇ ਹਨ। ਮਾਨਸਿਕ ਸਿਹਤ ਦੇ ਮਾਹਿਰਾਂ ਅਤੇ ਮਨੋਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਗਜ਼ਾ ਦੀ ਪੂਰੀ ਇੱਕ ਨਵੀਂ ਪੀੜ੍ਹੀ ਨੂੰ ਇੱਕ "ਸਥਾਈ ਜੰਗੀ ਮਨੋਦਸ਼ਾ" ਦੇ ਅੰਧਕਾਰ ਵਿੱਚ ਧੱਕਿਆ ਜਾ ਰਿਹਾ ਹੈ। ਮਹਾਨ ਫ਼ਲਸਤੀਨੀ ਕਵੀ ਮਹਿਮੂਦ ਦਰਵੇਸ਼ ਨੇ ਕਦੇ ਬਹੁਤ ਦਰਦ ਨਾਲ ਲਿਖਿਆ ਸੀ ਕਿ "ਜਦੋਂ ਕਿਸੇ ਕੌਮ ਤੋਂ ਉਸ ਦੀ ਧਰਤੀ ਖੋਹ ਲਈ ਜਾਂਦੀ ਹੈ, ਉਦੋਂ ਉਹ ਸਭ ਤੋਂ ਪਹਿਲਾਂ ਆਪਣੀਆਂ ਯਾਦਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ।"

ਪਰ ਗਜ਼ਾ ਵਿੱਚ ਅੱਜ ਇਹ ਯਾਦਾਂ ਵੀ ਹੌਲੀ-ਹੌਲੀ ਬੰਬਾਂ ਦੇ ਮਲਬੇ ਹੇਠ ਦੱਬਦੀਆਂ ਨਜ਼ਰ ਆ ਰਹੀਆਂ ਹਨ। ਇਸ ਲਈ ਇਹ ਜੰਗ ਸਿਰਫ਼ ਭੂਗੋਲ ਦੀ ਜਾਂ ਹੱਦ ਸਰਹੱਦ ਦੀ ਨਹੀਂ ਸੀ, ਸਗੋਂ ਇਹ ਇਤਿਹਾਸ, ਸਭਿਆਚਾਰ ਅਤੇ ਇੱਕ ਕੌਮ ਦੀ ਸਮੂਹਿਕ ਚੇਤਨਾ ਨੂੰ ਜੜ੍ਹੋਂ ਮਿਟਾਉਣ ਦੀ ਜੰਗ ਬਣ ਗਈ ਸੀ।

ਅੱਜ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹ ਨਹੀਂ ਹੈ ਕਿ ਗਜ਼ਾ ਖੇਤਰ ਵਿੱਚ ਕੀ-ਕੀ ਭਿਆਨਕ ਹਾਦਸੇ ਹੋਏ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੁਨੀਆ ਦੀ ਸਾਰੀ ਮਨੁੱਖਤਾ ਨੇ ਇਸ ਭਿਆਨਕ ਕਾਂਡ ਨੂੰ ਆਪਣੀਆਂ ਅੱਖਾਂ ਸਾਹਮਣੇ ਹੋਣ ਕਿਉਂ ਦਿੱਤਾ? ਜੇਕਰ ਸੰਸਾਰ ਦੀ ਸਭ ਤੋਂ ਉੱਚੀ ਅੰਤਰਰਾਸ਼ਟਰੀ ਅਦਾਲਤ (ICJ) ਦੀ ਸਖ਼ਤ ਚੇਤਾਵਨੀ ਤੋਂ ਬਾਅਦ ਵੀ ਵੱਖ-ਵੱਖ ਦੇਸ਼ਾਂ ਤੋਂ ਇਸਰਾਇਲ ਨੂੰ ਹਥਿਆਰਾਂ ਦੀ ਸਪਲਾਈ ਬੇਰੋਕ ਜਾਂਦੀ ਰਹੀ ਤਾਂ ਫਿਰ ਇਸ ਅੰਤਰਰਾਸ਼ਟਰੀ ਕਾਨੂੰਨ ਦੀ ਅਸਲੀ ਤਾਕਤ ਅਤੇ ਹੋਂਦ ਕੀ ਹੈ? ਜੇ "ਨਸਲਕੁਸ਼ੀ ਦੇ ਪ੍ਰਤੱਖ ਸੰਭਾਵੀ ਖ਼ਤਰੇ" ਦੇ ਬਾਵਜੂਦ ਸ਼ਕਤੀਸ਼ਾਲੀ ਸਰਕਾਰਾਂ ਆਪਣਾ ਜੰਗੀ ਵਪਾਰ ਜਾਰੀ ਰੱਖਦੀਆਂ ਹਨ, ਤਾਂ ਕੀ ਸੰਯੁਕਤ ਰਾਸ਼ਟਰ (UN) ਸਿਰਫ਼ ਇੱਕ ਕਾਗਜ਼ੀ ਅਤੇ ਦੰਦ-ਹੀਣ ਸੰਸਥਾ ਬਣ ਕੇ ਰਹਿ ਗਿਆ ਹੈ? ਜੇ ਮਨੁੱਖੀ ਅਧਿਕਾਰਾਂ ਦੇ ਨਿਯਮ ਸਿਰਫ਼ ਗਰੀਬ ਅਤੇ ਕਮਜ਼ੋਰ ਦੇਸ਼ਾਂ 'ਤੇ ਹੀ ਜ਼ਬਰਦਸਤੀ ਲਾਗੂ ਹੁੰਦੇ ਹਨ ਅਤੇ ਤਾਕਤਵਰ ਦੇਸ਼ਾਂ ਜਾਂ ਉਨ੍ਹਾਂ ਦੇ ਚਹੇਤੇ ਸਾਥੀਆਂ 'ਤੇ ਨਹੀਂ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਦੁਨੀਆ ਇੱਕ ਵਾਰ ਫਿਰ ਇੱਕ ਨਵੇਂ ਕਿਸਮ ਦੇ ਉਪਨਿਵੇਸ਼ੀ ਕਾਨੂੰਨ ਵੱਲ ਤੇਜ਼ੀ ਨਾਲ ਵੱਧ ਰਹੀ ਹੈ?

ਇਕ ਵਾਰ ਲੰਡਨ ਵਿਖੇ ਸਥਿਤ ਵਿਸ਼ਵ-ਪ੍ਰਸਿੱਧ ਸੰਸਥਾ 'ਲੰਡਨ ਸਕੂਲ ਆਫ਼ ਇਕਨਾਮਿਕਸ' ਦੇ ਅੰਤਰਰਾਸ਼ਟਰੀ ਕਾਨੂੰਨ ਦੇ ਉੱਘੇ ਵਿਦਵਾਨ ਸਟੀਫ਼ਨ ਹਮਫ਼ਰੀਜ਼ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਬਹੁਤ ਵੱਡਾ ਗੰਭੀਰ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇਸਰਾਇਲ ਨੂੰ ਇਸ ਨਸਲਕੁਸ਼ੀ ਦੇ ਦੌਰਾਨ ਹਥਿਆਰ ਦੇਣ ਵਾਲੇ ਸਾਰੇ ਦੇਸ਼ "ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਜੰਗੀ ਅਪਰਾਧਾਂ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਵਿੱਚ ਉਸ ਦੇ ਸਿੱਧੇ ਸਹਿ-ਦੋਸ਼ੀ" ਬਣਦੇ ਹਨ। ਇਹ ਬਹੁਤ ਵੱਡਾ ਅਤੇ ਇਤਿਹਾਸਕ ਦੋਸ਼ ਹੈ, ਜੋ ਸਿਰਫ਼ ਇਕੱਲੇ ਇਸਰਾਇਲ ਉੱਤੇ ਨਹੀਂ, ਬਲਕਿ ਅੱਜ ਦੀ ਪੂਰੀ ਗਲੋਬਲ ਰਾਜਨੀਤਿਕ ਪ੍ਰਣਾਲੀ ਦੇ ਮੂੰਹ 'ਤੇ ਇੱਕ ਕਰਾਰੀ ਚਪੇੜ ਵੀ ਹੈ।

ਪਰ ਇਸ ਘੋਰ ਜੰਗੀ ਹਨੇਰੇ ਅਤੇ ਨਿਰਾਸ਼ਾ ਦੇ ਵਿਚਕਾਰ ਇੱਕ ਉਮੀਦ ਦੀ ਕਿਰਨ ਵਾਲੀ ਤਸਵੀਰ ਵੀ ਦੇਖਣ ਨੂੰ ਮਿਲੀ। ਲੰਡਨ, ਨਿਊਯਾਰਕ, ਟੋਰਾਂਟੋ, ਪੈਰਿਸ, ਇਸਤਾਂਬੁਲ, ਮੈਡਰਿਡ ਅਤੇ ਦਿੱਲੀ ਤੱਕ, ਦੁਨੀਆ ਭਰ ਦੇ ਕੋਨੇ-ਕੋਨੇ ਵਿੱਚ ਲੱਖਾਂ ਆਮ ਲੋਕ ਇਸ ਜ਼ੁਲਮ ਦੇ ਰੋਸ ਵਜੋਂ ਸਵੈ-ਇੱਛਾ ਨਾਲ ਸੜਕਾਂ 'ਤੇ ਨਿਕਲੇ। ਬਹਾਦਰ ਵਿਦਿਆਰਥੀਆਂ ਨੇ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਦੇ ਕੈਂਪਸ ਘੇਰੇ ਅਤੇ ਉੱਥੇ ਧਰਨੇ ਦਿੱਤੇ। ਵੱਖ-ਵੱਖ ਬੰਦਰਗਾਹਾਂ ਦੇ ਡਾਕ ਵਰਕਰਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਇਸਰਾਇਲ ਜਾਣ ਵਾਲੇ ਜੰਗੀ ਜਹਾਜ਼ਾਂ ਨੂੰ ਲੋਡ ਕਰਨ ਤੋਂ ਸਾਫ਼ ਮਨਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਕਈ ਨਿਰਪੱਖ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਆਪਣੀਆਂ ਹੀ ਸਰਕਾਰਾਂ ਦੇ ਖ਼ਿਲਾਫ਼ ਅਦਾਲਤਾਂ ਵਿੱਚ ਕੇਸ ਦਰਜ ਕੀਤੇ। ਇਹ ਸਭ ਕੁਝ ਸਾਬਤ ਕਰਦਾ ਹੈ ਕਿ ਦੁਨੀਆ ਦੀਆਂ ਸਵਾਰਥੀ ਸਰਕਾਰਾਂ ਅਤੇ ਦੁਨੀਆ ਦੇ ਆਮ ਲੋਕ ਹਮੇਸ਼ਾਂ ਇੱਕੋ ਜਿਹੇ ਨਹੀਂ ਹੁੰਦੇ। ਆਮ ਮਨੁੱਖ ਦੇ ਅੰਦਰ ਅਜੇ ਵੀ ਇਨਸਾਨੀਅਤ ਜ਼ਿੰਦਾ ਹੈ।

ਹੁਣ ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੀ ਇਹ ਲੜਾਈ ਸਿਰਫ਼ ਫ਼ਲਸਤੀਨ ਦੀ ਇੱਕ ਸਥਾਨਕ ਭੂਗੋਲਿਕ ਲੜਾਈ ਨਹੀਂ ਰਹਿ ਗਈ ਹੈ। ਇਹ ਅਸਲ ਵਿੱਚ ਸਮੁੱਚੀ ਵਿਸ਼ਵ ਨੈਤਿਕਤਾ, ਅੰਤਰਰਾਸ਼ਟਰੀ ਕਾਨੂੰਨ ਦੀ ਹੋਂਦ, ਮੁੱਖ ਧਾਰਾ ਦੇ ਮੀਡੀਆ ਦੀ ਭੂਮਿਕਾ, ਕਾਰਪੋਰੇਟ ਜੰਗੀ ਉਦਯੋਗ ਦੇ ਨੈੱਟਵਰਕ ਅਤੇ ਸਮੁੱਚੀ ਮਨੁੱਖੀ ਜ਼ਮੀਰ ਦੀ ਸਭ ਤੋਂ ਵੱਡੀ ਅੰਤਿਮ ਕਸੌਟੀ ਬਣ ਚੁੱਕੀ ਹੈ।

**ਚਲਦਾ....**

# ਘੱਲੂਘਾਰਾ ਜੂਨ ੧੯੮੪ (1984)

## "ਬਹਾਦਰ ਕੌਮਾਂ ਘੱਲੂਘਾਰਿਆਂ ਵਿੱਚ ਨਹੀਂ ਮਰਦੀਆਂ, ਸਗੋਂ ਸੁਲ੍ਹਾ ਵਿੱਚ ਖ਼ਤਮ ਹੁੰਦੀਆਂ ਨੇ"

ਜਗਜੀਤ ਸਿੰਘ ਯੂ.ਕੇ.

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਬੰਦਾ ਸਿੰਘ ਬਹਾਦਰ ਦੇ ਖਿਲਾਫ਼ ਮੁਗ਼ਲਾਂ ਵੱਲੋਂ ਇਹ ਕਾਰਜ ਕੀਤਾ ਗਿਆ, ਸ਼ੇਰ-ਏ-ਪੰਜਾਬ ਸਿਰਦਾਰ ਰਣਜੀਤ ਸਿੰਘ ਦੇ ਖਿਲਾਫ਼ ਅੰਗਰੇਜ਼ਾਂ ਵੱਲੋਂ ਇਹ ਕਾਰਜ ਕੀਤਾ ਗਿਆ ਤੇ ਹੁਣ ਸੰਤ ਜਰਨੈਲ ਸਿੰਘ ਦੇ ਅਕਸ ਨੂੰ ਖਰਾਬ ਕਰਨ ਦੇ ਲਈ ਇਹ ਕਾਰਜ ਮੌਜੂਦਾ ਹਿੰਦ ਹਕੂਮਤ ਵੱਲੋਂ ਕੀਤਾ ਗਿਆ । ਜਿਸ ਦਾ ਪਤਾ ਸਾਨੂੰ ਸਰਦਾਰ ਜਸਪਾਲ ਸਿੰਘ ਸਿੱਧੂ ਜੋ ਕਿ ਯੂ ਐਨ ਆਈ ਦੇ ਪੱਤਰਕਾਰ ਸਨ, ਉਹਨਾਂ ਦੀਆਂ ਕਿਤਾਬਾਂ ਤੋਂ ਲੱਗਦਾ ਹੈ । ਤਿੰਨ ਅਕਤੂਬਰ 1983 ਨੂੰ ਢਿਲਵਾਂ ਦਾ ਕਾਂਡ ਹੁੰਦਾ ਹੈ ਜਿਸ ਵਿੱਚ ਬੱਸ ਚੋਂ ਕੱਢ ਕੇ ਹਿੰਦੂ ਯਾਤਰੀ ਮਾਰੇ ਜਾਂਦੇ ਹਨ ਅਤੇ ਇਸਦਾ ਭਾਂਡਾ ਵੀ ਸੰਤ ਜਰਨੈਲ ਸਿੰਘ ਦੇ ਉੱਤੇ ਭੰਡ ਦਿੱਤਾ ਜਾਂਦਾ ਹੈ । ਸੰਤ ਜਰਨੈਲ ਸਿੰਘ ਨੇ ਇਸਦੀ ਜਿਹੜੀ ਨਿਖੇਦੀ ਕੀਤੀ ਸੀ ਉਸ ਨਿਖੇਦੀ ਬਾਰੇ ਕਿਤੇ ਕੋਈ ਖ਼ਬਰ ਨਹੀਂ ਆਉਂਦੀ । ਉਲਟਾ ਸੰਤਾਂ ਨੂੰ ਹੀ ਖਲਨਾਇਕ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ । ਸੰਤਾਂ ਵੱਲੋਂ ਸਰਕਾਰੀ ਬਿਆਨਾਂ ਦੇ ਜਵਾਬ ਵਿੱਚ ਦਿੱਤੇ ਗਏ ਬਿਆਨਾਂ ਨੂੰ ਵੱਧ ਚੜ ਕੇ ਦਿਖਾਇਆ ਗਿਆ ਤਾਂ ਕਿ ਉਹਨਾਂ ਦਾ ਅਕਸ ਖਰਾਬ ਕੀਤਾ ਜਾ ਸਕੇ। ਜਿਹੜੇ ਪੱਤਰਕਾਰ ਜਾਂ ਜਿਹੜੇ ਬਜ਼ੁਰਗ ਉਹਨਾਂ ਸਮਿਆਂ ਵਿੱਚ ਪੈਦਾ ਹੋਏ, ਜਾਂ ਜਿਨ੍ਹਾਂ ਨੇ ਸੰਘਰਸ਼ ਵਿੱਚ ਹਿੱਸਾ ਲਿਆ, ਉਹ ਜਾਣਦੇ ਹਨ ਕਿ ਧਰਮ ਯੁੱਧ ਮੋਰਚਾ ਇੱਕ ਸ਼ਾਂਤਮਈ ਮੋਰਚਾ ਸੀ ਜਿਸ ਦਾ ਮਕਸਦ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਸੀ । ਪਰ ਹਕੂਮਤ ਨੇ ਕਿਵੇਂ ਅਨੰਦਪੁਰ ਦੇ ਮਤੇ ਨੂੰ ਵੱਖਵਾਦੀ ਮਤਾ ਤੇ ਸੰਤ ਜਰਨੈਲ ਸਿੰਘ ਨੂੰ ਵੱਖਵਾਦੀ ਨੇਤਾ ਦੇ ਤੌਰ ਤੇ ਪ੍ਰਚਾਰਿਆ।

**ਨਸਲਕੁਸ਼ੀ ਅਤੇ 'ਜੈਨੋਸਾਇਡਲ ਪਲਸ' (ਨਸਲਕੁਸ਼ੀ ਦੀ ਲਹਿਰ)**

ਨਸਲਕੁਸ਼ੀ ਦੇ ਇਤਿਹਾਸ ਤੇ ਚਾਨਣਾ ਪਾਈਏ ਤੇ ਪਤਾ ਲੱਗਦਾ ਹੈ ਕਿ, 60 ਲੱਖ ਯਹੂਦੀ ਕਤਲ ਕਰ ਦਿੱਤਾ ਗਿਆ, ਪਰ ਕੀ ਇਹ 60 ਦਾ 60 ਲੱਖ ਇਕੱਲੇ ਹਿਟਲਰ ਨੇ ਕੀਤਾ ? ਸ਼ਾਇਦ ਨਹੀਂ, ਉਸ ਦੇ ਨਾਲ ਪੂਰਾ ਸਮਾਜ ਮੌਜੂਦ ਸੀ, ਉਹਨਾਂ ਦੇ ਮਨਾਂ ਵਿੱਚ ਇਹ ਪਾ ਦਿੱਤਾ ਜਾਂਦਾ ਹੈ ਕਿ ਇਹ ਕਰਨਾ ਬੜਾ ਚੰਗਾ ਹੈ । ਇੱਕ ਪੁਰਾਣੀ ਅੰਗਰੇਜ਼ੀ ਦੀ ਕਹਾਵਤ ਹੈ 'ਗਿਵ ਆ ਡਾਗ ਬੈਡ ਨੇਮ ਐਂਡ ਕਿਲ ਇਟ' । ਪਹਿਲਾਂ ਉਹਨਾਂ ਨੂੰ ਖਲਨਾਇਕ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ ਤੇ ਫਿਰ ਉਹਨਾਂ ਦੇ ਅੰਦਰ ਪਈ ਹੋਈ ਜੈਨੋਸਾਈਡਲ ਪਲਸ ਨੂੰ ਉਜਾਗਰ ਕੀਤਾ ਜਾਂਦਾ ਹੈ ਤੇ ਘੱਟ ਗਿਣਤੀਆਂ ਦੇ ਕਤਲੇਆਮ ਲਈ ਵਰਤਿਆ ਜਾਂਦਾ ਹੈ । ਇਹ ਹਕੂਮਤ ਨੇ ਦੇਖਣਾ ਹੁੰਦਾ ਹੈ ਕਿ ਇਸ ਨੂੰ ਕਦੋਂ ਤੇ ਕਿਹੜੀ ਘਟਨਾ ਤੇ ਉਜਾਗਰ ਕਰਨਾ ਹੈ ।

ਕਈ ਵਾਰ ਅਸੀਂ ਬੜੇ ਬੇਵਸ ਹੋ ਕੇ ਇਹ ਸੋਚ ਲੈਂਦੇ ਹਾਂ, ਕਿ ਸ਼ਾਇਦ ਇਹ ਸਾਰਾ ਕੁੱਝ ਸਾਡੀ ਹੀ ਗਲਤੀ ਹੈ ਸਾਨੂੰ ਇਸ 'ਸੈਲਫ਼ ਹੇਟ' ਚੋਂ ਨਿਕਲਣਾ ਚਾਹੀਦਾ ਹੈ । ਮੌਜੂਦਾ ਹਲਾਤਾਂ ਦੀ ਗੱਲ ਕਰੀਏ ਤਾਂ ਕਿਵੇਂ ਇੱਕ ਕੈਚ ਛੱਡਣ ਨਾਲ ਸਿੱਖ ਕ੍ਰਿਕਟ ਖਿਡਾਰੀ ਅੱਤਵਾਦੀ ਜਾਂ ਖਾਲਿਸਤਾਨੀ ਬਣ ਜਾਂਦਾ ਹੈ ? ਕਿਵੇਂ ਇੱਕ ਪਗੜੀ ਧਾਰੀ ਸਰਦਾਰ ਪੁਲਿਸ ਵਾਲਾ ਜੋ ਕਿ ਵੱਡੇ ਅਹੁਦੇ ਤੇ ਹੋ ਕੇ ਵੀ ਕਿਵੇਂ ਇਸ ਦਾ ਸ਼ਿਕਾਰ ਬਣ ਜਾਂਦਾ ਹੈ ? ਕਿਵੇਂ ਸਿੱਖ ਦੀ ਦਸਤਾਰ ਦੇ ਉੱਤੇ, ਭਾਵੇਂ ਉਹ ਪੁਲਿਸ ਵਾਲਾ ਹੀ ਕਿਉਂ ਨਾਂ ਹੋਵੇ ਜੁੱਤੀਨੋਮਾ ਚੀਜ਼ਾਂ ਸੁੱਟੀਆਂ ਜਾਂਦੀਆਂ ਹਨ? ਇਹੋ ਜਿਹੇ ਲੋਕਾਂ ਨੇ ਭਾਵੇਂ ਸਾਰੀ ਜ਼ਿੰਦਗੀ ਭਾਰਤੀ ਰਾਸ਼ਟਰਵਾਦ ਨੂੰ ਦਿੱਤੀ ਹੋਵੇ ਪਰ ਉਹਨਾਂ ਨਾਲ ਉਹਨਾਂ ਦੇ ਕੌਮੀ ਚਿਨ੍ਹ ਦਸਤਾਰ ਕਰਕੇ ਇਹ ਵਿਤਕਰਾ ਕੀਤਾ ਜਾਂਦਾ ਹੈ ।



ਯਹੂਦੀਆਂ ਨੇ ਆਪਣੇ ਤੇ ਹੋਈ ਨਸਲਕੁਸ਼ੀ ਤੇ ਪੂਰੀ ਜਾਂਚ ਕੀਤੀ ਤੇ ਇਹ ਵੀ ਪਤਾ ਲੱਗਾ ਕਿ, ਯਹੂਦੀਆਂ ਦਾ ਇੱਕ ਵਰਗ ਵੀ ਨਾਜ਼ੀਆਂ ਦੇ ਨਾਲ ਸੀ । ਸਾਡੇ ਨਾਲ ਵੀ ਕੁੱਝ ਇਹੋ ਜਿਹਾ ਹੀ ਵਾਪਰਿਆ । ਜਿਹੜੇ ਸਿੱਖ ਸਟੇਟ ਨਾਲ ਸਨ, ਉਹ ਅਧੀਨਗੀ ਕਬੂਲ ਚੁੱਕੇ ਹਨ । ਸਧਾਰਨ ਅਕਾਲੀ ਆਗੂ ਇਸ ਕੈਟਾਗਰੀ 'ਚ ਆਉਂਦੇ ਹਨ । ਉਹ ਸਟੇਟ ਨੂੰ ਚੈਲੇਂਜ ਨਹੀਂ ਕਰ ਸਕਦੇ, ਜਿਵੇਂ ਸੰਤਾਂ ਨੇ ਕੀਤਾ। ਪੜ੍ਹੇ ਲਿਖੇ ਵਰਗ ਨੇ ਵੀ ਸੰਤਾਂ ਨੂੰ ਭੰਡਿਆ ਹੀ ਹੈ।

**ਅੰਮ੍ਰਿਤ ਸੰਚਾਰ ਤੋਂ ਤਕਲੀਫ਼ ਕਿਉਂ ?**

ਅੰਮ੍ਰਿਤ ਸੰਚਾਰ ਤੇ ਪਹਿਲਾਂ ਵੀ ਹੋ ਰਹੇ ਸਨ । ਪਰ ਉਹਨਾਂ ਤੋਂ ਕਿਸੇ ਨੂੰ ਕੋਈ ਸਮੱਸਿਆ ਨਹੀਂ ਸੀ, ਧਾਰਨਾ ਤੇ ਪਹਿਲਾਂ ਵੀ ਪੜ੍ਹੀਆਂ ਜਾਂਦੀਆਂ ਸੀ ਪਰ ਉਹਨਾਂ ਤੋਂ ਕਿਸੇ ਨੂੰ ਕੋਈ ਸਮੱਸਿਆ ਨਹੀਂ ਸੀ । ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਿਹਾ ਕਰਦੇ ਸੀ 'ਧਰਮ ਸਿਰ ਦਿੱਤਿਆਂ ਬਾਜ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਜ ਨਹੀਂ ਰਹਿਣਾ' ਹਰ ਜਗ੍ਹਾ ਤੇ ਨੌਜਵਾਨੀ ਨੂੰ ਹਲੂਣਾ ਦਿੰਦੇ ਸੀ । ਪਰ ਸਟੇਟ ਲਈ ਮਸਲਾ ਉਥੇ ਇਹ ਸੀ ਕੇ ਸੰਤ ਇਹ ਸਾਰੇ ਸੀਸ ਤਿਆਰ ਕਰ ਰਿਹਾ ਸੀ।

ਅੰਮ੍ਰਿਤ ਸੰਚਾਰ ਤੇ ਅੱਜ ਕੱਲ ਵੀ ਬਹੁਤ ਹੁੰਦੇ ਹਨ, ਪਰ ਜੇ ਕਿਸੇ ਅੰਮ੍ਰਿਤ ਸੰਚਾਰ ਦੇ ਵਿੱਚੋਂ ਕੌਮੀਅਤ ਦੀ ਜਰਾ ਜਿੰਨੀ ਵੀ ਝਲਕ ਪੈਂਦੀ ਹੈ, ਹਕੂਮਤ ਬਰਦਾਸ਼ਤ ਨਹੀਂ ਕਰਦੀ ਤੇ ਉਸ ਨੂੰ ਚੁੱਕ ਕੇ ਪੰਜਾਬ ਤੋਂ ਦੂਰ ਸੁੱਟ ਦਿੱਤਾ ਜਾਂਦਾ ਹੈ। ਕਈ ਵਾਰ ਅਸੀਂ ਨਿਰਾਸ਼ ਹੋ ਜਾਂਦੇ ਹਾਂ ਕਿ ਮਸਲੇ ਦਾ ਹੱਲ ਕੀ ਹੈ ? ਮਸਲੇ ਦਾ ਇੱਕੋ ਇੱਕ ਹੱਲ ਹੈ ਕਿ ਸਿੱਖਾਂ ਨੂੰ ਅਨੰਦਪੁਰ ਵੜਨਾ ਪਵੇਗਾ, ਇੱਕ ਨਿਸ਼ਾਨ ਥੱਲੇ ਇਕੱਠਾ ਹੋਣਾ ਪਏਗਾ । ਦੂਜਾ (ਸੈਂਸ ਆਫ਼ ਪ੍ਰਪੋਸ਼ਨ) ਮਸਲਿਆਂ ਨੂੰ ਸਹੀ ਤਰਤੀਬ ਦੇਣੀ ਪਏਗੀ ਕਿਹੜੇ ਮਸਲੇ ਕਦੋਂ ਤੇ ਕਿੰਨੀ ਮਹੱਤਤਾ ਰੱਖਦੇ ਹਨ, ਉਹਨਾਂ ਬਾਰੇ ਸੋਚਣਾ ਪਵੇਗਾ । ਸੰਤ ਜਰਨੈਲ ਸਿੰਘ ਦੇ ਸਮੇਂ ਮਰਿਆਦਾ ਦਾ ਮਸਲਾ ਵੀ ਸੀ, ਦਸਮ ਗ੍ਰੰਥ ਦਾ ਮਸਲਾ ਵੀ ਸੀ ਅਤੇ ਹੋਰ ਧੜੇਬੰਦੀਆਂ ਵਾਲੇ ਮਸਲੇ ਵੀ ਸਨ, ਪਰ ਉਹ ਉਨ੍ਹਾਂ ਮਸਲਿਆਂ ਦੇ ਵਿੱਚ ਨਹੀਂ ਉਲਝੇ । ਜੇ ਅਜੋਕੇ ਸਮੇਂ ਵਿੱਚ ਸਾਡੀਆਂ ਸਿੱਖ ਜਥੇਬੰਦੀਆਂ, ਸਾਡੇ ਸਿੱਖ ਨੌਜਵਾਨ ਇਸ ਗੱਲ ਨੂੰ ਸਮਝ ਲੈਣ ਤੇ ਸਾਰੇ ਮਸਲੇ ਹੱਲ ਹੋ ਸਕਦੇ ਹਨ । ਸੰਤਾਂ ਨੇ ਪੰਥਕ ਸ਼ਕਤੀ ਨੂੰ ਵੱਧ ਤੋਂ ਵੱਧ ਜੋੜਿਆ । ਸੰਤਾਂ ਨੂੰ ਅਕਾਲੀਆਂ ਬਾਰੇ ਸਭ ਪਤਾ ਸੀ । ਸੰਤਾਂ ਨੇ ਹਰੇਕ ਤੋਂ ਆਪਣੇ ਵਰਗੀ ਸਮਰੱਥਾ ਨਹੀਂ ਮੰਗੀ ਜਿੰਨਾ ਕੋਈ ਨਾਲ ਚੱਲ ਸਕਦਾ ਸੀ ਉਹਨਾਂ ਨਾਲ ਤੋਰਿਆ । ਗੱਦਾਰੀ ਦੇ ਲੇਬਲ ਲਾ ਕੇ ਮੌਕਾ ਪ੍ਰਸਤ ਕਹਿ ਕੇ ਨਹੀਂ ਭੰਡਿਆ, ਉਹ ਇਤਿਹਾਸ ਤੇ ਛੱਡਿਆ । ਅੱਜ ਲੌਂਗੋਵਾਲ ਦੀ ਸੋਚ ਦੇ ਨਾਅਰੇ ਨਹੀਂ ਲੱਗਦੇ! ਤਸਵੀਰਾਂ ਨਹੀਂ ਵਿਕਦੀਆਂ! ਗਾਣੇ ਨਹੀਂ ਬਣਦੇ! ਕਿਉਂ ? ਸੋਚੋ ਜ਼ਰਾ! ਮੌਜੂਦਾ ਹਲਾਤਾਂ ਦੇ ਵਿੱਚ ਜਿਵੇਂ ਦੀਪ ਸਿੰਘ ਸਿੱਧੂ ਕਿਹਾ ਕਰਦਾ ਸੀ ਕਿ ਸਿੱਖੋ ਤੁਸੀਂ ਧੰਨ ਹੋ ਕਿ 150 ਸਾਲ ਦੀ ਗੁਲਾਮੀ ਹੰਡਾਉਂਦੇ ਹੋਏ ਵੀ ਆਪਣੇ ਅੰਦਰ ਕੌਮੀਅਤ ਪਾਲੀ ਬੈਠੇ ਹੋ, ਸਾਨੂੰ ਵੀ ਇੰਜ ਹੀ ਕਰਨਾ ਪਵੇਗਾ ਕਿਸੇ ਨੂੰ ਸੰਪੂਰਨ ਰੱਦ ਕਰਨ ਤੋਂ ਪਹਿਲਾਂ ਜਿੰਨੇ ਕੁ ਜੋਗਾ ਹੈ ਉਸ ਦੀ ਸਮਰਥਾ ਅਨੁਸਾਰ ਯੋਗਦਾਨ ਲੈਣਾ ਪਵੇਗਾ।

**1984 ਬਾਰੇ ਕੁੱਝ ਸਵਾਲ!**

ਗੱਲ 1984 ਦੀ ਤੁਰੇਗੀ ਤਾਂ ਕੁੱਝ ਸਵਾਲ ਅਜੇ ਵੀ ਜਵਾਬ ਭਾਲਦੇ ਹਨ ! ਜਰਨਲ ਐਸ ਕੇ ਸਿਨਹਾ ਨੂੰ ਕਿਉਂ ਪਾਸੇ ਕੀਤਾ ਗਿਆ ? 1982 'ਚ ਦਰਬਾਰ ਸਾਹਿਬ ਤੇ ਹਮਲੇ ਦੀ ਯੋਜਨਾ ਕਿਉਂ ਬਣਾਈ, ਓਦੋਂ ਤੇ ਸੰਤ ਜਰਨੈਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਹੀਂ ਸਨ । ਕਿਉਂ ਚਕਾਰਤਾ ਦੀਆਂ ਪਹਾੜੀਆਂ 'ਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਪ੍ਰੈਕਟਿਸ ਕੀਤੀ ਗਈ ?

ਜੇ ਹਮਲਾ ਕਰਨਾ ਤੈਅ ਸੀ ਫੇਰ ਕਿਉਂ ਪਹਿਲਾਂ 1 ਜੂਨ ਨੂੰ ਕਰਫ਼ਿਊ ਵਿੱਚ ਢਿਲ ਦਿੱਤੀ ਗਈ, ਤੇ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਦਰਬਾਰ ਸਾਹਿਬ ਦੇ ਅੰਦਰ ਜਾਣ ਦਿੱਤਾ ਗਿਆ ਤੇ ਫਿਰ 4 ਜੂਨ ਨੂੰ ਵੱਡਾ ਹਮਲਾ ਕੀਤਾ ਗਿਆ। ਸੰਤ ਜਰਨੈਲ ਸਿੰਘ ਤੇ ਇੱਕ ਅਕਾਲ ਤਖ਼ਤ ਸਾਹਿਬ ਤੇ ਸੀ, ਬਾਕੀ ਦੇ 38 ਤੋਂ ਵੱਧ ਗੁਰਦੁਆਰਿਆਂ ਦੇ ਉੱਤੇ ਕਿਉਂ ਹਮਲਾ ਕੀਤਾ ਗਿਆ?

* ਕਿੱਥੇ ਹੈ 1984 ਦਾ ਅਸਲ ਵਾਈਟ ਪੇਪਰ?
* ਕਿਉਂ ਇਸ ਮਸਲੇ ਤੇ ਕਦੇ ਨਿਰਪੱਖ ਜਾਂਚ ਨਹੀਂ ਕੀਤੀ ਗਈ ?
* ਬਾਰ ਬਾਰ ਸਿੱਖਾਂ ਦੇ ਪ੍ਰਤੀ ਜ਼ਹਿਰ ਕਿਉਂ ਉਗਲਿਆ ਗਿਆ ?

ਸੰਤ ਸਿੱਖ ਧਰਮ ਦੇ ਨਿਆਰੇਪਣ ਦੀ ਗੱਲ ਕਰਦੇ ਸਨ, ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਬਣਨ ਦੀ ਗੱਲ ਕਰਦੇ ਸਨ, ਇਹਨਾਂ ਗੱਲਾਂ ਨੂੰ ਫਿਰਕੂਪਣੇ ਨਾਲ ਕਿਉਂ ਜੋੜਿਆ ਗਿਆ? ਸੰਤ ਜਰਨੈਲ ਸਿੰਘ ਨੂੰ ਕਿਵੇਂ ਹਿੰਦੂ ਧਰਮ ਅਤੇ ਹਿੰਦੂਆਂ ਦੇ ਵਿਰੋਧੀ ਵਜੋਂ ਪੇਸ਼ ਕੀਤਾ ਗਿਆ, ਜਦ ਕੇ ਸਚਾਈ ਇਸ ਦੇ ਉਲਟ ਹੈ। ਸੰਤ ਜਰਨੈਲ ਸਿੰਘ ਨੇ ਵਿਖਿਆਨਾਂ ਰਾਹੀਂ ਆਪ ਦੱਸਿਆ ਕਿ ਕਿਵੇਂ ਉਹਨਾਂ ਨੇ ਰਾਮਾਇਣ ਦੇ ਕੇਸ ਦੇ ਵਿੱਚ ਮਦਦ ਦੇ ਲਈ 5000 ਰੁਪਿਆ ਦਿੱਤਾ। ਕਿਵੇਂ ਗੁਰਦਾਸਪੁਰ ਜੇਲ੍ਹ ਦੇ ਵਿੱਚ ਮੰਦਰ ਬਣਵਾਇਆ ਗਿਆ। ਬਹੁਤ ਸਾਰੇ ਹਿੰਦੂ ਪਰਿਵਾਰ ਉਹ ਸੰਤਾਂ ਨੂੰ ਮਿਲਦੇ ਰਹੇ ਤੇ ਸੰਤ ਉਹਨਾਂ ਦੀਆਂ ਮੁਸ਼ਕਿਲਾਂ ਦੇ ਹੱਲ ਕਰਦੇ ਰਹੇ। ਸੁਬਰਾਮਨੀਅਮ ਸਵਾਮੀ (ਜਨਸੰਘ/ਭਾਜਪਾ ਦਾ ਵੱਡਾ ਲੀਡਰ) ਅੱਜ ਤੱਕ ਉਹਨਾਂ ਨੂੰ ਅੱਤਵਾਦੀ ਨਹੀਂ ਮੰਨਦਾ, ਜਿਸ ਨੇ ਕਿ ਜਾ ਕੇ ਦੇਖਿਆ ਅਤੇ ਪੂਰੀ ਪੜਤਾਲ ਕੀਤੀ ।

ਕੀ ਇਸ ਸਾਰੇ ਮਸਲੇ ਦੀ ਇਕੱਲੀ ਕਾਂਗਰਸ ਜ਼ਿੰਮੇਵਾਰ ਹੈ ? ਅਟਲ ਬਿਹਾਰੀ ਵਾਜਪਾਈ, ਅਡਵਾਨੀ ਹੋਣਾ ਦੀਆਂ ਮੁਜਾਹਰਾ ਕਰਦਿਆਂ ਦੀਆਂ ਫੋਟੋਆਂ ਅਜੇ ਵੀ ਮੌਜੂਦ ਹਨ । ਲ਼ਖ ਅਧਾਂਮੀ ਆਪਣੀ ਕਿਤਾਬ 'ਚ ਲਿਖਦਾ ਤੇ ਕਲੇਮ ਕਰਦਾ ਹੈ ਕਿ ਇਹ ਹਮਲਾ ਅਸੀਂ ਕਰਵਾਇਆ ਅਸੀਂ ਇੰਦਰਾ ਗਾਂਧੀ ਤੇ ਪ੍ਰੈਸ਼ਰ ਪਾਇਆ । ਨਾਨਾ ਦੇਸ਼ਮੁਖ ਆਰਐਸਐਸ ਦਾ ਵੱਡਾ ਆਗੂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਸਹੀ ਠਹਿਰਾਉਂਦਾ ਹੈ । ਇਹ ਸੱਭ ਗੱਲਾਂ ਇਹ ਸਿੱਧ ਕਰਦੀਆਂ ਹਨ ਕਿ ਇਹ ਕਿਸੇ ਇੱਕ ਪਾਰਟੀ ਜਾਂ ਇੱਕ ਲੀਡਰ ਦਾ ਹਮਲਾ ਨਹੀਂ ਸਗੋਂ ਇਹ ਉਸ 5 ਸਦੀਆਂ ਦੇ ਵੈਰ ਦੀ ਤਰਜਮਾਨੀ ਹੈ ਜਿਸ ਦੀ ਗੱਲ ਅਸੀਂ ਪਹਿਲਾਂ ਕਰ ਕੇ ਆਏ ਹਾਂ । ਜੂਨ 1984 ਦੇ ਵਿੱਚ ਸਾਡੇ ਪੰਜਾਬ ਦੇ ਹਿੰਦੂ ਭਰਾਵਾਂ ਦੀ ਖਾਮੋਸ਼ੀ ਕਿਤੇ ਨਾ ਕਿਤੇ ਸਰਕਾਰਾਂ ਲਈ ਹੱਲਾਸ਼ੇਰੀ ਵੀ ਬਣੀ ।

ਅਖੀਰ ਤੇ ਧਰਮੀ ਫ਼ੌਜੀ ਜਿਨ੍ਹਾਂ ਨੇ ਕਿ ਆਪਣੀ ਨੌਕਰੀ ਦੀ ਪਰਵਾਹ ਨਾਂ ਕਰਦਿਆਂ ਪਹਿਲਾ ਫਰਜ਼ ਗੁਰੂ ਅੱਗੇ ਨਿਭਾਇਆ । ਸਿੱਖ ਦੇ ਲਈ ਸੱਭ ਤੋਂ ਪਹਿਲਾਂ ਗੁਰੂ ਹੈ ਤੇ ਫਿਰ ਕੋਈ ਹੋਰ ਹੈ। ਜਦੋਂ ਦਰਬਾਰ ਸਾਹਿਬ ਤੇ ਹਮਲੇ ਦੀ ਖ਼ਬਰ ਇਹਨਾਂ ਧਰਮੀ ਫ਼ੌਜੀਆਂ ਤੱਕ ਪਹੁੰਚੀ ਤੇ ਉਹ ਆਪਣੀਆਂ ਬੈਰਕਾਂ ਛੱਡ ਕੇ ਅੰਮ੍ਰਿਤਸਰ ਵੱਲ ਜਾਣ ਲਈ ਤਿਆਰ ਹੋ ਗਏ । 'ਜੇ ਜੀਵੈ ਪੱਤ ਲੱਥੀ ਜਾਏ ਸਭ ਹਰਾਮ ਜੇਤਾ ਕਿਛੁ ਖਾਇ' ਗੁਰਬਾਣੀ ਦੇ ਇਸ ਕਥਨ ਤੇ ਅਮਲ ਕਰਦੇ ਹੋਏ ਬਿਨਾਂ ਕਿਸੇ ਗੱਲ ਦੀ ਪ੍ਰਵਾਹ ਕੀਤੇ ਧਰਮ ਯੁੱਧ ਵਿੱਚ ਆ ਦਾਖਿਲ ਹੋਏ।

ਜਿਵੇਂ ਕਿ ਉੱਪਰ ਵੀ ਜ਼ਿਕਰ ਕੀਤਾ ਗਿਆ ਹੈ ਕਿ ਸੰਤ ਜਰਨੈਲ ਸਿੰਘ ਖਾਲਸਾ ਨੇ ਮੀਰੀ ਪੀਰੀ ਦੇ ਸਿਧਾਂਤ ਦੀ ਸਹੀ ਤਰਜਮਾਨੀ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਦੁਆਰਾ ਮਨੁੱਖ ਨੂੰ ਰੂਹਾਨੀ, ਮਾਨਸਿਕ ਤੇ ਸਰੀਰਕ ਗੁਲਾਮੀ ਤੋਂ ਮੁਕਤ ਕਰਨ ਲਈ ਅਰੰਭੇ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁੱਖ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਅਰਜਨ ਪਾਤਸ਼ਾਹ ਵੱਲੋਂ ਤੋਰੀ ਸ਼ਹਾਦਤ ਦੀ ਪਰੰਪਰਾ ਨੂੰ ਕਾਇਮ ਰੱਖਿਆ। ਸੰਤ ਜਰਨੈਲ ਸਿੰਘ ਨੂੰ 20 ਵੀਂ ਸਦੀ ਦੇ 'ਮਹਾਨ ਸਿੱਖ' ਦਾ ਖ਼ਿਤਾਬ ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਵੱਲੋਂ ਦਿੱਤਾ ਗਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਐਲਾਨਿਆ ਗਿਆ, ਜਿਸ ਦਾ ਪੂਰਾ ਵੇਰਵਾ ਪੁਸਤਕ 'ਸ਼ਹੀਦ ਬਿਲਾਸ ਸੰਤ ਜਰਨੈਲ ਸਿੰਘ (ਸੰਪਾਦਕ: ਗੁਰਤੇਜ ਸਿੰਘ ਤੇ ਸਵਰਨਜੀਤ ਸਿੰਘ)' ਵਿੱਚ ਮਿਲ ਜਾਂਦਾ ਹੈ । ਸੰਤਾਂ ਦਾ ਆਖਰੀ ਸੁਨੇਹਾ ਸੀ ਤੁਸੀਂ ਮੈਦਾਨ ਛੱਡ ਕੇ ਨਾ ਭੱਜਣਾ, ਤੁਸੀਂ ਵੀ ਹਰ ਖੇਤਰ ਵਿੱਚ ਜ਼ੁਲਮ ਦੇ ਖਿਲਾਫ਼ ਲੜਦੇ ਰਹਿਓ ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਿਹ॥
ਜਗਜੀਤ ਸਿੰਘ ਯੂ.ਕੇ.


ਲੜੀਵਾਰ ਨਾਵਲ

ਲੇਖਕ
ਗੁਰਨਾਮ ਬਾਵਾ
ਮ +91 83073 6430



# ਬੰਦੂਕ ਤੋਂ ਕਲਮ ਤੱਕ

ਚਾਹ ਪੀ ਕੇ ਸੋਨੂੰ ਨੇ ਵੀ ਆਪਣੇ ਆਪ ਨੂੰ ਤਰੋ ਤਾਜ਼ਾ ਮਹਿਸੂਸ ਕੀਤਾ । ਗੱਡੀ ਰੋਡ 'ਤੇ ਚੜਾਉਂਦਿਆਂ ਹੀ ਨਿਰਮਲ ਨੇ ਸੋਨੂੰ ਨੂੰ ਪੁੱਛਿਆ, ਕੀ ਗੱਲ ? ਅੱਜ ਬਹੁਤ ਉਦਾਸ ਹੋਇਆ ਲੱਗ ਰਿਹਾ, ਨਾ ਹੀ ਦੋ ਦਿਨ ਤੋਂ ਤੂੰ, ਕਿਤਾਬ ਪੜ੍ਹੀ ਹੈ ? ਤੇਰੇ ਮਨ ਵਿੱਚ ਕੀ ਚੱਲ ਰਿਹਾ ਹੈ ? ਸੋਨੂੰ ਨੇ ਠੰਢਾ ਹੋਕਾ ਲਿਆ ਤੇ ਬੋਲ ਪਿਆ, ਬਾਈ, ਮੇਰਾ ਇਕ ਦੋਸਤ ਸੀ ਜੱਸਾ, ਜਿਸ ਨੂੰ, ਆਪਣੇ ਐਧਰ ਆਉਣ ਤੋਂ ਦੋ ਦਿਨ ਪਹਿਲਾਂ ਪੁਲਸ ਨੇ ਝੂਠੇ ਪੁਲਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ, ਉਹ ਮਾਂ-ਬਾਪ ਦਾ ਇਕੱਲਾ ਮੁੰਡਾ ਸੀ । ਬਾਪੂ ਉਸ ਦਾ ਪਹਿਲਾਂ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ, ਉਸ ਦੀ ਮਾਂ ਇਕੱਲੀ ਰਹਿ ਗਈ ਹੈ, ਜ਼ਮੀਨ ਵੀ ਨਹੀਂ ਉਨ੍ਹਾਂ ਕੋਲ ਕੋਈ ਜਿਸ ਨਾਲ ਹੀ ਉਸ ਦਾ ਗੁਜ਼ਾਰਾ ਚੱਲ ਜਾਏ, ਉਸ ਨੂੰ ਮੈਂ ਪੰਜਾਬ ਰਹਿੰਦਿਆਂ ਕੁਝ ਨਾ ਕੁਝ ਖਰਚਾ ਭੇਜ ਦਿੰਦਾ ਸੀ ਪਰ ਹੁਣ ਉਸ ਦਾ ਪਤਾ ਨਹੀਂ ਕੀ ਹਾਲ ਹੋਵੇਗਾ ?




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-12

## ਭਾਗ 14

ਜਿਵੇਂ-ਜਿਵੇਂ ਉਹ ਦੋਵੇਂ ਆਪਣੀ ਮੰਜ਼ਿਲ ਵੱਲ ਵੱਧ ਰਹੇ ਸਨ ਉਵੇਂ ਹੀ ਕੰਵਲ ਉਰਫ਼ ਸੋਨੂੰ ਨੂੰ ਆਪਣੇ ਸ਼ਹਿਰ, ਦੇਸ਼ ਪੰਜਾਬ ਦੀ ਯਾਦ ਹੋਰ ਸਤਾਉਣ ਲੱਗ ਪਈ ਸੀ। ਕਦੇ ਉਸ ਨੂੰ ਆਪਣੇ ਉਨ੍ਹਾਂ ਸਾਥੀਆਂ ਦੀ ਯਾਦ ਆਉਂਦੀ ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ ਸਨ, ਕਦੇ ਮਾਂ ਦੀ ਯਾਦ ਆ ਉਸ ਨੂੰ ਹੋਰ ਵੀ ਉਦਾਸ ਕਰ ਜਾਂਦੀ। ਪਰ ਇਸ ਸਭ ਦੇ ਨਾਲ ਹੀ ਉਹ ਆਪਣੇ ਉਸ ਮਿਸ਼ਨ ਬਾਰੇ ਸੋਚਣ ਲੱਗ ਪੈਂਦਾ ਸੀ, ਜਿਸ ਲਈ ਉਸ ਨੇ ਤੇ ਉਸ ਦੇ ਸਾਥੀਆਂ ਨੇ ਖ਼ੂਨ ਵਹਾ ਕਿ ਲੜਾਈ ਲੜੀ ਸੀ। ਉਹ ਸੋਚਦਾ- ਉਸ ਮਿਸ਼ਨ ਦਾ ਭਵਿੱਖ ਕੀ ਹੋਵੇਗਾ ਜਾਂ ਕੀ ਸਭ ਕੁਝ ਖ਼ਤਮ ਹੀ ਮੰਨਿਆ ਜਾਵੇ ?

ਨਿਰਮਲ ਨੇ ਉਸ ਦੇ ਉਦਾਸ ਚਿਹਰੇ ਨੂੰ ਦੇਖ ਕੇ ਗੱਡੀ ਅੱਗੇ ਆਏ ਇਕ ਛੋਟੇ ਢਾਬੇ 'ਤੇ ਰੋਕ ਲਈ।

ਉਸ ਨੇ ਕਿਹਾ ਚਲ ਆ, ਚਾਹ ਦਾ ਇਕ ਕੱਪ ਪੀ ਲਈਏ,

ਫਿਰ ਚੱਲਦੇ ਹਾਂ ਅੱਗੇ।

ਸੋਨੂੰ ਵੀ ਉਸ ਦੇ ਪਿੱਛੇ-ਪਿੱਛੇ ਢਾਬੇ ਅੰਦਰ ਚਲਾ ਗਿਆ।

ਚਾਹ ਪੀ ਕੇ ਦੋਵੇਂ ਤਰੋਤਾਜ਼ਾ ਹੋਏ ਤੇ ਫਿਰ ਸਫ਼ਰ 'ਤੇ ਚੱਲ ਪਏ। ਨਿਰਮਲ ਨੇ ਗੱਲ ਛੇੜ, ਇਹ ਤਾਂ ਠੀਕ ਹੈ ਕਿ ਪੁਲਸ ਨੇ ਤੈਨੂੰ ਛੱਡ ਦਿੱਤਾ ਸੀ, ਪਰ ਤੂੰ ਫਿਰ ਕਿਉਂ ਇਸ ਪਾਸੇ ਤੁਰ ਪਿਆ ?

ਚਾਹ ਪੀ ਕੇ ਸੋਨੂੰ ਨੇ ਵੀ ਆਪਣੇ ਆਪ ਨੂੰ ਤਰੋ ਤਾਜ਼ਾ ਮਹਿਸੂਸ ਕੀਤਾ। ਗੱਡੀ ਰੋਡ 'ਤੇ ਚੜਾਉਂਦਿਆਂ ਹੀ ਨਿਰਮਲ ਨੇ ਸੋਨੂੰ ਨੂੰ ਪੁੱਛਿਆ, ਕੀ ਗੱਲ ? ਅੱਜ ਬਹੁਤ ਉਦਾਸ ਹੋਇਆ ਲੱਗ ਰਿਹਾ, ਨਾ ਹੀ ਦੋ ਦਿਨ ਤੋਂ ਤੂੰ, ਕਿਤਾਬ ਪੜ੍ਹੀ ਹੈ ? ਤੇਰੇ ਮਨ ਵਿੱਚ ਕੀ ਚੱਲ ਰਿਹਾ ਹੈ ? ਸੋਨੂੰ ਨੇ ਠੰਢਾ ਹੋਕਾ ਲਿਆ ਤੇ ਬੋਲ ਪਿਆ, ਬਾਈ, ਮੇਰਾ ਇਕ ਦੋਸਤ ਸੀ ਜੱਸਾ, ਜਿਸ ਨੂੰ, ਆਪਣੇ ਐਧਰ ਆਉਣ ਤੋਂ ਦੋ ਦਿਨ ਪਹਿਲਾਂ ਪੁਲਸ ਨੇ ਝੂਠੇ ਪੁਲਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ, ਉਹ ਮਾਂ-ਬਾਪ ਦਾ ਇਕੱਲਾ ਮੁੰਡਾ ਸੀ। ਬਾਪੂ ਉਸ ਦਾ ਪਹਿਲਾਂ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ, ਉਸ ਦੀ ਮਾਂ ਇਕੱਲੀ ਰਹਿ ਗਈ ਹੈ, ਜ਼ਮੀਨ ਵੀ ਨਹੀਂ ਉਨ੍ਹਾਂ ਕੋਲ ਕੋਈ ਜਿਸ ਨਾਲ ਹੀ ਉਸ ਦਾ ਗੁਜ਼ਾਰਾ ਚੱਲ ਜਾਏ, ਉਸ ਨੂੰ ਮੈਂ ਪੰਜਾਬ ਰਹਿੰਦਿਆਂ ਕੁਝ ਨਾ ਕੁਝ ਖਰਚਾ ਭੇਜ ਦਿੰਦਾ ਸੀ ਪਰ ਹੁਣ ਉਸ ਦਾ ਪਤਾ ਨਹੀਂ ਕੀ ਹਾਲ ਹੋਵੇਗਾ ?

ਨਿਰਮਲ, ਉਸ ਦੀ ਇਹ ਗੱਲ ਸੁਣ, ਪਹਿਲਾਂ ਤਾਂ ਹੈਰਾਨ ਹੋਇਆ, ਯਾਰ ਇਹ ਬੰਦੇ ਨੂੰ ਮਾਰਨ ਲੱਗਿਆਂ ਮਿੰਟ ਨਹੀਂ ਲਾਉਂਦੇ, ਜਿਵੇਂ ਮੈਂ ਸੁਣਿਆ ਹੈ, ਇਨ੍ਹਾਂ ਦੇ ਮਨ ਐਨੇ ਕੋਮਲ ਵੀ ਹੋ ਸਕਦੇ ਨੇ ਜੋ ਆਪਣੀ ਮਾਂ ਵਾਂਗ ਮਰ ਗਏ ਸਾਥੀ ਦੀ ਮਾਂ ਦਾ ਫ਼ਿਕਰ ਵੀ ਕਰ ਰਿਹਾ। ਇਸ ਸਾਰੀ ਸੋਚ ਨੇ ਨਿਰਮਲ ਨੂੰ ਫਿਰ ਮਜ਼ਬੂਰ ਕਰ ਦਿੱਤਾ ਕਿ ਇਸ ਨੂੰ ਪੁੱਛੇ ਕਿ ਤੂੰ ਖਾੜਕੂ ਕਿਵੇਂ ਬਣਿਆਂ ?

ਨਿਰਮਲ ਨੇ ਫਿਰ ਗੱਲ ਛੇੜ ਲਈ ਤੇ ਸੋਨੂੰ ਨੂੰ ਪੁੱਛਿਆ, ਇਹ ਤਾਂ ਠੀਕ ਹੈ, ਤੈਨੂੰ ਪੁਲਸ ਨੇ ਛੱਡ ਦਿੱਤਾ ਸੀ, ਫਿਰ ਤੂੰ ਖਾੜਕੂਆਂ ਨਾਲ ਕਿਉਂ ਜਾ ਰਲਿਆ ?

ਸੋਨੂੰ ਨੇ ਫਿਰ ਕਹਾਣੀ ਦੱਸਣੀ ਸ਼ੁਰੂ ਕੀਤੀ, ਮੈਂ ਤਾਂ ਟਿੱਕ ਕੇ ਘਰ ਬੈਠ ਗਿਆ ਸੀ, ਪਰ ਉਸ ਥਾਣੇਦਾਰ ਬਿੱਲੂ ਨੇ ਮੇਰਾ ਪਿੱਛਾ ਨਹੀਂ ਛੱਡਿਆ। ਦੱਸ-ਬਾਰਾਂ ਦਿਨਾਂ ਬਾਅਦ ਉਸ ਨੇ ਫਿਰ ਦੋ ਪੁਲਸੀਏ ਮੇਰੇ ਘਰ ਭੇਜੇ ਕਿ ਮੈਂ ਥਾਣੇ ਹਾਜ਼ਰ ਹੋਵਾਂ। ਉਹ ਬੜਾ ਅਵਾ-ਤਵਾ ਬੋਲ ਕੇ ਗਏ ਮੇਰੀ ਮਾਂ ਨੂੰ।

ਮੈਂ ਉਸ ਵੇਲੇ ਘਰ ਨਹੀਂ ਸੀ, ਬਾਜ਼ਾਰ ਗਿਆ ਹੋਇਆ ਸੀ। ਜਦ ਘਰ ਆਇਆ ਤਾਂ ਮਾਂ ਬੜੀ ਘਬਰਾਈ ਹੋਈ ਸੀ। ਉਸ ਨੇ ਕਿਹਾ ਕਿ ਫਿਰ ਤੈਨੂੰ ਥਾਣੇ ਬੁਲਾ ਰਹੇ ਹਨ।

ਮੈਂ ਸਾਫ਼ ਕਹਿ ਦਿੱਤਾ, ਹੁਣ ਹੋਰ ਨਜਾਇਜ਼ ਕੁੱਟ ਨਹੀਂ ਖਾਣੀ।

ਮਾਤਾ ਨੇ ਸਾਡੇ ਗੁਆਂਢ ਰਹਿੰਦੇ ਕੁਲਵਿੰਦਰ ਦੇ ਪਿਤਾ ਨਾਲ ਗੱਲ ਕੀਤੀ। ਉਨ੍ਹਾਂ ਨੇ ਸਲਾਹ ਦਿੱਤੀ, ਇਸ ਨੂੰ ਇਸ ਦੇ ਮਾਸੜ ਕੋਲ ਕਪੂਰਥਲੇ ਲੈ ਜਾਉ, ਉਹੀ ਕੋਈ ਹੱਲ ਕਰਵਾ ਸਕਦਾ ਹੈ।

ਅਸੀਂ ਅੰਕਲ ਦੀ ਗੱਲ ਮੰਨ ਕੇ ਬੱਸ ਫੜ ਕੇ ਕਪੂਰਥਲਾ ਪਹੁੰਚ ਗਏ।

ਨਿਰਮਲ ਨੇ ਪੁੱਛਿਆ, ਫਿਰ ਤੇਰੇ ਮਾਸੜ ਨੇ ਕੀਤਾ ਕੋਈ ਹੱਲ ?

ਸੋਨੂੰ ਨੇ ਕਿਹਾ, ਹੱਲ ਤਾਂ ਕੀ ਹੋਣਾ ਸੀ ਬਾਈ! ਪਹਿਲਾਂ ਉਹ ਇਕੱਲੇ ਹੀ ਅਗਲੇ ਦਿਨ ਥਾਣੇਦਾਰ ਨੂੰ ਮਿਲਣ ਗਿਆ। ਦੁਪਹਿਰ ਨੂੰ ਵਾਪਸ ਆ ਕੇ ਕਿਹਾ, ਉਹ ਨਹੀਂ ਮੰਨਦਾ।

ਫਿਰ ਪੁੱਛਿਆ, ਹੁਣ ਦੱਸ ਕਾਕਾ ਕੀ ਕਰਨਾ ਹੈ ?

ਮੈਂ ਆਪਣਾ ਰਟਿਆ ਜਵਾਬ ਦੇ ਦਿੱਤਾ, ਮਾਸੜ ਜੀ, ਹੁਣ ਮੇਰੇ ਤੋਂ ਹੋਰ ਕੁੱਟ ਨਹੀਂ ਖਾਈ ਜਾਣੀ।

ਮੇਰੀ ਮਾਂ ਫਿਰ ਰੋਂਦੀ ਹੋਈ ਬੋਲੀ, ਤੁਸੀਂ ਆਪ ਹੀ ਦੱਸੋ ਕੀ ਕਰੀਏ ? ਫਿਰ ਸਲਾਹ ਬਣੀ ਕਿ ਮਾਤਾ ਨੂੰ ਮਾਮਿਆਂ ਕੋਲ ਟਾਟਾ ਨਗਰ ਭੇਜ ਦਿੱਤਾ ਜਾਵੇ ਤੇ ਮੈਂ ਆਪਣਾ ਜੋ ਵੀ ਬਣੇ ਕਰ ਲਵਾਂ।

ਅਗਲੇ ਦਿਨ ਮਾਸੜ ਜੀ ਮਾਤਾ ਨੂੰ ਲੈ ਕੇ ਜਲੰਧਰ ਤੋਂ ਟਾਟਾ ਨਗਰ ਲਈ ਗੱਡੀ ਫੜ ਚਲੇ ਗਏ।

ਮੈਂ ਵਰਿੰਦਰ ਨੂੰ ਮਿਲਣ ਦੇ ਚੱਕਰ ਵਿੱਚ ਜਲੰਧਰ ਦੇ ਖ਼ਾਲਸਾ ਕਾਲਜ ਦੀ ਕੰਟੀਨ ਪਹੁੰਚ ਗਿਆ। ਉਸ ਨੇ ਪਹਿਲਾਂ ਹੀ ਦੱਸਿਆ ਹੋਇਆ ਸੀ ਕਿ ਜੇ ਲੋੜ ਪਏ ਤਾਂ ਉਥੇ ਮਿਲ ਲੈਣਾ। ਨਿਰਮਲ ਨੇ ਟੋਕ ਕੇ ਪੁੱਛਿਆ, ਫਿਰ ਉਹ ਉਥੇ ਮਿਲ ਗਿਆ ?

ਸੋਨੂੰ ਕਹਿਣ ਲੱਗਾ, ਹਾਂ ਜੀ, ਉਹ ਤਾਂ ਇਸ ਤਰ੍ਹਾਂ ਬੈਠਾ ਸੀ ਜਿਵੇਂ ਮੇਰੀ ਉਡੀਕ ਕਰ ਰਿਹਾ ਹੋਵੇ।

ਮੈਂ ਜਾ ਕੇ ਸਾਰੀ ਗੱਲ ਦੱਸੀ ਤਾਂ ਕਹਿੰਦਾ, ਤੂੰ ਵੀ ਕਿਧਰੇ ਬਾਹਰ ਚਲਾ ਜਾ।

ਪਰ ਮੈਂ ਕਹਿ ਦਿੱਤਾ, ਨਹੀਂ, ਮੈਂ ਤਾਂ ਇਸ ਕੰਜਰ ਥਾਣੇਦਾਰ ਦੀ ਐਸੀ-ਤੈਸੀ ਕਰਨੀ ਹੈ।

ਸ਼ਾਇਦ ਉਹ ਮੇਰੇ ਮੂੰਹੋਂ ਇਹੀ ਗੱਲ ਸੁਣਨਾ ਚਾਹੁੰਦਾ ਸੀ।

ਉਸ ਨੇ ਕੁਝ ਸੋਚ ਕੇ ਕਿਹਾ, ਚਲ ਆ, ਫਿਰ ਚੱਲੀਏ।

ਉਹ ਅੱਗੇ-ਅੱਗੇ ਤੇ ਮੈਂ ਮਗਰ-ਮਗਰ। ਕਾਲਜ ਤੋਂ ਬਾਹਰ ਨਿਕਲ ਕੇ ਬੱਸ ਅੱਡੇ ਵੱਲ ਫਾਟਕਾਂ ਕੋਲ ਆਏ। ਉਥੇ ਹੀ ਥਾਣਾ ਸਦਰ ਸੀ। ਮੈਨੂੰ ਡਰ ਸੀ ਕਿ ਕਿਤੇ ਕੋਈ ਪਛਾਣ ਨਾ ਲਵੇ, ਪਰ ਐਸਾ ਕੁਝ ਨਹੀਂ ਹੋਇਆ। ਫਾਟਕਾਂ ਨੂੰ ਪਾਰ ਕਰਦੇ ਹੀ ਅੱਗੇ ਹਰੇ ਰੰਗ ਦੀ ਮਰੂਤੀ ਕਾਰ ਖੜ੍ਹੀ ਸੀ। ਵਰਿੰਦਰ ਨੇ ਉਸ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ ਤੇ ਅਸੀਂ ਦੋਵੇਂ ਪਿਛਲੀ ਸੀਟ 'ਤੇ ਬੈਠ ਗਏ।

ਡਰਾਈਵਰ ਨੇ ਤੁਰੰਤ ਗੱਡੀ ਸਟਾਰਟ ਕਰ ਲਈ ਤੇ ਅੰਮ੍ਰਿਤਸਰ ਰੋਡ 'ਤੇ ਪਾ ਲਈ। ਸਫ਼ਰ ਦੌਰਾਨ ਕੋਈ ਗੱਲਬਾਤ ਨਹੀਂ ਹੋਈ।

ਗੱਡੀ ਜੰਡਿਆਲਾ ਗੁਰੂ ਟੱਪ ਕੇ ਰੋਡ ਦੇ ਖੱਬੇ ਖੜ੍ਹੀ ਹੋ ਗਈ। ਵਰਿੰਦਰ ਤੇ ਮੈਂ ਉਤਰ ਗਏ ਤੇ ਉਹ ਡਰਾਈਵਰ ਅੰਮ੍ਰਿਤਸਰ ਵੱਲ ਰਵਾਨਾ ਹੋ ਗਿਆ।

ਅਸੀਂ ਲਿੰਕ ਰੋਡ 'ਤੇ ਪੈਦਲ ਤੁਰ ਪਏ। ਥੋੜ੍ਹੀ ਦੂਰ ਜਾ ਕੇ ਵਰਿੰਦਰ ਇਕ ਕੱਚੇ ਪਹੇ ਵੱਲ ਮੁੜ ਗਿਆ। ਉਥੇ ਖੇਤਾਂ ਵਿੱਚ ਇਕ ਘਰ ਸੀ। ਅਸੀਂ ਅੰਦਰ ਦਾਖਲ ਹੋਏ ਤੇ ਇਕ ਬੈਠਕ ਵਿੱਚ ਬੈਠ ਗਏ।

ਥੋੜ੍ਹੀ ਦੇਰ ਬਾਅਦ ਇਕ ਔਰਤ ਸਿਰ ਢੱਕ ਕੇ ਪਾਣੀ ਤੇ ਦੁੱਧ ਦੇ ਗਲਾਸ ਲੈ ਕੇ ਆਈ। ਸਾਨੂੰ ਫਤਹਿ ਬੁਲਾਈ ਤੇ ਚਲੀ ਗਈ।

ਸ਼ਾਮ ਨੂੰ ਜਦੋਂ ਅਸੀਂ ਰੋਟੀ ਖਾ ਕੇ ਵਿਹਲੇ ਬੈਠੇ ਸੀ ਤਾਂ ਇਕ ਦਰਸ਼ਨੀ ਸਿੱਖ ਨੌਜਵਾਨ ਜਿਸ ਨੇ ਦੁਮਾਲਾ ਬੰਨ੍ਹਿਆ ਹੋਇਆ ਸੀ, ਕਾਲਾ ਕੁੜਤਾ-ਪਜਾਮਾ ਪਾਇਆ ਹੋਇਆ ਸੀ ਤੇ ਕੁੜਤੇ ਉਪਰ ਗਾਤਰੇ ਨਾਲ ਰਿਵਾਲਵਰ ਟੰਗਿਆ ਹੋਇਆ ਸੀ, ਅੰਦਰ ਆਇਆ।

ਉਸ ਨੇ ਪੁੱਛਿਆ, ਹਾਂ ਜੀ ਸਿੰਘ ਸਾਹਿਬ, ਕਿਵੇਂ ਹੋ ?

ਵਰਿੰਦਰ ਨੇ ਜਵਾਬ ਦਿੱਤਾ, ਚੜ੍ਹਦੀ ਕਲਾ ਵਿੱਚ ਸਿੰਘ ਸਾਹਿਬ ਜੀ।

ਫਿਰ ਉਸ ਨੇ ਮੇਰੇ ਵੱਲ ਦੇਖਿਆ ਤੇ ਕਿਹਾ, ਇਸਨੂੰ ਛੱਡਣਾ ਗੋਰਖ ਦੇ ਟਿੱਲੇ।

ਵਰਿੰਦਰ ਨੇ ਸਿਰ ਹਿਲਾ ਕੇ ਹਾਂ ਕੀਤੀ ਤੇ ਉਸ ਨੇ ਮੈਨੂੰ ਇਸ਼ਾਰਾ ਕੀਤਾ। ਮੈਂ ਵੀ ਉਸ ਦੇ ਪਿੱਛੇ-ਪਿੱਛੇ ਨਿਕਲ ਪਿਆ।

ਰਾਤ ਚਾਨਣੀ ਸੀ ਤੇ ਤਾਰੇ ਵੀ ਚਮਕ ਰਹੇ ਸਨ। ਕਾਫੀ ਦੇਰ ਖੇਤਾਂ ਵਿੱਚ ਵੱਟੋ-ਵੱਟ ਚੱਲਣ ਤੋਂ ਬਾਅਦ ਅਸੀਂ ਇਕ ਪੱਕੇ ਪਹੇ 'ਤੇ ਪਹੁੰਚੇ। ਉਥੇ ਪਹਿਲਾਂ ਹੀ ਇਕ ਜਿਪਸੀ ਖੜ੍ਹੀ ਸੀ, ਜਿਸ ਵਿੱਚ ਦੋ ਸਿੱਖ ਨੌਜਵਾਨ ਸਨ।

ਉਨ੍ਹਾਂ ਨੂੰ ਉਸ ਨੌਜਵਾਨ ਨੇ ਕਿਹਾ, ਲੈ ਜਾਉ ਭਾਉ ਏਹ ਨੂੰ।

ਉਨ੍ਹਾਂ ਨੇ ਮੈਨੂੰ ਜੀਪ ਵਿੱਚ ਬਿਠਾ ਕੇ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ।

ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ ਉਹ ਮੈਨੂੰ ਗੋਰਖ ਦੇ ਟਿੱਲੇ 'ਤੇ ਲੈ ਗਏ। ਉਥੇ ਹੀ ਮੇਰੀ ਇਕ ਮਹੀਨੇ ਦੀ ਟ੍ਰੇਨਿੰਗ ਸ਼ੁਰੂ ਹੋਈ।

ਸੋਨੂੰ ਆਪਣੀ ਗੱਲ ਸੁਣਾਉਣ ਵਿੱਚ ਐਨਾ ਮਗਨ ਸੀ ਕਿ ਪਤਾ ਹੀ ਨਹੀਂ ਚੱਲਿਆ ਸਫ਼ਰ ਕਿਵੇਂ ਲੰਘ ਗਿਆ।

ਨਿਰਮਲ ਹੱਸ ਕੇ ਕਹਿਣ ਲੱਗਾ, ਤੇਰੀ ਕਹਾਣੀ ਸੁਣਦੇ-ਸੁਣਦੇ ਤਾਂ ਅਸੀਂ ਰੋਟੀ ਖਾਣੀ ਹੀ ਭੁੱਲ ਗਏ ਸੀ। ਚੱਲ ਹੁਣ ਅੱਗੇ ਢਾਬਾ ਆਉਣ ਵਾਲਾ ਹੈ ਉਥੇ ਰੁਕਦੇ ਹਾਂ।

ਢਾਬੇ ਨੇੜੇ ਗੱਡੀ ਰੁਕੀ। ਰੋਟੀ-ਪਾਣੀ ਖਾ ਕੇ ਨਿਰਮਲ ਬਾਹਰ ਮੰਜੀ 'ਤੇ ਸੌਂ ਗਿਆ ਤੇ ਸੋਨੂੰ ਕੈਬਨ ਅੰਦਰ।

ਚਲਦਾ......

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 27'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

### 713. ਸਾਕਤ ਦੇ ਕੀ ਲੱਛਣ/ਕਰਮ ਹਨ?

ਦੁਰਾਚਾਰੀ ਸਾਕਤ ਮਨੁੱਖਾਂ ਦੇ ਮਨ ਵਿਚ ਹਉਮੈ ਦਾ ਰੋਗ ਹੁੰਦਾ ਹੈ ਤੇ ਮਾਇਆ ਦੇ ਭਰਮ ਵਿਚ ਭੁੱਲੇ ਰਹਿੰਦੇ ਹਨ (ਭਾਵ ਪਰਮਾਰਥ ਦੇ ਰਸਤੇ ਤੇ ਨਹੀਂ ਤੁਰਦੇ!)। ਲੇਕਿਨ, ਹੇ ਨਾਨਕ! ਸਾਕਤ ਮਨੁੱਖ ਭੀ ਸੱਜਣ ਸਾਧੂ ਸਤਿਗੁਰੂ ਨੂੰ ਮਿਲ ਕੇ ਹਉਮੈ ਦਾ ਇਹ ਰੋਗ ਦੂਰ ਕਰ ਲੈਂਦਾ ਹੈ। "ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥ ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥29॥ ਅੰਗ 1424"।

ਸਾਕਤ ਪੁਰਸ਼ 84 ਲੱਖ ਜੂਨੀਆਂ ਦੇ ਨਰਕ ਭੋਗਦਾ ਹੈ। "ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਅੰਗ 1028"। ਸਾਕਤ ਲੋਕ ਕੂੜ (ਮਾਇਆ ਦੇ ਮੋਹ) ਤੇ ਛਲ ਵਿਚ ਆਪਣੀ ਟੇਕ ਰੱਖਦੇ ਹਨ। ਉਹ ਦਿਨ ਰਾਤ ਅਨੇਕਾਂ ਕਿਸਮਾਂ ਦੀ ਨਿੰਦਾ ਕਰਦੇ ਹਨ। ਪ੍ਰਭੂ ਦੇ ਸਿਮਰਨ ਤੋਂ ਬਿਨਾਂ ਉਹ ਜਨਮ ਮਰਨ ਦੇ ਗੇੜ ਵਿਚ ਪੈ ਜਾਂਦੇ ਹਨ; ਗਰਭ-ਜੂਨ ਦੇ ਨਰਕ ਵਿਚ ਪੈਂਦੇ ਹਨ। "ਸਾਕਤ ਕੂੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥ ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥9॥ ਅੰਗ 1030"।

ਕਈ ਸਾਕਤ ਮਾਇਆ ਦੇ ਭਰਮ 'ਚ ਭੁੱਲੇ ਹੋਏ ਹਨ ਤੇ ਉਹ ਗੁਰੂ ਤੋਂ ਬਿਨਾ (ਅਗਿਆਨਤਾ) ਦੇ ਘੋਰ ਹਨੇਰੇ ਵਿਚ ਹਨ "ਇਕਿ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ ॥ ਅੰਗ 986"। ਦੁਰਾਚਾਰੀ ਸਾਕਤ ਮਨੁੱਖਾਂ ਦੇ ਮਨ ਵਿਚ ਹਉਮੈ ਦਾ ਰੋਗ ਹੁੰਦਾ ਹੈ ਤੇ ਮਾਇਆ ਦੇ ਭਰਮ ਵਿਚ ਭੁੱਲੇ ਰਹਿੰਦੇ ਹਨ (ਭਾਵ ਪਰਮਾਰਥ ਦੇ ਰਸਤੇ ਤੇ ਨਹੀਂ ਤੁਰਦੇ!)। ਲੇਕਿਨ, ਹੇ ਨਾਨਕ! ਸਾਕਤ ਮਨੁੱਖ ਭੀ ਸੱਜਣ ਸਾਧੂ ਸਤਿਗੁਰੂ ਨੂੰ ਮਿਲ ਕੇ ਹਉਮੈ ਦਾ ਇਹ ਰੋਗ ਦੂਰ ਕਰ ਲੈਂਦਾ ਹੈ। "ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥ ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥29॥ ਅੰਗ 1424"।

(ਪੰਜ ਵਿਕਾਰ) ਸਾਕਤ ਪੁਰਸ਼ ਨੂੰ ਲੁੱਟ ਲੈਂਦੇ ਹਨ ਤੇ ਉਹ ਆਪਣੀ ਇੱਜ਼ਤ ਗੁਆ ਲੈਂਦਾ ਹੈ। "ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਅੰਗ 865"।

(ਮਾਇਆ) ਸਾਕਤ ਦੇ ਸਰੀਰ ਦਾ ਆਸਰਾ/ਜਿੰਦ ਜਾਨ ਹੁੰਦੀ ਹੈ। ਪਰ ਮੈਨੂੰ ਤਾਂ ਇਹ ਭਿਆਨਕ ਡੈਣ ਦਿਸਦੀ ਹੈ। "ਸਾਕਤ ਕੀ ਓਹ ਪਿੰਡ ਪਰਾਇਣਿ ॥ ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥3॥ ਅੰਗ 871"।

(ਅਖੀਰਲੀ ਉਮਰ ਵਿਚ) ਪੈਰ (ਚਲਣੋਂ) ਰਹਿ ਜਾਂਦੇ ਹਨ, ਹੱਥ ਕੰਬਣ ਲੱਗਦੇ ਹਨ ਫਿਰ ਵੀ ਸਾਕਤ ਪੁਰਸ਼ ਸਰਬ ਵਿਆਪਕ ਪ੍ਰਭੂ ਦਾ ਨਾਮ ਹਿਰਦੇ 'ਚ ਨਹੀਂ ਧਾਰਦਾ। "ਚਰਣ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ ॥7॥ ਅੰਗ 1014"।

ਸਾਕਤ ਦੇ ਮਨ ਵਿਚ ਸੁਖ ਤੇ ਧਨ-ਦੌਲਤ ਨੂੰ ਆਉਂਦਿਆਂ ਦੇਖ ਕੇ ਅਹੰਕਾਰ ਪੈਦਾ ਹੁੰਦਾ ਹੈ। "ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ ॥ ਅੰਗ 906"।

ਸਾਕਤ ਪੁਰਸ਼ ਕੂੜ ਰਾਹੀਂ ਬਰਬਾਦ ਹੁੰਦੇ ਹਨ, ਉਹਨਾਂ ਦੇ ਮਨ ਵਿਚ ਹਉਮੈ ਹੁੰਦੀ ਹੈ ਤੇ ਉਹ ਮੇਰ-ਤੇਰ/ਦੁਬਿਧਾ ਦੇ ਰਸਤੇ ਤੇ ਪੈ ਕੇ ਬਰਬਾਦ ਹੁੰਦੇ ਹੈ। "ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥6॥ ਅੰਗ 1025"।

ਸਾਕਤ ਤੋਂ ਜਮਾਂ ਦੀ ਮੁਥਾਜੀ ਤੇ ਦੰਡ ਨਹੀਂ ਮੁੱਕਦਾ। "ਸਾਕਤ ਜਮ ਕੀ ਕਾਣਿ ਨ ਚੂਕੈ ॥ ਜਮ ਕਾ ਡੰਡੁ ਨ ਕਬਹੂ ਮੂਕੈ ॥ ਅੰਗ 1030" ॥ ਸਾਕਤ ਪੁਰਸ਼ ਇਕੱਲਾ (ਜਮਾਂ ਦੀ) ਫਾਹੀ ਵਿਚ ਪੈਂਦਾ ਹੈ; ਭਾਵ ਜਿਹਨਾਂ ਲਈ ਉਹ ਕੁਕਰਮ ਕਰਦਾ ਹੈ ਉਹ ਉਸਦੇ ਨਾਲ਼ ਨਹੀਂ ਜਾਂਦੇ। ਅਗਿਆਨੀ ਸਾਕਤ ਜਮਾਂ ਦੇ ਵੱਸ ਪੈਂਦਾ ਹੈ ਤੇ ਦੁਖੀ ਹੁੰਦਾ ਹੈ। "ਸਾਕਤੁ ਫਾਸੀ ਪੜੈ ਇਕੇਲਾ॥ ਜਮ ਵਸਿ ਕੀਆ ਅੰਧੁ ਦੁਹੇਲਾ ॥ ਅੰਗ 1031"।

ਸਾਕਤ ਮਨੁੱਖ ਅਵੇਸਲੇ ਹੋਏ ਪਰਮਾਤਮਾ ਨੂੰ ਯਾਦ ਨਹੀਂ ਕਰਦੇ, ਜਦੋਂ ਕੋਈ ਦੁੱਖ ਵਿਆਪਦਾ ਹੈ ਤਾਂ ਉਸ ਵੇਲੇ 'ਹਾਇ ਰਾਮ! ਹਾਇ ਰਾਮ!' ਪੁਕਾਰਦੇ ਹਨ। "ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥13॥ ਅੰਗ 1030"। ਅਤੇ "ਸਾਕਤ ਹਰਿ ਹਰਿ ਚੀਤਿ ਨ ਆਇਆ ॥1॥ ਅੰਗ 1136"।

ਸਾਕਤ ਨੂੰ ਪਰਮਾਤਮਾ ਦੇ ਮਹਿਲ ਵਿਚ ਜਗ੍ਹਾ ਨਹੀਂ ਮਿਲਦੀ, ਉਹ ਜੰਮਣ ਮਰਨ ਦਾ ਲੰਬਾ ਦੁੱਖ ਪਾਉਂਦਾ ਹੈ। "ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥7॥ ਅੰਗ 1043"।

ਜਿਸ ਤਰ੍ਹਾਂ ਦਾਣਿਆਂ ਤੋਂ ਬਿਨਾ ਕੋਈ ਖਲਵਾੜਾ ਗਾਹਿਆ ਜਾਏ (ਉਸ ਵਿਚੋਂ ਦਾਣਿਆਂ ਦਾ ਬੋਹਲ ਨਹੀਂ ਬਣੇਗਾ), ਉਸੇ ਤਰ੍ਹਾਂ ਹੀ ਸਾਕਤ ਮਨੁੱਖ ਪਾਸੋਂ ਕੋਈ ਆਦਮੀ ਲਾਭ ਪ੍ਰਾਪਤ ਨਹੀਂ ਕਰ ਸਕਦਾ। "ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ॥ ਤਿਉ ਸਾਕਤ ਤੇ ਕੋ ਨ ਬਰਾਸਾਇਆ ॥4॥ ਅੰਗ 1136"।

ਸਾਡੀ ਜਿੰਦ, ਸਰੀਰ ਤੇ ਧਨ ਸਭ ਕੁਛ ਪਰਮਾਤਮਾ ਦਾ ਦਿੱਤਾ ਹੋਇਆ ਹੈ, ਪਰ ਸਾਕਤ ਕਹਿੰਦੇ ਹਨ ਕਿ ਇਹ ਸਭ ਕੁਛ ਸਾਡਾ ਹੈ। "ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥ ਅੰਗ 1138"।

ਸਾਕਤ ਮਨੁੱਖ ਅਹੰਕਾਰੀ ਕਹੇ ਜਾਂਦੇ ਹਨ। ਨਾਮ ਤੋਂ ਬਿਨਾ ਓਹਨਾਂ ਦਾ ਜਿਉਣਾ ਫਿਟਕਾਰ-ਜੋਗ ਹੁੰਦਾ ਹੈ। "ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥7॥ ਅੰਗ 1325"।

ਸਾਕਤ ਪੁਰਸ਼ਾਂ, ਜਿਨ੍ਹਾਂ ਨੂੰ ਕਰਤਾਰ ਦਾ ਨਾਮ ਭੁੱਲਿਆ ਹੋਇਆ ਹੈ, ਦੀ (ਜੀਵਨ) ਰਾਤ ਬੀਤਣ ਵਿਚ ਨਹੀਂ ਆਉਂਦੀ; ਭਾਵ, ਉਹਨਾਂ ਦੀ ਜ਼ਿੰਦਗੀ-ਰੂਪ ਰਾਤ ਦੁੱਖਾਂ ਵਿਚ ਲੰਘਦੀ ਹੈ। "ਰਾਤਿ ਨ ਵਿਹਾਵੀ ਸਾਕਤਾਂ ਜਿਨ੍ਾ ਵਿਸਰੈ ਨਾਉ ॥ ਅੰਗ 1284"। ਸਾਕਤ ਪੁਰਸ਼ਾਂ ਵਾਸਤੇ ਦਿਨ ਰਾਤ (ਅਗਿਆਨਤਾ ਦਾ) ਘੁੱਪ ਹਨੇਰਾ ਹੁੰਦਾ ਹੈ, ਉਹ ਮਾਇਆ ਦੇ ਮੋਹ ਵਿਚ, ਮਾਇਆ ਦੇ ਜਾਲ ਵਿਚ ਫਸੇ ਰਹਿੰਦੇ ਹਨ। ਉਹਨਾਂ ਦੇ ਹਿਰਦੇ ਵਿਚ ਅੱਖ ਝਮਕਣ ਦੇ ਸਮੇਂ ਲਈ ਭੀ ਪ੍ਰਭੂ ਹਿਰਦੇ ਵਿਚ ਨਹੀਂ ਵਸਦਾ; ਉਹ ਕਈ ਤਰੀਕਿਆਂ ਨਾਲ਼ (ਵਿਕਾਰਾਂ ਦੇ) ਕਰਜ਼ੇ ਵਿਚ ਵਾਲ ਵਾਲ ਬੱਝੇ ਰਹਿੰਦੇ ਹਨ। "ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ ॥ ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ ॥2॥ ਅੰਗ 1335"।

(ਸਰੀਰ ਤੋਂ) ਬਾਹਰ ਪ੍ਰਭੂ ਨੂੰ ਖੋਜਦੇ ਸਾਰੇ ਸਾਕਤ ਲੋਕ ਮਰ ਗਏ, ਪਰ (ਗੁਰਮੁਖਾਂ ਨੇ) ਗੁਰੂ ਦੀ ਮਤਿ ਰਾਹੀਂ ਪ੍ਰਭੂ ਨੂੰ ਆਪਣੇ ਹਿਰਦੇ ਘਰ ਵਿਚ ਹੀ ਲੱਭ ਲਿਆ। "ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥3॥ ਅੰਗ 1191"।

ਸਰਬ ਵਿਆਪਕ ਪ੍ਰਭੂ ਦੇ ਨਾਮ ਦੀ (ਤੇ ਨਾਮ ਜਪਣ ਵਾਲ਼ਿਆਂ ਦੀ) ਇੱਜ਼ਤ ਬਹੁਤ ਵੱਡੀ ਹੁੰਦੀ ਹੈ, ਮੇਰੇ ਮਾਲਕ ਪ੍ਰਭੂ ਨੇ ਆਪ ਹੀ ਇਹ ਵਡਿਆਈ ਰੱਖੀ ਹੈ। ਜੇ ਸਾਰੇ ਸਾਕਤ ਨਿੰਦਿਆ ਚੁਗਲੀ ਕਰਨ ਤਾਂ ਵੀ ਪ੍ਰਭੂ ਇਹ ਇੱਜ਼ਤ ਰਤਾ ਭਰ ਭੀ ਘਟਣ ਨਹੀਂ ਦਿੰਦਾ। "ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ ॥ ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ ॥5॥ ਅੰਗ 1191"। ਪ੍ਰਭੂ ਦੇ ਸੇਵਕ ਦੀ ਰਾਮ ਨਾਮ ਜਪਣ ਕਰਕੇ ਦਸਾਂ ਦਿਸ਼ਾਵਾਂ 'ਚ ਸੋਭਾ ਹੁੰਦੀ ਹੈ। ਨਿੰਦਕ ਸਾਕਤ ਮਨੁੱਖ (ਸੇਵਕ ਦੀ ਸੋਭਾ ਨੂੰ) ਤਿਲ ਮਾਤਰ ਵੀ ਬਰਦਾਸ਼ਤ ਨਹੀਂ ਕਰ ਸਕਦਾ (ਉਹ ਸੇਵਕ ਦਾ ਤਾਂ ਕੁਝ ਨਹੀਂ ਵਿਗਾੜ ਸਕਦਾ) ਤੇ ਆਪਣੇ ਹਿਰਦੇ-ਘਰ ਵਿਚ (ਈਰਖਾ ਤੇ ਸਾੜੇ ਦੀ) ਅੱਗ ਲਾਈ ਰੱਖਦਾ ਹੈ। "ਜਨ ਕੀ ਉਸਤਤਿ ਹੈ ਰਾਮ ਨਾਮਾ ਦਹਦਿਸਿ ਸੋਭਾ ਪਾਈ ॥ ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ ਲਾਈ ॥6॥ ਅੰਗ 1191"।

**ਚਲਦਾ...**

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..................................................................
ADDRESS..............................................................
..........................................POST CODE...........................
TEL....................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

## ਸਵਿਟਜ਼ਰਲੈਂਡ: ਅਬਾਦੀ ਕਰੋੜ ਤੱਕ ਸੀਮਤ ਕਰਨ ਦੀ ਤਜਵੀਜ਼ ਦਾ ਵਿਰੋਧ

**ਸਵਿਟਜ਼ਰਲੈਂਡ ਚ ਅਬਾਦੀ ਸਾਲ 2050 ਤੱਕ ਇਕ ਕਰੋੜ ਤੱਕ ਸੀਮਤ ਕਰਨ ਦੀ ਤਜਵੀਜ਼ ਤੇ ਅੱਜ ਵੋਟਿੰਗ ਹੋਈ। ਸ਼ੁਰੂਆਤੀ ਨਤੀਜਿਆਂ ਚ ਕਰੀਬ 53 ਫ਼ੀਸਦੀ ਵੋਟਰਾਂ ਨੇ ਸੱਜੇ ਪੱਖੀ ਸਵਿਸ ਪੀਪਲਜ਼ ਪਾਰਟੀ ਦੇ ਪ੍ਰਸਤਾਵ ਨੂੰ ਨਕਾਰ ਦਿੱਤਾ। ਸੰਸਦ ਚ ਸਭ ਤੋਂ ਸੀਟਾਂ ਵਾਲੀ ਸਵਿਸ ਪੀਪਲਜ਼ ਪਾਰਟੀ ਦਾ ਕਹਿਣਾ ਹੈ ਕਿ ਵਧਦੀ ਅਬਾਦੀ ਕਾਰਨ ਦੇਸ਼ ਦੇ ਬੁਨਿਆਦੀ ਢਾਂਚੇ ਅਤੇ ਕੁਦਰਤੀ ਸਰੋਤਾਂ ਤੇ ਬੋਝ ਪੈ ਰਿਹਾ ਹੈ। ਪਾਰਟੀ ਪਰਵਾਸੀਆਂ ਖਾਸ ਕਰ ਕੇ ਯੂਰੋਪੀਅਨ ਯੂਨੀਅਨ ਦੇ ਵਰਕਰਾਂ ਦੀ ਆਮਦ ਦਾ ਵਿਰੋਧ ਕਰ ਰਹੀ ਹੈ। ਜੇ ਅਬਾਦੀ 95 ਲੱਖ ਤੱਕ ਪਹੁੰਚਦੀ ਹੈ ਤਾਂ ਸਰਕਾਰ ਨੂੰ ਸ਼ਰਨਾਰਥੀਆਂ ਅਤੇ ਵੀਜ਼ਾ ਨਿਯਮਾਂ ਚ ਸਖ਼ਤੀ ਕਰਨੀ ਪਵੇਗੀ, ਜਿਸ ਨਾਲ ਯੂਰੋਪੀ ਯੂਨੀਅਨ ਨਾਲ ਮੁਫ਼ਤ ਆਵਾਜਾਈ ਦਾ ਸਮਝੌਤਾ ਖ਼ਤਰੇ ਚ ਪੈ ਸਕਦਾ ਹੈ। ਦੂਜੇ ਪਾਸੇ, ਵਿਰੋਧੀਆਂ ਅਤੇ ਸਰਕਾਰ ਦਾ ਕਹਿਣਾ ਸੀ ਕਿ ਇਸ ਫ਼ੈਸਲੇ ਨਾਲ ਸਿਹਤ ਅਤੇ ਤਕਨਾਲੋਜੀ ਵਰਗੇ ਖੇਤਰਾਂ ਚ ਵਿਦੇਸ਼ੀ ਵਰਕਰਾਂ ਦੀ ਕਮੀ ਹੋ ਜਾਵੇਗੀ ਅਤੇ ਆਰਥਿਕਤਾ ਨੂੰ ਨੁਕਸਾਨ ਪਹੁੰਚੇਗਾ।**

# ਭਗਵੰਤ ਮਾਨ ਵੀ ਹੁਣ ਅਖੌਤੀ ਨਿਰੰਕਾਰੀ ਤੇ ਸੌਦਾ ਸਾਧ ਵਰਗੇ ਪੰਥ ਦੋਖੀਆਂ ਦੀ ਕਤਾਰ ਵਿੱਚ ਸ਼ੁਮਾਰ : ਪ੍ਰੋ. ਸਰਚਾਂਦ ਸਿੰਘ ਖਿਆਲਾ

## ਭਾਜਪਾ ਅਕਾਲ ਤਖ਼ਤ ਸਾਹਿਬ ਨੂੰ ਸਰਵਉੱਚ ਮੰਨਦੀ ਹੈ ਅਤੇ ਇਸ ਦੇ ਆਦੇਸ਼ਾਂ ’ਤੇ ਹਰ ਹਾਲਤ ਵਿੱਚ ਅਮਲ ਕਰੇਗੀ

ਅੰਮ੍ਰਿਤਸਰ– : ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਹਰ ਪੰਜਾਬਣ ਮਾਂ ਦੀ ਕੁੱਖੋਂ ਜੰਮੇ ਬੱਚੇ ਨੂੰ ਸਭ ਤੋਂ ਪਹਿਲੀ ਸਿੱਖਿਆ ਇਹ ਦਿੱਤੀ ਜਾਂਦੀ ਹੈ ਕਿ, "ਪੁੱਤਰ, ਕਿਤੇ ਵੀ ਗੁਰੂ ਘਰ ਦਾ ਦੋਖੀ ਨਾ ਬਣੀਂ।" ਪਰ ਅੱਜ ਬਹੁਤ ਹੀ ਦੁੱਖ ਅਤੇ ਪੀੜਾ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ, ਜੋ ਗੁਰਾਂ ਦੇ ਨਾਮ 'ਤੇ ਵੱਸਦਾ ਹੈ, ਉਸ ਦਾ ਮੁੱਖ ਮੰਤਰੀ ਗੁਰੂ ਘਰ ਦਾ ਦੋਖੀ ਅਤੇ ਗੁਰੂ ਪੰਥ ਦਾ ਵਿਰੋਧੀ ਬਣ ਗਿਆ ਹੈ।

ਅਫ਼ਸੋਸ ਹੈ ਕਿ ਅਜਿਹਾ ਦ੍ਰਿਸ਼ ਸਾਡੀਆਂ ਅੱਖਾਂ ਸਾਹਮਣੇ ਵੇਖਣਾ ਪਿਆ। ਉਨ੍ਹਾਂ ਕਿਹਾ ਕਿ ਭਾਜਪਾ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਸਰਵਉੱਚ ਮੰਨਦੀ ਹੈ ਅਤੇ ਹਰ ਹਾਲਤ ਵਿੱਚ ਉਨ੍ਹਾਂ 'ਤੇ ਅਮਲ ਕਰੇਗੀ। ਭਗਵੰਤ ਮਾਨ ਨੂੰ ਸਲਾਹ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਾਲੀ ਭਾਸ਼ਾ ਅਤੇ ਰਵੱਈਏ ਤੋਂ ਗੁਰੇਜ਼ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਦਸ ਗੁਰੂ ਸਾਹਿਬਾਨ ਦੀ ਤਸਵੀਰ ਦੇ ਨਿਰਾਦਰ ਨਾਲ ਸਬੰਧਤ ਵੀਡੀਓ ਦੀ ਫੋਰੈਂਸਿਕ ਜਾਂਚ ਦੌਰਾਨ ਸਹੀ ਪਾਏ ਜਾਣ ਦੇ ਦਾਅਵਿਆਂ ਨੇ ਹਰ ਪੰਜਾਬੀ, ਹਰ ਸਿੱਖ ਅਤੇ ਹਰ ਨਾਨਕ ਨਾਮ ਲੇਵਾ ਸੰਗਤ ਦੇ ਮਨ ਨੂੰ ਵਲੂੰਧਰ ਦਿੱਤਾ ਹੈ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਭਗਵੰਤ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦੇ ਕੇ ਉਸ ਨੂੰ ਪੰਥ ਵਿੱਚੋਂ ਖਾਰਜ ਕਰਦਿਆਂ ਮੂੰਹ ਨਾ ਲਾਉਣ ਦੇ ਜਾਰੀ ਕੀਤੇ ਗਏ ਆਦੇਸ਼ ਤੋਂ ਬਾਅਦ ਭਗਵੰਤ ਮਾਨ ਵੀ ਅੱਜ ਅਖੌਤੀ ਨਿਰੰਕਾਰੀ, ਸੌਦਾ ਸਾਧ ਰਾਮ ਰਹੀਮ ਅਤੇ ਪਿਆਰਾ ਸਿੰਘ ਭਨਿਆਰਾ ਵਰਗੇ ਪੰਥ ਦੋਖੀਆਂ ਦੀ ਕਤਾਰ ਵਿੱਚ ਸ਼ੁਮਾਰ ਹੋ ਗਿਆ ਹੈ। ਜਿਨ੍ਹਾਂ ਨੂੰ ਸਮੇਂ-ਸਮੇਂ 'ਤੇ ਪੰਥ ਵੱਲੋਂ ਸਿੱਖ ਧਰਮ ਅਤੇ ਮਰਿਆਦਾ ਵਿਰੁੱਧ ਕਾਰਵਾਈਆਂ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਪ੍ਰੋ. ਖਿਆਲਾ ਨੇ ਕਿਹਾ ਕਿ 10 ਅਪ੍ਰੈਲ 1978 ਨੂੰ ਅਖੌਤੀ ਨਿਰੰਕਾਰੀ ਦਿੱਲੀ ਅਤੇ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਨਾਲ ਹਰ ਤਰ੍ਹਾਂ ਦੇ ਮੇਲ-ਜੋਲ, ਸੰਸਾਰਕ ਸਬੰਧਾਂ ਅਤੇ ਰੋਟੀ-ਬੇਟੀ ਦੀ ਸਾਂਝ ਖ਼ਤਮ ਕਰਨ ਸਬੰਧੀ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਇਸੇ ਤਰ੍ਹਾਂ 17 ਅਗਸਤ 1998 ਨੂੰ ਪਿਆਰਾ ਸਿੰਘ ਭਨਿਆਰੇ ਨੂੰ ਪੰਥ ਵਿੱਚੋਂ ਛੇਕਦਿਆਂ ਸੰਗਤ ਨੂੰ ਉਸ ਨਾਲ ਵਰਤੋਂ-ਵਿਹਾਰ ਨਾ ਰੱਖਣ ਲਈ ਕਿਹਾ ਗਿਆ। 17 ਮਈ 2007 ਨੂੰ ਸੌਦਾ ਸਾਧ ਰਾਮ ਰਹੀਮ ਨੂੰ ਦਸਮ ਪਿਤਾ ਦਾ ਸਵਾਂਗ ਰਚਣ ਲਈ ਦੰਭੀ, ਪਖੰਡੀ ਅਤੇ ਪੰਥ ਦੋਖੀ ਕਰਾਰ ਦਿੰਦਿਆਂ ਉਸ ਅਤੇ ਉਸ ਦੇ ਡੇਰੇ ਨਾਲ ਹਰ ਤਰ੍ਹਾਂ ਦੇ ਸੰਬੰਧ ਤੋੜਨ ਦਾ ਆਦੇਸ਼ ਜਾਰੀ ਕੀਤਾ ਗਿਆ ਸੀ।



ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਭਗਵੰਤ ਮਾਨ ਇਸ ਸਥਿਤੀ ਤੋਂ ਬਚ ਸਕਦੇ ਸਨ ਜੇਕਰ ਉਹ 15 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਦੌਰਾਨ ਆਪਣੀ ਗਲਤੀ ਮੰਨਦਿਆਂ ਖਿਮਾ-ਯਾਚਨਾ ਕਰ ਲੈਂਦੇ। ਉਨ੍ਹਾਂ ਅੱਗੇ ਕਿਹਾ ਕਿ ਸੰਬੰਧਿਤ ਵੀਡੀਓ ਨੂੰ ਸਿਰੇ ਤੋਂ ਨਕਾਰਨਾ ਉਦੋਂ ਤੱਕ ਕਾਫ਼ੀ ਨਹੀਂ ਮੰਨਿਆ ਜਾ ਸਕਦਾ, ਜਦੋਂ ਤੱਕ ਮੁੱਖ ਮੰਤਰੀ ਆਪਣੀ ਬੇਗੁਨਾਹੀ ਸਬੰਧੀ ਠੋਸ ਅਤੇ ਪ੍ਰਮਾਣਿਕ ਸਬੂਤ ਸਾਹਮਣੇ ਨਹੀਂ ਲਿਆਉਂਦੇ। ਜੇਕਰ ਵੀਡੀਓ ਫ਼ਰਜ਼ੀ ਸੀ ਤਾਂ ਸਰਕਾਰ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਨਿਰਪੱਖ ਫੋਰੈਂਸਿਕ ਜਾਂਚ ਕਰਵਾ ਕੇ ਸੱਚਾਈ ਸਾਹਮਣੇ ਲਿਆਉਣੀ ਚਾਹੀਦੀ ਸੀ। ਪੰਜ ਮਹੀਨੇ ਬੀਤ ਜਾਣ ਦੇ ਬਾਵਜੂਦ ਅਜਿਹਾ ਨਾ ਹੋਣਾ ਸਰਕਾਰ ਅਤੇ ਉਸ ਦੇ ਸਲਾਹਕਾਰਾਂ ਦੀ ਗੰਭੀਰ ਕੁਤਾਹੀ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਪਾਸੇ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਦੱਸਣਾ ਅਤੇ ਦੂਜੇ ਪਾਸੇ ਜਥੇਦਾਰ ਸਾਹਿਬ 'ਤੇ ਰਾਜਨੀਤਿਕ ਦਬਾਅ ਹੇਠ ਕੰਮ ਕਰਨ ਦੇ ਦੋਸ਼ ਲਗਾਉਣਾ ਆਪਸੀ ਵਿਰੋਧਾਭਾਸ ਹੈ। ਜੇਕਰ ਅਜਿਹੇ ਇਲਜ਼ਾਮ ਹਨ ਤਾਂ ਉਹ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਹੀ ਲਗਾਏ ਜਾਣੇ ਚਾਹੀਦੇ ਹਨ, ਨਹੀਂ ਤਾਂ ਇਹ ਪੰਥਕ ਸੰਸਥਾਵਾਂ ਪ੍ਰਤੀ ਅਵਿਸ਼ਵਾਸ ਪੈਦਾ ਕਰਨ ਦਾ ਯਤਨ ਮੰਨਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾਂ ਲਈ ਲਏ ਗਏ ਫ਼ੈਸਲਿਆਂ ਕਾਰਨ ਨਿਸ਼ਾਨਾ ਬਣਾਏ ਜਾਣ ਦਾ ਮੁੱਖ ਮੰਤਰੀ ਦਾ ਦਾਅਵਾ ਹਕੀਕਤ ਤੋਂ ਪਰੇ ਹੈ, ਕਿਉਂਕਿ ਪੰਜਾਬ ਅੱਜ ਬੇਰੁਜ਼ਗਾਰੀ, ਨਸ਼ਾਖੋਰੀ, ਗੈਂਗਸਟਰਵਾਦ ਅਤੇ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ ਵਰਗੀਆਂ ਗੰਭੀਰ ਚੁਣੌਤੀਆਂ ਨਾਲ ਜੂਝ ਰਿਹਾ ਹੈ। ਅਜਿਹੇ ਸਮੇਂ ਵਿੱਚ ਸੂਬੇ ਦੀ ਅਗਵਾਈ ਕਰਨ ਵਾਲੇ ਵਿਅਕਤੀ ਤੋਂ ਵਧੇਰੇ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਦੀ ਉਮੀਦ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਰਕਾਰ ਨੇ ਲੋਕ-ਹਿੱਤ ਵਿੱਚ ਚੰਗੇ ਕੰਮ ਵੀ ਕੀਤੇ ਹੋਣ, ਤਾਂ ਵੀ ਸਿੱਖ ਹਿਰਦਿਆਂ ਨੂੰ ਜਾਣ-ਬੁੱਝ ਕੇ ਠੇਸ ਪਹੁੰਚਾਉਣ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।ਪ੍ਰੋ. ਖਿਆਲਾ ਨੇ ਕਿਹਾ ਕਿ ਭਗਵੰਤ ਮਾਨ 'ਤੇ ਪਹਿਲਾਂ ਵੀ ਧਾਰਮਿਕ ਸਮਾਗਮਾਂ, ਅੰਤਿਮ ਸੰਸਕਾਰਾਂ, ਸੰਸਦ ਅਤੇ ਪੰਜਾਬ ਵਿਧਾਨ ਸਭਾ ਵਿੱਚ ਸ਼ਰਾਬ ਦੇ ਨਸ਼ੇ ਦੀ ਹਾਲਤ ਵਿੱਚ ਪਹੁੰਚਣ ਸਬੰਧੀ ਦੋਸ਼ ਲੱਗਦੇ ਰਹੇ ਹਨ। ਇਥੋਂ ਤਕ ਕਿ ਸਤੰਬਰ 2022 ਵਿੱਚ ਜਰਮਨੀ ਤੋਂ ਦਿੱਲੀ ਵਾਪਸੀ ਦੌਰਾਨ ਫਰੈਂਕਫਰਟ ਹਵਾਈ ਅੱਡੇ 'ਤੇ ਨਸ਼ੇ ਨਾਲ ਧੁੱਤ ਹੋਣ ਤੇ ਲੁਫ਼ਥਾਂਸਾ ਏਅਰਲਾਈਨ ਨਾਲ ਜੁੜੇ ਵਿਵਾਦ ਨੇ ਵੀ ਪੰਜਾਬੀਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਵਾਇਆ ਸੀ।

ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਰਹਿੰਦਿਆਂ ਵੀ ਮਾਨ 'ਤੇ ਸ਼ਰਾਬ ਪੀ ਕੇ ਸੰਸਦ ਵਿੱਚ ਆਉਣ ਦੇ ਇਲਜ਼ਾਮ ਲੱਗੇ ਅਤੇ ਸਾਥੀ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਮਾਨ ਤੋਂ ਆਉਣ ਵਾਲੀ ਸ਼ਰਾਬ ਦੀ ਬਦਬੂ ਕਾਰਨ ਆਪਣੀ ਸੀਟ ਬਦਲਣ ਦੀ ਗੁਹਾਰ ਵੀ ਲਗਾਈ ਸੀ। 2015 ਵਿੱਚ ਬਰਗਾੜੀ ਗੋਲੀਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੇ ਭੋਗ ਸਮਾਗਮ ਦੌਰਾਨ ਸ਼ਰਾਬ ਪੀਤੀ ਹੋਣ ਕਾਰਨ ਉਨ੍ਹਾਂ ਨੂੰ ਸਟੇਜ ਤੋਂ ਉਤਾਰ ਦਿੱਤਾ ਗਿਆ ਸੀ। ਉਸ ਵੇਲੇ ਸ਼ਰਾਬੀ ਹਾਲਤ ਵਿੱਚ ਗੱਡੀ ਤੱਕ ਜਾਣ ਦੀ ਉਨ੍ਹਾਂ ਦੀ ਵੀਡੀਓ ਵੀ ਖੂਬ ਵਾਇਰਲ ਹੋਈ ਸੀ। ਇਸੇ ਤਰ੍ਹਾਂ 2016 ਵਿੱਚ ਆਸਟ੍ਰੇਲੀਆ ਵਿੱਚ ਮਾਰੇ ਗਏ ਮਨਮੀਤ ਅਲੀਸ਼ੇਰ ਦੇ ਅੰਤਿਮ ਸੰਸਕਾਰ ਸਮੇਂ ਵੀ ਮਾਨ ਵੱਲੋਂ ਸ਼ਰਾਬ ਪੀਤੀ ਹੋਣ ਕਾਰਨ ਪਰਿਵਾਰ ਨੇ ਉਸਨੂੰ ਮੌਕੇ ਤੋਂ ਚਲੇ ਜਾਣ ਲਈ ਕਿਹਾ ਸੀ। ਪਿਛਲੇ ਮਹੀਨੇ 1 ਮਈ ਨੂੰ ਮਜ਼ਦੂਰ ਦਿਵਸ ਮੌਕੇ ਪੰਜਾਬ ਵਿਧਾਨ ਸਭਾ ਵਿੱਚ ਉਨ੍ਹਾਂ ਦੇ ਕਥਿਤ ਨਸ਼ੇ ਦੀ ਹਾਲਤ ਵਿੱਚ ਹੋਣ ਦੇ ਦੋਸ਼ਾਂ ਨੇ ਵੀ ਚਰਚਾ ਛੇੜੀ ਤੇ ਖੂਬ ਸੁਰਖੀਆਂ ਬਣੀਆਂ ਸਨ।

ਪ੍ਰੋ. ਖਿਆਲਾ ਨੇ ਕਿਹਾ ਕਿ ਕਿਸੇ ਵੀ ਰਾਜਨੀਤਿਕ ਸਹਿਮਤੀ-ਅਸਹਿਮਤੀ ਜਾਂ ਨਿੱਜੀ ਸਫ਼ਾਈ ਦੇ ਨਾਮ 'ਤੇ ਸਿੱਖਾਂ ਦੀਆਂ ਸਰਬਉੱਚ ਪੰਥਕ ਸੰਸਥਾਵਾਂ ਦੀ ਨਿਰਪੱਖਤਾ 'ਤੇ ਬਿਨਾਂ ਠੋਸ ਸਬੂਤਾਂ ਦੇ ਸਵਾਲ ਖੜ੍ਹੇ ਕਰਨਾ ਨਾ ਤਾਂ ਰਾਜਨੀਤਿਕ ਸਿਆਣਪ ਹੈ ਅਤੇ ਨਾ ਹੀ ਪੰਜਾਬ ਦੀ ਸਮਾਜਿਕ ਏਕਤਾ, ਆਪਸੀ ਭਰੋਸੇ ਅਤੇ ਪੰਥਕ ਸਦਭਾਵਨਾ ਦੇ ਹਿੱਤ ਵਿੱਚ ਹੈ।

# ਬਰਤਾਨੀਆ ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਹੋਵੇਗਾ ਬੈਨ


ਲੈਸਟਰ- (ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਸਰਕਾਰ ਨੇ ਐਲਾਨ ਕੀਤਾ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਅਗਲੇ ਸਾਲ ਬਸੰਤ ਰੁੱਤ ਤੋਂ ਸੋਸ਼ਲ ਮੀਡੀਆ ਵਰਤਣ ਦੀ ਆਗਿਆ ਨਹੀਂ ਹੋਵੇਗੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਇਸ ਕਦਮ ਦਾ ਮੰਤਵ ਬੱਚਿਆਂ ਨੂੰ ਇੰਟਰਨੈੱਟ ਉੱਤੇ ਫੈਲ ਰਹੀ ਹਾਨੀਕਾਰਕ ਸਮੱਗਰੀ ਅਤੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ ਹੈ।ਨਵੇਂ ਨਿਯਮਾਂ ਤਹਿਤ ਟਿਕਟਾਕ, ਇੰਸਟਾਗ੍ਰਾਮ, ਫੇਸਬੁੱਕ, ਸਨੈਪਚੈਟ, ਯੂਟਿਊਬ ਅਤੇ ਐਕਸ ਵਰਗੇ ਮੰਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬੰਦ ਕਰ ਦਿੱਤੇ ਜਾਣਗੇ। ਹਾਲਾਂਕਿ ਵਟਸਐਪ ਅਤੇ ਸਿਗਨਲ ਵਰਗੀਆਂ ਸੁਨੇਹਾ ਸੇਵਾਵਾਂ ਇਸ ਪਾਬੰਦੀ ਤੋਂ ਬਾਹਰ ਰਹਿਣਗੀਆਂ।ਤਕਨਾਲੋਜੀ ਸਕੱਤਰ ਲਿਜ਼ ਕੇਂਡਲ ਨੇ ਸੰਸਦ ਵਿੱਚ ਕਿਹਾ ਕਿ ਇਸ ਫ਼ੈਸਲੇ ਨਾਲ ਬੱਚਿਆਂ ਨੂੰ ਬਿਨਾਂ ਦਬਾਅ ਅਤੇ ਭਟਕਾਵੇ ਦੇ ਆਪਣਾ ਬਚਪਨ ਜੀਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਪਾਲਣਾ ਕਰਵਾਉਣ ਦੀ ਜ਼ਿੰਮੇਵਾਰੀ ਮਾਪਿਆਂ ਜਾਂ ਬੱਚਿਆਂ ਦੀ ਨਹੀਂ, ਸਗੋਂ ਸੋਸ਼ਲ ਮੀਡੀਆ ਕੰਪਨੀਆਂ ਦੀ ਹੋਵੇਗੀ।ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਅਸ਼ਲੀਲ ਜਾਂ ਜਿਨਸੀ ਗੱਲਬਾਤ ਕਰਨ ਵਾਲੇ ਬਣਾਵਟੀ ਬੁੱਧੀ (ਏ.ਆਈ.) ਆਧਾਰਿਤ ਚੈਟਬਾਟਾਂ 'ਤੇ ਵੀਰੋਕ ਲਗਾਈ ਜਾਵੇਗੀ।ਦੂਜੇ ਪਾਸੇ ਕੁਝ ਮਾਹਿਰਾਂ ਅਤੇ ਵਿਦਿਆਰਥੀਆਂ ਨੇ ਇਸ ਫ਼ੈਸਲੇ ਉੱਤੇ ਸਵਾਲ ਚੁੱਕੇ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਸਿਰਫ਼ ਪਾਬੰਦੀ ਲਗਾਉਣ ਦੀ ਬਜਾਏ ਸੋਸ਼ਲ ਮੀਡੀਆ ਨੂੰ ਵਧੇਰੇ ਸੁਰੱਖਿਅਤ ਬਣਾਉਣ ਦੀ ਲੋੜ ਹੈ। ਕੁਝ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਕਈ ਬੱਚੇ ਤਕਨੀਕੀ ਢੰਗਾਂ ਰਾਹੀਂ ਇਸ ਪਾਬੰਦੀ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ.

# 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪਾਬੰਦੀ ਦਾ ਆਈ. ਡਬਲਯੂ. ਏ. ਵੱਲੋਂ ਭਰਵਾਂ ਸਵਾਗਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਬ੍ਰਿਟਿਸ਼ ਸਰਕਾਰ ਵੱਲੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੇ ਫ਼ੈਸਲੇ ਦਾ ਭਰਵਾਂ ਸਵਾਗਤ ਕਰਦਿਆਂ ਇਸ ਨੂੰ ਬੱਚਿਆਂ ਦੀ ਮਾਨਸਿਕ ਸਿਹਤ, ਸੁਰੱਖਿਆ ਅਤੇ ਭਲਾਈ ਲਈ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਕਦਮ ਕਰਾਰ ਦਿੱਤਾ ਹੈ। ਸੰਸਥਾ ਨੇ ਕਿਹਾ ਕਿ ਉਹ ਆਸਟ੍ਰੇਲੀਆ ਵੱਲੋਂ ਇਸੇ ਤਰ੍ਹਾਂ ਦੀ ਨੀਤੀ ਲਾਗੂ ਕਰਨ ਤੋਂ ਬਾਅਦ ਲਗਾਤਾਰ ਬੱਚਿਆਂ ਦੀ ਆਨਲਾਈਨ ਸੁਰੱਖਿਆ ਲਈ ਆਵਾਜ਼ ਉਠਾਉਂਦੀ ਆ ਰਹੀ ਹੈ। ਐਸੋਸੀਏਸ਼ਨ ਵੱਲੋਂ ਸਮੇਂ-ਸਮੇਂ 'ਤੇ ਸੋਸ਼ਲ ਮੀਡੀਆ ਦੀ ਅਤਿਅਧਿਕ ਵਰਤੋਂ, ਸਾਈਬਰ ਬੁਲਿੰਗ, ਆਨਲਾਈਨ ਸ਼ੋਸ਼ਣ, ਨੁਕਸਾਨਦੇਹ ਸਮੱਗਰੀ ਅਤੇ ਨੌਜਵਾਨਾਂ ਵਿੱਚ ਵਧ ਰਹੀਆਂ ਮਾਨਸਿਕ ਸਿਹਤ ਸਮੱਸਿਆਵਾਂ ਪ੍ਰਤੀ ਚਿੰਤਾ ਪ੍ਰਗਟ ਕੀਤੀ ਜਾਂਦੀ ਰਹੀ ਹੈ। ਸੰਸਥਾ ਅਨੁਸਾਰ ਮੌਜੂਦਾ ਅੰਕੜੇ ਦਰਸਾਉਂਦੇ ਹਨ ਕਿ ਬ੍ਰਿਟੇਨ ਵਿੱਚ 13 ਤੋਂ 15 ਸਾਲ ਦੀ ਉਮਰ ਦੇ 90 ਫ਼ੀਸਦੀ ਤੋਂ ਵੱਧ ਬੱਚੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ, ਜਦਕਿ 10 ਤੋਂ 12 ਸਾਲ ਦੀ ਉਮਰ ਦੇ 80 ਫ਼ੀਸਦੀ ਤੋਂ ਵੱਧ ਬੱਚੇ ਵੀ ਵੱਖ-ਵੱਖ ਆਨਲਾਈਨ ਪਲੇਟਫਾਰਮਾਂ ਨਾਲ ਜੁੜੇ ਹੋਏ ਹਨ। ਖੋਜਾਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਜੋ ਬੱਚੇ ਹਰ ਰੋਜ਼ ਤਿੰਨ ਘੰਟਿਆਂ ਤੋਂ ਵੱਧ ਸਮਾਂ ਸੋਸ਼ਲ ਮੀਡੀਆ 'ਤੇ ਬਿਤਾਉਂਦੇ ਹਨ, ਉਨ੍ਹਾਂ ਵਿੱਚ ਮਾਨਸਿਕ ਸਿਹਤ ਨਾਲ ਸਬੰਧਤ ਸਮੱਸਿਆਵਾਂ ਦੀ ਸੰਭਾਵਨਾ ਕਾਫ਼ੀ ਵੱਧ ਜਾਂਦੀ ਹੈ।ਐਸੋਸੀਏਸ਼ਨ ਨੇ ਕਿਹਾ ਕਿ ਆਨਲਾਈਨ ਬੁਲਿੰਗ ਅਤੇ ਨੁਕਸਾਨਦੇਹ ਸਮੱਗਰੀ ਕਾਰਨ ਨੌਜਵਾਨਾਂ ਵਿੱਚ ਚਿੰਤਾ, ਡਿਪ੍ਰੈਸ਼ਨ, ਘੱਟ ਆਤਮ-ਵਿਸ਼ਵਾਸ ਅਤੇ ਨੀਂਦ ਨਾਲ ਜੁੜੀਆਂ ਸਮੱਸਿਆਵਾਂ ਵਿੱਚ ਵਾਧਾ ਹੋਇਆ ਹੈ। ਸੰਸਥਾ ਨੇ 14 ਸਾਲਾ ਮੌਲੀ ਰਸਲ ਦੀ ਮੌਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਘਟਨਾ ਨੇ ਆਨਲਾਈਨ ਦੁਨੀਆ ਦੇ ਖ਼ਤਰਿਆਂ ਨੂੰ ਬੇਨਕਾਬ ਕੀਤਾ ਸੀ ਅਤੇ ਬੱਚਿਆਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨਾਂ ਦੀ ਲੋੜ ਨੂੰ ਹੋਰ ਮਜ਼ਬੂਤ ਕੀਤਾ ਸੀ।ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਦੇ ਜਨਰਲ ਸਕੱਤਰ, ਇਮੀਗ੍ਰੇਸ਼ਨ ਮਾਹਿਰ ਅਤੇ ਕਮਿਊਨਿਟੀ ਮੁਹਿੰਮਕਾਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਬੱਚੇ ਸਮਾਜ ਦਾ ਭਵਿੱਖ ਹਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਤੇ ਸਿਹਤਮੰਦ ਮਾਹੌਲ ਪ੍ਰਦਾਨ ਕਰਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦੇ ਕੁਝ ਫ਼ਾਇਦੇ ਹੋ ਸਕਦੇ ਹਨ, ਪਰ ਬੱਚਿਆਂ ਦੀ ਸੁਰੱਖਿਆ ਅਤੇ ਮਾਨਸਿਕ ਸਿਹਤ ਨੂੰ ਕਿਸੇ ਵੀ ਵਪਾਰਕ ਹਿੱਤ ਤੋਂ ਉੱਪਰ ਰੱਖਣਾ ਜ਼ਰੂਰੀ ਹੈ।ਸੰਸਥਾ ਨੇ ਕਿਹਾ ਕਿ ਇਹ ਪਾਬੰਦੀ ਭਾਵੇਂ 2027 ਦੇ ਸ਼ੁਰੂ ਵਿੱਚ ਲਾਗੂ ਹੋਣ ਦੀ ਉਮੀਦ ਹੈ, ਪਰ ਇਸ ਦੀ ਤਿਆਰੀ ਇਸੇ ਸਾਲ ਤੋਂ ਸ਼ੁਰੂ ਕੀਤੀ ਜਾਵੇਗੀ। ਸੋਸ਼ਲ ਮੀਡੀਆ ਕੰਪਨੀਆਂ ਨੂੰ ਉਮਰ ਦੀ ਪੁਸ਼ਟੀ ਲਈ ਸਖ਼ਤ ਪ੍ਰਣਾਲੀਆਂ ਲਾਗੂ ਕਰਨੀਆਂ ਪੈਣਗੀਆਂ ਅਤੇ ਨਾਬਾਲਗਾਂ ਦੀ ਪਹੁੰਚ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਾਅ ਕਰਨੇ ਹੋਣਗੇ।

# ਪੰਥ ਤੇ ਪੰਜਾਬ ਨੂੰ ਮੌਜੂਦਾ ਸੰਕਟ ਵਿੱਚੋਂ ਬਾਹਰ ਕੱਢਣ ਲਈ ਗੁਰੂ ਗ੍ਰੰਥ, ਗੁਰੂ ਪੰਥ ਦੀ ਵਿਚਾਰਧਾਰਾ ਨੂੰ ਪ੍ਰਚੰਡ ਕਰਨ ਦੀ ਲੋੜ ਹੈ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



11 ਜੂਨ ਤੋਂ 18 ਜੂਨ 2026 ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ 3134 ਦੇ ਸਫ਼ਾ ਤਿੰਨ ਉੱਤੇ: ਘੱਲੂਘਾਰਾ ਚੌਰਾਸੀ ਦੀ ਬਰਸੀ ਬਾਰੇ ਜਥੇਦਾਰ ਦੇ ਸੰਦੇਸ਼ ਦੇ ਮਾਇਨੇ ਅਤੇ ਵੱਡੇ ਸਵਾਲ ਦੇ ਸਿਰਲੇਖ ਹੇਠ ਖ਼ਬਰ ਛਪੀ ਹੈ, ਜਿਸ ਦਾ ਸਾਰਅੰਸ਼ ਇਹ ਹੈ ਕਿ: ਜੂਨ 1984 ਦਾ ਘੱਲੂਘਾਰਾ ਸਿੱਖ ਮਾਨਸਿਕਤਾ 'ਤੇ ਇਕ ਅਜਿਹਾ ਡੂੰਘਾ ਜ਼ਖ਼ਮ ਹੈ, ਜਿਸ ਦੀ ਪੀੜ ਹਰ ਸਾਲ ਜੂਨ ਦਾ ਮਹੀਨਾ ਆਉਂਦਿਆਂ ਸਾਰ ਹੀ ਨਸੂਰ ਬਣਕੇ ਵਹਿਣ ਲੱਗਦੀ ਹੈ। ਇਸ ਇਤਿਹਾਸਕ ਤੇ ਰੂਹਾਨੀ ਸੰਕਟ ਦੇ ਦਿਹਾੜੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰ-ਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਕੌਮ ਦੇ ਨਾਂ ਦਿੱਤਾ ਸੰਦੇਸ਼ ਮਹਿਜ਼ ਰਸਮੀ ਬਿਆਨਬਾਜ਼ੀ ਨਹੀਂ, ਸਗੋਂ ਭਟਕ ਰਹੀ ਕੌਮੀ ਬੇੜੀ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਇਕ ਚਾਨਣ-ਮੁਨਾਰਾ ਪ੍ਰਤੀਤ ਹੁੰਦਾ ਹੈ ਜਿਸ ਬਾਰੇ ਗੰਭੀਰ ਚਿੰਤਨ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਗ੍ਰੰਥ, ਗੁਰੂ ਪੰਥ ਦੇ ਜੋਤਿ ਅਤੇ ਜੁਗਤਿ ਦਾ ਸਿੱਖੀ ਵਿਧਾਨ ਲਾਗੂ ਕੀਤੇ ਤੋਂ ਬਿਨਾਂ ਸਿੱਖ ਕੌਮ ਆਪਣੀ ਅੱਡਰੀ, ਨਿਆਰੀ ਤੇ ਸੁਤੰਤਰ ਹੋਂਦ ਹਸਤੀ ਕਾਇਮ ਨਹੀਂ ਰੱਖ ਸਕੇਗੀ, ਕਿਉਂਕਿ ਜੁਗਤਿ ਤੋਂ ਬਿਨਾਂ ਜੋਤਿ ਦਾ ਦੈਵੀ ਵਰਤਾਰਾ ਨਹੀਂ ਵਰਤੇਗਾ। ਜਥੇਦਾਰ ਕੁਲਦੀਪ ਸਿੰਘ ਗੜਗੱਜ ਜੀ ਨੇ ਕੌਮ ਨੂੰ ਗੁਰੂ ਗ੍ਰੰਥ ਅਤੇ ਗੁਰੂ ਪੰਥ ਨਾਲ ਜੁੜਨ ਦੀ ਅਪੀਲ ਕੀਤੀ ਹੈ। ਅੱਜ ਜਦੋਂ ਸਿੱਖ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਸ਼ਖ਼ਸੀਅਤ ਪੂਜਾ, ਕਰਮਕਾਂਡ, ਡੇਰਾਵਾਦ, ਧੜੇਬੰਦੀਆਂ ਅਤੇ ਅੰਦਰੂਨੀ ਕਾਟੋ ਕਲੇਸ਼ ਦੀ ਦਲਦਲ ਵਿੱਚ ਧੱਸ ਚੁੱਕੀਆਂ ਹਨ। ਉਥੇ ਇਹ ਸੰਦੇਸ਼ (ਗੁਰੂ ਗ੍ਰੰਥ, ਗੁਰੂ ਪੰਥ) ਇਕ ਜਗਾਉਣ ਵਾਲੀ ਹੂਕ ਵਾਂਗ ਹੈ, ਕਿਉਂਕਿ ਦਸ਼ਮੇਸ਼ ਪਿਤਾ ਦੇ ਸਾਜੇ ਨਿਵਾਜੇ ਪੰਥ ਵਿੱਚ ਧੜਾ ਪ੍ਰਵਾਨ ਨਹੀਂ ਹੈ। ਇਹ ਅਪੀਲ ਯਾਦ ਦਿਵਾਉਂਦੀ ਹੈ ਕਿ ਜਦੋਂ ਤੱਕ ਸਿੱਖ ਕੌਮ ਸੰਸਥਾਗਤ ਤੌਰ 'ਤੇ ਪੰਥਕ ਸਿਧਾਂਤ ਅਤੇ ਰੂਹਾਨੀ ਤੌਰ 'ਤੇ ਗੁਰਬਾਣੀ ਦੇ ਫਲਸਫ਼ੇ ਨੂੰ ਆਪਣਾ ਧੁਰਾ ਨਹੀਂ ਬਣਾਉਂਦੀ ਉਦੋਂ ਤੱਕ ਅੰਦਰੂਨੀ ਨਿਘਾਰ ਨੂੰ ਠੱਲ੍ਹ ਪਾਉਣਾ ਅਸੰਭਵ ਹੈ। 1708 ਈ: ਨੂੰ ਨੰਦੇੜ ਸਾਹਿਬ ਵਿਖੇ ਗੁਰੂ ਗੋਬਿੰਦ ਸਿਘ ਜੀ ਨੇ ਜਦੋਂ "ਸ਼ਬਦ ਗੁਰੂ ਨੂੰ ਤਖਤ ਤੇ ਸੁਭਾਇਮਾਨ ਕੀਤਾ ਤਾਂ ਜੋਤਿ ਸਮਾਉਣ ਤੋਂ ਪਹਿਲਾਂ ਇਹ ਅੰਤਮ ਬਚਨ ਉਚਾਰੇ ਸਨ ਆਤਮਾ ਗ੍ਰੰਥ ਵਿੱਚ, ਸਰੀਰ ਪੰਥ ਵਿੱਚ ਅਰਥਾਤ ਸਿੱਖ ਧਰਮ ਹੀ ਸਦੀਵੀ ਵਿਧਾਨ ਹੋਵੇਗਾ ।" ਗੁਰੂ ਗ੍ਰੰਥ, ਗੁਰੂ ਪੰਥ ਅਤੇ ਇਹ ਅਸਲ ਦੋਹਰਾ ਹੈ। ਗੁਰੂ ਖਾਲਸਾ ਮਾਨੀਅਹ ਪ੍ਰਗਟ ਗੁਰਾਂ ਕੀ ਦੇਹਿ ॥ (ਨੋਟ ਇਹ ਦੋਹਰਾ ਮਗਰੋਂ ਗਿਆਨੀ ਗਿਆਨ ਸਿੰਘ ਨੇ ਬਦਲ ਕੇ ਆਪਣੇ ਪੰਥ ਪ੍ਰਕਾਸ਼ ਵਿੱਚ ਇਉਂ ਲਿਖ ਦਿੱਤਾ ਕਿ, ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਦੀ ਦੇਹ, ਪਰ ਇਹ ਬਦਲਿਆ ਹੋਇਆ ਦੋਹਰਾ ਗੁਰੂ ਗੋਬਿੰਦ ਜੀ ਦੇ ਇਨ੍ਹਾਂ ਬਚਨਾਂ: ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ ਦੇ ਗੁਰਮਤਿ ਦੇ ਸਿਧਾਂਤ ਦੇ ਵਿਰੁੱਧ ਹੈ, ਕਿਉਂਕਿ ਦੇਹ ਪੰਥ ਵਿੱਚੋਂ ਪ੍ਰਗਟ ਹੋਣੀ ਹੈ ਗ੍ਰੰਥ ਵਿੱਚੋਂ ਨਹੀਂ। ਖ਼ਾਲਸਾ ਪੰਥ ਨੂੰ ਗੰਭੀਰਤਾ ਨਾਲ ਇਸ ਗੈਰ-ਸਿਧਾਂਤਕ ਦੋਹਰੇ ਬਾਰੇ ਵਿਚਾਰ ਕਰਨੀ ਚਾਹੀਦੀ ਹੈ।) 1-ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੀ ਪਦ ਪਦਵੀ : ਆਪਿ ਨਰਾਇਣੁ ਕਲਾ ਧਾਰਿ ਜਗਿ ਮਹਿ ਪਰਵਰਿਯਉ ਅੰਗ 1395 2-ਅਪਰੰਪਰ ਪਾਰਿਬ੍ਰਹਮ ਪ੍ਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ਅੰਗ 599 3-ਗੁਰ ਪ੍ਰਮੇਸਰੁ ਇਕੋ ਜਾਣੁ ਜੋ ਤਿਸ ਭਾਵੈ ਸੋ ਪ੍ਰਵਾਣੁ ਅੰਗ 864 । ਨਿਰੰਕਾਰ ਨੇ ਆਪਣੀ ਜੋਤ ਗੁਰੂ ਨਾਨਕ ਵਿੱਚ ਪ੍ਰਗਟ ਕੀਤੀ ਹੈ।

ਸ਼ਬਦ ਗੁਰੂ ਦੀ ਸਥਾਪਨਾ ਤਾਂ ਗੁਰੂ ਨਾਨਕ ਸਾਹਿਬ ਨੇ ਉਦੋਂ ਹੀ ਕਰ ਦਿੱਤੀ ਸੀ, ਜਦੋਂ ਸਿਧਾਂ ਨੇ ਗੁਰੂ ਨਾਨਕ ਨੂੰ ਪੁੱਛਿਆ ਸੀ ਕਿ: ਕਵਣੁ ਮੂਲੁ, ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ॥ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਜੁਆਬ ਦਿੱਤਾ ਸੀ ਕਿ : ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਤੇ ਫਿਰ ਸਬਦਿ ਜਿਤੀ ਸਿਧਿ ਮੰਡਲੀ ਕੀਤਾ ਸੁ ਅਪਨਾ ਪੰਥੁ ਨਿਰਾਲਾ॥ ਅਤੇ ਮਾਰਿਆ ਸਿਕਾ ਜਗਤਿ ਵਿਚ ਨਾਨਕ ਨਿਰਮਲ ਪੰਥ ਚਲਾਇਆ। ਸਿੱਖ ਰਹਿਤ ਮਰਿਯਾਦਾ ਦੇ ਪੰਨਾ 27 ਉੱਤੇ ਗੁਰੂ ਪੰਥ ਦੀ ਵਿਆਖਿਆ ਦਰਜ ਹੈ। ਗੁਰੂ ਪੰਥ: ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। ਅੱਜ ਜਦੋਂ ਅਸੀਂ ਗੁਰੂ ਗ੍ਰੰਥ, ਗੁਰੂ ਪੰਥ ਦੀ ਗੱਲ ਕਰ ਰਹੇ ਹਾਂ ਤਾਂ ਦੋ ਗੱਲਾਂ ਜਾਨਣੀਆਂ ਬਹੁਤ ਜਰੂਰੀ ਹਨ, ਪਹਿਲੀ: ਗੁਰੂ ਗ੍ਰੰਥ, ਨਾਨਕ ਨਿਰਮਲ ਪੰਥ ਦਾ ਸਿਧਾਂਤ ਹੈ ਤੇ ਗੁਰੂ ਪੰਥ ਇਸ ਸਿਧਾਂਤ ਦਾ ਪ੍ਰਤੱਖ ਅਮਲ। ਆਮ ਆਦਮੀਆਂ ਵਾਸਤੇ ਗੁਰੂਆਂ ਦੀ ਗਿਣਤੀ ਦੱਸ ਹੈ, ਪਰ ਗੁਰਮਤਿ ਸਿਧਾਂਤ ਅਨੁਸਾਰ ਗੁਰੂ ਕੇਵਲ ਇਕ ਹੀ ਹੈ ਤੇ ਉਹ ਹੈ, ਗੁਰੂ ਨਾਨਕ ਜੋਤਿ, ਇਸ ਇਲਾਹੀ ਜੋਤਿ ਦੀ ਇਕਸਾਰਤਾ ਤੇ ਏਕਤਾ ਗੁਰਬਾਣੀ ਸਪੱਸ਼ਟ ਕਰਦੀ ਹੈ: ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ-ਗੁ: ਗ੍ਰੰ: ਸਾ: ਪੰਨਾ 966 (ਹਵਾਲਾ ਪੁਸਤਕ ਹੁਕਮਨਾਮੇ ਆਦੇਸ਼, ਸੰਦੇਸ਼... ਸ੍ਰੀ ਅਕਾਲ ਤਖ਼ਤ ਸਾਹਿਬ, ਸੰਪਾਦਕ, ਰੂਪ ਸਿੰਘ)

ਦੂਸਰੀ ਗੱਲ: ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਦੇ ਮੁੱਢਲੇ ਅਸੂਲ ਅਤੇ ਉਨ੍ਹਾਂ ਦੀ (ਗੁਰੂ ਨਾਨਕ ਦੀ) ਦੈਵੀ ਗੁਰੂ ਪਦ-ਪਦਵੀ ਬਾਰੇ ਜਾਨਣਾ ਜ਼ਰੂਰੀ ਹੈ । ਸਿੱਖੀ ਦੇ ਮੁੱਢਲੇ ਅਸੂਲਾਂ ਵਿੱਚ ਸਮਾਜਿਕ ਬਿਰਤੀ ਏਨੇ ਤੀਖਣ ਰੂਪ ਵਿੱਚ ਰਲਗੱਡ ਹੈ ਕਿ ਇਨ੍ਹਾਂ ਤੋਂ ਬਿਨਾਂ ਸਿੱਖੀ ਦਾ ਸਾਰਥਕ ਤਸੱਵਰ ਉਸਰ ਹੀ ਨਹੀਂ ਸਕਦਾ। ਸਿੱਖੀ ਦਾ ਅੰਤਮ ਮਨੋਰਥ ਆਦਿ ਗੁਰੂ ਅਕਾਲ ਪੁਰਖ ਨੂੰ ਮਨੁੱਖੀ ਇਤਿਹਾਸ ਵਿੱਚ ਉਤਾਰਨਾ ਹੈ ਤਾਂ ਕਿ ਸਦੀਵੀ ਕਾਲ ਲਈ ਹਲੇਮੀ ਰਾਜ, ਮਨੁੱਖਤਾ ਦੇ ਕਲਿਆਣ ਅਤੇ ਹਰ ਪੱਖੋਂ ਗੁਰੂ ਨਾਨਕ ਹੀ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਸਕੇ। ਅਕਾਲ ਪੁਰਖ ਗੁਰੂ ਨਾਨਕ ਦਾ ਗੁਰੂ ਹੈ ਅਤੇ ਗੁਰੂ ਨਾਨਕ ਦੀ ਬਾਣੀ ਰਾਹੀਂ ਓਸਨੇ ਸੰਸਾਰੀ ਜੀਵਾਂ ਨਾਲ ਆਪਣੇ ਪੱਕੇ-ਪੀਢੇ ਪਿਆਰ ਦੇ ਸਦੀਵੀ ਰਿਸ਼ਤੇ ਦੀ ਵਿਆਖਿਆ ਕੀਤੀ ਹੈ। ਏਸ ਅਨੁਸਾਰ ਓਹ ਮਨੁੱਖਾਂ ਸਮੇਤ ਹਰ ਜੀਵ ਨੂੰ ਸੁਖੀ ਅਤੇ ਦੈਵੀ-ਨੈਤਿਕਤਾ ਦੇ ਦਾਇਰੇ ਵਿੱਚ ਰਹਿੰਦਿਆਂ ਆਪਣੀ ਅਜ਼ਾਦ ਹੈਸੀਅਤ ਸਿਰਜਣ ਅਤੇ ਕਾਇਮ ਰੱਖਣ ਦਾ ਹੱਕ ਬਖ਼ਸ਼ਦਾ ਹੈ। ਗੁਰੂ ਨਾਨਕ ਦਾ ਸਾਰਾ ਪ੍ਰਚਾਰ ਏਸ ਮੁੱਢਲੇ ਸੰਕਲਪ ਉੱਤੇ ਟੇਕ ਰੱਖਦਾ ਹੈ। ਆਪਣੇ ਆਪ ਨੂੰ ਪ੍ਰਗਟ ਕਰਕੇ ਹਨੇਰਾ ਦੂਰ ਕਰਨ ਵਾਲਾ ਓਹੀ ਹੋ ਸਕਦਾ ਸੀ। ਗੁਰੂ ਨਾਨਕ ਦਾ ਉਪਦੇਸ਼ ਪਹਿਲੇ ਜਾਮੇ ਵਿੱਚ ਹੀ ਮੁਕੰਮਲ ਸੀ ਪਰ ਜੋਤ-ਜੁਗਤ ਦਾ ਸਫ਼ਰ ਦਸ ਜਾਮੇ ਧਾਰਕੇ ਗੁਰੂ ਗ੍ਰੰਥ, ਗੁਰੂ ਪੰਥ ਪ੍ਰਕਾਸ਼ ਦੇ ਇਲਾਹੀ ਪੜਾਅ ਉੱਤੇ ਪਹੁੰਚਣਾ ਲਾਜ਼ਮੀ ਸੀ। ਇਹ ਸਫ਼ਰ ਗੁਰੂ-ਅੰਸ਼ ਨੂੰ ਇਤਿਹਾਸ ਵਿੱਚ ਉਤਾਰਨ ਦਾ ਮਹਾਂ ਯੁੱਗ ਸੀ ਜੋ ਸਿਧਾਂਤਕ ਰੂਪ ਵਿੱਚ 1699 ਦੀ ਸੁਭਾਗੀ ਵਿਸਾਖੀ ਨੂੰ ਪਾਹੁਲ ਦੇ ਬਾਟੇ ਵਿੱਚ ਸਦੀਆਂ ਦਾ ਸਹਿਜ ਪ੍ਰੇਮ ਸਮਾ ਗਿਆ। ਕਿਉਂਕਿ ਅੰਮ੍ਰਿਤਧਾਰੀ ਖ਼ਾਲਸੇ ਨੇ ਜੱਗੋ-ਜੁੱਗ ਅੱਟਲ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਨੂੰ ਮਹਿਫੂਜ ਰੱਖਣਾ ਹੈ। ਉਪਦੇਸ਼ ਦੀ ਪਹਿਲ-ਤਾਜਗੀ ਨੂੰ ਕਾਇਮ ਰੱਖਦਿਆਂ ਹੋਇਆਂ ਮਨੁੱਖਤਾ ਦੀ ਸੁਰਤ ਨੂੰ ਅਕਾਲ-ਸੁਰਤ ਵਿੱਚ ਸਮੋਣਾ ਸੀ। ਏਸ ਲਈ ਅਕਾਲ ਨਾਲ ਅਭੇਦ ਹੋਏ ਸਮੂਹ ਨੂੰ ਗੁਰੂ ਨੇ ਸਾਰੀ ਮਨੁੱਖਤਾ ਦਾ ਪ੍ਰਤੀਨਿੱਧ ਜਾਣਿਆ। (ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ) ਖ਼ਾਲਸਾ ਸਮੂਹ ਨੂੰ ਗੁਰੂ ਗ੍ਰੰਥ ਦੀ ਤਾਬਿਆ ਗੁਰੂ ਰੂਪ ਹੋ ਕੇ ਵਿਚਰਨ ਦੀ ਬਖ਼ਸ਼ਿਸ਼ ਕਰਨ ਲਈ ਸੱਚੇ ਸਾਹਿਬ (ਗੁਰੂ ਗੋਬਿੰਦ ਸਿੰਘ) ਨੇ ਬੀਰ ਆਸਣ ਹੋ ਕੇ ਮਨੁੱਖੀ ਇਤਿਹਾਸ ਦੀ ਭਾਗ ਭਰੀ ਕ੍ਰਾਂਤੀ ਨੂੰ ਜਨਮ ਦਿੰਦਿਆਂ ਉਸੇ ਬਾਟੇ ਵਿੱਚੋਂ ਪਾਹੁਲ ਦੀ ਜਾਚਨਾ ਕੀਤੀ, ਜਿਸ ਨੂੰ ਹਜੂਰ ਨੇ ਖ਼ੁਦ ਤਿਆਰ ਕੀਤਾ ਸੀ, ਗੁਰੂ-ਜੋਤ ਦੇ ਏਸ ਅਦੁੱਤੀ ਵਰਤਾਰੇ ਨੇ ਮਨੁੱਖੀ ਇਤਿਹਾਸ ਨਾਲ ਮੂਲ ਜੋਤਿ-ਜੁਗਤ ਰਾਹੀਂ ਇਉਂ ਜੋੜਿਆ ਗਿਆ (ਹਵਾਲਾ-ਅਕਾਲ ਤਖ਼ਤ ਦਾ ਵਿਰਾਟ ਦਰਸ਼ਨ-ਲੇਖਕ ਸ: ਗੁਰਤੇਜ ਸਿੰਘ) ਗੁਰੂ ਗ੍ਰੰਥ, ਗੁਰੂ ਪੰਥ ਦੇ ਸਿਧਾਂਤ ਦੇ ਧਰਾਤਲ ਉੱਤੇ ਹੁਣ ਖ਼ਾਲਸਾ ਪੰਥ ਨੇ ਅਕਾਲ ਰੂਪ ਹੋ ਕੇ ਸਮਾਜ ਦੀ, ਧਰਤੀ ਦੀ ਪ੍ਰਤਿਪਾਲਣਾ ਕਰਨ ਦੀ ਜ਼ਿੰਮੇਵਾਰੀ ਸੰਭਾਲਣੀ ਹੈ ਅਤੇ ਹਲੇਮੀ ਰਾਜ ਦੇ ਸੰਕਲਪ ਨੂੰ ਮੂਰਤੀਮਾਨ ਕਰਨਾ ਹੈ। ਕਿਸ ਹੱਦ ਤੱਕ ਇਹ ਸੰਭਵ ਹੈ? ਇਹ ਨਾਮ ਦੀ ਪਾਕ ਸਾਧਨਾ, ਰਹਿਤ ਦੀ ਪ੍ਰਪੱਕਤਾ ਅਤੇ ਤਸੱਵਰ ਵਿੱਚ ਗੁਰੂ ਗ੍ਰੰਥ ਦੀ ਪਾਕ ਪਰਵਾਜ਼ ਨੂੰ ਵਸਾਉਣ ਉੱਤੇ ਅਧਾਰਤ ਹੈ। ਸਿੱਖ ਧਰਮ ਦੀ ਸਿਆਸੀ ਅਤੇ ਧਾਰਮਿਕ ਰੁਚੀ ਦੇ ਸੰਗਮ ਦਾ ਨਾਂ ਪੰਥ ਹੈ। ਪੰਥ ਕੋਈ ਨਿਰੋਲ ਧਾਰਮਿਕ ਸੰਸਥਾ ਦਾ ਨਾਂਅ ਨਹੀਂ ਤੇ ਨਾ ਹੀ ਕਿਸੇ ਇਕ ਸਮੇਂ ਦੀ ਲੋੜ ਪੂਰਨ ਲਈ ਨਹੀਂ ਹੈ। ਪੰਥ ਉਨ੍ਹਾਂ ਮਰਜੀਵੜਿਆਂ ਦਾ ਇਕੱਠ ਹੈ ਜਿਨ੍ਹਾਂ ਨੇ ਦੀਨ ਦੁਨੀ ਦੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਆਸ਼ਿਆਂ ਤੇ ਨਿਸ਼ਾਨਿਆਂ (ਹਲੇਮੀ ਰਾਜ) ਨੂੰ ਪ੍ਰਵਾਨ ਕਰ ਲਿਆ ਹੈ ਅਤੇ ਉਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਲਈ ਉਹ ਆਪਾ ਵਾਰਣ ਲਈ ਤੱਤਪਰ ਹਨ ਅਤੇ ਨਿੱਜੀ ਘਾਲਣਾ ਦੇ ਨਾਲ ਸਮੂਹਿਕ ਘਾਲਣਾ ਕਰਨਾ ਵੀ ਆਪਣਾ ਫਰਜ ਸਮਝਦੇ ਹਨ (ਹਵਾਲਾ ਪੁਸਤਕ-ਖ਼ਾਲਸੇ ਦੀ ਵਾਸੀ, ਲੇਖਕ ਪ੍ਰਿੰ: ਸਤਿਬੀਰ ਸਿੰਘ)

ਸਿੱਖੀ ਵਿੱਚ ਗੁਰੂ ਗ੍ਰੰਥ ਅਤੇ ਗੁਰੂ ਪੰਥ ਦਾ ਅਨੋਖਾ ਸੁਮੇਲ ਹੈ। ਇਕ ਦਾ ਸੰਬੰਧ ਗੁਰੂ ਪਰੰਪਰਾ ਦੇ ਸਿਧਾਂਤਕ ਪੱਖ ਨਾਲ ਹੈ ਜਦਕਿ ਦੂਜੇ ਦਾ ਵਿਵਹਾਰਕ ਪੱਖ ਨਾਲ। ਸਿਧਾਂਤਕ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਸੰਸਾਰ ਤੱਕ ਕੀਰਤੀਮਾਨ ਕਰਨ ਪੱਖੋਂ ਪੰਥ ਗੁਰੂ ਹੈ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਅਸਲ ਵਿੱਚ ਗੁਰੂ ਪੰਥ, ਗੁਰੂ ਗ੍ਰੰਥ ਦੇ ਸਿਧਾਂਤ ਨੂੰ ਸਮਾਜ ਵਿੱਚ ਵਿਵਹਾਰਕ ਤੌਰ 'ਤੇ ਸਥਾਪਤ ਕਰਨ ਦਾ ਕਾਰਜ ਕਰਦਾ ਹੈ। ਗੁਰੂ ਖ਼ਾਲਸਾ ਪੰਥ ਦੱਸਵੇਂ ਨਾਨਕ ਦਾ ਸਰੀਰਕ ਰੂਪ ਹੈ ਜਦਕਿ ਗੁਰੂ ਗ੍ਰੰਥ ਉਸ ਦੀ ਰੂਹ ਦਾ ਨੁਮਾਇੰਦਾ ਹੈ। ਸ੍ਰ: ਕਪੂਰ ਸਿੰਘ ਜੀ ਲਿਖਦੇ ਹਨ "ਪੰਥ ਦੀ ਸੰਪੂਰਨਤਾ ਇਸ ਨੂੰ ਗੁਰੂ ਪਦਵੀ ਪ੍ਰਾਪਤ ਹੋਣ ਨਾਲ ਹੋਈ । ਗੁਰੂ ਪੰਥ ਨੇ ਆਪਣੇ ਗੁਰਤਾ ਦੇ ਅਸੀਮ ਅਧਿਕਾਰ ਦੀ ਵਰਤੋਂ ਪਹਿਲੀ ਵਾਰ ਚਮਕੌਰ ਦੀ ਗੜ੍ਹੀ ਵਿੱਚ ਕੀਤੀ ਜਦੋਂ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੰਥ ਨੇ ਆਦੇਸ਼ ਕੀਤਾ ਕਿ ਚਮਕੌਰ ਦੀ ਗੜ੍ਹੀ ਨੂੰ ਛੱਡ ਜਾਣ।" ਖ਼ਾਲਸਾ ਪੰਥ ਉਨਾਂ ਚਿਰ ਹੀ ਗੁਰੂ ਖ਼ਾਲਸਾ ਪੰਥ ਅਖਵਾ ਸਕਦਾ ਹੈ, ਜਿਨ੍ਹਾਂ ਚਿਰ ਤਾਂਈ ਉਹ ਗੁਰੂ (ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ) ਦੀ ਸਰਬ, ਸ੍ਰੇਸ਼ਟ ਰੂਹ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਹਾਜਰ ਨਾਜਰ ਮੰਨਦਾ ਹੈ। ਆਰ. ਐਸ. ਐਸ. ਅਤੇ ਭਾਜਪਾ ਦਾ ਰਾਜ-ਸੱਤਾ ਦੇ ਬਲਬੂਤੇ ਸਾਰੀਆਂ ਕਾਰਵਾਈਆਂ ਦਾ ਅਸਲ ਨਿਸ਼ਾਨਾ ਹੈ, ਦਸ਼ਮੇਸ਼ ਦੇ ਅੰਮ੍ਰਿਤ, ਸਿੱਖੀ ਦੀ ਰਹਿਤ, ਗੁਰੂ ਗ੍ਰੰਥ-ਪੰਥ ਦੀ ਗੁਰਆਈ ਤੇ ਸਿੱਖ ਇਤਿਹਾਸ ਦੇ ਜੁਝਾਰੂ ਖਾਸੇ ਨੂੰ ਖ਼ਤਮ ਕਰਕੇ ਸਥਾਈ ਬਹੁ-ਗਿਣਤੀ ਸੱਭਿਆਚਾਰ ਵਿੱਚ ਇਸ ਤਰ੍ਹਾਂ ਰੰਗ ਦੇਣਾ ਕਿ ਖ਼ਾਲਸਾ ਪੰਥ ਦੀ ਵੱਖਰੀ ਪਛਾਣ ਹੀ ਮਿਟ ਜਾਵੇ। ਪੰਥਵਾਦੀ ਸ਼ਕਤੀ ਦੀ, ਨੀਤੀ ਪਾਲਸੀ ਹੀ ਸਿੱਖਾਂ ਦੀ ਨਿਆਰੀ, ਅੱਡਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਉਭਾਰਦੀ ਆਈ ਅਤੇ ਉਭਾਰ ਸਕਦੀ ਹੈ। ਸਿੱਖ ਕੌਮ ਕਈ ਹਕੂਮਤਾਂ ਦੇ ਜ਼ੁਲਮ ਦੇ ਤੁਫ਼ਾਨਾਂ ਤੇ ਝੱਖੜਾਂ ਵਿੱਚ ਜੀਊਂਦੀ ਰਹੀ ਤਾਂ ਆਪਣੇ ਮੂਲ ਗੁਰੂ ਗ੍ਰੰਥ, ਗੁਰੂ ਪੰਥ ਦੀ ਗੁਰਮਤਿ ਵਿਚਾਰਧਾਰਾ ਜੁੜਕੇ ਜਿਊਂਦੀ ਰਹਿ ਸਕੀ ਹੈ। ਸਿੱਖਾਂ ਨੂੰ ਵੀ ਹੁਣ ਆਪਣੇ ਸ਼ਾਨਾਮਤੇ ਇਤਿਹਾਸ ਵਿੱਚ ਸਮੋਏ ਸਿੱਖ ਕਿਰਦਾਰ ਦੇ ਹਾਣ ਦੇ ਬਣਕੇ ਵਿਖਾਉਣਾ ਪਵੇਗਾ। ਪੰਥ ਤੇ ਪੰਜਾਬ ਨੂੰ ਮੌਜੂਦਾ ਸੰਕਟ ਵਿੱਚੋਂ ਬਾਹਰ ਕੱਢਣ ਲਈ ਗੁਰੂ ਗ੍ਰੰਥ, ਗੁਰੂ ਪੰਥ ਦੀ ਵਿਚਾਰਧਾਰਾ ਨੂੰ ਪ੍ਰਚੰਡ ਕਰਨ ਦੀ ਲੋੜ ਹੈ।

***(ਅਗਲੇ ਹਫ਼ਤੇ ਪੜ੍ਹੋ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਰੇ ਵਿਸ਼ੇਸ਼ ਲੇਖ)***

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਤੋ ਭਟਕੇ ਹਰਨਾਮ ਸਿੰਘ ਧੁੰਮਾ ਦੀਆਂ ਸਰਕਾਰ-ਪ੍ਰਸਤ ਨੀਤੀਆਂ ਦਾ ਵਿਰੋਧ, ਸਿੱਖ ਕੌਮ ਨੂੰ ਸੁਚੇਤ ਰਹਿਣ ਦੀ ਅਪੀਲ



ਨਿਊਯਾਰਕ / ਅੰਮ੍ਰਿਤਸਰ- ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ (ਅਮਰੀਕਾ), ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ (ਜਰਮਨੀ), ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ (ਇੰਗਲੈਂਡ), ਭਾਈ ਮਨਬੀਰ ਸਿੰਘ ਸੰਧੂ, ਭਾਈ ਭਗਤ ਸਿੰਘ (ਕੈਨੇਡਾ), ਭਾਈ ਪ੍ਰਿਤਪਾਲ ਸਿੰਘ (ਸਵਿਟਜ਼ਰਲੈਂਡ), ਭਾਈ ਹਰਜੋਤ ਸਿੰਘ ਸੰਧੂ (ਹਾਲੈਂਡ), ਭਾਈ ਸਤਨਾਮ ਸਿੰਘ ਅਤੇ ਭਾਈ ਸ਼ਿੰਗਾਰਾ ਸਿੰਘ ਮਾਨ (ਫਰਾਂਸ) ਨੇ ਇੱਕ ਸਾਂਝੇ ਬਿਆਨ ਰਾਹੀਂ ਦਮਦਮੀ ਟਕਸਾਲ (ਮਹਿਤਾ) ਦੇ ਮੁਖੀ ਹਰਨਾਮ ਸਿੰਘ ਧੁੰਮਾ ਵੱਲੋਂ ਕੀਤੀਆਂ ਜਾ ਰਹੀਆਂ ਸਰਕਾਰ-ਪ੍ਰਸਤ ਅਤੇ ਪੰਥ ਵਿਰੋਧੀ ਸਰਗਰਮੀਆਂ ਦਾ ਸਖ਼ਤ ਵਿਰੋਧ ਕੀਤਾ ਹੈ।

ਆਗੂਆਂ ਨੇ ਕਿਹਾ ਕਿ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਸਿੱਖ ਕੌਮ ਦੇ ਗੱਲੋਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਤੇ ਸ੍ਰੀ ਦਰਬਾਰ ਸਾਹਿਬ ਉੱਤੇ ਭਾਰਤੀ ਫੌਜ ਦੇ ਹਮਲੇ ਤੋਂ ਬਾਅਦ ਖਾਲਿਸਤਾਨ ਦੀ ਅਜ਼ਾਦੀ ਅਤੇ ਕੌਮੀ ਸਵੈ-ਨਿਰਣੇ ਦੀ ਸੋਚ ਨੂੰ ਹਜ਼ਾਰਾਂ ਸੂਰਬੀਰਾਂ ਨੇ ਆਪਣੀਆਂ ਸ਼ਹਾਦਤਾਂ ਨਾਲ ਸੀਂਚਿਆ, ਮੌਜੂਦਾ ਟਕਸਾਲ ਮੁਖੀ ਉਸੇ ਰਸਤੇ ਤੋਂ ਭਟਕ ਕੇ ਭਾਰਤ ਸਰਕਾਰ ਦੀਆਂ ਨੀਤੀਆਂ ਨੂੰ ਸਮਰਥਨ ਦੇ ਰਹੇ ਹਨ।

ਬਿਆਨ ਵਿੱਚ ਕਿਹਾ ਗਿਆ ਕਿ ਦਮਦਮੀ ਟਕਸਾਲ ਦਾ ਸਿੱਖ ਕੌਮ ਦੀ ਅਜ਼ਾਦੀ ਦੇ ਸੰਘਰਸ਼ਾਂ ਵਿੱਚ ਇਤਿਹਾਸਕ ਯੋਗਦਾਨ ਰਿਹਾ ਹੈ। ਪਰ ਮੌਜੂਦਾ ਪ੍ਰਬੰਧਕਾਂ ਵੱਲੋਂ ਭਾਰਤੀ ਜਨਤਾ ਪਾਰਟੀ ਅਤੇ ਹੋਰ ਪੰਥ ਵਿਰੋਧੀ ਤਾਕਤਾਂ ਨਾਲ ਨੇੜਤਾ ਬਣਾਉਣਾ ਨਾ ਸਿਰਫ਼ ਟਕਸਾਲ ਦੇ ਸ਼ਾਨਦਾਰ ਇਤਿਹਾਸ ਨੂੰ ਢਾਹ ਲਗਾ ਰਿਹਾ ਹੈ, ਸਗੋਂ ਇਸ ਮਹਾਨ ਸੰਸਥਾ ਦੇ ਨਾਮ ਦੀ ਆੜ ਵਿੱਚ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।

ਵਰਲਡ ਸਿੱਖ ਪਾਰਲੀਮੈਂਟ ਨੇ ਯਾਦ ਦਿਵਾਇਆ ਕਿ ਜਿਸ ਭਾਜਪਾ ਸਰਕਾਰ ਨਾਲ ਅੱਜ ਟਕਸਾਲ ਮੁਖੀ ਸਾਂਝ ਪਾ ਰਹੇ ਹਨ, ਉਸੇ ਸਰਕਾਰ ਨੇ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨ ਲਾਗੂ ਕੀਤੇ ਸਨ। ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਪੰਜਾਬੀਆਂ ਨੇ ਇਤਿਹਾਸਕ ਸੰਘਰਸ਼ ਕੀਤਾ, ਜਿਸ ਦੌਰਾਨ ਸੈਂਕੜੇ ਕਿਸਾਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਸ ਵੇਲੇ ਕੇਂਦਰ ਸਰਕਾਰ ਨੇ ਪੰਜਾਬੀਆਂ ਨਾਲ ਇੱਕ ਵੈਰੀ ਤਾਕਤ ਵਾਂਗ ਵਿਵਹਾਰ ਕੀਤਾ ਸੀ।

ਆਗੂਆਂ ਨੇ ਕਿਹਾ ਕਿ ਅੱਜ ਵੀ ਅਨੇਕਾਂ ਬੰਦੀ ਸਿੰਘ ਆਪਣੀਆਂ ਬਣਦੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਭਾਰਤੀ ਜੇਲ੍ਹਾਂ ਵਿੱਚ ਨਾਜਾਇਜ਼ ਤੌਰ 'ਤੇ ਕੈਦ ਹਨ। ਅਜਿਹੇ ਸੰਵੇਦਨਸ਼ੀਲ ਮਸਲਿਆਂ 'ਤੇ ਚੁੱਪੀ ਧਾਰਨ ਕਰਨਾ ਅਤੇ ਉਸੇ ਸਰਕਾਰ ਦੇ ਆਗੂਆਂ ਦਾ ਸਨਮਾਨ ਕਰਨਾ ਸਿੱਖ ਕੌਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ।

ਵਿਦੇਸ਼ਾਂ ਵਿੱਚ ਭਾਰਤੀ ਅਧਿਕਾਰੀਆਂ ਦੀ ਨਿਗਰਾਨੀ ਹੇਠ ਅਜ਼ਾਦੀ-ਪਸੰਦ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ, ਭਾਈ ਹਰਦੀਪ ਸਿੰਘ ਨਿੱਜਰ ਨੂੰ ਕੈਨੇਡਾ ਵਿੱਚ ਸ਼ਹੀਦ ਕੀਤਾ ਗਿਆ, ਭਾਈ ਪਰਮਜੀਤ ਸਿੰਘ ਪੰਜਵੜ ਨੂੰ ਲਾਹੌਰ ਵਿੱਚ ਮਾਰਿਆ ਗਿਆ ਅਤੇ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਸਾਜ਼ਿਸ਼ਾਂ ਰਚੀਆਂ ਗਈਆਂ, ਉਨ੍ਹਾਂ ਹੀ ਸਰਕਾਰੀ ਨੁਮਾਇੰਦਿਆਂ ਦਾ ਸਨਮਾਨ ਕਰਨਾ ਬਹੁਤ ਹੀ ਨਿੰਦਣਯੋਗ ਅਤੇ ਚਿੰਤਾਜਨਕ ਹੈ।

ਵਰਲਡ ਸਿੱਖ ਪਾਰਲੀਮੈਂਟ ਨੇ ਜੂਨ 1984 ਦੇ ਤੀਜੇ ਘੱਲੂਘਾਰੇ ਦੇ ਸ਼ਹੀਦੀ ਸਮਾਗਮਾਂ ਦੌਰਾਨ ਚੌਂਕ ਮਹਿਤਾ ਵਿਖੇ ਵਾਪਰੀਆਂ ਘਟਨਾਵਾਂ ਨੂੰ ਵੀ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਦੀ ਯਾਦ ਵਿੱਚ ਕਰਵਾਏ ਜਾਂਦੇ ਸਮਾਗਮ ਵਿੱਚ ਸਰਕਾਰੀ ਨੁਮਾਇੰਦਿਆਂ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਾ ਦੇਣਾ ਅਤੇ ਉਨ੍ਹਾਂ ਵੱਲੋਂ ਮੰਚ ਤੋਂ "ਜੈ ਹਿੰਦ" ਦੇ ਨਾਅਰੇ ਲਗਾਉਣਾ ਸ਼ਹੀਦਾਂ ਦੀ ਕੁਰਬਾਨੀ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਅਪਮਾਨ ਹੈ। ਇਸ ਤਰ੍ਹਾਂ ਦੇ ਵਰਤਾਰੇ ਨੂੰ ਚੁੱਪਚਾਪ ਸਵੀਕਾਰ ਕਰਨਾ ਇਤਿਹਾਸਕ ਸ਼ਹਾਦਤਾਂ ਨਾਲ ਬੇਇਨਸਾਫ਼ੀ ਹੈ।

ਅੰਤ ਵਿੱਚ ਵਰਲਡ ਸਿੱਖ ਪਾਰਲੀਮੈਂਟ ਨੇ ਸਮੂਹ ਸਿੱਖ ਸੰਗਤਾਂ, ਪੰਥਕ ਜਥੇਬੰਦੀਆਂ ਅਤੇ ਦਮਦਮੀ ਟਕਸਾਲ ਦੇ ਸੁਹਿਰਦ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਰਤਾਰੇ ਦਾ ਡਟ ਕੇ ਵਿਰੋਧ ਕਰਨ ਅਤੇ ਪੰਥਕ ਸਿਧਾਂਤਾਂ ਦੀ ਰੱਖਿਆ ਲਈ ਅੱਗੇ ਆਉਣ।

ਸੰਗਠਨ ਨੇ ਵਿਸ਼ੇਸ਼ ਤੌਰ 'ਤੇ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਇਨ੍ਹਾਂ ਗਤੀਵਿਧੀਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਅਤੇ ਅਜਿਹੇ ਤੱਤਾਂ ਨੂੰ ਗੁਰਦੁਆਰਾ ਸਾਹਿਬਾਨ ਦੀਆਂ ਸਟੇਜਾਂ ਰਾਹੀਂ ਸਿੱਖ ਸੰਗਤਾਂ ਵਿੱਚ ਸਰਕਾਰੀ ਪ੍ਰਚਾਰ ਕਰਨ ਤੋਂ ਰੋਕਣ। ਬਿਆਨ ਵਿੱਚ ਕਿਹਾ ਗਿਆ ਕਿ ਸਿੱਖ ਵਿਰੋਧੀ ਨੀਤੀਆਂ ਦਾ ਸਮਰਥਨ ਕਰਨ ਵਾਲੇ ਅਨਸਰਾਂ ਨੂੰ ਪੰਥ ਵਿੱਚ ਸਵੀਕਾਰਯੋਗ ਬਣਾਉਣ ਦੀ ਹਰ ਕੋਸ਼ਿਸ਼ ਨੂੰ ਨਾਕਾਮ ਕਰਨਾ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

*ਹਰ ਮਿੱਟੀ ਦੀ ਆਪਣੀ ਖਸਲਤ ਹੈ ਹਰ ਮਿੱਟੀ ਕੁੱਟਿਆਂ ਨਹੀਂ ਭਰਦੀ ਹਰ ਜਖਮੀ ਮੱਥਾ ਨਹੀ ਝੁਕਦਾ ਬੰਨ੍ਹ ਲਾਇਆਂ ਹਰ ਛਲ ਨਹੀਂ ਰੁਕਦੀ*

# ਯੂਕੇ ਦੇ ਸ਼ਹਿਰ ਬੈੱਡਫੋਰਡ ਵਿਖੇ ਘੱਲੂਘਾਰਾ ਜੂਨ 84 ਦੀ ਯਾਦ ਵਿੱਚ ਸਮਾਗਮ ਹੋਇਆ

## ✪ 25 ਸਿੰਘਾਂ ਵਲੋਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ



ਲੰਡਨ-ਗੁਰੂ ਨਾਨਕ ਗੁਰਦਵਾਰਾ ਬੈੱਡਫੋਰਡ ਵਿਖੇ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ 25 ਤਿਆਰ ਬਰ ਤਿਆਰ ਸਿੰਘਾਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਲਾਵਤਨੀ ਕੱਟ ਰਹੇ ਭਾਈ ਨਿਰੰਜਨ ਸਿੰਘ ਬਾਸੀ ਦੇ ਪਰਿਵਾਰ ਵਲੋਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਇਸ ਕਰਵਾਏ ਗਏ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਾਮਲ ਹੋਈਆਂ। ਉਪਰੰਤ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕਿਤਾਬ ਸਿੱਦਕੀ ਤੇ ਸੰਘਰਸ਼ੀ ਨੂੰ ਰਿਲੀਜ਼ ਕੀਤਾ ਗਿਆ। ਇਸ ਤੋਂ ਪਹਿਲਾਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਆਪਣੇ ਹੱਡੀਂ ਹੰਢਾਏ, ਅੱਖੀਂ ਦੇਖੇ ਖਾਲਿਸਤਾਨੀ ਸੰਘਰਸ਼ ਤੇ ਅਧਾਰਿਤ ਕਿਤਾਬ "ਸੰਘਰਸ਼ ਦਾ ਦੌਰ" ਲਿਖੀ ਗਈ ਸੀ। ਉਸ ਵਿੱਚ ਸੰਘਰਸ਼ ਅਤੇ ਸੰਘਰਸ਼ਸ਼ੀਲ ਸਿੰਘਾਂ ਬਾਰੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਕਰਦਿਆਂ ਪੁਲਿਸ ਕੈਟਾਂ, ਜ਼ਾਲਮ ਪੁਲਸੀਆਂ ਨੂੰ ਬੇਨਕਾਬ ਕੀਤਾ ਗਿਆ ਹੈ

ਜਦਕਿ "ਸਿੱਦਕੀ ਤੇ ਸੰਘਰਸ਼ੀ" ਵਿੱਚ ਉਨ੍ਹਾਂ ਕੁੱਝ ਬੀਬੀਆਂ ਨੂੰ 'ਸਿਦਕੀ' ਕਹਿ ਕੇ ਵਡਿਆਇਆ ਗਿਆ ਹੈ, ਜਿਨ੍ਹਾਂ ਨੇ ਆਪਣੇ ਸ਼ਹੀਦ ਹੋਏ ਸਿੰਘਾਂ ਦੇ ਨਾਮ ਨਾਲ ਆਪਣੀ ਸਾਰੀ ਜ਼ਿੰਦਗੀ ਪੰਥ ਨੂੰ ਸਮਰਪਿਤ ਕਰ ਦਿੱਤੀ। ਸਰਕਾਰਾਂ ਦੇ ਭਾਰੀ ਤਸ਼ਦੱਦ ਸਹਿਣ ਦੇ ਬਾਵਜੂਦ ਉਨ੍ਹਾਂ ਨੇ ਮਾਣ ਨਾਲ ਆਪਣਾ ਜੀਵਨ ਬਤੀਤ ਕੀਤਾ ਅਤੇ ਸ਼ਹੀਦ ਸਿੰਘਾਂ ਦੇ ਮਾਤਾ-ਪਿਤਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਆਪਣਾ ਪਰਮ-ਫ਼ਰਜ਼ ਸਮਝਿਆ।

ਦੂਜੇ ਪਾਸੇ, ਇਸ ਕਿਤਾਬ ਵਿੱਚ ਉਨ੍ਹਾਂ ਜੁਝਾਰੂ ਸਿੰਘਾਂ ਨੂੰ 'ਸੰਘਰਸ਼ੀ' ਦਰਸਾਇਆ ਗਿਆ ਹੈ, ਜੋ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਦੀ ਗੋਲੀ ਦੀ ਮਾਰ ਤੋਂ ਤਾਂ ਬਚ ਗਏ, ਪਰ ਉਨ੍ਹਾਂ ਨੇ ਆਪਣਾ ਬਾਕੀ ਸਾਰਾ ਜੀਵਨ ਵਿਦੇਸ਼ਾਂ ਵਿੱਚ ਜਲਾਵਤਨੀ ਕੱਟਦਿਆਂ ਕੌਮ ਲੇਖੇ ਲਾ ਦਿੱਤਾ। ਉਹ ਕਦੇ ਵੀ ਜ਼ਾਲਮ ਸਰਕਾਰਾਂ ਅੱਗੇ ਨਹੀਂ ਝੁਕੇ, ਨਾ ਹੀ ਉਨ੍ਹਾਂ ਦੀ ਈਨ ਮੰਨੀ ਅਤੇ ਆਪਣਾ ਸਿੱਖੀ ਸਿਦਕ ਆਖ਼ਰੀ ਸਾਹਾਂ ਤੱਕ ਨਿਭਾਉਣ ਲਈ ਵਚਨਬੱਧ ਰਹੇ।

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਕੁਰੂਕਸ਼ੇਤਰ

ਰਿਆਸਤ ਉੱਤਰ ਪ੍ਰਦੇਸ਼ ਦਾ ਇਕ ਨਗਰ, ਜੋ ਕੁਰੂ ਰਾਜਾ ਦੇ ਨਾਂ 'ਤੇ ਕੁਰੂਕਸ਼ੇਤਰ ਪ੍ਰਸਿੱਧ ਹੋਇਆ। ਕੁਰੂਕਸ਼ੇਤਰ ਦਾ ਜ਼ਿਕਰ ਰਿਗਵੇਦ ਵਿੱਚ ਵੀ ਆਇਆ ਹੈ। ਇਸ ਖੇਤਰ ਵਿੱਚ ਗੁਰੂ ਸਾਹਿਬਾਨ ਦੇ ਬਹੁਤ ਸਾਰੇ ਗੁਰਦੁਆਰੇ ਹਨ। ਗੁਰਦੁਆਰਿਆਂ ਲਈ ਵੇਖੋ ਥਨੇਸਰ ਅੱਖਰ।

## ਕੁਲਾਯਤ

ਕੁਲਾਯਤ ਨਗਰ ਬੀਕਾਨੇਰ ਦੇ ਦੱਖਣ-ਪੱਛਮ ਵੱਲ 52 ਕਿਲੋਮੀਟਰ ਦੂਰ ਹੈ। ਇਹ ਨਗਰ ਨੋਹਾਰ ਅਤੇ ਬਘੋਰ ਦੇ ਵਿੱਚਕਾਰ ਆਉਂਦਾ ਹੈ। ਸਿੱਖ ਤਵਾਰੀਖ ਅਨੁਸਾਰ ਗੁਰੂ ਨਾਨਕ ਸਾਹਿਬ ਇਸ ਨਗਰ ਆਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵੀ ਰਾਜਸਥਾਨ ਫੇਰੀ ਸਮੇਂ, ਇਸ ਨਗਰ ਬਾਰ੍ਹਾਂ ਦਿਨ ਠਹਿਰੇ ਸਨ। ਬੀਕਾਨੇਰ ਦਾ ਅਕਸ਼ਾਂਸ਼ 280-04 ਅਤੇ ਰੇਖਾਂਸ਼ ਦੇਸ਼ਾਂਤਰ 730-21 ਹੈ। ਗੁਰੂ ਗੋਬਿੰਦ ਸਿੰਘ ਸਾਹਿਬ 30 ਨਵੰਬਰ 1706 ਨੂੰ ਤਲਵੰਡੀ ਸਾਬੋ ਤੋਂ ਨੰਦੇੜ ਜਾਣ ਸਮੇਂ ਇਥੇ ਠਹਿਰੇ ਸਨ। ਇਥੇ ਹੀ ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ ਦੁਬਾਰਾ ਮਿਲੇ ਸਨ, ਜਦੋਂ ਉਹ ਅਹਿਮਦਨਗਰ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਦੀ ਚਿੱਠੀ ਜ਼ਫ਼ਰਨਾਮਾ ਦੇਣ ਗਏ ਸਨ। 1968 ਤੱਕ ਇਥੇ ਕੋਈ ਗੁਰਦੁਆਰਾ ਨਹੀਂ ਸੀ। ਬਾਅਦ ਵਿੱਚ ਇਕ ਸਿੱਖ, ਜੋ ਕੁਲਾਯਤ ਵਿੱਚ ਰਹਿੰਦਾ ਹੈ, ਜ਼ਮੀਨ ਖ਼ਰੀਦ ਕੇ ਗੁਰਦੁਆਰਾ ਸਾਹਿਬ ਤਾਮੀਰ ਕੀਤਾ। ਇਹ ਗੁਰਦੁਆਰਾ ਇਕ ਸਧਾਰਨ ਜਿਹੇ ਕਮਰੇ ਦੇ ਆਕਾਰ ਦਾ ਹੈ, ਜਿਸ ਦੇ ਆਸ-ਪਾਸ ਪ੍ਰਦੱਖਣਾ ਦੇਣ ਲਈ ਥਾਂ ਬਣੀ ਹੈ। ਆਸ-ਪਾਸ ਇਲਾਕੇ ਦੀਆਂ ਸੰਗਤਾਂ ਇਕੱਠੀਆਂ ਹੋ ਕੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਨ (ਅਕਤੂਬਰ-ਨਵੰਬਰ) ਬੜੀ ਧੂਮ-ਧਾਮ ਨਾਲ ਮਨਾਉਂਦੀਆਂ ਹਨ।

ਪੁਸਤਕ ਸੂਚੀ:- 1. ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖ਼ਲ, 1975
2. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
3. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997
4. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਦੂਜੀ ਜਿਲਦ, ਪਟਿਆਲਾ, 1996

## ਕੂਚਾ ਦਿਲਵਾਲੀ ਸਿੰਘਾਂ

ਦਿੱਲੀ ਵਿੱਚ ਅਜਮੇਰੀ ਦਰਵਾਜ਼ੇ ਦੇ ਕੋਲ ਇਕ ਕੂਚਾ (ਗਲੀ) ਹੈ, ਜੋ ਕੂਚਾ ਦਿਲਵਾਲੀ ਸਿੰਘਾਂ ਕਰਕੇ ਪ੍ਰਸਿੱਧ ਹੈ। 17ਵੀਂ ਸਦੀ ਵਿੱਚ ਇਸ ਥਾਂ ਕਾਫ਼ੀ ਸਿੱਖ ਸੰਖਿਆ ਰਹਿੰਦੀ ਸੀ। ਇਥੇ ਹੀ ਭਾਈ ਜੀਵਨ ਸਿੰਘ (ਜੇਠਾ), ਭਾਈ ਗੁਰਬਖ਼ਸ਼ ਸਿੰਘ, ਭਾਈ ਨਾਨੂੰ ਸਿੰਘ, ਭਾਈ ਤੁਲਸੋ ਦਾਸ, ਭਾਈ ਉਦੈ ਆਦਿ ਪੱਕਾ ਨਿਵਾਸ ਰੱਖਦੇ ਸਨ। ਇਹ ਗੁਰਮੁਖ ਹੀ 12 ਨਵੰਬਰ 1675 ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਗਏ ਸਨ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਕਈ ਵਰ੍ਹੇ ਇਥੇ ਹੀ ਰਹੇ ਸਨ। ਇਹ ਅੱਜ ਕੱਲ੍ਹ ਦਿੱਲੀ ਦੇ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਹੈ। ਸਰਕਾਰੀ ਤੌਰ 'ਤੇ ਹੁਣ ਇਸ ਨੂੰ ਦਿਲਵਾਲੀ ਗੇਟ ਆਖਦੇ ਹਨ। ਵਿਸਥਾਰ ਲਈ ਵੇਖੋ ਦਿੱਲੀ ਅੱਖਰ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਕੇਰ ਸਾਹਿਬ




ਪਾਕਿਸਤਾਨ ਦੇ ਜ਼ਿਲ੍ਹਾ ਮੰਡੀ ਬਹਾਉਦੀਨ ਦਾ ਇਕ ਪ੍ਰਸਿੱਧ ਨਗਰ ਜੈ ਸੁਖ ਵਾਲਾ ਹੈ। ਮੰਡੀ ਤੋਂ ਮਰਾਲੇ ਜਾਣ ਵਾਲੀ ਸੜਕ 'ਤੇ ਪ੍ਰਸਿੱਧ ਨਗਰ ਜੈ ਸੁਖ ਵਾਲਾ ਆਉਂਦਾ ਹੈ, ਜਿਸ ਵਿੱਚ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਤਹਿਸੀਲ ਤੇ ਥਾਣਾ ਅੱਜ ਵੀ ਮੰਡੀ ਬਹਾਉਦੀਨ ਪੈਂਦੀ ਹੈ। ਗੁਰੂ ਸਾਹਿਬ ਪਿੰਡ ਡਿੰਗੇ ਤੋਂ ਚੱਲ ਕੇ ਇਥੇ ਬਿਰਾਜੇ ਸਨ। ਗੁਰੂ ਸਾਹਿਬ ਨੇ ਇਥੇ ਇਕ ਮੁਸਲਮਾਨ ਸੂਫ਼ੀ ਫ਼ਕੀਰ ਨੂੰ ਰੱਬੀ ਕੰਮਾਂ ਨੂੰ ਹੱਥ ਵਿੱਚ ਲੈਣ ਤੋਂ ਵਰਜਿਆ। ਉਸ ਫ਼ਕੀਰ ਦਾ ਪੋਤਾ ਭਾਈ ਭਾਗ ਉੱਚੀ ਕਰਨੀ ਵਾਲਾ ਹੋਇਆ ਹੈ। ਉਸ ਦੀ ਸਮਾਧ ਸਰੋਵਰ ਦੇ ਕੰਢੇ ਅੱਜ ਵੀ ਮੌਜੂਦ ਹੈ। ਇਹ ਗੁਰਦੁਆਰਾ ਪਿੰਡ ਜੈ ਸੁਖ ਵਾਲਾ ਦੇ ਪੂਰਬ ਵੱਲ ਦੋ ਫ਼ਰਲਾਂਗ ਦੇ ਕਰੀਬ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਗੁਰ-ਦੁਆਰੇ ਦੀ ਤਿੰਨ ਮੰਜ਼ਿਲਾ ਇਮਾਰਤ ਦਾ ਨਿਰਮਾਣ ਕੀਤਾ ਸੀ। ਇਮਾਰਤ ਦੇ ਖੱਬੇ ਹੱਥ ਵੱਲ ਦੋ ਸੁੰਦਰ ਸਰੋਵਰ ਬਣਾਏ, ਜਿਨ੍ਹਾਂ ਵਿੱਚੋਂ ਇਕ ਬੀਬੀਆਂ ਵਾਸਤੇ ਰਾਖਵਾਂ ਸੀ। ਸੰਗਤਾਂ ਦੇ ਠਹਿਰਨ ਵਾਸਤੇ ਇਕ ਬਹੁਤ ਵੱਡੀ ਸਰਾਂ ਵੀ ਹੈ। ਹੁਣ 100 ਦੇ ਕਰੀਬ ਪਰਿਵਾਰ ਇਸ ਸਰਾਂ ਵਿੱਚ ਆਬਾਦ ਹੋ ਚੁੱਕੇ ਹਨ। ਗੁਰਦੁਆਰੇ ਦੀ ਇਮਾਰਤ ਵੀ ਲੋਕਾਂ ਵੰਡ ਦਿੱਤੀ ਹੈ। ਪ੍ਰਕਾਸ਼ ਅਸਥਾਨ ਇਕ ਪੁਲਸ ਕਰਮਚਾਰੀ ਕੋਲ ਹੈ, ਜੋ ਕਿਸੇ ਨੂੰ ਦਰਸ਼ਨ ਵੀ ਨਹੀਂ ਕਰਨ ਦਿੰਦਾ। ਇਮਾਰਤ ਉਪਰ ਵੱਡਾ ਸਾਰਾ ਗੁੰਬਦ ਹੈ ਅਤੇ ਹੇਠਾਂ ਛੋਟੇ ਚਾਰ ਗੁੰਬਦ ਹਨ। ਹੇਠਾਂ ਆਸ-ਪਾਸ ਚਾਰ ਹੋਰ ਵੱਡੇ ਗੁੰਬਦ ਹਨ, ਜਿਨ੍ਹਾਂ ਹੇਠ ਦੀਵਾਰਾਂ ਉਪਰ ਛੋਟੇ-ਛੋਟੇ ਪੰਜ ਦਰਜਨ ਗੁੰਬਦ ਅੱਜ ਵੀ ਦੂਰੋਂ ਨਜ਼ਰੀਂ ਪੈਂਦੇ ਹਨ। ਗੁਰਦੁਆਰੇ ਦੀ ਇਮਾਰਤ ਪੱਕੀ ਹੈ ਪਰ ਲਕੜੀ ਦੀਆਂ ਖਿੜਕੀਆਂ ਤੇ ਦਰਵਾਜ਼ੇ ਗਾਇਬ ਕੀਤੇ ਗਏ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਨਾਲ ਚਾਲੀ ਮੁਰੱਬੇ (1000 ਏਕੜ) ਜ਼ਮੀਨ ਲਗਾਈ ਹੈ। ਕਦੀ ਇਸ ਪਵਿੱਤਰ ਅਸਥਾਨ 'ਤੇ ਵਿਸਾਖ, ਚੇਤਰ ਤੇ ਭਾਦਰੋਂ ਨੂੰ ਜੋੜ-ਮੇਲਾ ਲੱਗਦਾ ਸੀ। ਪਾਕਿਸਤਾਨ ਸਰਕਾਰ ਨੂੰ ਇਸ ਇਤਿਹਾਸਕ ਅਸਥਾਨ ਨੂੰ ਠੀਕ ਕਰਕੇ ਸੁਰੱਖਿਅਤ ਰੱਖਣਾ ਚਾਹੀਦਾ ਹੈ।

**ਪੁਸਤਕ ਸੂਚੀ**:-1. ਇਕਬਾਲ ਕੈਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਅਸਥਾਨ, ਲਾਹੌਰ, 1998 2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਕੇਵਲ

ਹਰਿਆਣਾ ਦੇ ਜ਼ਿਲ੍ਹਾ ਸਿਰਸਾ ਦਾ ਇਕ ਪਿੰਡ ਕੇਵਲ ਹੈ, ਜੋ ਤਲਵੰਡੀ ਸਾਬੋ ਦੇ ਦੱਖਣ ਵੱਲ 17 ਕਿਲੋਮੀਟਰ ਦੂਰ ਹੈ। ਸਾਖੀ ਪੋਥੀ ਅਨੁਸਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਨੂੰ ਜਾਣ ਸਮੇਂ (30 ਅਕਤੂਬਰ 1706) ਪਹਿਲੀ ਰਾਤ ਇਸੇ ਪਿੰਡ ਵਿਸਰਾਮ ਕੀਤਾ ਸੀ। ਗੁਰਦੁਆਰਾ ਪਾਤਸ਼ਾਹੀ ਦਸਵੀਂ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇਸ ਵਿੱਚ ਇਕ ਵੱਡਾ ਹਾਲ, ਵਿੱਚਕਾਰ ਪ੍ਰਕਾਸ਼ ਅਸਥਾਨ ਗੁੰਬਦਨੁਮਾ ਹੈ। ਗੁਰਦੁਆਰੇ ਨਾਲ 20 ਏਕੜ ਜ਼ਮੀਨ ਹੈ। ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਤਲਵੰਡੀ ਸਾਬੋ ਦਾ ਅਕਸ਼ਾਂਸ਼ 290-59 ਅਤੇ ਰੇਖਾਂਸ਼ ਦੇਸ਼ਾਂਤਰ 750-5 ਹੈ।

ਪੁਸਤਕ ਸੂਚੀ:-1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

ਗੁਰੂ ਨਾਨਕ ਗੁਰਦੁਆਰਾ ਗਲਾਸਗੋ (ਸਕੌਟਲੈਂਡ) ਵਿਖੇ
2 ਸੇਵਾਦਾਰਾਂ ਦੀ ਜ਼ਰੂਰਤ

2 VACANCIES - Job Title: Minister of Religion at
GURU NANAK GURDWARA GLASGOW

An opportunity has arisen for the posts of minister of religion (x2) at Guru Nanak gurdwara, Glasgow. We need Kirtani Jatha of 2 minister of religion (tier 2) to do the following duties:
***Job Purpose:*** Perform and Understand Gurbani Kirtan hymns, katha and playing the Harmonium and Tabla in accordance with the tenets of the Sikh Faith. Main Duties include: Performing Kirtan, Nitnem, Sukhmani Sahib Path, Ardaas and Sukhasan duties, alongside other general Gurdwara duties. Officiating at weddings, funerals and other ceremonies in accordance with Sikh Maryada.
Recite the daily Sikh prayer from Sri Guru Granth Sahib Ji, singing hymns, conduct weekly Diwan and preach Sikh Religion to congregation. Home visitation. To work collaboratively with all internal teams, departments and external agencies. Any other job as directed by the Gurdwara Committee. The Workers will be responsible for locking and unlocking the Gurdwara premises.
***Personnel Specification:*** Working Hours: 20 hours per week
**Salary:** National Minimum Wage per working hour.
**Benefits:** - accommodation within gurdwara (not free)
**Requirements:** Must be able to read and speak Punjabi and English. Must have sufficient experience. Clean character certificate required from previous employer. Good communicational and interpersonal skills.
**Other details:** Applicants have to be a UK resident or have the right to work in the UK.
**Closing Date:** *Please send your application before 3rd July 2026*
***How to Apply-*** *To apply, please complete the application form at the link below or scan the QR code:*
*https://form.jotform.com/Glasgow_info/application-form*

FOR MORE INFORMATION PLEASE CONTACT :- Whats App 0141 334 9125

GURU NANAK GURDWARA
19-27 OTAGO ST., GLASGOW, G12 8JJ, U.K.

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–47

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਪੁਰਾਤਨ ਜਨਮ ਸਾਖੀ 1883 ਈ. ਵਿੱਚ ਕਰੋਲਬੁੱਕ ਸਾਹਿਬ ਵੱਲੋਂ ਫੋਟੋ ਕਰਕੇ ਵਿਲਾਇਤ ਤੋਂ ਮੰਗਵਾਈ ਗਈ। ਗਵਰਨਰ ਪੰਜਾਬ ਵੱਲੋਂ ਇਕ ਇਕ ਕਾਪੀ ਵੱਡੇ ਵੱਡੇ ਸਿੱਖ ਸਰਦਾਰਾਂ ਨੂੰ ਤੋਹਫੇ ਵਜੋਂ ਭੇਟ ਕੀਤੀ ਗਈ। ਜ਼ਿੰਕੋਗਰਾਫੀ ਹੋਈ ਪੋਥੀ ਸੌਖੀ ਨਾ ਪੜ੍ਹੀ ਜਾਣ ਕਰਕੇ ਵਧੇਰੇ ਪਾਠਕਾਂ ਦੇ ਲਾਭ ਲਈ ਇਹ ਪੋਥੀ ਸਿੰਘ ਸਭਾ ਲਾਹੌਰ ਨੇ ਪੱਥਰ ਦੇ ਛਾਪੇ ਵਿੱਚ ਛਾਪੀ। ਇਸ ਦਾ ਨਾਂ ਦੇਹਰਾਦੂਨ ਵਾਲੀ ਜਨਮਸਾਖੀ ਪਿਆ। ਹਾਫਜ਼ਾਬਾਦ ਵਾਲੀ ਜਨਮਸਾਖੀ ਵੀ ਇਸਦੇ ਨਾਲ ਮਿਲਦੀ ਸੀ। ਹਾਫਜ਼ਾਬਾਦ ਗੁਰਦੁਆਰੇ ਦੀ ਮੁਰੰਮਤ ਸਮੇਂ ਇਕ ਪੋਥੀ ਲੱਭੀ। ਉਸ ਜਨਮਸਾਖੀ ਦੀ ਪੱਤਰੀ ਪ੍ਰੋ: ਗੁਰਮੁਖ ਸਿੰਘ ਜੀ ਨੇ ਲਾਹੌਰ ਲਿਆਂਦੀ, ਵਲੈਤ ਵਾਲੀ ਜਨਮਸਾਖੀ ਨਾਲ ਮੇਲ ਕੇ ਮੈਕਾਲਫ ਸਾਹਿਬ ਨੇ ਇਹ ਜਨਮਸਾਖੀ ਪ੍ਰੋ: ਗੁਰਮੁਖ ਸਿੰਘ ਹੁਰਾਂ ਦੀ ਮਦਦ ਨਾਲ ਛਪਾਈ।**

## ਤਿਸ ਕਾ ਪਰਮਾਰਥ :

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਸੁਨਹ ਗੁਸਾਈਂ ਕਬੀਰ ਜੀ! ਸੰਤ ਅਰੁ ਸਾਕਤ ਮਹਿ ਇਤਨਾ ਫਰਕੁ ਹੈ। ਸੰਤ ਜਿ ਹੈ ਸਿ ਪਮਰੇਸ਼ਰ ਕਾ ਹਿਤ ਚਿਤੁ ਹੈ। ਅਰੁ ਸੰਤ ਕੇ ਹਿਤੁ ਕਾ ਬਿਸੇਖੁ ਕਿਉ ਕਰ ਜਾਈਐ? ਸੰਤਾਂ ਸਾਥਿ ਜਿ ਸੰਤ ਕੇ ਹਿਤ ਕਰ ਤ੍ਰੈਲੋਕ ਪੈਦਾ ਕੀਏ ਹੈ। ਸੰਤਾਂ ਕੇ ਹੇਤੁ ਪਰਮੇਸ਼ਰ ਬੈਕੁੰਠ ਰਚਿਆ ਹੈ। ਏਹ ਸੁਖ ਜਿ ਹੈ ਸਿ ਸੰਤਾ ਕੇ ਹਿਤ ਕਰਿ ਪਰਮੇਸੁਰ ਰਚਿਆ ਹੈ। ਸੰਤਾ ਮਹਿ ਅਰੁ ਸਾਕਤਾਂ ਮਹਿ, ਕਬੀਰ ਗੁਸਾਈਂ ਜੀ! ਇਤਨਾ ਫਰਕੁ ਹੈ। ਪਰ ਸੰਤ ਸੋਈ ਜਿਨ ਨਿਜ ਆਤਮਾ ਪਰ ਆਤਮਾ ਏਕੋ ਕਰ ਜਾਨਿਆ ਹੈ। ਸੋਈ ਸੰਤ ਹੈ। ਪਰਮੇਸ਼ਰ ਕਉ ਸੋਈ ਜਾਣੇ ਜਿਨਿ ਆਤਮੁ ਰਾਮ ਪਛਾਨਿਆ। ਆਤਮਾ ਰਾਮ ਕਾ ਪਛਾਨਣਾ ਕਿਆ ਹੈ? ਜਿ ਤੈਸੀ ਆਪਣੇ ਕੀ ਪੂਜਾ ਕਰੈ, ਤੈਸੀ ਪਰ ਆਤਮੈ ਕੀ ਪੂਜਾ ਕਰੈ, ਭਿੰਨ ਨਾ ਕਿਸੀ ਕਉ ਜਾਣੈ। ਸੁ ਸੰਤ ਪਰਮੇਸ਼ਰ ਕਾ ਉਸ ਹੀ ਸਿਉ ਹਿਤ ਪਰਮੇਸਰ ਕਾ, ਜਿ ਹਰ ਆਤਮੈ ਕਉ ਏਕ ਕਰ ਜਾਏ। ਕੋਈ ਜੀਉ ਹੋਇ ਤਿਸ ਕਉ ਆਪਣਾ ਜੀਉ ਕਰਹ ਜਾਣੈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ:

ਸਾਚੁ ਰਿਦੈ ਸਚ ਪ੍ਰੇਮ ਨਿਵਾਸ॥ ਪ੍ਰਣਵਤਿ ਨਾਨਕ ਹਮ ਤਾਕੇ ਦਾਸ॥੯॥੮॥

(ਗਉੜੀ ਮ: 1–224)

## ਤਿਸ ਕਾ ਪਰਮਾਰਥ:

ਤਬ ਗੁਰੂ ਬਾਬੇ ਨਾਨਕ ਜੀ ਕਿਹਾ ਜਿ, ਸੁਨਹੋ ਕਬੀਰ ਗੁਸਾਈਂ ਜੀ! ਜਿਸ ਕੇ ਹਿਰਦੇ ਸਚੁ ਹੈ ਅਰੁ ਜਿਸ ਦਾ ਸਚੁ ਸਿਉਂ ਪ੍ਰੇਮ ਹੈ, ਸਚੁ ਹੀ ਕੀ ਰਹਤ ਹੈ ਸਚ ਹੀ ਸਚੁ ਬੋਲਤਾ ਹੈ, ਸਚ ਹੀ ਕਮਾਵਤਾ ਹੈ, ਹਮ ਤਿਸ ਜਨ ਕੇ ਦਾਸ ਹੈ, ਉਹ ਹਮਾਰਾ ਗੁਰੂ ਹੈ, ਉਹ ਹਮਾਰਾ ਪ੍ਰਭੂ ਹੈ ਜਿ ਸਚ ਕੀ ਪਰ ਕਿਰਤ ਹੈ। ਤਬ ਗੁਰੂ ਬਾਬੇ ਨਾਨਕ ਜੀ ਕਿਹਾ ਜਿ, ਏਹੁ ਦੁਲੰਭ ਦਰਸਨੁ ਹਮ ਕਉ ਹੂਆ। ਤਬ ਗੁਰੂ ਬਾਬੇ ਨਾਨਕ ਕਬੀਰ ਗੁਸਾਈਂ ਆਪ ਮਹਿ ਬਿਦਾਕਰ ਰਾਮ ਰਵਤ ਭਏ। ਬੋਲਹੁ ਭਾਈ ਵਾਹਿਗੁਰੂ, ਧੰਨ ਗੁਰੂ ਸਤਿਗੁਰੂ।

ਸਲੋਕ॥
ਸਚੁ ਨਾਮ ਅਰਾਧਿਆ,
ਸਚੀ ਕਾਰ ਕਮਾਇ॥
ਨਾਨਕ ਦਾਸ ਤਿਨ ਜਨਹ ਕਉ
ਸਦਾ ਬਲਿਹਾਰੇ ਜਾਇ॥
ਬੋਲਹੁ ਭਾਈ ਵਾਹਿਗੁਰੂ ਧੰਨ
ਗੁਰੂ ਸਤਿਗੁਰੂ।

ਮੇਹਰਵਾਨ ਦੀ ਸਿੱਖੀ ਦੀ ਵਿਚਾਰਧਾਰਾ ਰਲਵੀਂ ਜਿਹੀ ਸੀ। ਪਿੱਛੋਂ ਜਾ ਕੇ ਉਹ ਦੀਨ ਇਲਾਹੀ ਜਿਹੀ ਘੁਸ ਮੁਸੀ ਤੇ ਮਿਲ ਗੋਭਾ ਜਿਹੀ ਸਿੱਖੀ ਦੇ ਵੀ ਵਿਆਖਿਆਕਾਰ ਬਣ ਗਏ ਸਨ। ਗੋਸ਼ਟਾਂ ਲਿਖਣ ਸਮੇਂ ਖੁੱਲ੍ਹੇ ਖੁਲਾਸੇ ਵਿਚਰੇ। ਉਨ੍ਹਾਂ ਨੇ ਉਸ ਸਮੇਂ ਤੱਕ ਪ੍ਰਸਿੱਧ ਹੋਏ ਸੰਤਾਂ ਭਗਤਾਂ, ਮੁਹੰਮਦ ਸਾਹਿਬ, ਪੀਰਾਂ, ਪੈਗੰਬਰਾਂ, ਔਲੀਆਂ, ਫ਼ਕੀਰਾਂ ਵਿੱਚੋਂ ਸ਼ਾਇਦ ਹੀ ਕੋਈ ਆਪਣੇ ਘੇਰੇ ਤੋਂ ਬਾਹਰ ਰਹਿਣ ਦਿੱਤਾ ਹੋਵੇ। ਕਬੀਰ ਜੀ ਪ੍ਰਤੀ ਉਨ੍ਹਾਂ ਦਾ ਝੁਕਾਉ ਕਬੀਰ ਪੰਥੀਆਂ ਜਿਹਾ ਹੀ ਮਿੱਸਾ ਘਿੱਸਾ ਸੀ, ਮਨੋ ਵਿਰਤੀ ਵੀ ਉਜੇਹੀ ਹੀ ਰਲ–ਗੱਡ ਬਣ ਗਈ ਸੀ। ਜਿਸ ਕਾਰਨ ਉਨ੍ਹਾਂ ਕਬੀਰ ਦੀਆਂ ਵੱਖਰੀਆਂ ਗੋਸ਼ਟਾਂ ਲਿਖੀਆਂ ਜਾਂ ਲਿਖਵਾਈਆਂ। ਉਪਰ ਦਿੱਤਾ, ਗੁਰੂ ਨਾਨਕ ਕਬੀਰ ਜੀ ਦੀ ਮਿਲਣ ਦਾ ਪ੍ਰਸੰਗ ਹੈ। ਇਸ ਮਿਲਣੀ ਸਮੇਂ ਕਬੀਰ ਜੀ ਨੂੰ ਗੁਰੂ ਨਾਨਕ ਜੀ ਵੱਲੋਂ ਉਪਦੇਸ਼ ਦੇਣ ਦੀ ਸੁਰ ਉਭਰ ਕੇ ਸਾਹਮਣੇ ਆਉਂਦੀ ਹੈ। ਕਬੀਰ ਜੀ ਵੱਲੋਂ ਗੁਰੂ ਜੀ ਪ੍ਰਤਿ ਸਤਿਕਾਰ ਅਤੇ ਮਹਾਨਤਾ ਦਾ ਪ੍ਰਬਲ ਪ੍ਰਗਟਾਵਾ ਕੀਤਾ ਹੋਇਆ ਹੈ।

ਪੁਰਾਤਨ ਜਨਮ ਸਾਖੀ 1883 ਈ. ਵਿੱਚ ਕਰੋਲਬੁੱਕ ਸਾਹਿਬ ਵੱਲੋਂ ਫੋਟੋ ਕਰਕੇ ਵਿਲਾਇਤ ਤੋਂ ਮੰਗਵਾਈ ਗਈ। ਗਵਰਨਰ ਪੰਜਾਬ ਵੱਲੋਂ ਇਕ ਇਕ ਕਾਪੀ ਵੱਡੇ ਵੱਡੇ ਸਿੱਖ ਸਰਦਾਰਾਂ ਨੂੰ ਤੋਹਫੇ ਵਜੋਂ ਭੇਟ ਕੀਤੀ ਗਈ। ਜ਼ਿੰਕੋਗਰਾਫੀ ਹੋਈ ਪੋਥੀ ਸੌਖੀ ਨਾ ਪੜ੍ਹੀ ਜਾਣ ਕਰਕੇ ਵਧੇਰੇ ਪਾਠਕਾਂ ਦੇ ਲਾਭ ਲਈ ਇਹ ਪੋਥੀ ਸਿੰਘ ਸਭਾ ਲਾਹੌਰ ਨੇ ਪੱਥਰ ਦੇ ਛਾਪੇ ਵਿੱਚ ਛਾਪੀ। ਇਸ ਦਾ ਨਾਂ ਦੇਹਰਾਦੂਨ ਵਾਲੀ ਜਨਮਸਾਖੀ ਪਿਆ। ਹਾਫਜ਼ਾਬਾਦ ਵਾਲੀ ਜਨਮਸਾਖੀ ਵੀ ਇਸਦੇ ਨਾਲ ਮਿਲਦੀ ਸੀ। ਹਾਫਜ਼ਾਬਾਦ ਗੁਰਦੁਆਰੇ ਦੀ ਮੁਰੰਮਤ ਸਮੇਂ ਇਕ ਪੋਥੀ ਲੱਭੀ। ਉਸ ਜਨਮਸਾਖੀ ਦੀ ਪੱਤਰੀ ਪ੍ਰੋ: ਗੁਰਮੁਖ ਸਿੰਘ ਜੀ ਨੇ ਲਾਹੌਰ ਲਿਆਂਦੀ, ਵਲੈਤ ਵਾਲੀ ਜਨਮਸਾਖੀ ਨਾਲ ਮੇਲ ਕੇ ਮੈਕਾਲਫ ਸਾਹਿਬ ਨੇ ਇਹ ਜਨਮਸਾਖੀ ਪ੍ਰੋ: ਗੁਰਮੁਖ ਸਿੰਘ ਹੁਰਾਂ ਦੀ ਮਦਦ ਨਾਲ ਛਪਾਈ। ਇਨ੍ਹਾਂ ਪੋਥੀਆਂ ਦੇ ਮੇਲ ਤੋਂ ਪਿੱਛੋਂ ਹੁਣ ਇਹ ਜਨਮਸਾਖੀ (ਪੁਰਾਤਨ ਜਨਮਸਾਖੀ) ਵਲਾਇਤ ਵਾਲੀ ਜਨਮਸਾਖੀ ਦੇ ਨਾਮ ਹੇਠਾਂ ਪ੍ਰਚੱਲਤ ਹੋਈ ਮਿਲਦੀ ਹੈ। ਇਸ ਦਾ ਲਿਖਣ ਸਮਾਂ ਛੇਵੇਂ ਗੁਰੂ ਜੀ ਵੇਲੇ ਦਾ ਮੰਨਿਆ ਗਿਆ ਹੈ। ਇਸ ਜਨਮਸਾਖੀ ਵਿੱਚ ਪ੍ਰਾਣ ਸੰਗਲੀ ਲਿਖਣ ਦੀ ਸਾਖੀ (42) ਵੀ ਆਉਂਦੀ ਹੈ। ਉਸੇ ਪ੍ਰਾਣ ਸੰਗਲੀ ਬਾਰੇ ਇਹ ਲੇਖ ਹੈ, ਜਿਸ ਦਾ ਹਿੰਦੀ ਅਨੁਵਾਦ ਸੰਤ ਸੰਪੂਰਨ ਸਿੰਘ ਜੀ ਨੇ ਕੀਤਾ। ਜਿਸ ਵਿੱਚ ਕਬੀਰ ਰਾਮਾਨੰਦ ਦੀਆਂ ਗੋਸ਼ਟੀਆਂ ਸੈਦੋ ਜੱਟ, ਛੀਂਬੇ ਸੀਹੋਂ ਦੀਆਂ ਲਿਖੀਆਂ ਹੋਈਆਂ ਹਨ, ਜਿਨ੍ਹਾਂ ਨੇ ਹੋਰ ਬਾਣੀ ਵੀ ਲਿਖੀ ਹੈ।

ਇਕ ਹੋਰ ਪੁਰਾਤਨ ਜਨਮਸਾਖੀ ਹੁਣੇ ਲੱਭੀ ਤੇ ਛਾਪੀ ਗਈ ਹੈ ਇਸ ਦੀ ਲਿਖਤੀ ਪੱਤਰੀ ਇੰਡੀਆ ਆਫਸ ਲਾਇਬਰੇਰੀ (ਹੱਥ ਲਿਖਤ) ਵਿੱਚ ਸੰਭਾਲੀ ਹੋਈ ਮਿਲਦੀ ਹੈ। ਇਸ ਪੱਤਰੀ ਦੀ ਇਕ ਹੱਥ ਲਿਖਤ ਨਕਲ (ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਲਾਇਬਰੇਰੀ ਹੱਥ ਲਿਖਤਾਂ ਵਿੱਚ) ਸੁਰਖਸ਼ਤ ਹੈ। ਵਲੈਤ ਵਿੱਚ ਭੀ ਇਹ ਜਨਮਸਾਖੀ ਵਿਸ਼ੇਸ਼ ਵਸਤੂਆਂ ਵਿੱਚ (ਪੰਜਾਬੀ ਬੀ 40) ਸੰਭਾਲੀ ਹੋਈ ਹੈ। ਉਥੋਂ ਭੀ ਅਸੀਂ ਕੁਝ ਫੋਟੋ ਪ੍ਰਾਪਤ ਕੀਤੇ ਹਨ।

ਇਸ ਜਨਮਸਾਖੀ ਦੇ ਅੰਤ ਵਿੱਚ ਨਕਲ ਕਰਨ ਵਾਲੇ ਨੇ ਆਪਣੇ ਬਾਰੇ ਵੇਰਵਾ ਅਤੇ ਸੰਮਤ ਅੰਕਤ ਕੀਤਾ ਹੈ। ਸੰਮਤ 1790 ਮਿਤੀ ਭਾਦ੍ਰੋ ਸੁਦੀ ਤਿੰਨ। ਵਾਰ ਸ਼ੁਕਰ। ਜੋਗ ਸੰਪੂਰਣ ਹੋਈ। ਲਿਖਤੁ ਫਕੀਰ ਹਕੀਰ ਤਕਸੀਰ ਸੰਗਤ ਕਾ ਗੁਲਾਮ ਸੰਗਤ ਕਾ ਟਾਲੀਆ ਦਇਆ ਰਾਮ ਅਬਰੋਲ ਕਾ ਪੈਰੀ ਪਵਣਾ ਵਾਚਣਾ।


ਇਸੇ ਸੰਮਤ ਮਾਘ ਦੂਜ ਐਤਵਾਰ ਨੂੰ ਇਸੇ ਲੇਖਕ ਦੀ ਧਿਆਉ ਬਿਹੰਗਮ ਕਾ ਇਕ ਹੋਰ ਲਿਖਤ ਮਿਲਦੀ ਹੈ। ਜਨਮਸਾਖੀ ਦਾ ਲਿਖਣ ਸਮਾਂ ਸਾਰੇ ਪੱਖਾਂ ਤੋਂ ਪੜਤਾਲਕੇ ਵਿਦਵਾਨਾਂ ਨੇ ਸੰਮਤ 1790 ਸੰਨ 1733 ਮੰਨਿਆ ਹੈ। ਰਚਣਕਾਲ ਹੀ ਪਹਿਲਾਂ ਦਾ ਨਿਸ਼ਚੇ ਹੋ ਸਕਦਾ ਹੈ।

ਇਸ ਜਨਮਸਾਖੀ ਵਿੱਚ ਕੁਝ ਕਲਮੀ ਚਿੱਤਰ (ਤਸਵੀਰਾਂ) ਭੀ ਹਨ। ਉਨ੍ਹਾਂ ਵਿੱਚ ਕਬੀਰ ਜੀ ਨਾਲ ਗੁਰੂ ਨਾਨਕ ਜੀ ਦਾ ਚਿੱਤਰ ਹੋਣਾ ਵਿਸ਼ੇਸ਼ ਧਿਆਨ ਯੋਗ ਹੈ। ਚਿੱਤਰ ਕਬੀਰ ਜੀ ਨਾਲ ਗੁਰੂ ਨਾਨਕ ਸਮੇਂ ਹੋਈ ਗੋਸ਼ਟ ਦੇ ਸਾਹਮਣੇ ਸਫ਼ਾ 103 ਚਿੱਤਰ ਦੇ ਅੱਗੇ ਦਿੱਤੀ ਕਬੀਰ ਜੀ ਨਾਲ

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**07966 388 388**




ਹੋਈ ਗੋਸ਼ਟੀ ਅੰਕਤ ਹੈ:

## ਸਾਖੀ ਬਾਬੇ ਜੀ ਕੀ ਕਬੀਰ ਭਗਤ ਨਾਲ ਹੋਈ:

ਫਿਰ ਬਾਬਾ ਜੀ ਉਥੋਂ ਚਲੇ। ਕਬੀਰ ਭਗਤੁ ਨਾਲ ਗੋਸ਼ਟ ਹੋਈ।

## ਕੰਬੀਰ ਵਾਚ:

ਚਰਨਿ ਲਾਗ ਕਰਉ ਬੇਨਤੀ
ਕੋਪੁ ਨ ਕਰੀਐ ਦੇਵਾ।
ਅਗਮ ਅਗਾਧ ਬਿਖਮ ਪਦੁ ਕਹੀਐ
ਸੋ ਪਾਈਐ ਕਿਤ ਸੇਵਾ।
ਮੋਹ ਸਮਝਾਇ ਕਹੋ ਗੁਰ ਪੂਰੇ
ਭਿਨ ਭਿਨ ਅਰਥੁ ਦਿਖਾਵੋ।
ਜਿਸ ਬਿਧੁ ਪ੍ਰੇਮ ਅਭੇਦ ਪਦੁ ਪਾਈਐ
ਸਾ ਬਿਧ ਦੇਹੁ ਬਤਾਵੋ।
ਮਨ ਬਚ ਕਰਮੁ ਕ੍ਰਿਪਾ ਕਰ ਦੀਜੈ
ਸਬਦ ਅਚਾਰੋ।
ਕਹਤ ਕੰਬੀਰ ਸੁਨਹੁ ਗੁਰੁ ਪੂਰੇ
ਕਿਉ ਪਾਈਆ ਪ੍ਰਭ ਪਾਰੋ॥੧॥

ਇਨ੍ਹਾਂ ਭਾਵਾਂ ਨਾਲ ਮਿਲਦਾ ਜੁਲਦਾ ਕਬੀਰ ਜੀ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਾ ਰਾਗ ਵਿੱਚ ਸ਼ਬਦ ਮੇਲਕੇ ਪੜ੍ਹਨ ਯੋਗ ਹੈ:

ਗੁਰ ਚਰਣ ਲਾਗਿ ਹਮ ਬਿਨਵਤਾ
ਪੂਛਤ ਕਹਿ ਜੀਉ ਪਾਇਆ।
ਕਵਨ ਕਾਜਿ ਜਗੁ ਉਪਜੈ ਬਿਨਸੈ
ਕਹਹੁ ਮੋਹਿ ਸਮਝਾਇਆ।
ਦੇਵ ਕਰਹੁ ਦਇਆ ਮੋਹਿ ਮਾਰਗਿ
ਲਾਵਹੁ ਜਿਤੁ ਭੈ ਬੰਧਨ ਤੂਟੈ।
ਜਨਮ ਮਰਨ ਦੁਖ ਫੇੜ ਕਰਮ
ਸੁਖ ਜੀਅ ਜਨਮ ਤੇ ਛੂਟੈ॥੧॥
ਮਾਇਆ ਫਾਸ ਬੰਧ ਨਹੀ ਫਾਰੈ
ਅਰੁ ਮਨ ਸੁੰਨਿ ਨ ਲੂਕੇ।
ਆਪਾ ਪਦੁ ਨਿਰਬਾਣੁ ਨਾ ਚੀਨਿਆ
ਇਨ ਬਿਧਿ ਅਭਿਉ ਨ ਚੂਕੈ॥੨॥
ਕਹੀ ਨ ਉਪਜੈ ਉਪਜੀ ਜਾਣੈ
ਭਾਵ ਅਭਾਵ ਬਿਹੂਣਾ।
ਉਦੈ ਅਸਤ ਕੀ ਮਨ ਬੁਧਿ ਨਾਸੀ
ਤਉ ਸਦਾ ਸਹਿਜ ਲਿਵਲੀਣਾ।
ਜਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ
ਉਦਕ ਕੁੰਭੁ ਬਿਗਰਾਨਾ।
ਕਹੁ ਕਬੀਰ ਐਸਾ ਗੁਣ ਭ੍ਰਮੁਭਾਗਾ
ਤਉ ਮਨ ਸੁੰਨਿ ਸਮਾਨਾ॥੪॥੧॥

(ਆਸਾ ਕਬੀਰ–475)


ਮੂਲ ਵਾਰਤਾ ਹੋਰ ਅੱਗੇ ਚਲਦੀ ਹੈ। ਗੋਸ਼ਟੀ ਦਾ ਭਾਗ ਇਸ ਤਰ੍ਹਾਂ ਹੈ:

ਚਲਦਾ......

# ਕਾਵਿ-ਕਿਆਰੀ

## ਗ਼ਜ਼ਲ

ਜਦ ਸਭ ਕੁਝ ਹੀ ਹੈ ਅੱਲਾ ਦੇ ਵੱਸ,
ਤਾਂ ਫਿਰ ਤੂੰ ਕਿਉਂ ਰੋਏਂ, ਮੈਨੂੰ ਦੱਸ।
ਮਿਹਨਤ ਕਰਕੇ ਤੂੰ ਕੁਝ ਬਣ ਕੇ ਦੱਸ,
ਤਾਂ ਹੀ ਮਿਲਣਾ ਤੈਨੂੰ ਜੱਗ ਤੇ ਜੱਸ।
ਹਿੰਮਤ ਹੋਵੇ ਜੇ ਕਰ ਬੰਦੇ ਕੋਲ,
ਦੁੱਖਾਂ ਦੇ ਰਾਖਸ਼ ਫਿਰ ਜਾਂਦੇ ਨੱਸ।
ਕੋਈ ਨੂੰਹ ਨਾ ਮਰੇਗੀ ਲਾ ਕੇ ਅੱਗ,
ਜੇ ਕਰ ਮਾਂ ਬਣ ਜਾਏ ਹਰ ਇਕ ਸੱਸ।
ਉਹ ਐਵੇਂ ਲੜਦਾ ਫਿਰੇ ਲੋਕਾਂ ਨਾਲ,
ਜਿਸ ਨੂੰ ਗ਼ਮ ਦਾ ਨਾਗ ਹੈ ਜਾਂਦਾ ਡੱਸ।
ਮੱਥੇ ਸਦਾ ਤੂੰ ਪਾਈ ਰੱਖਦੈਂ ਵੱਟ।
ਸਾਡੇ ਨਾਲ ਕਦੇ ਤਾਂ ਲਿਆ ਕਰ ਹੱਸ।
ਹਾਕਮ ਨੇ ਨਵਾਂ ਕੀ ਦੇਣਾ ਸੀ ਹੋਰ,
ਸਾਥੋਂ ਪਹਿਲਾ ਵੀ ਉਸ ਲਿਆ ਹੈ ਖੱਸ।



ਮਹਿੰਦਰ ਸਿੰਘ ਮਾਨ

* * * *

## ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ



ਹੈ ਸ਼ਾਂਤੀ ਦਾ ਅਵਤਾਰ, ਮੇਰਾ ਅਰਜਨ ਗੁਰੂ।
ਹੈ ਸੱਚ ਦਾ ਪਹਿਰੇਦਾਰ, ਮੇਰਾ ਅਰਜਨ ਗੁਰੂ।
ਤਵੀ ਤੱਤੀ, ਰੇਤ ਤੱਤੀ, ਦੇਗ਼ਾ ਉਬਾਲ਼ੇ ਮਾਰਦਾ,
ਅੰਦਰੋਂ ਸੀ ਠੰਢਾ ਠਾਰ, ਐਪਰ ਅਰਜਨ ਗੁਰੂ।
ਸੂਰਜ ਤਪੇਂਦਾ ਜੇਠ ਦਾ, ਸੀ ਹਰ ਸ਼ੈਅ ਸਾੜਦਾ,
ਹਿਮਾਲਾ ਦੀ ਗੰਗਧਾਰ , ਐਪਰ ਅਰਜਨ ਗੁਰੂ।
ਦੇਣ ਦੇ ਲਈ ਹੌਸਲਾ, ਨਿਮਾਣੇ ਨਿਤਾਣਿਆਂ ਨੂੰ,
ਧੀਰਜ ਦਾ ਇਕ ਅੰਬਾਰ, ਮੇਰਾ ਅਰਜਨ ਗੁਰੂ।
ਪੀੜ ਪੀਤੀ ਜਗਤ ਦੀ, ਤੱਤੀ ਤਵੀ 'ਤੇ ਬੈਠ ਕੇ,
ਹੈ ਦੁਖੀਆਂ ਦਾ ਗ਼ਮਖਾਰ, ਮੇਰਾ ਅਰਜਨ ਗੁਰੂ।
ਡਿੱਠਾ ਨਾ ਕਿਧਰੇ ਹੋਰ, ਹਰਿਮੰਦਰ ਜੋ ਸਾਜਿਆ,
ਐਸਾ ਉਹ ਇਮਾਰਤਕਾਰ, ਮੇਰਾ ਅਰਜਨ ਗੁਰੂ।
ਅੰਮ੍ਰਿਤ ਭਰਿਆ ਥਾਲ, ਲੋਕਾਈ ਨੂੰ ਉਹ ਦੇ ਗਿਆ,
ਸੱਤ, ਸੰਤੋਖ ਅਤੇ ਵਿਚਾਰ, ਮੇਰਾ ਅਰਜਨ ਗੁਰੂ।
ਸਿਰੜ, ਸਿਦਕ, ਸਦਾਕਤ ਦਾ ਉਹ ਮੁਜੱਸਮਾ,
ਹੈ ਬਾਣੀ ਦਾ ਸ਼ਾਹਸਵਾਰ, ਮੇਰਾ ਅਰਜਨ ਗੁਰੂ।
ਇਕੋ ਖੁਦਾ ਦਾ ਨੂਰ , ਸਭਨਾਂ ਵਿਚ ਉਹ ਦੇਖਦਾ,
ਯਾਰ ਸੀ ਮੀਆਂ ਮੀਰ ਦਾ, ਮੇਰਾ ਅਰਜਨ ਗੁਰੂ।
ਕੋਹੜੀਆਂ ਦੇ ਬੰਨ੍ਹੇ ਪੱਟੀਆਂ, ਉਹ ਹੱਥੀਂ ਆਪਣੀਂ,
ਦੁਖ ਨਿਵਾਰਣਹਾਰ ਉਹ, ਮੇਰਾ ਅਰਜਨ ਗੁਰੂ।
ਜ਼ੁਲਮ ਕਰਨੇ ਵਾਲਿਆਂ ਦਾ, ਭਲਾ ਹਮੇਸ਼ਾ ਮੰਗਦਾ,
ਹੈ ਸਭ ਨੂੰ ਬਖ਼ਸ਼ਣਹਾਰ, ਮੇਰਾ ਅਰਜਨ ਗੁਰੂ।
ਐਸੀ ਨਾ ਦੇਖੀ ਇੰਤਹਾ, ਜ਼ੁਲਮ ਦੀ ਪਹਿਲਾਂ ਕਦੇ,
ਸ਼ਹੀਦਾਂ ਦਾ ਸਿਰਦਾਰ ਤਾਂਹੀਂ, ਮੇਰਾ ਅਰਜਨ ਗੁਰੂ।



ਨਿਰਮਲ ਸਿੰਘ ਕੰਧਾਲਵੀ

## ਠੰਡੜਾ ਬੁਰਜ ਮਾਤਾ ਗੁਜਰੀ

ਨਾ ਦਿਸਣ ਅਜੀਤ ਜੁਝਾਰ-ਜੋਰਾਵਰ ਫਤੇ ਸਿੰਘ ਸਰਦਾਰ
ਕਿਥੇ ਉਹ ਚਲੇ ਗਏ!
ਮੈਂ ਵੇਖ ਵੇਖ ਗਈ ਹਾਰ-ਨਾ ਦਿਸਦੇ ਸਿੰਘ ਸਰਦਾਰ
ਕਿਥੇ ਉਹ ਚਲੇ ਗਏ!!
ਅਨੰਦਪੁਰੋਂ ਸੀ ਇਕੱਠੇ ਹੀ ਚੱਲੇ।
ਆਈ ਸਰਸਾ ਪਿਆ ਵਿਛੋੜਾ ਪੱਲੇ।
ਵੱਡੇ ਪਿਉ ਸੰਗ ਫੜ ਹਥਿਆਰ-ਕਿਥੇ ਉਹ ਚਲੇ ਗਏ!
ਮੈਂ ਵੇਖ ਵੇਖ ਗਈ ਹਾਰ-ਕਿਥੇ ਉਹ ਚਲੇ ਗਏ!!

ਗੰਗੂ ਬਾਹਮਣ ਕਹਿਰ ਕਮਾਇਆ।
ਸਾਨੂੰ ਸੂਬੇ ਕੋਲ ਫੜਾਇਆ।
ਹੋ ਕੇ ਕੈਦ ਬੁਰਜ ਵਿੱਚਕਾਰ-ਕਿਥੇ ਉਹ ਚਲੇ ਗਏ!
ਮੈਂ ਵੇਖ ਵੇਖ ਗਈ ਹਾਰ-ਨਾ ਦਿਸਦੇ ਸਿੰਘ ਸਰਦਾਰ
ਕਿਥੇ ਉਹ ਚਲੇ ਗਏ!!

ਜੋਰਾਵਰ ਸਿੰਘ ਫਤੇ ਸਿੰਘ ਪੋਤੇ।
ਛੱਡ ਗਏ ਦਾਦੀ ਨੂੰ ਵੀ ਛੋਟੇ।
ਦੱਸੋ ਸਰਹੰਦ ਦੀ ਦੀਵਾਰ-ਕਿਥੇ ਉਹ ਚਲੇ ਗਏ!
ਮੈਂ ਵੇਖ ਵੇਖ ਗਈ ਹਾਰ-ਨਾ ਦਿਸਦੇ ਸਿੰਘ ਸਰਦਾਰ
ਕਿਥੇ ਉਹ ਚਲੇ ਗਏ!!

ਅਜੀਤ ਜੁਝਾਰ ਨਜ਼ਰ ਨਹੀਂ ਆਏ।
ਚਮਕੌਰ ਦੀ ਜੰਗੇ ---? ਸਿਧਾਏ।
ਚੰਨ ਜੰਡਿਆਲਵੀ
ਮੈਂ ਰੋਵਾਂ ਭੁੱਬਾਂ ਮਾਰ ਨਾ ਦਿਸਦੇ ਸਿੰਘ ਸਰਦਾਰ
ਕਿਥੇ ਉਹ ਚਲੇ ਗਏ!
ਨਾ ਦਿਸਣ ਅਜੀਤ ਜੁਝਾਰ-ਜੋਰਾਵਰ ਫਤੇ ਸਿੰਘ ਸਰਦਾਰ
ਕਿਥੇ ਉਹ ਚਲੇ ਗਏ, ਕਿਥੇ ਉਹ ਚਲੇ ਗਏ!




ਗੀਤਕਾਰ: ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ.ਕੇ.

## ਤਖਤੇ ਤੋਂ ਤਖਤ ਦਾ ਜਲਵਾ



ਤੱਤੀ ਤਵੀ ਨੇ ਜਦੋਂ ਵੰਗਾਰ ਪਾਈ, ਸ਼ਾਂਤ ਰਹਿ ਤਸੀਹੇ ਗੁਰੂ ਸਹਿ ਗਏ।
ਉਬਲਦੀ ਦੇਗ ਉਬਾਲੇ ਸੀ ਦੇ ਥੱਕੀ, ਤਪਦੀ ਰੇਤ ਦੇ ਕੜਛੇ ਸੀਸ ਪੈ ਗਏ।
ਛਾਲੇ ਛਾਲੇ ਸੀ ਜਦੋਂ ਸ਼ਰੀਰ ਹੋਇਆ, ਜ਼ਾਲਮ ਸਬਰ ਨੂੰ ਤੱਕਦੇ ਹੀ ਰਹਿ ਗਏ।
ਲਿਵ ਪਾਤਸ਼ਾਹ ਦੀ ਜਦੋਂ ਨਾ ਟੁੱਟੀ, ਦਿਲ ਪਾਪੀਆ ਦੇ ਬੁਰੀ ਤਰਾਂ ਢਹਿ ਗਏ।

ਸਾਈਂ ਮੀਆਂ ਮੀਰ ਪੁੱਛਦੇ ਪਾਤਸ਼ਾਹ ਨੂੰ, ਆਗਿਆ ਦਿਓ ਤਖਤ ਨੂੰ ਢਾ ਦੇਵਾਂ।
ਮੁਰਤਜ਼ਾ ਖਾਨ ਤੇ ਚੰਦੂ ਜਹੇ ਪਾਪੀਆਂ ਨੂੰ, ਹੁਕਮ ਕਰੋ ਤਾਂ ਸਬਕ ਸਿਖਾ ਦੇਵਾਂ।
ਜਾਂ ਫਿਰ ਨਾਲ ਤੁਹਾਡੇ ਹੀ ਪਾਤਸ਼ਾਹ ਮੈਂ, ਅਹੂਤੀ ਆਪਣੇ ਆਪ ਦੀ ਪਾ ਦੇਵਾਂ।
ਨੀਂਹ ਰੱਖੀ ਜੋ ਤੁਸੀਂ ਮਨੁੱਖਤਾ ਦੀ, ਗੁਰੂ ਘਰ ਦਾ ਕਰਜ਼ ਮੈਂ ਲਾਹ ਦੇਵਾਂ।




ਭਾਣਾ ਮੰਨਣ ਦਾ ਗੁਰੂ ਉਪਦੇਸ਼ ਦਿੰਦੇ, ਮੁੱਖੋਂ ਆਪਣੇ ਬਾਣੀ ਉਚਾਰਦੇ ਰਹੇ।
ਮੁਗਲ ਜਬਰ ਨੂੰ ਸਬਰ ਦੇ ਨਾਲ ਪ੍ਰੀਤਮ, ਤੱਤੀ ਤਵੀ 'ਤੇ ਬੈਠੇ ਵੰਗਾਰਦੇ ਰਹੇ।
ਝੂਠੇ ਹਾਕਮਾਂ ਨੂੰ ਕੰਬਣੀ ਛਿੜਨ ਲੱਗੀ, ਸਿਰ ਕੰਧਾਂ ਵਿਚ ਆਪਣੇ ਮਾਰਦੇ ਰਹੇ।
ਸਮੇਂ ਨੱਕ ਨਕੇਲ ਸੀ ਪਾ ਦੇਣੀ, ਪਾਪੀ ਚੰਦੂ ਜਏ ਜੋ ਹੰਕਾਰਦੇ ਰਹੇ।

ਮੀਰੀ ਪੀਰੀ ਦਾ ਸੋਹਣਾ ਸੁਮੇਲ ਹੋਇਆ, ਗੁਰਾਂ ਚੋਟ ਨਗਾਰੇ ਸੀ ਲਾ ਦਿੱਤੀ।
ਦਲ ਭੰਜਨ ਗੁਰ ਛੇਵੇਂ ਪਾਤਸ਼ਾਹ ਨੇ, ਭਗੌਤੀ ਵੈਰੀਆਂ ਅੱਗੇ ਲਹਿਰਾ ਦਿੱਤੀ।
ਸਰਬ ਲੋਹ ਨੂੰ ਰੱਬ ਕਰ ਪੂਜਿਆ ਜਦ, ਰਣ ਤੱਤੇ ਸੀ ਭਾਜੜ ਪਾ ਦਿੱਤੀ।
ਸ਼ਸਤਰ ਸ਼ਾਸਤਰ ਦਾ ਹੋਇਆ ਸੁਮੇਲ ਐਸਾ, ਮੁਗਲ ਰਾਜ ਦੀ ਨੀਂਹ ਹਿਲਾ ਦਿੱਤੀ।

ਹਾਜ਼ਰ ਨਾਜ਼ਰ ਨੇ ਪਾਤਸ਼ਾਹ ਸਦਾ ਸਾਡੇ, ਟੇਕ ਸ਼ਬਦ ਦੀ ਲਈਏ ਖਾਲਸਾ ਜੀ।
ਨਾਮ ਬਾਣੀ ਦੀ ਗੁਰਾਂ ਜੋ ਦਾਤ ਦਿੱਤੀ, ਗੁਰੂ ਗੁਰੂ ਸਦਾ ਕਹੀਏ ਖਾਲਸਾ ਜੀ।
ਖਾਲਸਾ ਪੰਥ ਨੂੰ ਜੋ ਚਣੌਤੀਆਂ ਨੇ, ਸਿਰ ਜੋੜ ਕੇ ਬਹੀਏ ਖਾਲਸਾ ਜੀ।
ਗੁਰ ਇਤਿਹਾਸ ਤੋਂ 'ਢੇਸੀ' ਤੂੰ ਲੈ ਸੇਧਾਂ, ਚੜ੍ਹਦੀ ਕਲਾ 'ਚ ਰਹੀਏ ਖਾਲਸਾ ਜੀ।

ਕੁਲਵੰਤ ਸਿੰਘ 'ਢੇਸੀ', ਕਾਵੈਂਟਰੀ, ਯੂ ਕੇ

## ਦਰਦ ਦੁਰਵਰਤੋਂ ਦਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਆਮ ਹੋਵੇ ਖਾਸ ਹੋਵੇ ਆਏ ਨੇ ਝੁਕਾਉਂਦੇ ਸੀਸ
ਸ਼ਾਨ ਵੱਡੀ ਬਣੀ ਮੀਰੀ-ਪੀਰੀ ਦਾ ਜਲਾਲ ਜੀ।
ਪਦਵੀ ਸਰਬਉੱਚ ਆਪ ਹੀ ਬਿਠਾਉਂਦੇ ਉਹਨੂੰ
ਆਖਾ ਮੰਨ ਮਾਲਕਾਂ ਦਾ ਕਰੇ ਜੋ ਨਿਹਾਲ ਜੀ।
ਫੂਲਾ ਸਿੰਘ ਜਥੇਦਾਰ ਵਾਲੀਆਂ ਰਵਾਇਤਾਂ ਜੋ
ਰੱਬ ਕਰੇ ਕਦੋਂ ਨੇ ਉਹ ਹੋਣੀਆਂ ਬਹਾਲ ਜੀ।
ਬੁਰੀ ਤਰਾਂ ਉੱਖੜੇ ਹੋਏ ਨੇ ਪੈਰ 'ਮਾਲਕਾਂ' ਦੇ
ਤਾਲ਼ੋਂ ਘੁੱਥੀ ਡੂੰਮਣੀ ਦੇ ਵਾਂਗੂੰ ਨੇ ਬੇਤਾਲ ਜੀ।
ਕੌਣ ਕਰਵਾ ਰਿਹਾ ਇਹ ਸਾਰਾ ਕੁੱਝ ਜਾਣਦੇ ਨੇ
ਕਰ ਕੁੱਝ ਸਕਦੇ ਨਹੀਂ ਗੱਲ ਹੈ 'ਮਲਾਲ' ਦੀ।
ਦੇਖ ਦੇਖ ਹੋਇਆ ਮਜ਼ਬੂਰ ਤੇ ਮਾਯੂਸ ਪੰਥ
ਕੀ ਤੋਂ ਕੀ ਬਣਾ ਦਿੱਤਾ ਹੈ ਤਖਤ ਅਕਾਲ ਜੀ!

# ਲੇਖਕ ਪਾਠਕ ਤੇ ਸੱਭਿਆਚਾਰ ਮੰਚ ਸਲੋਹ ਵੱਲੋਂ ਸਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ



ਡਾ: ਆਤਮਜੀਤ ਅਤੇ ਹੋਰਾਂ ਦੀਆਂ ਕਿਤਾਬਾਂ ਜਾਰੀ ਕਰਦੇ ਹੋਏ ਸਾਹਿਤਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਖਕ ਪਾਠਕ ਤੇ ਸੱਭਿਆਚਾਰ ਮੰਚ ਸਲੋਹ ਵੱਲੋਂ ਸਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਯੂ ਕੇ ਭਰ ਤੋਂ ਪੰਜਾਬੀ ਸਾਹਿਤ ਨਾਲ ਜੁੜੀਆਂ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਵਿੱਚ ਮਹਿੰਦਰਪਾਲ ਸਿੰਘ ਧਾਲੀਵਾਲ ਦੇ ਨਾਵਲ ਅੱਧੋ ਚੰਦ ਦੀ ਚਾਂਦਨੀ ਤੇ ਵਿਚਾਰ ਚਰਚਾ ਕੀਤੀ ਗਈ। ਜਿਸ ਬਾਰੇ ਹਰਜੀਤ ਅਟਵਾਲ, ਗੁਰਨਾਮ ਸਿੰਘ ਗਰੇਵਾਲ, ਡਾ: ਅਮਰ ਜੋਯਤੀ, ਮਨਜੀਤ ਕੌਰ ਪੱਤਾ, ਨੁਜ਼ਹਤ ਅੱਬਾਸ ਆਦਿ ਨੇ ਚਰਚਾ ਕੀਤੀ।

ਇਸ ਤੋਂ ਇਲਾਵਾ ਡਾ: ਆਤਮਜੀਤ ਦੀ ਕਿਤਾਬ ਪੰਜਾਬੀ ਬੋਲੀ ਰਮਜ਼ਾਂ ਰੁਕਾਵਟਾਂ ਤੇ ਰਾਹ, ਦੇਵ ਜਗਦੇਵ ਦਾ ਗ਼ਜ਼ਲ ਸੰਗ੍ਰਹਿ ਅਤੇ ਹੋਰ ਕਿਤਾਬਾਂ ਜਾਰੀ ਕੀਤੀਆਂ ਗਈਆਂ। ਸਾਹਿਤਕ ਸਮਾਗਮ ਦੇ ਆਖਰੀ ਪੜ੍ਹਾਅ ਵਿੱਚ ਕਵੀ ਦਰਬਾਰ ਵਿੱਚ ਵੱਖ ਵੱਖ ਸਾਹਿਤ ਸਭਾਵਾਂ ਨਾਲ ਜੁੜੇ ਕਵੀ ਅਤੇ ਕਵਿੱਤਰੀਆਂ ਨੇ ਭਾਗ ਲਿਆ। ਸਾਹਿਤਕ ਸਮਾਗਮ ਵਿੱਚ ਮਹਿੰਦਰਪਾਲ ਧਾਲੀਵਾਲ, ਰਾਜਿੰਦਰਜੀਤ, ਨੁਜ਼ਹਤ ਅੱਬਾਸ, ਅਜ਼ੀਮ ਸ਼ੇਖਰ, ਅਮਰ ਜਯੋਤੀ, ਹਰਜੀਤ ਅਟਵਾਲ, ਰਣਜੀਤ ਧੀਰ, ਰੂਪ ਦੇਵਿੰਦਰ, ਭਜਨ ਕੌਰ ਧਾਲੀਵਾਲ, ਮਨਜੀਤ ਕੌਰ, ਦਰਸ਼ਨ ਢਿੱਲੋਂ, ਗੁਰਨਾਮ ਗਰੇਵਾਲ, ਸੁਰਿੰਦਰ ਮਹੇਸ਼ਵਰੀ ਜੈਤੋ, ਸੁਰਿੰਦਰ ਸੀਹਰਾ, ਦਲਵੀਰ ਕੌਰ, ਅਬੀਰ ਬੁਟਰ, ਕਿੱਟੀ ਬੱਲ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਨਰਿੰਦਰ ਕੌਰ, ਰਾਜਿੰਦਰ ਕੌਰ, ਚੰਦਰ ਸ਼ੇਖ਼ਰ, ਸੁਖਦੇਵ ਸਿੰਘ ਔਜਲਾ, ਜਤਿੰਦਰ ਪੱਤੜ, ਰੁਪਿੰਦਰ ਕੌਰ ਗਿੱਲ, ਪ੍ਰਮਜੀਤ ਸਿੰਘ ਆਦਿ ਨੇ ਹਾਜ਼ਰੀ ਭਰੀ।

# ਡੰਗ ਮਨਚੰਦੇ ਦੇ



ਰਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

ਸੋਸ਼ਲ ਮੀਡੀਆ ਤੇ ਆਪਣੇ ਸੋਨੇ ਦੇ ਗਹਿਣਿਆਂ ਦੀ ਨੁਮਾਇਸ਼ ਕਰਨੀ ਪਈ ਮਹਿੰਗੀ !!
ਚੋਰਾਂ ਨੇ ਵੀਡੀਓ ਦੇਖ ਕੀਤਾ ਸਾਰਾ ਸੋਨਾ ਚੋਰੀ !!




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES**, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

**ਆਓ ਹੇਠਾਂ ਦਿੱਤੇ ਗਿਣਤੀ ਦੇ ਅੱਖਰਾਂ ਨੂੰ ਪੰਜਾਬੀ ਵਿਚ ਲਿਖਣਾ ਸਿਖੀਏ...**



ਘਰ ਦਾ ਕੰਮ

## ਗਿਣਤੀ ਤੇ ਕੁੱਝ ਹੋਰ ਸ਼ਬਦ


1 Can you write in Punjabi, How many of each pictures are there?

2 Write one to ten in Punjabi numerals.

3 Write 5 to 7 MUKTA words here: (Hint - Look around in your home)

Page 63 Level I

## ਸਿਹਤ ਤੇ ਸੁੰਦਰਤਾ



# ਪੂਰੀ ਨੀਂਦ ਲੈਣ ਤੋਂ ਬਾਅਦ ਵੀ ਦਿਨ ਭਰ ਰਹਿੰਦੀ ਹੈ ਥਕਾਵਟ ? ਤਾਂ ਹੋ ਜਾਓ ਸਾਵਧਾਨ, ਜਾਣੋ ਕੀ ਹਨ ਕਾਰਨ

ਨਵੀਂ ਦਿੱਲੀ-ਇੱਕ ਤੰਦਰੁਸਤ ਸਰੀਰ ਲਈ ਉਮਰ ਦੇ ਹਿਸਾਬ ਨਾਲ ਹਰ ਰੋਜ਼ 6 ਤੋਂ 8 ਘੰਟੇ ਦੀ ਚੰਗੀ ਕੁਆਲਿਟੀ ਵਾਲੀ ਨੀਂਦ ਲੈਣਾ ਬੇਹੱਦ ਜ਼ਰੂਰੀ ਹੈ। ਪਰ ਕਈ ਵਾਰ ਲੋਕ ਇਹ ਸ਼ਿਕਾਇਤ ਕਰਦੇ ਹਨ ਕਿ ਰਾਤ ਨੂੰ ਪੂਰੀ ਨੀਂਦ ਲੈਣ ਦੇ ਬਾਵਜੂਦ ਉਨ੍ਹਾਂ ਦਾ ਸਰੀਰ ਦਿਨ ਭਰ ਟੁੱਟਦਾ ਰਹਿੰਦਾ ਹੈ ਅਤੇ ਲੋੜ ਤੋਂ ਵੱਧ ਨੀਂਦ ਆਉਂਦੀ ਹੈ। ਜੇਕਰ ਤੁਹਾਡੇ ਨਾਲ ਵੀ ਅਜਿਹਾ ਅਕਸਰ ਹੁੰਦਾ ਹੈ, ਤਾਂ ਇਸ ਨੂੰ ਸਿਰਫ਼ 'ਆਮ ਥਕਾਵਟ' ਮੰਨ ਕੇ ਨਜ਼ਰਅੰਦਾਜ਼ ਨਾ ਕਰੋ। ਮੈਕਸ ਹਸਪਤਾਲ (ਪੰਚਸ਼ੀਲ ਪਾਰਕ) ਦੀ ਪ੍ਰਿੰਸੀਪਲ ਡਾਇਰੈਕਟਰ ਅਤੇ ਐੱਚ.ਓ.ਡੀ. (ਇੰਟਰਨਲ ਮੈਡੀਸਨ) ਡਾ. ਮੋਨਿਕਾ ਮਹਾਜਨ ਅਨੁਸਾਰ, ਇਹ ਸਰੀਰ ਵਿੱਚ ਪੈਦਾ ਹੋ ਰਹੀਆਂ ਕੁਝ ਗੰਭੀਰ ਬਿਮਾਰੀਆਂ ਜਾਂ ਖ਼ਰਾਬ ਆਦਤਾਂ ਦਾ ਸੰਕੇਤ ਹੋ ਸਕਦਾ ਹੈ।

1. ਸਲੀਪ ਐਪਨੀਆ-ਜੇਕਰ ਤੁਹਾਨੂੰ ਰਾਤ ਨੂੰ ਜ਼ੋਰ-ਜ਼ੋਰ ਨਾਲ ਘੁਰਾੜੇ ਲੈਣ ਦੀ ਆਦਤ ਹੈ ਅਤੇ ਤੁਹਾਡਾ ਭਾਰ ਜ਼ਿਆਦਾ ਹੈ, ਤਾਂ ਇਹ 'ਓਬਸਟਰਕਟਿਵ ਸਲੀਪ ਐਪਨੀਆ' ਹੋ ਸਕਦਾ ਹੈ।

ਨੁਕਸਾਨ: ਇਸ ਬਿਮਾਰੀ ਵਿੱਚ ਸੌਂਦੇ ਸਮੇਂ ਜੀਭ ਪਿੱਛੇ ਵੱਲ ਡਿੱਗ ਜਾਂਦੀ ਹੈ, ਜਿਸ ਨਾਲ ਦਿਮਾਗ ਤੱਕ ਲੋੜੀਂਦੀ ਆਕਸੀਜਨ ਨਹੀਂ ਪਹੁੰਚ ਪਾਉਂਦੀ ਅਤੇ ਹਾਰਟ ਰੇਟ ਤੇ ਬਲੱਡ



ਪ੍ਰੈਸ਼ਰ ਵਿੱਚ ਉਤਾਰ-ਚੜ੍ਹਾਅ ਹੁੰਦਾ ਹੈ।

ਅਸਰ: ਰਾਤ ਨੂੰ ਬਾਰ-ਬਾਰ ਨੀਂਦ ਟੁੱਟਦੀ ਹੈ, ਜਿਸ ਕਾਰਨ ਇਨਸਾਨ ਦਿਨ ਵੇਲੇ ਕੁਰਸੀ 'ਤੇ ਬੈਠੇ-ਬੈਠੇ ਜਾਂ ਸਫ਼ਰ ਦੌਰਾਨ ਸੌਂ ਜਾਂਦਾ ਹੈ। ਇਹ ਸਮੱਸਿਆ ਹਾਰਟ ਅਟੈਕ ਅਤੇ ਸਟ੍ਰੋਕ ਦਾ ਕਾਰਨ ਬਣ ਸਕਦੀ ਹੈ। ਇਸ ਲਈ 'ਸਲੀਪ ਸਟੱਡੀ' ਕਰਵਾਉਣੀ ਜ਼ਰੂਰੀ ਹੈ।

ਖ਼ਰਾਬ ਸਲੀਪ ਹਾਈਜੀਨ -ਸਾਡੀਆਂ ਕੁਝ ਰੋਜ਼ਾਨਾ ਦੀਆਂ ਗਲਤ ਆਦਤਾਂ ਵੀ ਨੀਂਦ ਦੀ ਕੁਆਲਿਟੀ ਨੂੰ ਖ਼ਰਾਬ ਕਰਦੀਆਂ ਹਨ:

ਮੋਬਾਈਲ ਦੀ ਵਰਤੋਂ: ਰਾਤ ਨੂੰ ਦੇਰ ਤੱਕ ਫ਼ੋਨ ਦੀ ਸਕ੍ਰੀਨ ਦੇਖਣ ਨਾਲ ਸਲੀਪ ਸਾਈਕਲ ਡਿਸਟਰਬ ਹੁੰਦਾ ਹੈ।

ਗਲਤ ਖਾਣ-ਪੀਣ: ਸੌਣ ਤੋਂ ਪਹਿਲਾਂ ਸ਼ਰਾਬ, ਚਾਹ ਜਾਂ ਕੌਫ਼ੀ ਦਾ ਸੇਵਨ ਕਰਨ ਨਾਲ ਰਾਤ ਦੀ ਨੀਂਦ ਖ਼ਰਾਬ ਹੁੰਦੀ ਹੈ।

ਜੈੱਟ ਲੈਗ ਅਤੇ ਬਾਡੀ ਕਲਾਕ ਦਾ ਵਿਗੜਨਾ-ਜਿਹੜੇ ਲੋਕ ਅਕਸਰ ਟ੍ਰੈਵਲ ਕਰਦੇ ਹਨ ਜਾਂ ਰਾਤ ਦੀ ਸ਼ਿਫਟ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੀ ਅੰਦਰੂਨੀ ਬਾਡੀ ਕਲਾਕ (ਸਰਕੇਡੀਅਨ ਰਿਦਮ) ਅਤੇ ਬਾਹਰ ਦੀ ਰੋਸ਼ਨੀ ਦਾ ਤਾਲਮੇਲ ਵਿਗੜ ਜਾਂਦਾ ਹੈ, ਜਿਸ ਨਾਲ ਦਿਨ ਭਰ ਸੁਸਤੀ ਰਹਿੰਦੀ ਹੈ।

ਕੀ ਇਹ ਕਿਸੇ ਅੰਦਰੂਨੀ ਬਿਮਾਰੀ ਦਾ ਸੰਕੇਤ ਹੈ ?-ਦਿਨ ਭਰ ਸਰੀਰ ਟੁੱਟਣ ਦੇ ਪਿੱਛੇ ਕਈ ਸਰੀਰਕ ਬਿਮਾਰੀਆਂ ਅਤੇ ਦਵਾਈਆਂ ਵੀ ਜ਼ਿੰਮੇਵਾਰ ਹੋ ਸਕਦੀਆਂ ਹਨ: ਸਰੀਰ ਵਿੱਚ ਹੀਮੋਗਲੋਬਿਨ ਘੱਟ ਹੋਣ ਕਾਰਨ ਆਕਸੀਜਨ ਦਾ ਪੱਧਰ ਘਟਦਾ ਹੈ, ਜਿਸ ਨਾਲ ਲਗਾਤਾਰ ਥਕਾਵਟ ਬਣੀ ਰਹਿੰਦੀ ਹੈ। ਥਾਇਰਾਇਡ, ਦਿਲ ਦੀਆਂ ਬਿਮਾਰੀਆਂ ਅਤੇ ਬੁਢਾਪੇ ਵਿੱਚ 'ਪਾਰਕਿੰਸਨਜ਼' ਵਰਗੇ ਰੋਗ ਸਲੀਪ ਸਾਈਕਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਕੁਝ ਐਂਟੀ-ਐਲਰਜੀ ਅਤੇ ਡਿਪਰੈਸ਼ਨ ਦੀਆਂ ਦਵਾਈਆਂ ਕਾਰਨ ਵੀ ਦਿਨ ਭਰ ਨੀਂਦ ਅਤੇ ਸੁਸਤੀ ਹਾਵੀ ਰਹਿੰਦੀ ਹੈ। ਬਹੁਤ ਜ਼ਿਆਦਾ ਕੜਾਕੇ ਦੀ ਸਰਦੀ ਜਾਂ ਬਹੁਤ ਜ਼ਿਆਦਾ ਝੁਲਸਾਉਣ ਵਾਲੀ ਗਰਮੀ ਵੀ ਸਰੀਰ ਨੂੰ ਥਕਾ ਦਿੰਦੀ ਹੈ।

ਡਾਕਟਰੀ ਸਲਾਹ: ਦਿਨ ਵਿੱਚ ਬਾਰ-ਬਾਰ ਨੀਂਦ ਆਉਣਾ ਅਤੇ ਥਕਾਵਟ ਰਹਿਣਾ ਇੱਕ ਸਾਧਾਰਨ ਸਮੱਸਿਆ ਵੀ ਹੋ ਸਕਦੀ ਹੈ, ਪਰ ਇਹ ਹੀਮੋਗਲੋਬਿਨ ਦੀ ਕਮੀ, ਥਾਇਰਾਇਡ, ਸ਼ੂਗਰ ਜਾਂ ਸਲੀਪ ਐਪਨੀਆ ਵਰਗੀ ਕਿਸੇ ਵੱਡੀ ਬਿਮਾਰੀ ਦਾ ਅਲਾਰਮ ਵੀ ਹੋ ਸਕਦਾ ਹੈ। ਅਜਿਹੇ ਲੱਛਣ ਲਗਾਤਾਰ ਦਿਖਣ 'ਤੇ ਤੁਰੰਤ ਡਾਕਟਰ ਕੋਲ ਜਾ ਕੇ ਆਪਣੀ ਜਾਂਚ ਕਰਵਾਓ।

## * ਚੂੰਝਾਂ-ਪੌਂਚੇ *


ਲੇਖਕ - ਨਿਰਮਲ ਸਿੰਘ ਕੰਧਾਲਵੀ





***ਪੰਜਾਬ 'ਚ ਹੁਣ ਪ੍ਰਾਈਵੇਟ ਸਕੂਲ ਸਾਲਾਨਾ ਪੰਜ ਫ਼ੀ ਸਦੀ ਤੋਂ ਵੱਧ ਫ਼ੀਸ ਨਹੀਂ ਵਧਾ ਸਕਣਗੇ- ਪੰਜਾਬ ਸਰਕਾਰ**

-ਮੁੰਡਾ ਭੰਨਦਾ ਕਿਰਕ ਨਹੀਂ ਕਰਦਾ, ਮੇਰੀਆਂ ਬਰੀਕ ਚੂੜੀਆਂ।



***ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਬਾਦਲ ਦੀ ਲੀਡਰਸ਼ਿੱਪ ਨੂੰ ਕੀਤਾ ਬੇਨਕਾਬ- ਬਲਤੇਜ ਪੰਨੂੰ**

-ਹਲਾ ਲਾਲਾ ਹਲਾ ਲਾਲਾ ਹੋ ਗਈ ਮਿੱਤਰਾ, ਜਦੋਂ ਚੁੱਕਿਆ ਘੜੇ ਤੋਂ ਕੌਲਾ।



***ਪੰਜਾਬ ਭਾਜਪਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਰਾਜੂ ਨੇ ਆਪਣੇ ਅਹੁਦੇ ਤੋਂ ਦਿਤਾ ਅਸਤੀਫ਼ਾ- ਇਕ ਖ਼ਬਰ**

-ਤੇਰੇ ਖ਼ੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਉਂ ਚੱਬਣੇ।



***ਸਮਾਜ ਦਾ ਹਰ ਵਰਗ ਭਾਜਪਾ ਸਰਕਾਰ ਤੋਂ ਨਾਰਾਜ਼- ਦੀਪੇਂਦਰ ਹੁੱਡਾ**

-ਸੋਨੇ ਦੇ ਤਵੀਤ ਵਾਲ਼ੀਏ, ਤੇਰੀ ਹਰ ਮੱਸਿਆ ਬਦਨਾਮੀ।



***ਕੇਂਦਰ ਦੀਆਂ ਨੀਤੀਆਂ ਵਿਰੁੱਧ ਕਿਸਾਨਾਂ ਨੇ ਕੀਤਾ ਪ੍ਰਦਰਸ਼ਨ- ਇਕ ਖ਼ਬਰ**

-ਦਾਰੂ ਪੀ ਕੇ ਮਿੱਤਰਾਂ ਨੇ, ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ।



***ਕੇਵਲ ਸਿੰਘ ਢਿੱਲੋਂ ਲਈ ਭਾਜਪਾ ਦੀ ਪ੍ਰਧਾਨਗੀ ਦਾ ਤਾਜ ਸੂਲ਼ਾਂ ਦੀ ਸੇਜ- ਉਜਾਗਰ ਸਿੰਘ ਪੱਤਰਕਾਰ**

-ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ।



***ਮਮਤਾ ਬੈਨਰਜੀ ਨੇ ਦਿੱਲੀ ਵਿਚ ਸੋਨੀਆ ਗਾਂਧੀ ਨਾਲ ਕੀਤੀ ਮੁਲਾਕਾਤ- ਇਕ ਖ਼ਬਰ**

-ਭੱਜੀਆਂ ਬਾਹਾਂ ਗਲ਼ ਨੂੰ ਆਈਆਂ।

***ਪੰਜਾਬ ਦੇ ਹਰ ਕਿਸਾਨ 'ਤੇ ਔਸਤਨ 2.93 ਲੱਖ ਦਾ ਕਰਜ਼ਾ- ਇਕ ਖ਼ਬਰ**

-ਕਾਦਰਯਾਰ ਜੇ ਕੋਲ਼ ਗਵਾਹ ਹੁੰਦੇ, ਕਹਿੰਦੇ ਖੋਲ੍ਹ ਹਕੀਕਤ ਸਾਰੀ।

***ਵਿਦੇਸ਼ੀ ਨਿਵੇਸ਼ਕਾਂ ਨੇ ਜੂਨ ਦੇ ਪਹਿਲੇ ਹਫ਼ਤੇ ਭਾਰਤੀ ਬਾਜ਼ਾਰ 'ਚੋਂ 43000 ਕਰੋੜ ਰੁਪਏ ਕੱਢੇ- ਇਕ ਖ਼ਬਰ**

-ਚਲ ਉਡ ਜਾ ਰੇ ਪੰਛੀ ਕਿ ਅਬ ਯੇਹ ਦੇਸ਼ ਹੂਆ ਬੇਗਾਨਾ।



***ਗਿਆਨੀ ਰਘਬੀਰ ਸਿੰਘ ਵਲੋਂ ਸਿੱਟ ਅੱਗੇ ਬਿਆਨ ਦਰਜ ਕਰਵਾਉਣਾ ਗ਼ਲਤ- ਗਿਆਨੀ ਹਰਪ੍ਰੀਤ ਸਿੰਘ**

-ਗਿ. ਹਰਪ੍ਰੀਤ ਸਿੰਘ ਜੀ ਕੀ ਗਿ. ਰਘਬੀਰ ਸਿੰਘ 2 ਦਸੰਬਰ 2024 ਨੂੰ ਹੋਈ ਕਾਰਵਾਈ ਤੋਂ ਮੁੱਕਰ ਜਾਂਦੇ?



***ਮੈਂ ਸਿੱਟ ਨੂੰ ਬਿਆਨ ਦੇਣ ਨਹੀਂ ਗਿਆ, ਅਧਿਕਾਰੀ ਖ਼ੁਦ ਮੇਰੇ ਕੋਲ ਆਏ- ਗਿਆਨੀ ਰਘਬੀਰ ਸਿੰਘ**

-ਮੈਂ ਕੋਈ ਝੂਠ ਬੋਲਿਆ, ਮੈਂ ਕੋਈ ਕੁਫ਼ਰ ਤੋਲਿਆ, ਕੋਈ ਨਾ ਬਈ ਕੋਈ ਨਾ।



***ਭਾਜਪਾ ਨੂੰ ਛੋਟਾ ਭਰਾ ਸਮਝਣ ਦੀ ਭੁੱਲ ਨਾ ਕਰੇ ਕੋਈ- ਹਰਦੀਪ ਪੁਰੀ**

-ਧੀਏ ਗੱਲ ਸੁਣ, ਨੂੰਹੇਂ ਕੰਨ ਕਰ।



***ਬੀ.ਬੀ.ਐਮ.ਬੀ. ਦੀ ਚੇਤਾਵਨੀ ਨੂੰ ਗੰਭੀਰਤਾ ਨਾਲ਼ ਲਵੇ ਪੰਜਾਬ ਸਰਕਾਰ- ਸੁਖਜਿੰਦਰ ਸਿੰਘ ਰੰਧਾਵਾ**

-ਇਨ੍ਹਾਂ ਦੇ ਕੋਲ ਹੈ ਕੀ, ਚੇਤਾਵਨੀ ਨੂੰ ਗੰਭੀਰਤਾ ਨਾਲ ਲੈ ਕੇ ਕਰਨਗੇ ਕੀ?

***ਅਸੀਂ ਲੜਾਂਗੇ ਤੇ ਅੱਗੇ ਵਧਾਂਗੇ- ਇੰਡੀਆ ਗੱਠਜੋੜ**

-ਜਿੱਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ, ਟਿਕਟਾਂ ਦੋ ਲੈ ਲਈਂ।



***ਧਾਰਮਕ ਸਥਾਨਾਂ ਦੇ ਮੁਫ਼ਤ ਦਰਸ਼ਨ ਕਰਵਾਏਗੀ ਪੰਜਾਬ ਸਰਕਾਰ- ਕੇਜਰੀਵਾਲ**

-ਨਿੱਤ ਨਿੱਤ ਨਹੀਂ ਬਜ਼ਾਰ ਵਿਚ ਆਉਣਾ, ਨੀਂ ਬਿੱਲੋ ਖਾ ਲੈ ਨਾਸ਼ਪਾਤੀਆਂ।

## -ਇਸ ਸਾਲ ਦਾ ਸਭ ਤੋਂ ਵੱਡਾ ਦਾਖਲਾ,--

# ਬਰਤਾਨੀਆ-ਫਰਾਂਸ ਦੀਆਂ ਸਖ਼ਤੀਆਂ ਦੇ ਬਾਵਜੂਦ ਇਕੋ ਦਿਨ ਚ 710 ਪ੍ਰਵਾਸੀ ਗੈਰ ਕਾਨੂੰਨੀ ਤਰੀਕੇ ਨਾਲ ਚੈਨਲ ਰਾਹੀ ਬਰਤਾਨੀਆ ਪੁੱਜੇ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲਿਸ਼ ਚੈਨਲ ਰਾਹੀਂ ਗ਼ੈਰ-ਕਾਨੂੰਨੀ ਤੌਰ 'ਤੇ ਬਰਤਾਨੀਆ ਆਉਣ ਵਾਲੇ ਪ੍ਰਵਾਸੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬਰਤਾਨਵੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਸੋਮਵਾਰ ਨੂੰ 11 ਛੋਟੀਆਂ ਕਿਸ਼ਤੀਆਂ ਰਾਹੀਂ 710 ਪ੍ਰਵਾਸੀ ਇੰਗਲਿਸ਼ ਚੈਨਲ ਪਾਰ ਕਰਕੇ

ਬਰਤਾਨੀਆ ਦੇ ਤੱਟਾਂ 'ਤੇ ਪੁੱਜੇ। ਇਹ ਇਸ ਸਾਲ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਇੱਕ ਦਿਨ ਦਾ ਅੰਕੜਾ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕਰੀਬ ਦੋ ਹਫ਼ਤਿਆਂ ਤੱਕ ਮੌਸਮ ਅਤੇ ਸੁਰੱਖਿਆ ਕਾਰਨਾਂ ਕਰਕੇ ਚੈਨਲ ਰਾਹੀਂ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਦਰਜ ਕੀਤੀ ਗਈ ਸੀ।

ਜਾਣਕਾਰੀ ਮੁਤਾਬਕ ਫਰਾਂਸ ਦੇ ਉੱਤਰੀ ਤੱਟੀ ਇਲਾਕੇ ਬਰਕ (ਭਣਰਚਕ) ਅਤੇ ਆਸ-ਪਾਸ ਦੇ ਸਮੁੰਦਰੀ ਕੰਢਿਆਂ ਤੋਂ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਨੇ ਰਬੜ ਦੀਆਂ ਛੋਟੀਆਂ ਕਿਸ਼ਤੀਆਂ ਰਾਹੀਂ ਬਰਤਾਨੀਆ ਵੱਲ ਰੁਖ਼ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੇ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਸੰਤਰੀ ਰੰਗ ਦੀਆਂ ਲਾਈਫ ਜੈਕਟਾਂ ਪਹਿਨ ਕੇ ਸਮੁੰਦਰ ਵਿੱਚ ਉਤਰਦੇ ਦੇਖਿਆ। ਕੁਝ ਕਿਸ਼ਤੀਆਂ ਨੂੰ ਸਮੁੰਦਰ ਵਿੱਚ ਤਕਨੀਕੀ



ਫਰਾਂਸ ਦੇ ਬਰਕ ਤੱਟ ਤੋਂ ਇੰਗਲਿਸ਼ ਚੈਨਲ ਰਾਹੀਂ ਬਰਤਾਨੀਆ ਜਾਣ ਲਈ ਛੋਟੀ ਕਿਸ਼ਤੀ ਵਿੱਚ ਸਵਾਰ ਹੁੰਦੇ ਪ੍ਰਵਾਸੀ

ਸਮੱਸਿਆਵਾਂ ਜਾਂ ਪੁਲਿਸ ਦੀ ਦਖ਼ਲਅੰਦਾਜ਼ੀ ਕਾਰਨ ਵਾਪਸ ਕੰਢੇ 'ਤੇ ਆਉਣਾ ਪਿਆ। ਬਾਅਦ ਵਿੱਚ ਕਈ ਪ੍ਰਵਾਸੀ ਤੱਟ 'ਤੇ ਫੋਇਲ ਕੰਬਲਾਂ ਵਿੱਚ ਲਪੇਟੇ ਹੋਏ ਵੀ ਨਜ਼ਰ ਆਏ।

ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਇਸ ਸਾਲ ਹੁਣ ਤੱਕ 9,852 ਪ੍ਰਵਾਸੀ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਪੁੱਜ ਚੁੱਕੇ ਹਨ। ਹਾਲਾਂਕਿ ਇਹ ਗਿਣਤੀ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾ-ਬਲੇ ਲਗਭਗ 40 ਫ਼ੀਸਦੀ ਘੱਟ ਹੈ, ਜਦੋਂ ਇਸ ਸਮੇਂ ਤੱਕ 16,317 ਪ੍ਰਵਾਸੀ ਬਰਤਾਨੀਆ ਆ ਚੁੱਕੇ ਸਨ। ਇਸ ਦੇ ਨਾਲ ਹੀ ਇਹ ਅੰਕੜਾ ਦੋ ਸਾਲ ਪਹਿਲਾਂ ਦਰਜ ਕੀਤੇ ਗਏ 11,431 ਦੇ ਮੁਕਾਬਲੇ ਵੀ ਘੱਟ ਦੱਸਿਆ ਜਾ ਰਿਹਾ ਹੈ। ਇਸ ਦੇ ਬਾਵਜੂਦ ਸਰਕਾਰ ਲਈ ਗ਼ੈਰ-ਕਾਨੂੰਨੀ ਪ੍ਰਵਾਸ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਸੋਮਵਾਰ ਨੂੰ ਚੈਨਲ ਪਾਰ ਕਰਨ ਵਾਲੀਆਂ 11 ਕਿਸ਼ਤੀਆਂ ਵਿੱਚ ਔਸਤਨ 65 ਦੇ ਕਰੀਬ ਲੋਕ ਸਵਾਰ ਸਨ, ਜਿਸ ਕਾਰਨ ਸੁਰੱਖਿਆ ਮਾਹਿਰਾਂ ਨੇ ਇੱਕ ਵਾਰ ਫਿਰ ਛੋਟੀਆਂ ਕਿਸ਼ਤੀਆਂ ਵਿੱਚ ਸਮਰੱਥਾ ਤੋਂ ਵੱਧ ਲੋਕਾਂ ਨੂੰ ਬਿਠਾਉਣ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਹਰ ਸਾਲ ਇਸ ਤਰ੍ਹਾਂ ਦੇ ਖ਼ਤਰਨਾਕ ਸਫ਼ਰ ਦੌਰਾਨ ਕਈ ਲੋਕ ਆਪਣੀ ਜਾਨ ਵੀ ਗੁਆ ਬੈਠਦੇ ਹਨ। ਇਸ ਘਟਨਾ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਚੈਨਲ ਪਾਰ ਕਰਕੇ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨ ਉਮੀਦਾਂ ਅਨੁਸਾਰ ਸਫਲ ਨਹੀਂ ਹੋ ਰਹੇ। ਦੂਜੇ ਪਾਸੇ ਸਰਕਾਰ ਦਾ ਕਹਿਣਾ ਹੈ ਕਿ ਫਰਾਂਸ ਨਾਲ ਮਿਲ ਕੇ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਖ਼ਿਲਾਫ਼ ਕਾਰਵਾਈ ਤੇਜ਼ ਕੀਤੀ ਜਾ ਰਹੀ ਹੈ ਅਤੇ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਇਆ ਜਾ ਰਿਹਾ ਹੈ।

ਉਧਰ ਫਰਾਂਸੀਸੀ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਮਹੀਨੇ ਦੌਰਾਨ ਪੁਲਿਸ ਨੇ ਚੈਨਲ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਕਈ ਕਿਸ਼ਤੀਆਂ ਨੂੰ ਰੋਕਣ ਵਿੱਚ ਸਫਲਤਾ ਹਾਸਲ ਕੀਤੀ ਹੈ। ਫਰਾਂਸੀਸੀ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਹੁਣ ਪਹਿਲਾਂ ਨਾਲੋਂ ਵੱਧ ਗਿਣਤੀ ਵਿੱਚ ਗ਼ੈਰ-ਕਾਨੂੰਨੀ ਯਾਤਰਾਵਾਂ ਨੂੰ ਨਾਕਾਮ ਬਣਾਇਆ ਜਾ ਰਿਹਾ ਹੈ। ਫਿਰ ਵੀ ਮਨੁੱਖੀ ਤਸਕਰੀ ਨਾਲ ਜੁੜੇ ਗਿਰੋਹ ਨਵੇਂ ਤਰੀਕਿਆਂ ਨਾਲ ਪ੍ਰਵਾਸੀਆਂ ਨੂੰ ਬਰਤਾਨੀਆ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਕਾਰਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਲਈ ਇਹ ਮੁੱਦਾ ਲਗਾਤਾਰ ਸਿਰਦਰਦੀ ਬਣਿਆ ਹੋਇਆ ਹੈ।

# ਯੂਕਰੇਨ ਦੀ ਹਮਾਇਤ 'ਚ ਬਰਤਾਨੀਆ ਦਾ ਵੱਡਾ ਕਦਮ, ਰੂਸ 'ਤੇ 70 ਨਵੀਆਂ ਪਾਬੰਦੀਆਂ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਯੂਕਰੇਨ ਖ਼ਿਲਾਫ਼ ਜੰਗ ਦੇ ਚੌਥੇ ਸਾਲ ਵਿੱਚ ਦਾਖਲ ਹੋਣ ਦੇ ਨਾਲ ਹੀ ਬਰਤਾਨੀਆ ਨੇ ਰੂਸ ਉੱਤੇ ਦਬਾਅ ਹੋਰ ਵਧਾਉਣ ਲਈ 70 ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਹੈ। ਫਰਾਂਸ ਵਿੱਚ ਹੋ ਰਹੇ ਜੀ-7 ਸੰਮੇਲਨ ਦੌਰਾਨ ਕੀਤੇ ਗਏ ਇਸ ਐਲਾਨ ਨੂੰ ਰੂਸ ਦੀ ਆਰਥਿਕ ਅਤੇ ਫੌਜੀ ਸਮਰੱਥਾ ਨੂੰ ਕਮਜ਼ੋਰ ਕਰਨ ਵੱਲ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ।

ਬਰਤਾਨਵੀ ਸਰਕਾਰ ਦਾ ਕਹਿਣਾ ਹੈ ਕਿ ਇਹ ਪਾਬੰਦੀਆਂ ਰੂਸ ਦੇ ਜੰਗੀ ਖ਼ਰਚਿਆਂ ਲਈ ਵਰਤੇ ਜਾ ਰਹੇ ਧਨ ਦੇ ਸਰੋਤਾਂ ਨੂੰ ਨਿਸ਼ਾਨਾ ਬਣਾਉਣ ਲਈ ਲਗਾਈਆਂ ਗਈਆਂ ਹਨ।ਨਵੀਆਂ ਪਾਬੰਦੀਆਂ ਤਹਿਤ ਰੂਸ ਦੀ ਉਸ ਕਥਿਤ "ਸ਼ੈਡੋ ਫਲੀਟ" ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਦੀ ਮਦਦ ਨਾਲ ਰੂਸੀ ਤੇਲ ਅਤੇ ਗੈਸ ਨੂੰ ਵੱਖ-ਵੱਖ ਦੇਸ਼ਾਂ ਦੇ ਝੰਡਿਆਂ ਹੇਠ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚਾਇਆ ਜਾਂਦਾ ਹੈ। ਪੱਛਮੀ ਦੇਸ਼ਾਂ ਦਾ ਦੋਸ਼ ਹੈ ਕਿ ਰੂਸ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਕਰਕੇ ਪਾਬੰਦੀਆਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ਅਤੇ ਯੂਕਰੇਨ ਵਿੱਚ ਜੰਗ ਲਈ ਲੋੜੀਂਦੀ ਆਮਦਨ ਇਕੱਠੀ ਕਰ ਰਿਹਾ ਹੈ। ਬਰਤਾਨੀਆ ਨੇ ਅਜਿਹੇ ਕਈ ਜਹਾਜ਼ਾਂ ਅਤੇ ਉਨ੍ਹਾਂ ਨਾਲ ਜੁੜੀਆਂ ਸੰਸਥਾਵਾਂ ਨੂੰ ਪਾਬੰਦੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ।

ਇਸ ਦੇ ਨਾਲ ਹੀ ਰੂਸੀ ਫੌਜ ਅਤੇ ਖੁਫੀਆ ਏਜੰਸੀਆਂ ਨੂੰ ਪੱਛਮੀ ਤਕਨਾਲੋਜੀ, ਇਲੈਕਟ੍ਰਾਨਿਕ ਉਪਕਰਨ ਅਤੇ ਹੋਰ ਜ਼ਰੂਰੀ ਸਾਮਾਨ ਮੁਹੱਈਆ ਕਰਵਾਉਣ ਵਿੱਚ ਸ਼ੱਕੀ ਭੂਮਿਕਾ ਨਿਭਾਉਣ ਵਾਲੀਆਂ ਕੰਪਨੀਆਂ ਅਤੇ ਵਿਅਕਤੀਆਂ ਉੱਤੇ ਵੀ ਕਾਰਵਾਈ ਕੀਤੀ ਗਈ ਹੈ। ਬਰਤਾਨਵੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਜਾਲ ਰੂਸ ਨੂੰ ਉਹ ਸਾਮਾਨ ਹਾਸਲ ਕਰਨ ਵਿੱਚ ਮਦਦ ਕਰਦੇ ਹਨ, ਜਿਸ ਦੀ ਵਰਤੋਂ ਫੌਜੀ ਮਕਸਦਾਂ ਲਈ ਕੀਤੀ ਜਾ ਸਕਦੀ ਹੈ।ਪਾਬੰਦੀਆਂ ਦੇ ਘੇਰੇ ਵਿੱਚ ਰੂਸੀ ਤਰਲ ਕੁਦਰਤੀ ਗੈਸ ਦੀ ਢੋਆ-ਢੁਆਈ ਕਰਨ ਵਾਲੇ ਕਈ ਜਹਾਜ਼ ਵੀ ਲਿਆਂਦੇ ਗਏ ਹਨ। ਇਸ ਤਾਜ਼ਾ ਕਾਰਵਾਈ ਤੋਂ ਬਾਅਦ ਬਰਤਾਨੀਆ ਵੱਲੋਂ ਪਾਬੰਦੀਆਂ ਹੇਠ ਲਿਆਂਦੇ ਗਏ ਰੂਸੀ ਅਤੇ ਸ਼ੈਡੋ ਫਲੀਟ ਨਾਲ ਸਬੰਧਤ ਜਹਾਜ਼ਾਂ ਦੀ ਗਿਣਤੀ 600 ਤੋਂ ਵੱਧ ਹੋ ਗਈ ਹੈ। ਇਸ ਦੇ ਨਾਲ ਹੀ ਉਹ ਵਿਦੇਸ਼ੀ ਕੰਪਨੀਆਂ ਅਤੇ ਵਿੱਤੀ ਨੈੱਟਵਰਕ ਵੀ ਨਿਸ਼ਾਨੇ 'ਤੇ ਹਨ, ਜੋ ਰੂਸ ਨੂੰ ਅੰਤਰਰਾਸ਼ਟਰੀ ਲੈਣ-ਦੇਣ ਵਿੱਚ ਮਦਦ ਕਰ ਰਹੇ ਹਨ।ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਕਿਹਾ ਕਿ ਰੂਸ ਦੀ ਹਮਲਾਵਰ ਨੀਤੀ ਸਿਰਫ਼ ਯੂਕਰੇਨ ਲਈ ਹੀ ਨਹੀਂ, ਸਗੋਂ ਪੂਰੇ ਯੂਰਪ ਦੀ ਸੁਰੱਖਿਆ ਅਤੇ ਸਥਿਰਤਾ ਲਈ ਖ਼ਤਰਾ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਬਰਤਾਨੀਆ ਯੂਕਰੇਨ ਦੀ ਹਰ ਸੰਭਵ ਮਦਦ ਕਰਦਾ ਰਹੇਗਾ ਅਤੇ ਰੂਸ ਨੂੰ ਜੰਗ ਜਾਰੀ ਰੱਖਣ ਲਈ ਲੋੜੀਂਦੇ ਵਿੱਤੀ ਸਰੋਤਾਂ ਤੋਂ ਵਾਂਝਾ ਕਰਨ ਲਈ ਆਪਣੇ ਸਾਥੀ ਦੇਸ਼ਾਂ ਨਾਲ ਮਿਲ ਕੇ ਕੰਮ ਕਰੇਗਾ।

ਸਟਾਰਮਰ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਅਪੀਲ ਕੀਤੀ ਕਿ ਉਹ ਯੂਕਰੇਨ ਵਿੱਚ ਆਪਣੇ ਹਮਲੇ ਅਤੇ ਬੰਬਾਰੀ ਬੰਦ ਕਰਕੇ ਗੱਲਬਾਤ ਦਾ ਰਾਹ ਅਪਣਾਉਣ। ਉਨ੍ਹਾਂ ਕਿਹਾ ਕਿ ਜੰਗ ਦਾ ਹੱਲ ਸਿਰਫ਼ ਕੂਟਨੀਤਿਕ ਗੱਲਬਾਤ ਰਾਹੀਂ ਹੀ ਸੰਭਵ ਹੈ ਅਤੇ ਰੂਸ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੀ-7 ਸੰਮੇਲਨ ਦੌਰਾਨ ਕੀਤੀਆਂ ਗਈਆਂ ਇਹ ਨਵੀਆਂ ਪਾਬੰਦੀਆਂ ਰੂਸ ਉੱਤੇ ਆਰਥਿਕ ਦਬਾਅ ਹੋਰ ਵਧਾਉਣਗੀਆਂ। ਹਾਲਾਂਕਿ ਰੂਸ ਪਹਿਲਾਂ ਵੀ ਅਜਿਹੀਆਂ ਪਾਬੰਦੀਆਂ ਦਾ ਸਾਹ-ਮਣਾ ਕਰਦਾ ਆ ਰਿਹਾ ਹੈ, ਪਰ ਪੱਛਮੀ ਦੇਸ਼ਾਂ ਦਾ ਮੰਨਣਾ ਹੈ ਕਿ ਲਗਾਤਾਰ ਵਧ ਰਹੀਆਂ ਪਾਬੰਦੀਆਂ ਉਸ ਦੀ ਜੰਗੀ ਸਮਰੱਥਾ ਅਤੇ ਆਰਥਿਕਤਾ ਉੱਤੇ ਅਸਰ ਪਾ ਰਹੀਆਂ ਹਨ। ਬਰਤਾਨੀਆ ਨੇ ਸਪੱਸ਼ਟ ਕੀਤਾ ਹੈ ਕਿ ਯੂਕਰੇਨ ਦੀ ਹਮਾਇਤ ਅਤੇ ਰੂਸ ਉੱਤੇ ਦਬਾਅ ਬਣਾਈ ਰੱਖਣ ਦੀ ਉਸ ਦੀ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ।

# ਨਸਲਵਾਦ ਦੇ ਵਿਰੋਧ ਵਿੱਚ ਗਲਾਸਗੋ 'ਚ ਜ਼ੋਰਦਾਰ ਪ੍ਰਦਰਸ਼ਨ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) – ਗਲਾਸਗੋ ਦੇ ਪ੍ਰਸਿੱਧ ਰੌਇਸ ਕੌਨਸਰਟ ਹਾਲ ਦੇ ਸਾਹਮਣੇ ਬੁਕਾਨਨ ਸਟਰੀਟ ਵਿੱਚ ਨਸਲਵਾਦ ਵਿਰੋਧੀ ਮੁਹਿੰਮਕਾਰਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ "ਨੋ ਸਕਾਟਲੈਂਡ, ਨੋ ਨਾਜੀ" ਅਤੇ ਸ਼ਰਨਾਰਥੀਆਂ ਨੂੰ ਜੀ ਆਇਆਂ ਨੂੰ ਦੇ ਨਾਅਰੇ ਲਗਾਏ। ਇਹ ਨਾਅਰੇ ਉਸ ਵੇਲੇ ਗੂੰਜੇ ਜਦੋਂ ਉੱਥੇ ਕੁਝ ਵਿਰੋਧੀ ਪ੍ਰਦਰਸ਼ਨਕਾਰੀ ਵੀ ਪਹੁੰਚੇ, ਜਿਨ੍ਹਾਂ ਨੂੰ ਸਥਾਨਕ ਲੋਕਾਂ ਅਤੇ ਆਯੋਜਕਾਂ ਵੱਲੋਂ ਕਥਿਤ ਤੌਰ 'ਤੇ ਸੱਜੇ ਪੱਖੀ (far-irght) ਵਿਚਾਰਾਂ ਨਾਲ ਜੁੜਿਆ ਹੋਇਆ ਦੱਸਿਆ ਗਿਆ। ਪ੍ਰਦਰਸ਼ਨ ਵਿੱਚ ਸ਼ਾਮਿਲ ਲੋਕਾਂ ਨੇ ਕਿਹਾ ਕਿ ਸਕਾਟਲੈਂਡ ਵਿੱਚ ਬਹੁ-ਸੱਭਿਆਚਾਰਕ ਸਮਾਜ ਹੈ ਅਤੇ ਇੱਥੇ ਨਸਲਵਾਦ, ਫਾਸ਼ੀਵਾਦ ਜਾਂ ਨਫ਼ਰਤ ਭਰੀ ਰਾਜਨੀਤੀ ਲਈ ਕੋਈ ਥਾਂ ਨਹੀਂ ਹੈ। ਇਹ ਪ੍ਰਦਰਸ਼ਨ ਹਾਲੀਆ ਦਿਨਾਂ ਵਿੱਚ ਉੱਤਰੀ ਆਇਰਲੈਂਡ ਦੇ ਬੈਲਫਾਸਟ ਸ਼ਹਿਰ ਵਿੱਚ ਹੋਏ ਹਮਲੇ ਤੋਂ ਬਾਅਦ ਗਲਾਸਗੋ ਅਤੇ ਹੋਰ ਇਲਾਕਿਆਂ ਵਿੱਚ ਹੋਈਆਂ ਨਸਲੀ ਤਣਾਅ ਅਤੇ ਹਿੰਸਕ ਘਟਨਾਵਾਂ ਦੇ ਜਵਾਬ ਵਜੋਂ ਆਯੋਜਿਤ ਕੀਤਾ ਗਿਆ ਸੀ। ਪ੍ਰਦਰਸ਼ਨ ਦਾ ਮਕਸਦ ਨਸਲਵਾਦ ਅਤੇ ਘ੍ਰਿਣਾ ਦੇ ਖ਼ਿਲਾਫ਼ ਇਕਜੁੱਟਤਾ ਦਿਖਾਉਣਾ, ਵੱਖ-ਵੱਖ ਧਰਮਾਂ ਅਤੇ ਪਿਛੋਕੜਾਂ ਦੇ ਲੋਕਾਂ ਨੂੰ ਇਕੱਠੇ ਦਿਖਾਉਣਾ ਅਤੇ ਇਹ ਸੰਦੇਸ਼ ਦੇਣਾ ਹੈ ਕਿ ਗਲਾਸਗੋ ਅਤੇ ਸਕਾਟਲੈਂਡ ਵਿੱਚ ਨਫ਼ਰਤ ਅਤੇ ਹਿੰਸਾ ਲਈ ਕੋਈ ਥਾਂ ਨਹੀਂ ਹੈ। ਦੂਜੇ ਪਾਸੇ ਵਿਰੋਧੀ ਪ੍ਰਦਰਸ਼ਨਕਾਰੀਆਂ ਦੀ ਮੌਜੂਦਗੀ ਕਾਰਨ ਕੁਝ ਸਮੇਂ ਲਈ ਮਾਹੌਲ ਤਣਾਅਪੂਰਨ ਬਣ ਗਿਆ। ਹਾਲਾਂਕਿ, ਪੁਲਿਸ ਦੀ ਨਿਗਰਾਨੀ ਹੇਠ ਦੋਵੇਂ ਧਿਰਾਂ ਨੂੰ ਵੱਖ-ਵੱਖ ਰੱਖਿਆ ਗਿਆ ਅਤੇ ਕੋਈ ਵੱਡੀ ਗੜਬੜ ਦੀ ਖ਼ਬਰ ਸਾਹਮਣੇ ਨਹੀਂ ਆਈ। ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ ਨੇ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਅਤੇ ਨਸਲੀ ਭੇਦਭਾਵ ਦੇ ਵਿਰੁੱਧ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਪੁਲਿਸ ਨੇ ਕਿਹਾ ਕਿ ਸਮਾਗਮ ਦੌਰਾਨ ਹਾਲਾਤ ਕਾਬੂ ਵਿੱਚ ਰਹੇ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਇੰਤਜ਼ਾਮ ਕੀਤੇ ਗਏ ਸਨ।

# ਪੰਜਾਬ ਚੋਣਾਂ ਲਈ ਕਾਂਗਰਸ ਹਾਈਕਮਾਂਡ ਦਾ ਤਿੰਨ ਦਿਨਾ ਮੰਥਨ ਸ਼ੁਰੂ

## ✪ ਨਿਗਰਾਨਾਂ ਨੇ ਟੋਹੀ ਪੰਜਾਬ ਲੀਡਰਸ਼ਿਪ ਦੀ ਨਬਜ਼, ਫੇਰਬਦਲ ਦੀਆਂ ਕਿਆਸਅਰਾਈਆਂ ਤੇਜ਼

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਹਾਈਕਮਾਂਡ ਵੱਲੋਂ ਨਿਯੁਕਤ ਕੀਤੇ ਗਏ ਤਿੰਨ ਸੀਨੀਅਰ ਕੌਮੀ ਨਿਗਰਾਨਾਂ ਨੇ ਦਿੱਲੀ ਦੇ ਇੰਦਰਾ ਭਵਨ ਵਿਖੇ ਪੰਜਾਬ ਕਾਂਗਰਸ ਦੀ ਚੋਣ ਰਣਨੀਤੀ ਨੂੰ ਲੈ ਕੇ ਤਿੰਨ ਦਿਨਾ ਅਹਿਮ ਮੰਥਨ ਸ਼ੁਰੂ ਕਰ ਦਿੱਤਾ ਹੈ। ਮੀਟਿੰਗ ਦੇ ਪਹਿਲੇ ਦਿਨ ਤਿੰਨ ਮੈਂਬਰੀ ਟੀਮ ਨੇ ਪੰਜਾਬ ਦੇ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕਰਕੇ ਸੂਬੇ ਦੇ ਮੌਜੂਦਾ ਸਿਆਸੀ ਹਾਲਾਤ ਅਤੇ ਜਥੇਬੰਦਕ ਮਜ਼ਬੂਤੀ ਬਾਰੇ ਜ਼ਮੀਨੀ ਫੀਡਬੈਕ ਲਈ।

ਪੰਜਾਬ ਕਾਂਗਰਸ ਵਿੱਚ ਫੇਰਬਦਲ ਨੂੰ ਲੈ ਕੇ ਲੰਮੇ ਸਮੇਂ ਤੋਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ। ਅੱਜ ਜਦੋਂ ਨਿਗਰਾਨਾਂ ਨੇ ਆਗੂਆਂ ਨਾਲ ਇਕੱਲੇ-ਇਕੱਲੇ (ਵਨ-ਟੂ-ਵਨ) ਗੱਲਬਾਤ ਕੀਤੀ, ਤਾਂ ਸਭ ਤੋਂ ਵੱਡਾ ਸਵਾਲ ਇਹ ਉੱਭਰਿਆ ਕਿ 'ਪੰਜਾਬ ਕਾਂਗਰਸ ਨੂੰ ਅਗਵਾਈ ਕੌਣ ਦੇ ਸਕਦਾ ਹੈ?'

ਬੇਦਾਗ਼ ਚਿਹਰੇ ਦੀ ਮੰਗ: ਕਈ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੇ ਹਾਈਕਮਾਂਡ ਅੱਗੇ ਸਾਫ਼ ਲਫ਼ਜ਼ਾਂ ਵਿੱਚ ਕਿਹਾ ਕਿ ਪੰਜਾਬ ਦੀ ਅਗਵਾਈ ਕਰਨ ਵਾਲਾ ਆਗੂ ਦਾਗ਼ੀ ਨਹੀਂ ਹੋਣਾ ਚਾਹੀਦਾ, ਤਾਂ ਜੋ ਕੋਈ ਵੀ ਕੇਂਦਰੀ ਜਾਂ ਸੰਘੀ ਏਜੰਸੀ ਉਸ ਨੂੰ ਸੌਖਿਆਂ ਹੀ ਆਪਣਾ



ਨਿਸ਼ਾਨਾ ਨਾ ਬਣਾ ਸਕੇ।

ਹਾਈਕਮਾਂਡ ਦਾ ਸਟੈਂਡ: ਹਾਲਾਂਕਿ ਹਾਈਕਮਾਂਡ ਹੁਣ ਤੱਕ ਦੋ ਵਾਰ ਲੀਡਰਸ਼ਿਪ ਵਿੱਚ ਕਿਸੇ ਵੀ ਤਰ੍ਹਾਂ ਦੇ ਬਦਲਾਅ ਤੋਂ ਇਨਕਾਰ ਕਰ ਚੁੱਕੀ ਹੈ, ਪਰ ਮੌਜੂਦਾ ਮੰਥਨ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਚਰਚਾ ਛਿੜ ਗਈ ਹੈ ਕਿ ਕੀ ਮੌਜੂਦਾ ਪ੍ਰਧਾਨ ਨੂੰ ਬਦਲਿਆ ਜਾਵੇਗਾ ਅਤੇ ਕੀ ਪ੍ਰਗਟ ਸਿੰਘ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਬਣ ਸਕਦੇ ਹਨ।

ਪ੍ਰਤਾਪ ਸਿੰਘ ਬਾਜਵਾ (ਨੇਤਾ ਵਿਰੋਧੀ ਧਿਰ, ਪੰਜਾਬ) ਨੇ ਕਿਹਾ ਕਿ "ਮੈਂ ਹਾਈਕਮਾਂਡ ਨੂੰ ਇਹੋ ਮਸ਼ਵਰਾ ਦਿੱਤਾ ਹੈ ਕਿ ਜੋ ਵੀ ਫ਼ੈਸਲਾ ਕਰਨਾ ਹੈ, ਉਹ ਜਲਦੀ ਕੀਤਾ ਜਾਵੇ। ਪੰਜਾਬ ਚੋਣਾਂ ਵਿੱਚ ਬਹੁਤ ਥੋੜ੍ਹਾ ਸਮਾਂ ਬਚਿਆ ਹੈ ਅਤੇ ਚੋਣਾਂ ਨਵੰਬਰ-ਦਸੰਬਰ ਵਿੱਚ ਵੀ ਹੋ ਸਕਦੀਆਂ ਹਨ। ਕਾਂਗਰਸ ਨੂੰ ਹੁਣ ਇੱਕਜੁੱਟ ਹੋ ਕੇ ਚੱਲਣਾ ਚਾਹੀਦਾ ਹੈ।"

ਚਰਨਜੀਤ ਸਿੰਘ ਚੰਨੀ (ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ) ਨੇ ਕਿਹਾ ਕਿ ਕਾਂਗਰਸ ਪੂਰੀ ਤਰ੍ਹਾਂ ਚੋਣਾਂ ਦੀ ਤਿਆਰੀ ਵਿੱਚ ਜੁਟ ਗਈ ਹੈ। ਹਾਈਕਮਾਂਡ ਸਾਰੇ ਹਾਲਾਤ ਦੀ ਸਮੀਖਿਆ ਕਰ ਰਹੀ ਹੈ ਅਤੇ ਜਲਦੀ ਹੀ ਕੋਈ ਨਾ ਕੋਈ ਵੱਡਾ ਫ਼ੈਸਲਾ ਲਿਆ ਜਾਵੇਗਾ।"

ਰਜਿੰਦਰ ਕੌਰ ਭੱਠਲ (ਸਾਬਕਾ ਮੁੱਖ ਮੰਤਰੀ) ਨੇ ਕਿਹਾ ਕਿ "ਕੌਮੀ ਨਿਗਰਾਨਾਂ ਨੇ ਪੰਜਾਬ ਦੇ ਸਿਆਸੀ ਧਰਾਤਲ ਬਾਰੇ ਵਿਸਥਾਰਿਤ ਫੀਡਬੈਕ ਲਈ ਹੈ ਅਤੇ ਇਹ ਜਾਣਿਆ ਹੈ ਕਿ ਕਿਹੜੀ ਪਾਰਟੀ ਕਿੰਨੇ ਕੁ ਪਾਣੀ ਵਿੱਚ ਹੈ। ਲੀਡਰਸ਼ਿਪ ਵਿੱਚ ਫੇਰਬਦਲ ਦੇ ਸਵਾਲ 'ਤੇ ਚਰਚਾ ਤਾਂ ਹਰ ਪਹਿਲੂ 'ਤੇ ਹੁੰਦੀ ਹੀ ਹੈ।"

### ਅਗਲੇ ਦੋ ਦਿਨ ਕੀ ਹੋਵੇਗਾ?

ਹਾਈਕਮਾਂਡ ਵੱਲੋਂ ਭੇਜੇ ਗਏ ਤਿੰਨ ਕੌਮੀ ਨਿਗਰਾਨਾਂ- ਅਜੇ ਮਾਕਨ, ਮੀਨਾਕਸ਼ੀ ਨਟਰਾਜਨ ਅਤੇ ਭਜਨ ਲਾਲ ਜਾਟਵ ਦੀ ਇਹ ਕਵਾਇਦ ਅਗਲੇ ਦੋ ਦਿਨ ਵੀ ਜਾਰੀ ਰਹੇਗੀ।

ਬਾਕੀ ਆਗੂਆਂ ਨਾਲ ਮੀਟਿੰਗ: ਆਉਂਦੇ ਦੋ ਦਿਨਾਂ ਦੌਰਾਨ ਕਾਂਗਰਸ ਦੇ ਸਮੂਹ ਜ਼ਿਲ੍ਹਾ ਪ੍ਰਧਾਨਾਂ ਅਤੇ ਪੰਜਾਬ ਦੇ ਸਾਬਕਾ ਮੰਤਰੀਆਂ (ਵਜ਼ੀਰਾਂ) ਤੋਂ ਫੀਡਬੈਕ ਲਈ ਜਾਵੇਗੀ।

ਹਾਈਕਮਾਂਡ ਨੂੰ ਰਿਪੋਰਟ: ਇਹ ਤਿੰਨ ਮੈਂਬਰੀ ਟੀਮ ਆਪਣੀ ਮੁਕੰਮਲ ਅਤੇ ਵਿਸਥਾਰਿਤ ਰਿਪੋਰਟ ਕਾਂਗਰਸ ਹਾਈਕਮਾਂਡ ਨੂੰ ਸੌਂਪੇਗੀ, ਜਿਸ ਦੇ ਆਧਾਰ 'ਤੇ ਇਸੇ ਮਹੀਨੇ ਦੇ ਅੰਦਰ ਪੰਜਾਬ ਕਾਂਗਰਸ ਦੇ ਸੰਗਠਨ ਅਤੇ ਲੀਡਰਸ਼ਿਪ ਨੂੰ ਲੈ ਕੇ ਕੋਈ ਵੱਡਾ ਫ਼ੈਸਲਾ ਲਿਆ ਜਾ ਸਕਦਾ ਹੈ।

# ਸੁਰਿੰਦਰ ਸਿੰਘ ਠੀਕਰੀਵਾਲਾ ਦੀ ਭਾਰਤ ਨੂੰ ਸੌਂਪੀ ਜਾਏਗੀ ਹਵਾਲਗੀ?

## ✪ ਅਮਰੀਕੀ ਸਿੱਖਾਂ ਵੱਲੋਂ ਕਾਰਵਾਈ ਰੋਕਣ ਦੇ ਯਤਨ ਸ਼ੁਰੂ

ਨਿਊਯਾਰਕ-ਅਮਰੀਕਾ ਵਿੱਚ ਗ੍ਰਿਫ਼ਤਾਰ ਕੀਤੇ ਗਏ ਸੁਰਿੰਦਰ ਸਿੰਘ ਠੀਕਰੀਵਾਲਾ ਦੀ ਭਾਰਤ ਹਵਾਲਗੀ ਨੂੰ ਲੈ ਕੇ ਸਰਗਰਮੀਆਂ ਤੇਜ਼ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਠੀਕਰੀਵਾਲਾ ਨੂੰ ਕਈ ਮਾਮਲਿਆਂ ਵਿੱਚ ਲੋੜੀਂਦਾ ਹੋਣ ਕਾਰਨ ਉਸ ਨੂੰ ਭਾਰਤ ਲਿਆਉਣ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਦੂਜੇ ਪਾਸੇ, ਅਮਰੀਕਾ ਵਿੱਚ ਮੌਜੂਦ ਸਿੱਖ ਸੰਗਠਨਾਂ ਅਤੇ ਭਾਈਚਾਰੇ ਵੱਲੋਂ ਇਸ ਹਵਾਲਗੀ ਨੂੰ ਰੋਕਣ ਦੇ ਯਤਨ ਵੀ ਵਿੱਢ ਦਿੱਤੇ ਗਏ ਹਨ।

ਸੁਰਿੰਦਰ ਸਿੰਘ ਠੀਕਰੀਵਾਲਾ ਲੰਬੇ ਸਮੇਂ ਤੋਂ ਵੱਖਰੇ ਸਿੱਖ ਰਾਜ ਦੀ ਮੰਗ ਅਤੇ ਰੈਫਰੈਂਡਮ ਨਾਲ ਜੁੜੀਆਂ ਸਰਗਰਮੀਆਂ ਵਿੱਚ ਸਰਗਰਮ ਰਿਹਾ ਹੈ।ਕੁਝ ਰਿਪੋਰਟਾਂ ਅਨੁਸਾਰ ਭਾਰਤੀ ਏਜੰਸੀਆਂ ਉਸ ਦਾ ਨਾਂ ਪੰਜਾਬ ਵਿੱਚ ਵਾਪਰੀਆਂ ਕੁਝ ਵਿਸਫੋਟਕ ਘਟਨਾਵਾਂ ਨਾਲ ਜੋੜ ਰਹੀਆਂ ਹਨ, ਹਾਲਾਂਕਿ ਇਨ੍ਹਾਂ ਦੋਸ਼ਾਂ 'ਤੇ ਅਦਾਲਤੀ ਫ਼ੈਸਲਾ ਆਉਣਾ ਅਜੇ ਬਾਕੀ ਹੈ।

ਠੀਕਰੀਵਾਲਾ ਨੇ ਦਾਅਵਾ ਕੀਤਾ ਕਿ ਉਹ ਪੰਜਾਬ ਵਿੱਚ ਰਹਿੰਦਿਆਂ ਹੀ ਭਾਰਤ ਤੋਂ ਵੱਖ ਰੈਫਰੈਂਡਮ ਦੇ ਹੱਕ ਵਿੱਚ ਪ੍ਰਚਾਰ ਕਰਦਾ ਰਿਹਾ ਹੈ। ਉਸ ਨੇ ਦੱਸਿਆ ਕਿ ਜੁਲਾਈ 2015 ਵਿੱਚ ਪੰਜਾਬ ਅੰਦਰ ਯੂਏਪੀਏ (ਗੈਰ-



ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ) ਅਧੀਨ ਸਭ ਤੋਂ ਪਹਿਲਾ ਪਰਚਾ ਉਸ ਦੇ ਖ਼ਿਲਾਫ਼ ਹੀ ਦਰਜ ਕੀਤਾ ਗਿਆ ਸੀ।

ਅਮਰੀਕਾ ਵਿੱਚ ਅਸਾਈਲਮ ਅਤੇ ਮੌਜੂਦਾ ਸਥਿਤੀ-ਅਮਰੀਕੀ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਏ ਜਾਣ ਤੋਂ ਪਹਿਲਾਂ ਠੀਕਰੀਵਾਲਾ ਨੇ ਅਮਰੀਕਾ ਵਿੱਚ ਸਿਆਸੀ ਸ਼ਰਨ ਦੀ ਮੰਗ ਕੀਤੀ ਹੋਈ ਸੀ, ਜੋ ਫਿਲਹਾਲ ਅਮਰੀਕੀ ਪ੍ਰਸ਼ਾਸਨ ਕੋਲ ਵਿਚਾਰ ਅਧੀਨ ਹੈ।

ਕਿੱਥੇ ਹੈ ਬੰਦ?: ਠੀਕਰੀਵਾਲਾ ਨੂੰ ਇਸ ਵੇਲੇ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਅਧੀਨ ਇੰਡੀਆਨਾ ਸੂਬੇ ਦੇ 'ਕਲੇ ਕਾਊਂਟੀ ਜਸਟਿਸ ਸੈਂਟਰ' ਵਿੱਚ ਹਿਰਾਸਤ 'ਚ ਰੱਖਿਆ ਗਿਆ ਹੈ।

ਅਗਲੀ ਪੇਸ਼ੀ: ਇਸ ਮਾਮਲੇ ਵਿੱਚ ਅਗਲੀ ਅਦਾਲਤੀ ਪੇਸ਼ੀ 9 ਜੁਲਾਈ ਨੂੰ ਹੋਣੀ ਤੈਅ ਹੋਈ ਹੈ। ਮਾਹਿਰਾਂ ਅਨੁਸਾਰ ਹਵਾਲਗੀ ਦੀ ਇਹ ਪ੍ਰਕਿਰਿਆ ਅਮਰੀਕੀ ਅਦਾਲਤਾਂ ਅਤੇ ਦੋਵਾਂ ਦੇਸ਼ਾਂ ਵਿਚਾਲੇ ਹੋਏ ਕਾਨੂੰਨੀ ਸਮਝੌਤਿਆਂ ਦੇ ਤਹਿਤ ਹੀ ਅੱਗੇ ਵਧੇਗੀ।

ਅਮਰੀਕੀ ਸਿੱਖਾਂ ਵੱਲੋਂ ਹਵਾਲਗੀ ਦਾ ਵਿਰੋਧ-ਠੀਕਰੀਵਾਲਾ ਦੀ ਗ੍ਰਿਫ਼ਤਾਰੀ ਅਤੇ ਭਾਰਤ ਹਵਾਲਗੀ ਦੀਆਂ ਖ਼ਬਰਾਂ ਤੋਂ ਬਾਅਦ ਅਮਰੀਕਾ ਦੇ ਸਿੱਖ ਭਾਈਚਾਰੇ ਵਿੱਚ ਚਿੰਤਾ ਅਤੇ ਚਰਚਾ ਦਾ ਮਾਹੌਲ ਹੈ।

ਅਮਰੀਕੀ ਸਿੱਖਾਂ ਦੇ ਇੱਕ ਹਿੱਸੇ ਵੱਲੋਂ ਇਸ ਹਵਾਲਗੀ ਨੂੰ ਰੋਕਣ ਲਈ ਕਾਨੂੰਨੀ ਅਤੇ ਰਾਜਨੀਤਕ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦਾ ਖ਼ਦਸ਼ਾ ਹੈ ਕਿ ਜੇਕਰ ਠੀਕਰੀਵਾਲਾ ਨੂੰ ਭਾਰਤ ਦੇ ਹਵਾਲੇ ਕੀਤਾ ਗਿਆ, ਤਾਂ ਉਸ ਨੂੰ ਉਮਰ ਭਰ ਲਈ ਜੇਲ੍ਹ ਵਿੱਚ ਬੰਦ ਕੀਤਾ ਜਾ ਸਕਦਾ ਹੈ ਜਾਂ ਫਿਰ ਉਸ ਦਾ 'ਫੇਕ ਐਨਕਾਊਂਟਰ' (ਝੂਠਾ ਮੁਕਾਬਲਾ) ਕੀਤਾ ਜਾ ਸਕਦਾ ਹੈ।

ਆਉਣ ਵਾਲੇ ਦਿਨਾਂ ਵਿੱਚ ਖ਼ਾਸ ਕਰਕੇ 9 ਜੁਲਾਈ ਦੀ ਅਦਾਲਤੀ ਪੇਸ਼ੀ ਦੌਰਾਨ, ਅਮਰੀਕੀ ਅਦਾਲਤ ਦਾ ਰੁਖ਼ ਇਸ ਪੂਰੇ ਮਾਮਲੇ ਦੀ ਦਿਸ਼ਾ ਤੈਅ ਕਰਨ ਵਿੱਚ ਬੇਹੱਦ ਮਹੱਤਵਪੂਰਨ ਸਾਬਤ ਹੋਵੇਗਾ।

# ਅਮਰੀਕਾ ਨੇ ਆਪਣੀ ਸਭ ਤੋਂ ਵੱਡੀ ਫ਼ੌਜੀ ਕਮਾਂਡ ਦੇ ਨਾਮ ਵਿੱਚੋਂ 'ਇੰਡੀਅਨ ਓਸ਼ੀਅਨ' ਦਾ ਹਵਾਲਾ ਹਟਾਇਆ



ਨਵੀਂ ਦਿੱਲੀ-ਅਮਰੀਕਾ ਦੇ ਰੱਖਿਆ ਵਿਭਾਗ (ਪੈਂਟਾਗਨ) ਨੇ ਇੱਕ ਅਹਿਮ ਰਣਨੀਤਕ ਫ਼ੈਸਲਾ ਲੈਂਦਿਆਂ ਆਪਣੀ ਸਭ ਤੋਂ ਵੱਡੀ ਫ਼ੌਜੀ ਕਮਾਂਡ ਦੇ ਨਾਮ ਵਿੱਚ ਵੱਡਾ ਬਦਲਾਅ ਕੀਤਾ ਹੈ। ਅਮਰੀਕੀ ਰੱਖਿਆ ਵਿਭਾਗ ਵੱਲੋਂ ਕੀਤੇ ਗਏ ਅਧਿਕਾਰਤ ਐਲਾਨ ਮੁਤਾਬਕ, 'ਯੂ.ਐੱਸ. ਇੰਡੋ-ਪੈਸੀਫਿਕ ਕਮਾਂਡ' ਦਾ ਨਾਮ ਬਦਲ ਕੇ ਹੁਣ ਮੁੜ ਇਸ ਦਾ ਅਸਲ ਅਤੇ ਪੁਰਾਣਾ ਨਾਮ 'ਯੂ.ਐੱਸ. ਪੈਸੀਫਿਕ ਕਮਾਂਡ' (ਕਰ ਦਿੱਤਾ ਗਿਆ ਹੈ। ਇਸ ਬਦਲਾਅ ਨਾਲ ਕਮਾਂਡ ਦੇ ਨਾਮ ਵਿੱਚੋਂ 'ਇੰਡੀਅਨ ਓਸ਼ੀਅਨ' (ਹਿੰਦ ਮਹਾਸਾਗਰ) ਦਾ ਹਵਾਲਾ ਹਟਾ ਦਿੱਤਾ ਗਿਆ ਹੈ। ਹਾਲਾਂਕਿ, ਅਮਰੀਕਾ ਨੇ ਸਾਫ਼ ਕੀਤਾ ਹੈ ਕਿ ਨਾਮ ਬਦਲਣ ਦੇ ਬਾਵਜੂਦ ਇਸ ਫ਼ੌਜੀ ਕਮਾਂਡ ਦੇ ਕਾਰਜਾਂ ਦੀ ਪ੍ਰਕਿਰਤੀ, ਮਿਸ਼ਨ ਜਾਂ ਇਸ ਦੇ ਜ਼ਿੰਮੇਵਾਰੀ ਵਾਲੇ ਖੇਤਰ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।

# ਪਹਿਲੀ ਮਿਲਣੀ ਬਣੀ ਆਖਰੀ !


ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517
tsdupalpuri@yahoo.com

ਬੀਤੇ ਦਿਨੀਂ ਅਚਾਨਕ ਵਾਪਰੇ ਇੱਕ ਦਰਦਨਾਕ ਹਾਦਸੇ ਵਿੱਚ ਸਾਈਕਲ ਸਮੇਤ ਗੰਦੇ ਨਾਲ਼ੇ ਵਿਚ ਡਿਗ ਕੇ ਜਾਨ ਗਵਾ ਗਏ ਵੀਰ ਸਵਰਨ ਸਿੰਘ ਭੰਗੂ ਬਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਸੀ। ਪਰ ਪਿਛਲੇ ਸਾਲ ਸੰਨ 25 ਵਿੱਚ ਅਮਰੀਕਾ ਤੋਂ ਪਿੰਡ ਗਏ ਨੂੰ ਮੈਨੂੰ ਜਦ ਉਨ੍ਹਾਂ ਮੈਸੰਜਰ 'ਤੇ ਸੁਨੇਹਾ ਭੇਜਿਆ ਕਿ ਜਾਂ ਤੁਸੀਂ ਚਮਕੌਰ ਸਾਹਬ ਆਉ ਜਾਂ ਮੈਨੂੰ ਦੱਸੋ ਮੈਂ ਆਵਾਂ ਤੁਹਾਨੂੰ ਮਿਲਣ ਤਦ ਮੈਂ ਉਨ੍ਹਾਂ ਦੀ ਫੇਸ-ਬੁੱਕ ਪ੍ਰੋਫਾਈਲ ਖੰਘਾਲ਼ੀ ਤਾਂ ਉਨ੍ਹਾਂ ਵਲੋਂ ਨਿਭਾਈ ਜਾ ਰਹੀ ਲੋਕ-ਸੇਵਾ ਤੇ ਭੰਗੂ ਸਾਹਬ ਦੀ ਮਾਨਵਵਾਦੀ ਇਨਕਲਾਬੀ ਸੋਚ ਤੋਂ ਜਾਣੂ ਹੋਇਆ !

ਖੈਰ ਉਨ੍ਹਾਂ ਦੇ ਮੋਹ ਪਿਆਰ ਭਰੇ ਸੁਨੇਹੇ ਅਨੁਸਾਰ ਮੈਂ ਉਨ੍ਹਾਂ ਨੂੰ ਇੱਕ ਦਿਨ ਨਵਾਂਸ਼ਹਿਰ ਆਉਣ ਦਾ ਸੱਦਾ ਦਿੱਤਾ। ਦੋ ਢਾਈ ਘੰਟੇ ਵਿਚਾਰਾਂ ਦਾ ਖ਼ੂਬ ਅਦਾਨ-ਪ੍ਰਦਾਨ ਹੋਇਆ। ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਕਿ ਏਡਾ ਗੁਣਵਾਨ ਸੱਜਣ ਮੇਰੀ ਨਿਗੁਣੇ ਜਿਹੇ ਦੀ ਵੀ ਏਨੀ ਜਿਆਦਾ ਕਦਰ ਕਰਦਾ ਹੈ ? ਉਸ ਮਿਲਣੀ ਤੋਂ ਬਾਅਦ ਮੈਂ ਸ਼ਰਮਿੰਦਗੀ ਦੇ ਅਹਿਸਾਸ ਨਾਲ ਸੋਚਦਾ ਰਿਹਾ ਕਿ ਸਹਿਜ ਸਾਦਗੀ ਦੀ ਮੂਰਤ ਇਸ ਮਹਾਨ ਸੱਜਣ ਨੂੰ ਮਿਲਣ ਵਾਸਤੇ ਤਾਂ ਮੈਨੂੰ ਖੁਦ ਚੱਲ ਕੇ ਸ੍ਰੀ ਚਮਕੌਰ ਸਾਹਿਬ ਜਾਣਾ ਚਾਹੀਦਾ ਸੀ !

ਹੁਣ ਜਦ ਭੰਗੂ ਸਾਹਬ ਨਾਲ ਹੋਏ ਅਣਕਿਆਸੇ ਹਾਦਸੇ ਦੀ ਖਬਰ ਪੜ੍ਹੀ ਸੁਣੀ ਤਾਂ ਮੈਂ ਸੁੰਨ ਹੋ ਕੇ ਰਹਿ ਗਿਆ ! ਮੈਨੂੰ ਆਪਣੀ ਸਾਈਕਲ-ਸੈਰ ਕਰਨ ਵੇਲੇ ਦਾ ਚੇਤਾ ਆ ਗਿਆ... ਪਿੰਡ ਰਹਿਣ ਦੌਰਾਨ ਮੈਂ ਵੀ ਲਾਗੇ ਦੇ ਪਿੰਡ ਚਕਲੀ ਸ਼ਜਾਇਤ ਦੀ ਨੈੜੀ ਦੇ ਬਿਨਾਂ ਰੇਲਿੰਗ ਵਾਲ਼ੇ ਪੁਲ਼ ਤੋਂ ਸਾਈਕਲ 'ਤੇ ਲੰਘਣ ਵੇਲੇ ਡਿਗਣ ਤੋਂ ਸਹਿਮਿਆਂ ਡਰਦਾ ਚੁਕੰਨਾਂ ਹੋ ਜਾਂਦਾ ਹੁੰਦਾ ਸਾਂ... !

ਹੁਣ ਅਚਾਨਕ ਆ ਪਏ ਪਤੀ-ਵਿਛੋੜੇ ਨੂੰ ਬੀਬੀ ਗੁਰਪ੍ਰੀਤ ਕੌਰ ਭੰਗੂ, ਬੇਟਾ ਬਾਗੀ ਭੰਗੂ ਅਤੇ ਸਵਰਗੀ ਭੰਗੂ ਜੀ ਦੀ ਵਿੱਦਿਅਕ ਸੰਸਥਾ ਬਸੀ ਗੁੱਜਰਾਂ ਦੇ ਵਿਦਿਆਰਥੀ ਕਿਵੇਂ ਇਹ ਅਸਹਿ ਸੱਟ ਸਹਾਰਨਗੇ ? ?



'ਮਰਜ਼ੀ ਨਾਲ ਨਹੀਂ ਜਾਂਦਾ
ਮਰਜ਼ੀ ਨਾਲ ਨਹੀਂ ਮਰਦਾ
ਦੁਨੀਆਂਦਾਰ ਦੇ ਹੱਥਾਂ ਦੇ ਵਿਚ
ਨਾ ਕੁੰਜੀ ਨਾ ਜੰਦਾ ਹੈ !'
(ਸਾਧੂ ਸਿੰਘ ਹਮਦਰਦ)

...ਵਿਲੱਖਣ ਵਿਚਾਰਾਂ ਵਾਲ਼ੇ ਨੇਕ ਇਨਸਾਨ ਭੰਗੂ ਜੀ ਦੀ ਅਚਨਚੇਤ ਜੀਵਨ-ਲੀਲ੍ਹਾ ਸਮਾਪਤ ਕਰ ਦੇਣ ਵਾਲ਼ੇ ਉਸ ਮਨਹੂਸ ਗੰਦੇ ਨਾਲ਼ੇ ਦੇ ਬਿਨਾਂ ਰੇਲਿੰਗ ਪੁਲ਼ ਉੱਤੇ ਜਿਵੇਂ ਹੁਣ ਕੁੱਝ ਮਾਨਵ-ਦਰਦੀ ਸੱਜਣਾ ਨੇ ਰੇਲਿੰਗ ਬਣਾ ਕੇ ਫਿੱਟ ਕਰ ਦਿੱਤੀ ਹੈ। ਉਸਨੂੰ ਦੇਖਦਿਆਂ ਮੈਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਪਿਆਰੇ ਭੰਗੂ ਸਾਹਬ ਆਪਣਾ ਬਲੀਦਾਨ ਦੇ ਕੇ ਲੋਕਾਈ ਨੂੰ ਇਹ ਸੁਨੇਹਾ ਦੇ ਗਏ ਹਨ ਕਿ ਓ ਲੋਕੋ ! ਜਿਨ੍ਹਾਂ ਰਾਹ ਰਸਤਿਆਂ ਉੱਤੋਂ ਤੁਸੀਂ ਸਵੇਰ ਸ਼ਾਮ ਆਉਣਾ-ਜਾਣਾ ਹੈ, ਆਪਣੀ ਅਤੇ ਆਮ ਲੋਕਾਈ ਦੀ ਸੁਰੱਖਿਆ ਵਾਸਤੇ ਉਨ੍ਹਾਂ ਰਾਹਾਂ ਦੀ ਸਾਰ ਲਵੋ !

ਭੰਗੂ ਸਾਹਬ ਦੇ ਅਤਿ ਦੁਖਦਾਈ ਵਿਛੋੜੇ ਦਾ ਵਾਸਤਾ ਹੈ ਦੋਸਤੋ, ਆਪਣੇ ਲਾਗੇ ਦੇ ਜਿਸ ਵੀ ਪੁਲ਼ ਜਾਂ ਕਿਸੇ ਪੁਲ਼ੀ ਉੱਤੇ ਲੜੀਂਦੀ ਰੇਲਿੰਗ ਵਗੈਰਾ ਨਹੀਂ ਹੈ, ਉੱਥੇ ਰੇਲਿੰਗ ਬਣਾਉਣ ਲਈ ਅੱਜ ਹੀ ਕਮਰਕੱਸੇ ਕਰੋ ! ਕਿਤੇ ਕੂਹਣੀ-ਮੋੜ ਉੱਤੇ ਸ਼ੀਸ਼ਾ ਲਗਵਾਉਣ ਦੀ ਲੋੜ ਹੋਵੇ ਉੱਥੇ ਸ਼ੀਸ਼ੇ ਦਾ ਬੰਦੋਬਸਤ ਕਰੋ। ਹੋਰ ਬੇਲੋੜੇ ਟੂਰਨਾਮੈਂਟ, ਕਥਿੱਤ ਸੱਭਿਆਚਾਰਕ ਮੇਲਿਆਂ ਅਤੇ 'ਪ੍ਰਲੋਕ ਸੁਧਾਰਨ' ਦੇ ਅਡੰਬਰੀ ਕਰਮ-ਕਾਂਡਾਂ ਦਾ ਖਹਿੜਾ ਛੱਡ ਕੇ, ਆਪਣੇ ਏਸ ਜਹਾਨ ਦੇ ਰਾਹ-ਰਸਤੇ ਸਵਾਰ ਲਈਏ ਤਾਂ ਕਿ ਭੰਗੂ ਸਾਹਬ ਵਰਗੇ ਸਮਾਜ ਸੁਧਾਰਕ ਸੱਜਣ ਸੁਹੇਲਿਆਂ ਨੂੰ ਮਾਨਵ-ਸੇਵਾ ਦੇ ਕਾਰਜ ਵਿੱਚ-ਵਿਚਾਲ਼ੇ ਛੱਡ ਕੇ ਏਦਾਂ ਕੀਮਤੀ ਜਾਨ ਨਾ ਗਵਾਉਣੀ ਪਵੇ !

ਇਨ੍ਹਾਂ ਸਤਰਾਂ ਨੂੰ ਕੋਈ ਮਹਿਜ ਅਖਬਾਰੀ ਲਿਖਤ ਹੀ ਨਾ ਸਮਝਣਾ ਦੋਸਤੋ ਸਗੋਂ ਸਾਰੇ ਪੰਜਾਬ ਵਾਸੀਆਂ ਅੱਗੇ ਇਨ੍ਹਾਂ ਕਰੁਣਾਮਈ ਸ਼ਬਦਾਂ ਵਿੱਚ ਮੈਂ ਆਪਣੇ ਦਿਲ ਦੀ ਦਰਦ-ਵਿੰਨ੍ਹੀ ਹੂਕ ਰੱਖ ਰਿਹਾ ਹਾਂ ਪਿਆਰਿਉ !

'ਬਿਛੜਾ ਕੁਛ ਇਸ ਤਰਹ ਸੇ
ਕਿ ਰੁੱਤ ਹੀ ਬਦਲ ਗਈ
ਇਕ ਸ਼ਖਸ਼ ਸਾਰੇ ਸ਼ਹਰ ਕੋ
ਵੀਰਾਨ ਕਰ ਗਯਾ।' (ਖ਼ਾਲਿਦ ਸ਼ਰੀਫ)

*** **



ਗੁਰੂ ਤੇਗ ਬਹਾਦਰ ਨਗਰ ਜਲੰਧਰ ਦੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਵਿਚ ਹੋਈ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਦੇ ਸਰਪ੍ਰਸਤ ਰਵੀਇੰਦਰ ਸਿੰਘ, ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਸੁੱਚਾ ਸਿੰਘ ਛੋਟੇਪੁਰ, ਯੁਨਾਈਟਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ, ਬੂਟਾ ਸਿੰਘ ਰਣਸੀਂਹ, ਪੰਥਕ ਅਕਾਲੀ ਦਲ ਦੇ ਪ੍ਰਧਾਨ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਬੇਗਮਪੁਰਾ ਖ਼ਾਲਸਾ ਰਾਜ ਪਾਰਟੀ ਦੇ ਪ੍ਰਧਾਨ ਗੁਰਿੰਦਰ ਸਿੰਘ ਬਾਜਵਾ ਸ਼ਾਮਿਲ ਹੋਏ। ਗੰਭੀਰ ਵਿਚਾਰਾਂ ਕਰਨ ਤੋਂ ਬਾਅਦ ਇਹ ਸਾਰੇ ਆਗੂ ਰਲ ਕੇ ਚਲਣ ਲਈ ਸਹਿਮਤ ਨਜਰ ਆਏ ।

# ਗੋਦ ਲਏ ਮਾਸੂਮ ਬੱਚੇ 'ਤੇ ਜ਼ੁਲਮਾਂ ਦੀ ਦਾਸਤਾਨ ਅਤੇ ਦਰਦਭਰੀ ਮੌਤ ਨੇ ਝੰਜੋੜਿਆ ਹਰੇਕ ਦਾ ਦਿਲ

ਲੈਸਟਰ (ਇੰਗਲੈਂਡ), 15 ਜੂਨ (ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਲੰਕਾਸ਼ਾਇਰ ਵਿੱਚ 13 ਮਹੀਨੇ ਦੇ ਗੋਦ ਲਏ ਬੱਚੇ ਪ੍ਰੈਸਟਨ ਡੇਵੀ ਦੇ ਕਤਲ ਅਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਏ ਤੱਥਾਂ ਨੇ ਬੱਚੇ ਉੱਤੇ ਕੀਤੇ ਗਏ ਅੱਤਿਆਚਾਰਾਂ ਦੀ ਦਰਦਨਾਕ ਤਸਵੀਰ ਪੇਸ਼ ਕੀਤੀ ਹੈ।ਪ੍ਰੈਸਟਨ ਡੇਵੀ ਨੂੰ ਅਪ੍ਰੈਲ 2023 ਵਿੱਚ ਜੇਮੀ ਵਰਲੀ ਅਤੇ ਉਸ ਦੇ ਸਾਥੀ ਜੌਨ ਮੈਕਗੋਵਨ-ਫਾਜ਼ਾਕਰਲੀ ਨੇ ਗੋਦ ਲਿਆ ਸੀ। ਬੱਚਾ ਪਹਿਲੇ ਨੌਂ ਮਹੀਨੇ ਆਪਣੇ ਪਾਲਣਹਾਰ ਪਰਿਵਾਰ ਕੋਲ ਖੁਸ਼ਹਾਲ ਅਤੇ ਸੁਰੱਖਿਅਤ ਜੀਵਨ ਬਤੀਤ ਕਰ ਰਿਹਾ ਸੀ, ਪਰ ਗੋਦ ਲਏ ਜਾਣ ਤੋਂ ਬਾਅਦ ਉਸ ਦੀ ਜ਼ਿੰਦਗੀ ਤਸ਼ੱਦਦ ਅਤੇ ਦੁੱਖਾਂ ਨਾਲ ਭਰ ਗਈ।ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਜੁਲਾਈ 2023 ਵਿੱਚ ਜੇਮੀ ਵਰਲੀ ਬੱਚੇ ਨੂੰ ਹਸਪਤਾਲ ਲੈ ਕੇ ਗਿਆ ਅਤੇ ਦਾਅਵਾ ਕੀਤਾ ਕਿ ਉਹ ਨਹਾਉਣ ਵਾਲੇ ਟੱਬ ਵਿੱਚ ਡੁੱਬ ਗਿਆ ਸੀ। ਹਾਲਾਂਕਿ ਪੋਸਟਮਾਰਟਮ ਰਿਪੋਰਟ ਵਿੱਚ ਡੁੱਬਣ ਦਾ ਕੋਈ ਸਬੂਤ ਨਹੀਂ ਮਿਲਿਆ। ਜਾਂਚ ਦੌਰਾਨ ਬੱਚੇ ਦੇ ਸਰੀਰ 'ਤੇ 40 ਅੰਦਰੂਨੀ ਅਤੇ ਬਾਹਰੀ ਸੱਟਾਂ ਦੇ ਨਿਸ਼ਾਨ ਮਿਲੇ, ਜਿਨ੍ਹਾਂ ਵਿੱਚ ਜਿਨਸੀ ਸ਼ੋਸ਼ਣ ਨਾਲ ਸਬੰਧਤ ਸਬੂਤ ਵੀ ਸ਼ਾਮਲ ਸਨ।ਲੰਕਾਸ਼ਾਇਰ ਪੁਲਿਸ ਦੇ ਸੀਨੀਅਰ ਜਾਂਚ ਅਧਿਕਾਰੀ ਐਂਡੀ ਫੈਲੋਜ਼ ਨੇ ਕਿਹਾ ਕਿ ਜੇਮੀ ਵਰਲੀ ਨੇ ਲਗਾਤਾਰ ਝੂਠ ਬੋਲ ਕੇ ਜਾਂਚ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਅਨੁਸਾਰ ਬੱਚੇ ਨਾਲ ਸਰੀਰਕ, ਜਿਨਸੀ ਅਤੇ ਮਾਨਸਿਕ ਤੌਰ 'ਤੇ ਅੱਤਿਆਚਾਰ ਕੀਤੇ ਗਏ ਅਤੇ ਉਸ ਨੂੰ ਇੱਕ ਖਿਡੌਣੇ ਵਾਂਗ ਵਰਤਿਆ ਗਿਆ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਪ੍ਰੈਸਟਨ ਨੂੰ ਮੌਤ ਤੋਂ ਪਹਿਲਾਂ ਕਈ ਵਾਰ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਉਸ ਨੂੰ ਦੌਰੇ ਪੈਣ, ਸਰੀਰ 'ਤੇ ਨੀਲ ਪੈਣ ਅਤੇ ਬਾਂਹ ਟੁੱਟਣ ਵਰਗੀਆਂ ਗੰਭੀਰ ਸੱਟਾਂ ਲੱਗੀਆਂ ਸਨ। ਇਸ ਦੇ ਬਾਵਜੂਦ ਬੱਚਾ ਆਪਣੇ ਗੋਦ ਲੈਣ ਵਾਲੇ ਮਾਪਿਆਂ ਦੀ ਦੇਖਭਾਲ ਹੇਠ ਹੀ ਰਿਹਾ।ਅਦਾਲਤ ਨੇ ਜੇਮੀ ਵਰਲੀ ਨੂੰ ਕਤਲ, ਜਿਨਸੀ ਸ਼ੋਸ਼ਣ ਅਤੇ ਬੱਚੇ ਨਾਲ ਕ੍ਰੂਰਤਾ ਸਮੇਤ ਕਈ ਗੰਭੀਰ ਦੋਸ਼ਾਂ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਜੌਨ ਮੈਕਗੋਵਨ-ਫਾਜ਼ਾਕਰਲੀ ਨੂੰ ਬੱਚੇ ਦੀ ਮੌਤ ਹੋਣ ਦੇਣ, ਜਿਨਸੀ ਹਮਲੇ ਅਤੇ ਕ੍ਰੂਰਤਾ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਦੋਵਾਂ ਨੂੰ ਇਸ ਹਫ਼ਤੇ ਸਜ਼ਾ ਸੁਣਾਈ ਜਾਵੇਗੀ।





# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ


**Matrimonial advert is only £60 for 4 weeks**


**UK-born, well-educated, handsome Jatt Sikh boy (British citizen), age 23, height 5’9”, holding a good government job in the UK. Seeking a beautiful, cultured and well-educated Jatt Sikh girl who understands family values. Interested families may share their biodata. Please contact: ✆ 00 91 80549-52346 or email: jatinder.pkg@gmail.com**

ਯੂ ਕੇ ਦੇ ਜੰਮ-ਪਲ ਪੜ੍ਹੇ-ਲਿਖੇ ਸੋਹਣੇ ਜਵਾਨ, ਜੱਟ ਸਿੱਖ ਲੜਕੇ (ਬ੍ਰਿਟਿਸ਼ ਨਾਗਰਿਕ), ਉਮਰ 23 ਸਾਲ, ਕੱਦ 5’9”, ਯੂ ਕੇ ਵਿੱਚ ਚੰਗੀ ਸਰਕਾਰੀ ਨੌਕਰੀ ਲਈ ਸੁੰਦਰ, ਸੰਸਕਾਰੀ ਅਤੇ ਪੜ੍ਹੀ-ਲਿਖੀ ਜੱਟ ਸਿੱਖ ਲੜਕੀ ਦੀ ਲੋੜ ਹੈ, ਜੋ ਪਰਿਵਾਰਕ ਮੁੱਲਾਂ ਨੂੰ ਸਮਝਣ ਵਾਲੀ ਹੋਵੇ। ਚਾਹਵਾਨ ਪਰਿਵਾਰ ਲੜਕੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰ ਸਕਦੇ ਹਨ: 00 91 80549-52346 ਜਾਂ ਈਮੇਲ ਕਰੋ ਜੀ: email: jatinder.pkg@gmail.com

**UK born Jatt Sikh boy aged 26 years old, height 5ft 10’ working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.**

## ਗਲਾਸਗੋ ਵਿੱਚ ਪਟਿਆਲੇ ਦੇ ਨੌਜਵਾਨ ਦੀ ਦਰਦਨਾਕ ਮੌਤ



ਗਲਾਸਗੋ (ਹਰਜੀਤ ਦੁਸਾਂਝ ਪੁਆਦੜਾ) – ਪੰਜਾਬ ਦੇ ਪਟਿਆਲਾ ਨਾਲ ਸਬੰਧਿਤ 33 ਸਾਲਾ ਰਵਿੰਦਰ ਕੁਮਾਰ ਦੀ ਗਲਾਸਗੋ ਵਿੱਚ ਦਰਦਨਾਕ ਮੌਤ ਹੋ ਜਾਣ ਦੀ ਖ਼ਬਰ ਨਾਲ ਪਰਿਵਾਰ ਅਤੇ ਪੰਜਾਬੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ। ਰਵਿੰਦਰ ਕੁਮਾਰ 2023 ਤੋਂ ਸਕਾਟਲੈਂਡ ਵਿੱਚ ਰਹਿ ਰਿਹਾ ਸੀ ਅਤੇ ਇੱਕ ਨਿਰਮਾਣ ਕੰਪਨੀ ਵਿੱਚ ਬਿਲਡਰ ਵਜੋਂ ਕੰਮ ਕਰਦਾ ਸੀ।ਘਟਨਾ ਉਸ ਵੇਲੇ ਵਾਪਰੀ ਜਦੋਂ ਉਹ ਆਪਣੀ ਡਿਊਟੀ ਪੂਰੀ ਕਰਕੇ ਘਰ ਵਾਪਸ ਜਾਣ ਤੋਂ ਪਹਿਲਾਂ ਨੇੜਲੀ ਦੁਕਾਨ ਵੱਲ ਜਾ ਰਿਹਾ ਸੀ। ਰਾਹ ਵਿੱਚ ਉਸਦੀ ਅਚਾਨਕ ਤਬੀਅਤ ਵਿਗੜ ਗਈ ਅਤੇ ਉਹ ਬੇਹੋਸ਼ ਹੋ ਕੇ ਫੁੱਟਪਾਥ ’ਤੇ ਡਿੱਗ ਪਿਆ। ਡਿੱਗਣ ਦੌਰਾਨ ਫੁੱਟਪਾਥ ਦੀ ਬੰਨ੍ਹੀ ਵਿੱਚ ਉਸਦਾ ਸਿਰ ਵੱਜਣ ਕਾਰਨ ਉਸ ਨੂੰ ਗੰਭੀਰ ਸੱਟ ਲੱਗੀ। ਮੌਕੇ ’ਤੇ ਮੌਜੂਦ ਲੋਕਾਂ ਨੇ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ। ਪੈਰਾਮੈਡਿਕ ਟੀਮ ਨੇ ਰਵਿੰਦਰ ਦੀ ਹਾਲਤ ਨਾਜ਼ੁਕ ਹੋਣ ਕਾਰਨ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸਦੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਪਰ ਸਿਰ ਦੀ ਗੰਭੀਰ ਸੱਟ ਕਾਰਨ ਉਹ ਕੋਮਾ ਵਿੱਚ ਚਲਾ ਗਿਆ ਅਤੇ ਦੋ ਦਿਨ ਬਾਅਦ ਉਸਦੀ ਮੌਤ ਹੋ ਗਈ। ਉਸ ਦੇ ਦੋਸਤਾਂ ਅਤੇ ਪਰਿਵਾਰ ਵੱਲੋਂ ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਉਸਦਾ ਅੰਤਿਮ ਸੰਸਕਾਰ ਉਸਦੇ ਜੱਦੀ ਪਿੰਡ ਵਿੱਚ ਕੀਤਾ ਜਾ ਸਕੇ।


# CHANGE OF NAME

Please one tick box
☐ £30 Print in UK only
☐ £60 Print UK & India
☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਰਾਜ ਸਭਾ ਮੈਂਬਰ ਸੁਧਾ ਮੂਰਤੀ ਦੀ ਭਾਰਤੀ ਪਾਰਲੀਮੈਂਟ ਦੇ ਇਤਿਹਾਸਕ ਭਿੱਤੀ-ਚਿੱਤਰਾਂ (ਮੂਰਲਜ਼) 'ਤੇ ਲਿਖੀ ਕਿਤਾਬ ਯੂ.ਕੇ. ਵਿੱਚ ਜਾਰੀ



ਕਿਤਾਬ ਜਾਰੀ ਕਰਦੇ ਹੋਏ ਭਾਰਤੀ ਹਾਈ ਕਮਿਸ਼ਨਰ ਪੀ. ਕੁਮਾਰਨ ਅਤੇ ਸੁਧਾ ਮੂਰਤੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਾਜ ਸਭਾ ਮੈਂਬਰ ਸੁਧਾ ਮੂਰਤੀ ਦੀ ਨਵੀਂ ਕਿਤਾਬ, ਜੋ ਭਾਰਤ ਦੀ ਸੰਸਦ ਨੂੰ ਸ਼ਾਨਦਾਰ ਬਣਾਉਣ ਵਾਲੇ ਕੁਝ ਇਤਿਹਾਸਕ ਭਿੱਤੀ-ਚਿੱਤਰਾਂ (ਦੀਵਾਰਾਂ 'ਤੇ ਬਣੇ ਚਿੱਤਰਾਂ) ਦੇ ਪਿੱਛੇ ਦੇ ਇਤਿਹਾਸ ਨੂੰ ਬਿਆਨ ਕਰਦੀ ਹੈ, ਨੂੰ ਲੰਡਨ ਦੇ ਭਾਰਤੀ ਵਿੱਦਿਆ ਭਵਨ ਵਿਖੇ ਜਾਰੀ ਕੀਤਾ ਗਿਆ।ਲੋਕ ਸਭਾ ਸਕੱਤਰੇਤ ਵੱਲੋਂ ਪ੍ਰਕਾਸ਼ਿਤ ਕਿਤਾਬ 'ਟਾਈਡਜ਼ ਆਫ਼ ਟਾਈਮ: ਭਾਰਤਜ਼ ਹਿਸਟਰੀ ਥਰੂ ਮੂਰਲਜ਼ ਇਨ ਪਾਰਲੀਮੈਂਟ' ਨੂੰ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨਰ ਪੀ. ਕੁਮਾਰਨ ਵੱਲੋਂ ਜਾਰੀ ਕੀਤਾ ਗਿਆ।

ਇਸ ਸਮਾਰੋਹ ਵਿੱਚ ਮੂਰਤੀ ਦੇ ਨਾਲ ਉਨ੍ਹਾਂ ਦੇ ਪਤੀ ਨਾਰਾਇਣ ਮੂਰਤੀ, ਬੇਟੀ ਅਕਸ਼ਤਾ ਮੂਰਤੀ, ਜਵਾਈ ਅਤੇ ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਪੋਤੀਆਂ ਕ੍ਰਿਸ਼ਨਾ ਅਤੇ ਅਨੁਸ਼ਕਾ ਵੀ ਸ਼ਾਮਲ ਹੋਏ।ਸੁਧਾ ਮੂਰਤੀ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਇਹ ਕਿਤਾਬ ਮੇਰੇ ਦਿਲ ਦੇ ਬਹੁਤ ਨੇੜੇ ਰਹੀ ਹੈ ਅਤੇ ਇਸ 'ਤੇ ਬਹੁਤ ਮਿਹਨਤ ਕੀਤੀ ਗਈ ਹੈ। ਜੇਕਰ ਤੁਸੀਂ ਆਪਣੇ ਦੇਸ਼ ਦਾ ਇਤਿਹਾਸ ਨਹੀਂ ਜਾਣਦੇ, ਤਾਂ ਤੁਸੀਂ ਆਪਣੇ ਦੇਸ਼ ਦੇ ਭਵਿੱਖ ਨੂੰ ਨਹੀਂ ਜਾਣ ਸਕਦੇ। ਜਦੋਂ ਤੱਕ ਮੈਂ ਸਿੱਖਣਾ ਪਸੰਦ ਕਰਦੀ ਹਾਂ ਅਤੇ ਇਤਿਹਾਸ ਪ੍ਰਤੀ ਆਪਣੇ ਜਨੂੰਨ ਨੂੰ ਜਿਉਂਦਾ ਰੱਖਦੀ ਹਾਂ, ਮੈਂ ਨੌਜਵਾਨ ਰਹਾਂਗੀ। ਇਹ ਜਨੂਨ ਮੈਨੂੰ ਮੇਰੇ ਦੇਸ਼ ਦੇ ਵੱਖ-ਵੱਖ ਪੜਾਵਾਂ ਬਾਰੇ ਸਿੱਖਣ ਵਿੱਚ ਮਦਦ ਕਰਦਾ ਹੈ।"

ਇਸ ਕਿਤਾਬ ਨੂੰ ਲਿਖਣ ਦੀ ਪ੍ਰੇਰਨਾ ਉਨ੍ਹਾਂ ਨੂੰ ਉਦੋਂ ਮਿਲੀ ਜਦੋਂ ਉਨ੍ਹਾਂ ਨੇ ਸੰਵਿਧਾਨ ਸਦਨ ਵਿਖੇ ਇਨ੍ਹਾਂ ਭਿੱਤੀ-ਚਿੱਤਰਾਂ ਦੇ ਸਾਹਮਣੇ ਵਿਦਿਆਰਥੀਆਂ ਨੂੰ ਕੁਝ ਪਲ ਲਈ ਰੁਕਦੇ ਦੇਖਿਆ। ਉਨ੍ਹਾਂ ਨਾਲ ਗੱਲਬਾਤ ਕਰਨ 'ਤੇ ਸੁਧਾ ਮੂਰਤੀ ਨੂੰ ਪਤਾ ਲੱਗਿਆ ਕਿ ਵਿਦਿਆਰਥੀ ਇਸ ਕਲਾ ਦੇ ਪਿੱਛੇ ਦੇ ਇਤਿਹਾਸ ਨੂੰ ਜਾਣਨ ਲਈ ਉਤਸੁਕ ਸਨ, ਪਰ ਇਸ ਵਿਸ਼ੇ 'ਤੇ ਕੋਈ ਸਾਹਿਤ ਉਪਲਬਧ ਨਹੀਂ ਸੀ, ਸਗੋਂ ਹੇਠਾਂ ਲੱਗੀਆਂ ਤਾਂਬੇ ਦੀਆਂ ਪਲੇਟਾਂ 'ਤੇ ਸਿਰਫ਼ ਇੱਕ ਲਾਈਨ ਦਾ ਵੇਰਵਾ ਲਿਖਿਆ ਹੋਇਆ ਸੀ।

ਮੂਰਤੀ ਨੇ ਅੱਗੇ ਕਿਹਾ, "ਮੈਂ ਇਹ ਕਿਤਾਬ ਭਾਰਤ ਦੇ ਲੋਕਾਂ ਨੂੰ ਸਮਰਪਿਤ ਕੀਤੀ ਹੈ, ਮੋਹਨਜੋਦੜੋ ਤੋਂ ਲੈ ਕੇ ਅੱਜ ਤੱਕ ਅਤੇ ਉਨ੍ਹਾਂ ਸਾਰੇ ਸੈਨਿਕਾਂ ਨੂੰ ਜੋ ਸਾਡੀਆਂ ਸਰਹੱਦਾਂ ਦੀ ਰੱਖਿਆ ਕਰਦੇ ਆਏ ਹਨ ਅਤੇ ਕਰ ਰਹੇ ਹਨ, ਤਾਂ ਜੋ ਭਾਰਤ ਇੱਕ ਸੁਰੱਖਿਅਤ, ਪ੍ਰਭੂਸੱਤਾ ਸੰਪੰਨ ਅਤੇ ਲੋਕਤੰਤਰੀ ਰਾਸ਼ਟਰ ਬਣਿਆ ਰਹੇ।" ਹਾਈ ਕਮਿਸ਼ਨਰ ਪੀ. ਕੁਮਾਰਨ ਨੇ ਕਿਹਾ, "ਇਹ ਇੱਕ ਬੇਮਿਸਾਲ ਕਿਤਾਬ ਹੈ, ਕਿਉਂਕਿ ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਇਤਿਹਾਸ ਸਿਰਫ਼ ਲਿਖਤਾਂ ਵਿੱਚ ਹੀ ਨਹੀਂ, ਸਗੋਂ ਭਾਰਤ ਵਿੱਚ ਚਿੱਤਰਾਂ, ਪ੍ਰਤੀਕਾਂ ਅਤੇ ਜਨਤਕ ਥਾਵਾਂ ਵਿੱਚ ਵੀ ਸੁਰੱਖਿਅਤ ਹੈ। ਇਹ ਸਿਰਫ਼ ਸਜਾਵਟੀ ਕਲਾ ਦੇ ਨਮੂਨੇ ਨਹੀਂ ਹਨ।

ਇਹ ਭਾਰਤ ਦੀ ਪਛਾਣ ਅਤੇ ਇੱਛਾਵਾਂ ਦੀਆਂ ਦ੍ਰਿਸ਼ਟੀਗਤ ਕਹਾਣੀਆਂ ਹਨ। ਜੋ ਗੱਲ ਇਸ ਕਿਤਾਬ ਨੂੰ ਹੋਰ ਵੀ ਸਾਰਥਕ ਬਣਾਉਂਦੀ ਹੈ, ਉਹ ਹੈ ਇਸ ਨੂੰ ਲਿਖਣ ਦੀ ਭਾਵਨਾ, ਇੱਕ ਅਜਿਹਾ ਕੰਮ ਜੋ ਇਤਿਹਾਸ ਨੂੰ ਆਮ ਪਾਠਕਾਂ ਲਈ ਸਰਲ, ਦਿਲਚਸਪ ਅਤੇ ਯਾਦਗਾਰੀ ਬਣਾਉਂਦਾ ਹੈ।" ਪ੍ਰੋਗਰਾਮ ਦੀ ਸ਼ੁਰੂਆਤ ਭਾਰਤੀ ਵਿਦਿਆ ਭਵਨ ਯੂ.ਕੇ. ਦੇ ਕਾਰਜਕਾਰੀ ਨਿਰਦੇਸ਼ਕ ਡਾ. ਐਮ. ਐਨ. ਨੰਦਕੁਮਾਰ ਨੇ ਪ੍ਰਾਰਥਨਾ ਨਾਲ ਕੀਤੀ ਅਤੇ ਪੱਛਮੀ ਲੰਡਨ ਵਿੱਚ ਭਾਰਤੀ ਸੱਭਿਆਚਾਰਕ ਕੇਂਦਰ ਦੇ ਚੇਅਰਮੈਨ ਸੁਭਾਨੂ ਸਕਸੈਨਾ ਨੇ ਮੰਚ 'ਤੇ ਕਿਤਾਬ ਦੇ ਜਾਰੀ ਕਰਨ ਸਮੇਂ ਸ਼ਲੋਕਾਂ ਦਾ ਉਚਾਰਨ ਕੀਤਾ।

## CHANGE OF NAME

**I, MR RAJ KUMAR S/O MR TARSEM LAL WHOSE PERMANENT ADDRESS IN INDIA IS HOUSE NO 434, MOHALLA KAZIAN, TEH PHILLAUR, DISTT JALANDHAR, PUNJAB 144410 AND NOW LIVING AT 85 PARK HILL, WEDNESBURY, WEST MIDLANDS, WS10 0RP, UK HEREBY GIVE NOTICE OF MY INTENTION TO CHANGE MY NAME TO RAJWINDER (GIVEN NAME) SINGH (SURNAME). (U/I)**


MANAK
SOLICITORS
Arjan Singh Thind LL.B (Hons.)
Deputy Head of Residential Conveyancing
Arjan joined this firm as a Trainee Solicitor in April 2014 and now leads one of our Residential Conveyancing Teams. Buying, Selling or Remortgaging a house can be a stressful experience. Our Residential Conveyancing Team members under Arjan's guidance are trained to deal with all matters with compassion and understanding which goes beyond just carrying out the legal work. Arjan's friendly, professional approach supports clients from first-time buyers to seasoned investors.
Contact Arjan on telephone 01732 207207 or by email arjan@manaksolicitors.co.uk today for trusted advice.
Biggin Hill I Gravesend I Orpington I Sevenoaks
manaksolicitors.co.uk
01689 870 769
reviewsolicitors
Excellent
Lexcel
Rajbir Singh Manak MA (Hons)
Surinder Singh Manak LLB (Hons)

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ ।

# ਸ਼ਹੀਦੀ ਫੁੱਟਬਾਲ ਟੂਰਨਾਮੈਂਟ 2026

## ਡਰਬੀ ਸਪੋਰਟਸ ਕਮੇਟੀ ਵੱਲੋਂ ਸਮੂਹ ਗੁਰੂ ਘਰਾਂ ਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਰੇਸ ਕੋਰਸ ਪਲੇਇੰਗ ਫੀਲਡਜ਼ (ਗਰਾਊਂਡਾਂ) ਵਿੱਚ


AT LEISURE UNITED, RACECOURSE PLAYING FIELDS, ST. MARKS ROAD, DERBY, DE21 6AL

## 27-28 ਜੂਨ 2026 ਸ਼ਨਿੱਚਰਵਾਰ – ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

ਇਸ ਸਾਲ ਦਾ ਸ਼ਹੀਦੀ ਟੂਰਨਾਮੈਂਟ ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਦੇਸ਼ ਵਾਸੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਉਹਨਾਂ ਦੇ ਮਨਾਂ ਅੰਦਰ ਸੀ, ਆਓ ਉਹਨਾਂ ਦੇਸ਼ ਭਗਤ ਸੂਰਬੀਰਾਂ ਨੂੰ ਯਾਦ ਕਰਦੇ ਹੋਏ, ਉਹਨਾਂ ਦੇ ਸੁਪਨੇ ਸਾਕਾਰ ਕਰਨ ਦਾ ਯਤਨ ਕਰੀਏ ।

ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫੁੱਟਬਾਲ ਟੂਰਨਾਮੈਂਟ ਬੜੀ ਧੂਮ ਧਾਮ ਤੇ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ । ਇਸ ਟੂਰਨਾਮੈਂਟ ਵਿੱਚ ਇੰਗਲੈਂਡ ਭਰ ਦੇ ਵੱਖ ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 34 ਦੇ ਲੱਗਭੱਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਟੀਮਾਂ ਭਾਗ ਲੈ ਰਹੀਆਂ ਹਨ ।

**ਟੂਰਨਾਮੈਂਟ ਦੌਰਾਨ ਗੁਰੂ ਘਰਾਂ ਵੱਲੋਂ ਖਿਡਾਰੀਆਂ ਅਤੇ ਦਰਸ਼ਕਾਂ ਲਈ ਖੁੱਲੇ ਲੰਗਰ ਵਰਤਾਏ ਜਾਣਗੇ ।**


ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਸੁਨਾਮ

## ਇਸ ਟੂਰਨਾਮੈਂਟ ਤੇ ਲੜਕੀਆਂ ਦੀਆਂ ਫੁੱਟਬਾਲ ਟੀਮਾਂ ਵੀ ਭਾਗ ਲੈ ਰਹੀਆਂ ਹਨ


ਨੋਟ:– ਇਸ ਟੂਰਨਾਮੈਂਟ ਵਿੱਚ ਆਪਣੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਬੀਬੀਆਂ ਭੈਣਾਂ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਵੀ ਦਰਸ਼ਕਾਂ ਵਜੋਂ ਸ਼ਾਮਿਲ ਹੁੰਦੇ ਹਨ, ਇਸ ਲਈ ਗਰਾਊਂਡਾਂ ਵਿੱਚ ਕੋਈ ਵੀ ਨਸ਼ਾ, ਸ਼ਰਾਬ ਅਤੇ ਮੀਟ ਆਦਿ ਲਿਆਉਣ ਅਤੇ ਵਰਤਣ ਦੀ ਸਖਤ ਮਨਾਹੀ ਹੈ ।

## ਡਰਬੀ ਸਪੋਰਟਸ ਕਮੇਟੀ ਬੋਰਡ ਦੇ ਮੈਂਬਰ ਹੇਠ ਲਿਖੇ ਅਨੁਸਾਰ ਹਨ:

Sokha Singh Atwal
Amrit Singh Dusanjh
Nachhattar Singh Shokar
Jas Rattu
Beekar Singh Chahal
Parmjit Singh Cheema
Manjit Singh Mann
Jasvir Singh Dhillon
Jaswinder Singh Ghadam
Jarnail Singh Butter Family
Talwar Singh
Rashpal Singh Sandhu
Sohan Singh Soni
Shingara Singh
Sukhjit Singh Heer
Kulwant Singh Kooner
Harbhajan Singh Virk
Ajaib Singh
Gurdev Singh Dhillon

Lady's of G.A.D. Group 1 & 2
Auto Protec Ltd
Joga Singh Johal
Paul Ghuman
Tarsam Singh
Avtar Singh Lidder
Avtar Singh Foji
Resham Singh Chohan
Sohan Singh Baath
Gabriel Care Home
Jaswinder Singh Johal
Joginder Singh Baath
Ranjit Singh Shergill
Amarjit Singh Johal Bidipur
Shimder Singh Johal
Hardeep Singh Bhandal
Ajit Singh Lidder
Gaji Singh Ice cream man

Sucha Singh Atwal
Major Singh Khakh
Satnam Singh Bal
Resham Singh Johal
Gian Singh Nagra
Jaswinder Singh Dillon
Gurvinder Singh Jaffarwal
Major Singh Sandhu
Amrik Singh
Rani Kaur
J. S. Hayer
Amrit Singh
Biku Ganatara
Pal Sanghera
Harminder Singh
Avtar Singh Sidhu
Raspal Singh
Manjit Singh Samra




**ਵਧੇਰੇ ਜਾਣਕਾਰੀ ਲਈ ਸੰਪਰਕ:** ਕੁਲਵੰਤ ਸਿੰਘ ਕੂਨਰ: 07872 694277, ਬਿੱਕਰ ਸਿੰਘ ਚਾਹਲ: 07813 640720, ਜੱਸਾ ਲੇਹਲ – 07980 627030, ਰਸ਼ਪਾਲ ਸਿੰਘ ਸੰਧੂ: 07890 335034, ਪਰਮਜੀਤ ਸਿੰਘ ਚੀਮਾ – 07970 396273

**ਬੇਨਤੀ ਕਰਤਾ: ਡਰਬੀ ਸਪੋਰਟਸ ਕਮੇਟੀ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ, ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ**

**ਜਾਰੀ ਕਰਤਾ: ਨਛੱਤਰ ਸਿੰਘ ਛੋਕਰ, ਮਨਜੀਤ ਸਿੰਘ ਮਾਨ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ**

SPONSORED BY: Guru Arjan Dev Gurdwara, Sri Guru Singh Sabha Gurdwara, Ramgarhia Sabha, Khalsa Darbar Gurdwara, Sri Guru Ravidass Sabha, Indian Community Centre, Derby Sports Committee, Hindu Temple, Shiromani Akali Dal (Derby)

PAK FOODS

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# 7 ਜੂਨ 2026 ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ ਵਿਖੇ ਡਾ: ਤਰਲੋਚਨ ਸਿੰਘ ਨਾਹਲ ਦੀ ਪੁਰਾਤਨ ਪੰਜਾਬ ਨਾਲ ਸਬੰਧਤ ਰਾਜੇ ਪੋਰਸ ਅਤੇ ਸਿਕੰਦਰ ਮਹਾਨ ਵਿਚਕਾਰ ਅਤੇ ਪੰਜਾਬ ਅਤੇ ਹਿੰਦੋਸਤਾਨ ਵਿਚ ਹੋਈਆਂ ਅਨੇਕਾਂ ਜੰਗਾਂ ਸਬੰਧੀ ਪੁਸਤਕ ਪਾਠਕਾਂ ਨੂੰ ਪਹਿਲੀ ਵਾਰੀ ਸਮਰਪਣ

ਸੈਨ ਹੋਜ਼ੇ, ਕੈਲੇਫੋਰਨੀਆ-ਡਾ: ਤਰਲੋਚਨ ਸਿੰਘ ਨਾਹਲ ਦੀ ਰਾਜੇ ਪੋਰਸ ਅਤੇ ਸਿਕੰਦਰ ਮਹਾਨ ਨਾਲ ਜੇਹਲਮ, ਪੰਜਾਬ ਵਿਚ ਹੋਈ ਇਤਿਹਾਸਕ ਲੜਾਈ ਅਤੇ ਪੰਜਾਬ ਅਤੇ ਹਿੰਦੋਸਤਾਨ ਵਿਚ ਸਿਕੰਦਰ ਨਾਲ ਤਕਰੀਬਨ ਹੋਰ 15 ਥਾਹਾਂ ਤੇ ਹੋਈਆਂ ਲੜਾਈਆਂ ਸਬੰਧੀ ਡੂੰਘੀ ਇਤਿਹਾਸਕ ਖੋਜ ਤੇ ਆਧਾਰਤ 504 ਸਫੇ ਦੀ 120 ਤਸਵੀਰਾਂ ਅਤੇ ਨਕਸ਼ਿਆਂ ਸਹਿਤ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ "Alexander the Great's Invasion of India and Battle with King Porus – Battle of the Hydaspes and Punjabi Resistance" ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ ਵਿਖੇ ਲੰਘੇ ਐਤਵਾਰ ਪਹਿਲੀ ਵਾਰੀ ਪਾਠਕਾਂ ਦੇ ਅਰਪਣ ਕੀਤੀ ਗਈ।



ਇਸ ਨੂੰ ਪਾਠਕਾਂ ਵਲੋਂ ਬਹੁਤ ਹੀ ਵਧੀਆ ਹੁੰਗਾਰਾ ਮਿਲਿਆ।ਗੁਰਦੁਆਰਾ ਸਾਹਿਬ ਦੇ ਸਟੇਜ ਸਕੱਤਰ ਭਾਈ ਦਵਿੰਦਰ ਸਿੰਘ ਨੇ ਸਟੇਜ ਤੋਂ ਡਾ: ਤਰਲੋਚਨ ਸਿੰਘ ਨਾਹਲ ਬਾਰੇ ਅਤੇ ਉਹਨਾਂ ਦੀ ਪੁਸਤਕ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਜਿ ਲੇਖਕ ਨੇ ਇਹ ਪੁਸਤਕ 14 ਸਾਲਾਂ ਦੀ ਖੋਜ ਦੇ ਆਧਾਰ ਤੇ ਲਿਖੀ ਹੈ ਜਿਸ ਵਿਚ ਪੁਰਾਤਨ ਪੰਜਾਬ ਅਤੇ ਹਿੰਦੋਸਤਾਨ ਉਪਰ ਸਿਕੰਦਰ ਮਹਾਨ ਵਲੋਂ ਕੀਤੇ ਗਏ ਇਤਿਹਾਸਕ ਹਮਲੇ ਸੰਬੰਧੀ ਬਹੁਤ ਹੀ ਅਹਿਮ ਜਾਣਕਾਰੀ ਦਿੱਤੀ ਹੈ ਜਿਸ ਬਾਰੇ ਹਿੰਦੋਸਤਾਨ ਦਾ ਪੁਰਾਤਨ ਇਤਿਹਾਸ ਬਿਲਕੁਲ ਚੁੱਪ ਸਾਧੀ ਬੈਠਾ ਹੈ।ਉਹਨਾ ਸੰਗਤ ਨਾਲ ਇਹ ਵੀ ਗੱਲ ਸਾਂਝੀ ਕੀਤੀ ਕਿ ਡਾ: ਨਾਹਲ ਦੀ ਇਹ ਦੂਜੀ ਵੱਡੀ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਮੀਰੀ-ਪੀਰੀ ਅਤੇ ਮੌਜੂਦਾ ਸਿੱਖ ਸੰਘਰਸ਼ ਉਪਰ 600 ਸਫੇ ਦੀ ਪੁਸਤਕ (Religion and Politics in Sikhism The Khalsa Perspective) ਲਿਖ ਚੁੱਕੇ ਹਨ ਜੋ 2011 ਵਿੱਚ ਸਿੰਘ ਬਰਦਰਜ਼ ਵਲੋਂ ਪ੍ਰਕਾਸ਼ਿਤ ਹੋ ਚੁੱਕੀ ਹੈ।

ਇਸ ਉਪਰੰਤ ਅਨੇਕਾਂ ਸੰਗਤ ਦੇ ਪਤਵੰਤੇ ਸੱਜਣਾਂ, ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਮੈਬਰਾਂ ਅਤੇ ਸੇਵਾਦਾਰਾਂ ਨੇ ਇਹ ਪੁਸਤਕ ਭਰੇ ਦੀਵਾਨ ਵਿਚ ਜੈਕਾਰਿਆਂ ਨਾਲ ਵਿਚ ਸੰਗਤਾਂ ਦੇ ਪੇਸ਼ ਕੀਤੀ। ਇਹਨਾਂ ਵਿਚ ਭਾਈ ਦਿਲਬਾਗ ਸਿੰਘ, ਭਾਈ ਰਾਜੇਸ਼ਵਰ ਸਿੰਘ, ਭਾਈ ਦਲਬੀਰ ਸਿੰਘ, ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਭੁਪਿੰਦਰ ਸਿੰਘ ਪਰਮਾਰ, ਭਾਈ ਕੁਲਦੀਪ ਸਿੰਘ, ਅਤੇ ਭਾਈ ਦਵਿੰਦਰ ਸਿੰਘ ਜੀ ਸ਼ਾਮਲ ਸਨ। ਗੁਰਦੁਆਰਾ ਸਾਹਿਬ ਵਲੋਂ ਇਸ ਮਹਾਨ ਖੋਜ ਕਾਰਜ ਲਈ ਡਾ: ਨਾਹਲ ਨੂੰ ਸਿਰੋਪਾਉ ਦੀ ਬਖਸ਼ਿਸ ਕੀਤੀ ਗਈ।

ਡਾ: ਤਰਲੋਚਨ ਸਿੰਘ ਨਾਹਲ ਨੇ ਸਮੂਹ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੂੰ ਅਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ, ਸਮੂਹ ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਇਸ ਕਿਤਾਬ ਦੇ ਅਹਿਮ ਪੱਖਾਂ ਤੇ ਸੰਖੇਪ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਪੰਜਾਬੀ ਅਤੇ ਪੱਛਮੀ ਹਿੰਦੋਸਤਾਨ ਦੇ ਘੱਟੋ ਘੱਟ 15 ਹੋਰ ਛੋਟੇ ਰਾਜ ਅਤੇ ਕਬੀਲੇ ਅਨੇਕ ਥਾਹਾਂ ਤੇ ਸਿਕੰਦਰ ਨਾਲ ਅਪਨੀ ਸਮਰੱਥਾ ਅਨੁਸਾਰ ਲੜੇ। ਜੇਹਲਮ ਕੰਢੇ ਹੋਈ ਲੜਾਈ ਵਿਚ ਇਕੋ ਦਿਨ 12,000 ਸੂਰਬੀਰ ਪੰਜਾਬੀ ਸ਼ਹਾਦਤ ਦਾ ਜਾਮ ਪੀ ਗਏ ਸਨ। ਉਹਨਾਂ ਕਿਹਾ ਕਿ ਸਾਢੇ ਸੱਤ ਫੁੱਟ ਉੱਚਾ ਪੋਰਸ ਪੰਜਾਬ ਦਾ ਸਭ ਤੋਂ ਪਹਿਲਾਂ ਸੂਰਬੀਰ ਨਾਇਕ ਹੈ ਜਿਸ ਨਾਲ ਹੋਈ ਲੜਾਈ ਮਗਰੋਂ ਸਿਕੰਦਰ ਦੀ ਮਕਦੂਨੀਆਂ ਤੋਂ ਲਿਆਂਦੀ ਫੌਜ ਦੇ ਅਜੇਹੇ ਦੰਦ ਖੱਟੇ ਕੀਤੇ ਕਿ ਉਹਦੇ ਥੱਕੇ ਟੁੱਟੇ ਸਿਪਾਹੀਆਂ ਨੇ ਬਿਆਸ ਦਰਿਆ ਦੇ ਕੰਢੇ ਤੇ ਬਗਾਵਤ ਕਰ ਦਿੱਤੀ ਅਤੇ ਅੱਗੇ ਵਧਣ ਤੋਂ ਕੋਰੀ ਨਾਂਹ ਕਰ ਦਿੱਤੀ। ਸਿਕੰਦਰ ਨੂੰ ਮਾਯੂਸੀ ਦੀ ਹਾਲਤ ਵਿਚ ਸਮੁੰਦਰੀ ਬੇੜਾ ਤਿਆਰ ਕਰ ਕੇ ਸਿੰਧ ਦਰਿਆ ਦੇ ਰਸਤੇ ਹਿੰਦੋਸਤਾਨ ਤੋਂ ਬਾਹਰ ਜਾਣ ਲਈ ਮਜਬੂਰ ਹੋਣਾ ਪਿਆ। ਉਹ ਰਸਤੇ ਵਿਚ 9 ਮਹੀਨੇ ਲੁੱਟ ਮਾਰ ਤਾਂ ਕਰਦਾ ਗਿਆ, ਪਰ ਉਹਦੇ ਪੱਲੇ ਕੁਝ ਖਾਸ ਨਹੀਂ ਪਿਆ। ਇਸ ਦੇ ਉਲਟ ਜਦੋਂ ਉਹ ਆਪਣੇ ਜ਼ਿਦੀ ਸੁਭਾਅ ਅਨੁਸਾਰ ਬਲੋਚਿਸਤਾਨ ਦੇ ਮਾਰੂ ਰੇਗਿਸਤਾਨ ਥਾਣੀਂ ਮੁੜ ਈਰਾਨ ਨੂੰ ਜਾਣ ਲੱਗਾ ਤਾਂ 30 ਦਿਨ ਦੇ ਮਾਰਚ ਦੌਰਾਨ ਆਪਣੀ 80,000 ਪੈਦਲ ਫੌਜ ਵਿਚੋਂ 60,000 ਫੌਜੀਆਂ ਨੂੰ ਭੁੱਖ, ਪਿਆਸ, ਅਤੇ ਬੀਮਾਰੀ ਦੀ ਵਜ੍ਹਾ ਕਾਰਨ ਹੀ ਮਰਵਾ ਬੈਠਾ। ਸਿਕੰਦਰ ਨੇ ਈਰਾਨ ਅਤੇ ਹਿੰਦੋਸਤਾਨ ਵਿਚ ਅਨੇਕਾਂ ਲੜਾਈਆਂ ਵਿਚ ਘੱਟੋ ਘੱਟ 500,000 ਵਿਅਕਤੀਆਂ ਦਾ ਕਤਲੇਆਮ ਕੀਤਾ ਅਤੇ ਇਸ ਦੌਰਾਨ ਆਪਣੇ ਵੀ ਹਜ਼ਾਰਾਂ ਸਿਪਾਹੀ ਗੁਆ ਬੈਠਾ। ਉਸ ਦੀ ਬੇਬੀਲਾਨ (ਇਰਾਕ) ਵਿਚ 33 ਸਾਲ ਦੀ ਉਮਰ ਵਿਚ ਹੀ ਮੌਤ ਹੋ ਗਈ ਅਤੇ ਵਾਪਸ ਮਕਦੂਨੀਆ ਵੀ ਨਹੀਂ ਪਹੁੰਚ ਸਕਿਆ। ਇਸ ਪੁਸਤਕ ਵਿਚ ਡਾ: ਨਾਹਲ ਨੇ ਪੁਰਾਣੇ ਯੂਨਾਨੀ ਇਤਿਹਾਸਕਾਰਾਂ ਦੀ ਖੋਜ ਤੇ ਆਧਾਰ ਤੇ ਪੰਜਾਬ ਦੇ ਪੁਰਾਤਨ ਇਤਿਹਾਸ ਅਤੇ ਆਮ ਜਨ ਜੀਵਨ ਬਾਰੇ ਵੀ ਬਹੁਤ ਅਹਿਮ ਖੁਲਾਸੇ ਕੀਤੇ ਹਨ।

ਇਸ ਪੁਸਤਕ ਨੂੰ ਅਮਰੀਕਾ ਦੀ ਅਰਚਹਾਏ ਫੁਬਲਸਿਹਨਿਗ ਕੰਪਨੀ ਨੇ ਛਾਪਿਆ ਹੈ ਅਤੇ ਇਹ ਪੁਸਤਕ ਛਾਪਕ ਦੀ ਵੈਬਸਾਈਟ: https://www.archwaypublishing.com/en/search?query=Nahal

ਜਾਂ

www.amazon.com ਤੋਂ ਅਤੇ Barnes & Noble ਤੋਂ ਵੀ ਉਪਲਬਧ ਹੈ।

Contact: godespunjab@gmail.com

# ਲੈਸਟਰ ਫੁੱਟਬਾਲ ਟੂਰਨਾਮੈਂਟ ਦੀਆਂ ਤਿਆਰੀਆਂ ਸਬੰਧੀ ਹੋਈ ਅਹਿਮ ਮੀਟਿੰਗ

## * 4 ਅਤੇ 5 ਜੁਲਾਈ ਨੂੰ ਲੈਸਟਰ ਚ ਹੋਣਗੇ ਵਿਸਾਲ ਫੁੱਟਬਾਲ ਟੂਰਨਾਮੈਂਟ 2026

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਜੀ ਐਨ ਜੀ ਫੁਟਬਲ ਕਲੱਬ ਲੈਸਟਰ ਵੱਲੋਂ 4 ਅਤੇ 5 ਜੁਲਾਈ ਨੂੰ ਐਲੇਸਟੋਨ ਪਲੇਇੰਗ ਫੀਲਡਜ਼, ਬਰਾਊਨਸਟੋਨ ਲੇਨ ਈਸਟ ਵਿਖੇ ਕਰਵਾਏ ਜਾਣ ਵਾਲੇ ਲੈਸਟਰ ਫੁੱਟਬਾਲ ਟੂਰਨਾਮੈਂਟ 2026 ਦੀਆਂ ਤਿਆਰੀਆਂ ਸਬੰਧੀ ਇੱਕ ਅਹਿਮ ਮੀਟਿੰਗ ਕਲੱਬ ਦੇ ਕੋਆਰਡੀਨੇਟਰ ਅਤੇ ਲੈਸਟਰ ਸਿਟੀ ਕੌਂਸਲ ਦੇ ਲਾਰਡ ਮੇਅਰ ਕੁਲਵਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਕਲੱਬ ਦੇ ਅਹੁਦੇਦਾਰਾਂ, ਪ੍ਰਬੰਧਕਾਂ ਅਤੇ ਵਲੰਟੀਅਰਾਂ ਨੇ ਸ਼ਮੂਲੀਅਤ ਕਰਦਿਆਂ ਟੂਰਨਾਮੈਂਟ ਦੀ ਸਫਲਤਾ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਮੀਟਿੰਗ ਦੌਰਾਨ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੀ ਰਜਿਸਟ੍ਰੇਸ਼ਨ, ਖੇਡ ਮੈਦਾਨਾਂ ਦੀ ਤਿਆਰੀ, ਸੁਰੱਖਿਆ ਪ੍ਰਬੰਧਾਂ, ਪਾਰਕਿੰਗ, ਮੈਡੀਕਲ ਸਹੂਲਤਾਂ ਅਤੇ ਦਰਸ਼ਕਾਂ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ। ਕੁਲਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਜੀ ਐਨ ਜੀ ਫੁੱਟਬਾਲ ਕਲੱਬ ਦਾ ਇਹ ਟੂਰਨਾਮੈਂਟ ਮਿਡਲੈਂਡਜ਼ ਖੇਤਰ ਦੇ ਸਭ ਤੋਂ ਵੱਡੇ ਅਤੇ ਪ੍ਰਸਿੱਧ ਫੁੱਟਬਾਲ ਟੂਰਨਮੈਂਟਾ ਵਿੱਚੋਂ ਇੱਕ ਬਣ ਚੁੱਕਾ ਹੈ, ਜਿਸ ਦੀ ਉਡੀਕ ਖਿਡਾਰੀ ਅਤੇ ਖੇਡ ਪ੍ਰੇਮੀ ਹਰ ਸਾਲ ਬੇਸਬਰੀ ਨਾਲ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਟੂਰਨਾਮੈਂਟ ਵਿੱਚ ਵੈਟਰਨਜ਼, ਸੀਨੀਅਰਜ਼, ਯੂਥ, ਜੂਨੀਅਰਜ਼ ਅਤੇ ਗਰਲਜ਼ ਵਰਗਾਂ ਦੇ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿੱਚ ਬਰਤਾਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਟੀਮਾਂ ਭਾਗ ਲੈਣਗੀਆਂ। ਉਨ੍ਹਾਂ ਕਿਹਾ ਕਿ ਟੂਰਨਾਮੈਂਟ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨਾ ਅਤੇ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਨਾ ਹੈ।**

**ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਆਪੋ-ਆਪਣੀਆਂ ਜ਼ਿੰਮੇਵਾਰੀਆਂ ਸੰਭਾਲਣ ਦਾ ਭਰੋਸਾ ਦਿੱਤਾ। ਇਸ ਮੌਕੇ ਸਾਰੇ ਖੇਡ ਪ੍ਰੇਮੀਆਂ ਨੂੰ 4 ਅਤੇ 5 ਜੁਲਾਈ ਨੂੰ ਐਲੇਸਟੋਨ ਪਲੇਇੰਗ ਫੀਲਡਜ਼ ਵਿਖੇ ਪਹੁੰਚ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਦੀ ਅਪੀਲ ਵੀ ਕੀਤੀ ਗਈ।**



ਲੈਸਟਰ ਫੁੱਟਬਾਲ ਟੂਰਨਾਮੈਂਟ 2026 ਦੀਆਂ ਤਿਆਰੀਆਂ ਸਬੰਧੀ ਹੋਈ ਮੀਟਿੰਗ ਦੌਰਾਨ ਲਾਰਡ ਮੇਅਰ ਅਤੇ ਕਲੱਬ ਕੋਆਰਡੀਨੇਟਰ ਕੁਲਵਿੰਦਰ ਸਿੰਘ ਜੌਹਲ ਹੋਰਨਾਂ ਨਾਲ।

# ਸ਼ਰਾਬੀ ਯਾਤਰੀ ਕਾਰਨ ਈਜ਼ੀਜੈੱਟ ਦੀ ਉਡਾਣ ਚਾਰ ਘੰਟੇ ਦੇਰੀ ਨਾਲ ਰਵਾਨਾ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੂਟਨ ਹਵਾਈ ਅੱਡੇ ਤੋਂ ਐਮਸਟਰਡਮ ਜਾਣ ਵਾਲੀ ਈਜ਼ੀਜੈੱਟ ਦੀ ਇੱਕ ਉਡਾਣ ਉਸ ਵੇਲੇ ਚਾਰ ਘੰਟੇ ਤੋਂ ਵੱਧ ਦੇਰੀ ਦਾ ਸ਼ਿਕਾਰ ਹੋ ਗਈ ਜਦੋਂ ਇੱਕ ਨਸ਼ੇ ਵਿੱਚ ਧੁੱਤ ਯਾਤਰੀ ਨੇ ਜਹਾਜ਼ ਅੰਦਰ ਹੰਗਾਮਾ ਕਰ ਦਿੱਤਾ। ਸਥਿਤੀ ਨੂੰ ਕਾਬੂ ਕਰਨ ਲਈ ਜਹਾਜ਼ ਦੇ ਕਪਤਾਨ ਨੂੰ ਵੀ ਕਾਕਪਿਟ ਤੋਂ ਬਾਹਰ ਆ ਕੇ ਦਖ਼ਲ ਦੇਣਾ ਪਿਆ। ਗਵਾਹਾਂ ਮੁਤਾਬਕ ਉਡਾਣ ਨੰਬਰ ਓਜ਼ੈ2511 ਸ਼ਨੀਵਾਰ ਸਵੇਰੇ ਲੂਟਨ ਤੋਂ ਰਵਾਨਾ ਹੋਣ ਲਈ ਰਨਵੇ ਵੱਲ ਵੱਧ ਰਹੀ ਸੀ, ਜਦੋਂ ਇੱਕ ਯਾਤਰੀ ਅਚਾਨਕ ਬੇਕਾਬੂ ਹੋ ਗਿਆ। ਦੱਸਿਆ ਗਿਆ ਹੈ ਕਿ ਉਹ ਆਪਣੇ ਮੋਬਾਈਲ ਫੋਨ 'ਤੇ ਉੱਚੀ ਆਵਾਜ਼ ਵਿੱਚ ਗਾਲਾਂ ਕੱਢ ਰਿਹਾ ਸੀ ਅਤੇ ਹੋਰ ਯਾਤਰੀਆਂ ਨਾਲ ਲੜਾਈ ਕਰਨ ਦੀਆਂ ਧਮਕੀਆਂ ਦੇ ਰਿਹਾ ਸੀ।ਜਦੋਂ ਜਹਾਜ਼ ਰਨਵੇ ਵੱਲ ਜਾ ਰਿਹਾ ਸੀ ਤਾਂ ਉਹ ਯਾਤਰੀ ਆਪਣੀ ਸੀਟ ਤੋਂ ਉੱਠ ਕੇ ਜਹਾਜ਼ ਦੇ ਪਿਛਲੇ ਹਿੱਸੇ ਵੱਲ ਦੌੜ ਪਿਆ ਅਤੇ ਟਾਇਲਟ ਦੇ ਦਰਵਾਜ਼ੇ ਨੂੰ ਸਿਰ ਮਾਰ ਕੇ ਨੁਕਸਾਨ ਪਹੁੰਚਾਉਣ ਲੱਗ ਪਿਆ। ਹਾਲਾਤ ਵਿਗੜਦੇ ਦੇਖ ਕਪਤਾਨ ਕਾਕਪਿਟ ਤੋਂ ਬਾਹਰ ਆਇਆ ਅਤੇ ਕੈਬਿਨ ਕਰੂ ਨਾਲ ਮਿਲ ਕੇ ਯਾਤਰੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ।ਮੌਕੇ 'ਤੇ ਮੌਜੂਦ ਯਾਤਰੀਆਂ ਦੇ ਅਨੁਸਾਰ ਕਰੀਬ 10 ਮਿੰਟ ਤੱਕ ਚੱਲੇ ਸੰਘਰਸ਼ ਤੋਂ ਬਾਅਦ ਹਵਾਈ ਅੱਡੇ ਦਾ ਸਟਾਫ਼ ਜਹਾਜ਼ ਵਿੱਚ ਦਾਖਲ ਹੋਇਆ ਅਤੇ ਹੰਗਾਮਾ ਕਰ ਰਹੇ ਵਿਅਕਤੀ ਨੂੰ ਜਹਾਜ਼ ਤੋਂ ਬਾਹਰ ਲੈ ਗਿਆ। ਇਸ ਦੌਰਾਨ ਜਹਾਜ਼ ਵਿੱਚ ਮੌਜੂਦ ਯਾਤਰੀਆਂ ਨੇ ਤਾਲੀਆਂ ਵਜਾ ਕੇ ਰਾਹਤ ਪ੍ਰਗਟਾਈ।ਘਟਨਾ ਕਾਰਨ ਉਡਾਣ ਨੂੰ ਰੱਦ ਕਰਕੇ ਨਵਾਂ ਕਰੂ ਪ੍ਰਬੰਧਿਤ ਕਰਨਾ ਪਿਆ, ਜਿਸ ਕਾਰਨ ਜਹਾਜ਼ ਲਗਭਗ ਚਾਰ ਘੰਟੇ ਦੇਰੀ ਨਾਲ ਰਵਾਨਾ ਹੋਇਆ। ਬਾਅਦ ਵਿੱਚ ਉਡਾਣ ਸੁਰੱਖਿਅਤ ਢੰਗ ਨਾਲ ਐਮਸਟਰਡਮ ਪਹੁੰਚ ਗਈ।ਈਜ਼ੀਜੈੱਟ ਦੇ ਬੁਲਾਰੇ ਨੇ ਕਿਹਾ ਕਿ ਯਾਤਰੀ ਨੂੰ ਉਡਾਣ ਤੋਂ ਪਹਿਲਾਂ ਹੀ ਉਸ ਦੇ ਗੈਰ-ਵਾਜਬ ਵਿਵਹਾਰ ਕਾਰਨ ਯਾਤਰਾ ਕਰਨ ਤੋਂ ਰੋਕ ਦਿੱਤਾ ਗਿਆ ਸੀ।**

# ਇਟਲੀ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ , ਚਾਈਨੀ ਨੈੱਟਵਰਕ ਰਾਹੀਂ ਅੰਦਰ ਖਾਤੇ ਚਲਾਈ ਜਾ ਰਹੀ 2 ਨੰਬਰੀ ਬੈਂਕ ਨੂੰ ਪਾ ਦਿੱਤੀ ਠੱਲ, ਸਲਾਨਾ 100 ਮਿਲੀਅਨ ਯੂਰੋ ਦਾ ਹੋ ਰਿਹਾ ਕਾਰੋਬਾਰ,ਪੁਲਿਸ ਨੇ ਇਸ ਗੌਰਖ ਧੰਦੇ ਵਿੱਚ ਸ਼ਰੀਕ 33 ਲੋਕਾਂ ਉਪੱਰ ਚਲਾਈ ਕਾਨੂੰਨ ਦੀ ਤਲਵਾਰ

ਰੋਮ ਇਟਲੀ 16 (ਗੁਰਸ਼ਰਨ ਸਿੰਘ ਸੋਨੀ) ਇਟਲੀ ਪੁਲਿਸ ਨੇ ਦੇਸ਼ ਵਿਚੋਂ ਗੈਰ-ਕਾਨੂੰਨੀ ਧੰਦਿਆਂ ਅਤੇ ਬੰਦਿਆਂ ਨੂੰ ਨੱਥ ਪਾਉਣ ਮਿਸ਼ਨ ਤਹਿਤ ਸੂਬਾ ਤੁਸਕਾਨਾ ਦੇ ਸ਼ਹਿਰ ਪਰਾਤੋਂ ਵਿਖੇ ਇੱਕ ਵੱਡੀ ਕਾਰਵਾਈ ਨੂੰ ਅੰਜਾਮ ਦਿੱਤਾ ਜਿਸ ਵਿੱਚ ਪੁਲਸ ਨੇ ਇੱਕ ਅਜਿਹੀ ਰੂਪੋਸ ਬੈਂਕ ਨੂੰ ਜਗ ਜ਼ਾਹਿਰ ਜਿਹੜੀ ਕਿ ਇਟਲੀ ਵਿੱਚ ਗੈਰ-ਕਾਨੂੰਨੀ ਧੰਦਿਆਂ ਦੇ ਕੰਮਾਂ ਲਈ ਬਿਨ੍ਹਾਂ ਕਿਸੇ ਠੋਸ ਕਾਗਜ਼ੀ ਕਾਰਵਾਈ ਦੇ ਸਲਾਨਾ 100 ਮਿਲੀਅਨ ਯੂਰੋ ਤੱਕ ਦਾ ਭੁਗਤਾਨ ਕਰਦੀ ਸੀ।ਇਹ ਬੈਂਕ ਨਸ਼ੀਲੇ ਪਦਾਰਥਾਂ ਅਤੇ ਕਾਲੇ ਬਾਜ਼ਾਰ ਦੇ ਵਪਾਰ ਨੂੰ ਇਟਲੀ ਵਿੱਚ ਪ੍ਰਚੰਡ ਕਰ ਲਈ ਅਹਿਮ ਕੜੀ ਮੰਨੀ ਜਾ ਰਹੀ ਹੈ। ਜਿਸ ਦਾ ਸਬੰਧ ਇਟਲੀ ਦੇ ਮਾਫ਼ੀਆਂ ਨਾਲ ਸੀ ਤੇ ਇਸ ਨੂੰ ਚੀਨੀ ਨਾਗਰਿਕਾਂ ਦੁਆਰਾ ਚਲਾਇਆ ਜਾ ਰਿਹਾ ਸੀ।ਬੈਂਕ ਇਤਾਲਵੀ ਅਤੇ ਅਲਬਾਨੀਅਨ ਸਮੂਹ ਦੇ ਨਾਲ-ਨਾਲ ਚਾਈਨਾ ਦੇ ਗੈਰ-ਕਾਨੂੰਨੀ ਸੰਗਠਨ ਲਈ ਵੀ ਕੰਮ ਕਰਦੀ ਸੀ।ਇਸ ਬੈਂਕ ਨੂੰ ਚਲਾਉਣ ਵਾਲਾ ਸੰਗਠਨ ਅੰਤਰਰਾਸ਼ਟਰੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਕਾਲੇ ਬਾਜ਼ਾਰ ਨਾਲ ਜੁੜੀਆਂ ਪੁਰਾਣੀਆਂ ਰਕਮਾਂ ਦਾ ਵੀ ਭੁਗਤਾਨ ਕਰਦਾ ਸੀ।

ਇਸ ਗੌਰਖ ਧੰਦੇ ਨੂੰ ਕਾਬੂ ਕਰਨ ਵਿੱਚ ਫਿਰੈਂਸੇ ਦੇ ਐਂਟੀ ਮਾਫ਼ੀਆ ਡਾਇਰੈਕਟੋਰੇਟ ਦਾ ਵੱਡਾ ਐਕਸ਼ਨ ਰਿਹਾ।ਇਸ ਟੀਮ ਨੇ ਜਦੋਂ ਚਾਈਨੀ ਸੰਗਠਨ ਦੁਆਰਾ ਚਲਾਈ ਬੈਂਕ ਦੇ ਕੰਮਾਂ ਨੂੰ ਬਾਰੀਕੀ ਨਾਲ ਨਾਪਿਆ ਤਾਂ ਉਹ ਹੱਕੇ-ਬੱਕੇ ਰਹਿ ਗਏ ਕਿ ਕਿਵੇਂ ਇਹ ਬੈਂਕ ਅੰਦਰ ਖਾਤੇ ਗੈਰ-ਕਾਨੂੰਨੀ ਕਾਰੋਬਾਰ ਦਾ ਹੱਬ ਬਣੀ ਹੋਈ ਹੈ।ਚਾਈਨੀ ਸੰਗਠਨ ਦਾ ਨੈੱਟਵਰਕ ਪੂਰੀ ਇਟਲੀ ਸਰਗਰਮ ਸੀ ਜਿਹੜਾ ਕਿ ਦੇਸ਼ ਭਰ ਤੋਂ ਕਰਮ ਇੱਕਠੀ ਕਰਦਾ ਤੇ ਸੰਬਧਤ ਲੋਕਾਂ ਨੂੰ ਮੁਆਵਜ਼ਾ ਉਸ ਦੇ ਦੇਸ਼ ਵਿੱਚ ਦਿੰਦੇ ਸਨ ਤਾਂ ਜੋ ਉਹਨਾਂ ਦੀ ਆਮਦਨ ਨੂੰ ਸਰਕਾਰੀ ਅੱਖ ਤੇ ਟੈਕਸ ਤੋਂ ਬਚਾਇਆ ਜਾ ਸਕੇ ।ਪੁਲਿਸ ਅਨੁਸਾਰ ਇਹ ਲੋਕ ਗੈਰ-ਕਾਨੂੰਨੀ ਇਮੀਗ੍ਰੇਸ਼ਨ ਤਹਿਤ ਚਾਈਨਾ ਤੋਂ ਲੋਕਾਂ ਨੂੰ ਇਟਲੀ ਦੀ ਡੰਕੀ ਲੁਆਉਂਦੇ ਸਨ ਜਿਸ ਅਨੁਸਾਰ ਪਹਿਲਾਂ ਬੰਦੇ ਚਾਈਨਾ ਤੋਂ ਸਰਬੀਆਂ ਫਿਰ ਹੰਗਰੀ ਤੇ ਫਿਰ ਸਲੋਵੇਨੀਆਂ ਆਉਂਦੇ ਸਨ ਉਸ ਤੋਂ ਬਆਦ ਇਹ ਸੰਗਠਨ ਚਾਈਨੀ ਬੰਦਿਆਂ ਨੂੰ ਪੈਦਲ ਇਟਲੀ ਲਿਆਉਂਦੇ ਸਨ ਇਸ ਕੰਮ ਲਈ ਇਹ ਸੰਗਠਨ ਪਰ ਵਿਅਕਤੀ 9500 ਲੈਂਦਾ ਸੀ।41 ਲੋਕਾਂ ਨੂੰ ਪੁਲਿਸ ਨੇ ਗੈਰ-ਕਾਨੂੰਨੀ ਢੰਗ ਨਾਲ ਇਟਲੀ ਦਾਖਲ ਹੁੰਦਿਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਹੈ ਉਂਝ ਇਹ ਬੈਂਕ ਹਵਾਲਾ ਦਾ ਕੰਮ ਕਰਦੀ ਜਿਸ ਨੂੰ ਚਾਈਨਾ ਵਿੱਚ ਚੋਪ ਸਾਪ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਜਿਸ ਦਾ ਕੰਮ ਗੈਰ-ਕਾਨੂੰਨੀ ਕੰਮਾਂ ਨੂੰ ਅੰਜਾਮ ਦੇਣਾ ਹੈ।ਪੁਲਿਸ ਨੇ ਇਸ ਕਾਰਵਾਈ ਤਹਿਤ 60 ਮਿਲੀਅਨ ਯੂਰੋ ਦੀ ਜਾਇਦਾਦ ਜ਼ਬਤ ਕੀਤੀ ਹੈ ਉੱਥੇ 17 ਲੋਕਾਂ ਨੂੰ ਜੇਲ੍ਹ ਅਤੇ 16 ਲੋਕਾਂ ਨੂੰ ਘਰ ਵਿੱਚ ਨਜ਼ਰ ਬੰਦ ਕੀਤਾ ਹੈ ।

ਇਟਲੀ ਪੁਲਿਸ ਇਸ ਰੂਪੋਸ ਬੈਂਕ ਦੀਆਂ ਕਈ ਹੋਰ ਪਰਤਾਂ ਨੂੰ ਹੌਲੀ -ਹੌਲੀ ਖੋਲਣ ਵਿੱਚ ਸਫ਼ਲ ਹੋ ਰਹੀ ਹੈ ਜਿਸ ਰਾਹੀ ਇਸ ਦਾ ਸੰਗਠਨ ਅਪਰਾਧ ਤੇ ਨਸ਼ਿਆਂ ਦੇ ਕਾਰੋਬਾਰ ਨੂੰ ਇਟਲੀ ਭਰ ਵਿੱਚ ਫੈਲਾਅ ਰਿਹਾ ਸੀ।

# ਧੀ ਨਾਲ ਜਿਨਸੀ ਸ਼ੋਸ਼ਣ ਕਰਨ ਵਾਲੇ ਪਿਤਾ ਨੂੰ 15 ਸਾਲ ਤੋਂ ਵੱਧ ਕੈਦ




**ਡਰਬੀ ਵਿੱਚ ਆਪਣੀ ਧੀ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਸਜ਼ਾਯਾਫ਼ਤਾ ਮੈਥਿਊ,ਵਾਰਡ ਅਤੇ ਉਸ ਦੀ ਸਾਥਣ ਸੋਫੀ ਈਸਨ।**

ਲੈਸਟਰ -(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਡਰਬੀ ਸ਼ਹਿਰ ਵਿੱਚ ਆਪਣੀ ਹੀ ਧੀ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ਾਂ ਵਿੱਚ ਇੱਕ ਵਿਅਕਤੀ ਨੂੰ 15 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਡਰਬੀ ਕਰਾਊਨ ਕੋਰਟ ਨੇ 37 ਸਾਲਾ ਮੈਥਿਊ ਵਾਰਡ ਨੂੰ 15 ਸਾਲ ਅਤੇ 4 ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ, ਜਦਕਿ ਇਸ ਮਾਮਲੇ ਵਿੱਚ ਸ਼ਾਮਲ 30 ਸਾਲਾ ਸੋਫੀ ਈਸਨ ਨੂੰ 2 ਸਾਲ 8 ਮਹੀਨੇ ਦੀ ਕੈਦ ਸੁਣਾਈ ਗਈ।ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਪੀੜਤਾ, ਜੋ ਹੁਣ 18 ਸਾਲ ਦੀ ਹੈ, ਨੇ 15 ਸਾਲ ਦੀ ਉਮਰ ਵਿੱਚ ਆਪਣੇ ਜੈਵਿਕ ਪਿਤਾ ਨਾਲ ਸੰਪਰਕ ਕੀਤਾ ਸੀ ਅਤੇ ਬਾਅਦ ਵਿੱਚ ਉਸ ਦੇ ਘਰ ਰਹਿਣ ਲਈ ਚਲੀ ਗਈ ਸੀ। ਉਸ ਨੂੰ ਉਮੀਦ ਸੀ ਕਿ ਉਸ ਨੂੰ ਇੱਕ ਸੁਰੱਖਿਅਤ ਪਰਿਵਾਰਕ ਮਾਹੌਲ ਮਿਲੇਗਾ, ਪਰ ਉੱਥੇ ਉਸ ਨਾਲ ਗੰਭੀਰ ਦੁਰਵਿਹਾਰ ਕੀਤਾ ਗਿਆ।ਮਾਮਲੇ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਇੱਕ ਵੱਖਰੀ ਜਾਂਚ ਦੌਰਾਨ ਪੁਲਿਸ ਨੇ ਦੋਸ਼ੀ ਦਾ ਮੋਬਾਈਲ ਫ਼ੋਨ ਜ਼ਬਤ ਕੀਤਾ। ਫ਼ੋਨ ਦੀ ਜਾਂਚ ਦੌਰਾਨ ਮਿਲੇ ਸੁਨੇਹਿਆਂ ਅਤੇ ਹੋਰ ਡਿਜ਼ੀਟਲ ਸਬੂਤਾਂ ਨੇ ਦੋਵਾਂ ਮੁਲਜ਼ਮਾਂ ਦੀ ਸ਼ਮੂਲੀਅਤ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਪੁਲਿਸ ਨੇ ਜਾਂਚ ਨੂੰ ਅੱਗੇ ਵਧਾਉਂਦਿਆਂ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਸ਼ੁਰੂ ਵਿੱਚ ਦੋਵਾਂ ਮੁਲਜ਼ਮਾਂ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ, ਪਰ ਮੁਕੱਦਮੇ ਦੀ ਸ਼ੁਰੂਆਤ ਵੇਲੇ ਉਨ੍ਹਾਂ ਨੇ ਆਪਣੇ ਦੋਸ਼ ਕਬੂਲ ਕਰ ਲਏ। ਮੈਥਿਊ ਵਾਰਡ ਨੇ ਬੱਚੇ ਨਾਲ ਜਿਨਸੀ ਗਤੀਵਿਧੀਆਂ ਅਤੇ ਅਸ਼ਲੀਲ ਸਮੱਗਰੀ ਨਾਲ ਸੰਬੰਧਿਤ ਕਈ ਦੋਸ਼ ਮੰਨੇ, ਜਦਕਿ ਸੋਫੀ ਈਸਨ ਨੇ ਵੀ ਆਪਣੇ ਖ਼ਿਲਾਫ਼ ਲੱਗੇ ਦੋਸ਼ ਸਵੀਕਾਰ ਕਰ ਲਏ।ਪੀੜਤਾ ਨੇ ਅਦਾਲਤ ਵਿੱਚ ਦਿੱਤੇ ਆਪਣੇ ਬਿਆਨ ਵਿੱਚ ਕਿਹਾ ਕਿ ਉਸ ਨੇ ਆਪਣੇ ਪਿਤਾ ਅਤੇ ਉਸ ਦੀ ਸਾਥਣ 'ਤੇ ਭਰੋਸਾ ਕੀਤਾ ਸੀ, ਪਰ ਉਨ੍ਹਾਂ ਨੇ ਉਸ ਦੇ ਭਰੋਸੇ ਨੂੰ ਤੋੜਦਿਆਂ ਉਸ ਦੀ ਜ਼ਿੰਦਗੀ 'ਤੇ ਡੂੰਘਾ ਮਨੋਵਿਗਿਆਨਕ ਅਸਰ ਪਾਇਆ। ਉਸ ਨੇ ਕਿਹਾ ਕਿ ਇਸ ਘਟਨਾ ਕਾਰਨ ਉਹ ਅਜੇ ਵੀ ਮਾਨਸਿਕ ਸਦਮੇ ਅਤੇ ਡਰ ਦਾ ਸਾਹਮਣਾ ਕਰ ਰਹੀ ਹੈ।ਸਜ਼ਾ ਸੁਣਾਉਂਦਿਆਂ ਅਦਾਲਤ ਨੇ ਦੋਵਾਂ ਮੁਲਜ਼ਮਾਂ 'ਤੇ ਅਣਮਿੱਥੇ ਸਮੇਂ ਲਈ ਸੈਕਸ਼ੁਅਲ ਹਾਰਮ ਪ੍ਰੀਵੈਂਸ਼ਨ ਆਰਡਰ ਲਾਗੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਜਿਨਸੀ ਅਪਰਾਧੀਆਂ ਦੇ ਰਜਿਸਟਰ ਵਿੱਚ ਵੀ ਸ਼ਾਮਲ ਕਰਨ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਪੀੜਤਾ ਦੀ ਸੁਰੱਖਿਆ ਲਈ ਉਨ੍ਹਾਂ ਖ਼ਿਲਾਫ਼ ਉਮਰ ਭਰ ਲਈ ਰੋਕ ਆਦੇਸ਼ ਵੀ ਜਾਰੀ ਕੀਤੇ ਗਏ ਹਨ। ਮਾਮਲੇ ਦੀ ਜਾਂਚ ਕਰਨ ਵਾਲੀ ਡਿਟੈਕਟਿਵ ਕਾਂਸਟੇਬਲ ਗੈਬਰੀਏਲ ਰਾਊਸ ਨੇ ਕਿਹਾ ਕਿ ਪੀੜਤਾ ਨੇ ਬਹੁਤ ਹਿੰਮਤ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਸ ਦੀ ਮਦਦ ਨਾਲ ਹੀ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕਿਆ ਅਤੇ ਹੁਣ ਉਹ ਹੋਰ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕੇ ਗਏ ਹਨ।

# ਲੈਸਟਰ ਦੇ ਪਹਿਲੇ ਅੰਮ੍ਰਿਤਧਾਰੀ ਸਿੱਖ ਲਾਰਡ ਮੇਅਰ ਕੁਲਵਿੰਦਰ ਸਿੰਘ ਜੌਹਲ ਨੇ ਅਧਿਕਾਰਿਤ ਤੌਰ ਤੇ ਸੰਭਾਲਿਆ ਅਹੁਦਾ * ਮਨਜੀਤ ਕੌਰ ਜੌਹਲ ਬਣੇ ਲੇਡੀ ਮੇਅਰ * ਵੱਖ ਵੱਖ ਭਾਈਚਾਰਿਆ ਦੇ ਸੈਕੜੇ ਆਗੂਆਂ ਨੇ ਕੀਤੀ ਸਿਰਕਤ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਲੈਸਟਰ ਦੀ ਸਿਆਸਤ ਦੇ ਇਤਿਹਾਸ ਵਿੱਚ ਪਹਿਲੀਵਾਰ ਪੂਰਨ ਗੁਰਸਿੱਖ ਅੰਮ੍ਰਿਤਧਾਰੀ ਸਿੱਖ ਕੌਂਸਲਰ ਕੁਲਵਿੰਦਰ ਸਿੰਘ ਜੋਹਲ ਨੇ ਲਾਰਡ ਮੇਅਰ ਵਜੋਂ ਆਪਣਾ ਕਾਰਜਕਾਲ ਆਰੰਭ ਕਰਦਿਆਂ ਨਵਾਂ ਇਤਿਹਾਸ ਸਿਰਜ ਦਿੱਤਾ। ਲੈਸਟਰ ਕੈਥੀਡਰਲ ਵਿਖੇ ਕਰਵਾਈ ਗਈ ਸ਼ਾਨਦਾਰ ਸਿਵਿਕ ਸਰਵਿਸ ਦੌਰਾਨ ਉਨ੍ਹਾਂ ਨੇ ਸਹੁੰ ਚੁੱਕ ਕੇ ਅਧਿਕਾਰਤ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਸੰਭਾਲੀਆਂ। ਸਮਾਗਮ ਧਾਰਮਿਕ ਮਰਯਾਦਾ, ਭਾਈਚਾਰਕ ਸਾਂਝ ਅਤੇ ਬਹੁ-ਸੱਭਿਆਚਾਰਕ ਏਕਤਾ ਦਾ ਵਿਲੱਖਣ ਪ੍ਰਤੀਕ ਬਣਿਆ।ਇਸ ਵਿਸ਼ੇਸ਼ ਸਮਾਗਮ ਵਿੱਚ ਸ਼ਹਿਰ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਵਲੰਟਰੀ ਸੰਸਥਾਵਾਂ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਨਵੇਂ ਲਾਰਡ ਮੇਅਰ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆ ।ਸਮਾਗਮ ਦੀ ਸ਼ੁਰੂਆਤ ਵਿਸ਼ੇਸ਼ ਅਰਦਾਸ ਅਤੇ ਪ੍ਰਾਰਥਨਾ ਨਾਲ ਹੋਈ। ਇਸ ਮੌਕੇ ਸ਼ਹਿਰ ਦੀ ਤਰੱਕੀ, ਸਮਾਜਿਕ ਏਕਤਾ ਅਤੇ ਵੱਖ-ਵੱਖ ਭਾਈਚਾਰਿਆਂ ਵਿਚਕਾਰ ਆਪਸੀ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਦੁਹਰਾਇਆ ਗਿਆ। ਵੱਖ-ਵੱਖ ਧਰਮਾਂ ਦੇ ਆਗੂਆਂ ਨੇ ਆਪਣੇ ਸੰਬੋਧਨਾਂ ਦੌਰਾਨ ਮਨੁੱਖਤਾ, ਸੇਵਾ ਭਾਵਨਾ, ਸਹਿਣਸ਼ੀਲਤਾ ਅਤੇ ਆਪਸੀ ਸਤਿਕਾਰ ਦੇ ਮੁੱਲਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ।

ਆਪਣੇ ਸੰਬੋਧਨ ਵਿੱਚ ਲਾਰਡ ਮੇਅਰ ਕੌਂਸਲਰ ਕੁਲਵਿੰਦਰ ਸਿੰਘ ਜੋਹਲ ਨੇ ਕਿਹਾ ਕਿ ਲੈਸਟਰ ਦੁਨੀਆ ਦੇ ਸਭ ਤੋਂ ਸਫਲ ਬਹੁ-ਸੱਭਿਆਚਾਰਕ ਸ਼ਹਿਰਾਂ ਵਿੱਚੋਂ ਇੱਕ ਹੈ, ਜਿਸਦੀ ਅਸਲ ਤਾਕਤ ਇਸ ਦੀ ਵਿਭਿੰਨਤਾ ਵਿੱਚ ਵਸਦੀ ਏਕਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਿਲਿਆ ਇਹ ਮਾਣ ਸਿਰਫ਼ ਨਿੱਜੀ ਪ੍ਰਾਪਤੀ ਨਹੀਂ, ਸਗੋਂ ਸਮੁੱਚੇ ਸਿੱਖ ਭਾਈਚਾਰੇ ਅਤੇ ਉਨ੍ਹਾਂ ਸਾਰੇ ਲੋਕਾਂ ਦੀ ਨੁਮਾਇੰਦਗੀ ਹੈ ਜਿਨ੍ਹਾਂ ਨੇ ਸਮਾਜਿਕ ਸੇਵਾ ਅਤੇ ਭਾਈਚਾਰਕ ਵਿਕਾਸ ਲਈ ਯੋਗਦਾਨ ਪਾਇਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣਗੇ।ਉਨ੍ਹਾਂ ਨੌਜਵਾਨਾਂ ਦੀ ਭਲਾਈ, ਸਮਾਜਿਕ ਸੇਵਾ, ਕਮਿਊਨਿਟੀ ਵਿਕਾਸ ਅਤੇ ਵੱਖ-ਵੱਖ ਭਾਈਚਾਰਿਆਂ ਵਿਚਕਾਰ ਆਪਸੀ ਸਹਿਯੋਗ ਨੂੰ ਆਪਣੇ ਕਾਰਜਕਾਲ ਦੀਆਂ ਮੁੱਖ ਤਰਜੀਹਾਂ ਦੱਸਦਿਆਂ ਕਿਹਾ ਕਿ ਸਾਂਝੇ ਯਤਨਾਂ ਰਾਹੀਂ ਹੀ ਸ਼ਹਿਰ ਦੀ ਹੋਰ ਤਰੱਕੀ ਯਕੀਨੀ ਬਣਾਈ ਜਾ ਸਕਦੀ ਹੈ।

# ਆਦਰਸ਼ਾਂ ਤੋਂ ਸੱਖਣੀ ਪੰਜਾਬ ਦੀ ਸਿਆਸਤ: ਨੇਤਾਵਾਂ ਦੀ ਅਹੁਦਿਆਂ ਦੀ ਭੁੱਖ ਅਤੇ ਦਮ ਘੁੱਟਦਾ ਲੋਕਤੰਤਰ

**ਡਾਕਟਰ ਸੁਖਦੇਵ ਸਿੰਘ**



ਪੰਜਾਬ ਵਿਚ ਪਿਛਲੇ ਕੁਝ ਸਾਲਾਂ ਤੋਂ ਰਾਜਨੀਤਕ ਪ੍ਰਕਿਰਿਆ ਤਿਗੜਮਬਾਜ਼ੀ ਬਣ ਗਈ ਹੈ ਅਤੇ ਕਿਸੇ ਦਬਾਅ ਹੇਠ ਜਾਂ ਵਿਅਕਤੀਗਤ ਮੁਨਾਫ਼ੇ ਲਈ ਰਾਜਨੀਤਕ ਦਲ ਬਦਲੀ, ਰਾਜਨੇਤਾਵਾਂ ਤੇ ਰਾਜਨੀਤਕ ਪਾਰਟੀਆਂ ਵਲੋਂ ਇਕ- ਦੂਜੇ ਨੂੰ ਮਾੜਾ ਕਹਿਣ ਦਾ ਰੁਝਾਨ ਤੇ ਚੋਣਾਂ ਜਿੱਤਣ ਲਈ ਰਾਜਨੀਤਕ ਪ੍ਰੇਰਨਾ ਜਾਂ ਪਾਲਿਸੀ ਦੀ ਥਾਂ ਪੈਸੇ, ਸ਼ਕਤੀ ਤੇ ਰਾਜ ਮਸ਼ੀਨਰੀ ਦੀ ਦੁਰਵਰਤੋਂ ਜ਼ੋਰ ਫੜ ਗਈ ਹੈ। ਰਾਜਨੀਤਕ ਪਾਰਟੀਆਂ ਆਪਣਾ ਨੁਮਾਇੰਦਾ ਚੁਣਨ ਵੇਲੇ ਉਸ ਵਲੋਂ ਸੂਬੇ ਦੇ ਜਲਵਾਯੂ, ਸਰੋਤਾਂ, ਸ਼ਹਿਰੀ ਸੇਵਾਵਾਂ, ਸਿਹਤ ਤੇ ਵਿੱਦਿਆ ਲਈ ਲੋਕਾਂ ਦੇ ਹਿੱਤ ਵਿਚ ਕਿਸੇ ਸੁਡੋਲ ਤੇ ਸਥੂਲ ਪਾਲਿਸੀ ਬਣਾਉਣ ਦੀ ਯੋਗਤਾ ਦੀ ਬਜਾਇ ਨੁਮਾਇੰਦੇ ਦੇ ਚੋਣ ਹਲਕੇ ਵਿਚ ਪਰਿਵਾਰਿਕ ਕਬਜ਼ੇ ਤੇ ਉਸ ਦੀ ਧਨ ਖਰਚਣ ਦੀ ਸਮਰੱਥਾ ਤੇ ਸਹਿਮਤੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸੇ ਕਰਕੇ ਪੰਜਾਬ ਵਿਚ ਰਾਜਨੀਤਕ ਗੁਰਬਤ ਪਸਰੀ ਹੋਈ ਹੈ।

ਆਜ਼ਾਦੀ ਤੋਂ ਬਾਅਦ ਲੰਬੇ ਸਮੇਂ ਤੱਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਆਪਸ ਵਿਚ ਸੱਤਾ ਦਾ ਵਟਾਂਦਰਾ ਕਰਦੇ ਰਹੇ, ਪਰ 2022 ਤੋਂ ਪੰਜਾਬ 'ਚ ਰਾਜਨੀਤਕ ਸੱਤਾ ਆਮ ਆਦਮੀ ਪਾਰਟੀ (ਆਪ) ਕੋਲ ਹੈ, ਜਦਕਿ ਭਾਜਪਾ ਸੂਬੇ ਦੀ ਵਾਗਡੋਰ ਆਪਣੇ ਹੱਥ 'ਚ ਲੈਣ ਲਈ ਕਾਹਲੀ ਪਈ ਹੋਈ ਹੈ। ਸਾਰੀਆਂ ਰਾਜਨੀਤਕ ਪਾਰਟੀਆਂ ਤੇ ਨੇਤਾ ਇਕ-ਦੂਜੇ ਦੀਆਂ ਖਾਮੀਆਂ ਸਹਾਰੇ ਲੋਕ ਮਤ ਹਾਸਿਲ ਕਰਨ ਦੀ ਤਾਕ 'ਚ ਹਨ। ਪੰਜਾਬ ਨੂੰ ਆਰਥਿਕ ਕਰਜ਼ੇ ਤੋਂ ਮੁਕਤੀ ਤੇ ਲੋਕਾਂ ਨੂੰ ਰੁਜ਼ਗਾਰ, ਵਿੱਦਿਆ, ਸਿਹਤ ਸਹੂਲਤਾਂ, ਸੁਰੱਖਿਆ ਤੇ ਹੋਰ ਸਹੂਲਤਾਂ ਦੇਣ ਲਈ ਕੋਈ ਠੋਸ ਪ੍ਰੋਗਰਾਮ ਉਲੀਕਣ ਨਾਲੋਂ ਮੁਫ਼ਤ ਆਟਾ ਦਾਲ, ਮੁਫ਼ਤ ਬਿਜਲੀ, ਮੁਫ਼ਤ ਬੱਸ ਸਫ਼ਰ, ਮੁਫ਼ਤ ਤੀਰਥ ਯਾਤਰਾ ਤੇ ਔਰਤਾਂ ਨੂੰ 1000 ਰੁਪਏ ਮਹੀਨਾ ਆਦਿ ਦੇ ਕੇ ਵੋਟਾਂ 'ਤੇ ਕੇਂਦ੍ਰਿਤ ਥੋੜ੍ਹੇ ਸਮੇਂ ਦੀ ਲੋਕਪ੍ਰਿਅਤਾ 'ਤੇ ਟੇਕ ਰੱਖੀ ਜਾ ਰਹੀ ਹੈ। ਇਸ ਖਿੱਤੇ ਦੇ 'ਦਸਾਂ ਨਹੁੰਆਂ ਨਾਲ ਕਮਾਈ ਕਰਨ ਤੇ ਵੰਡ ਕੇ ਛਕਣ' ਦੇ ਸਿਧਾਂਤ ਨੂੰ ਖ਼ੋਰਾ ਲਾ ਕੇ ਲੋਕਾਂ ਨੂੰ ਨਿਕੰਮੇ ਬਣਾਇਆ ਜਾ ਰਿਹਾ ਹੈ।

ਦੂਜੇ ਪਾਸੇ ਭਾਜਪਾ ਦੇ ਨੇਤਾ 'ਡਬਲ ਇੰਜਣ ਦੀ ਸਰਕਾਰ' ਦੀ ਦੁਹਾਈ ਪਾ ਕੇ ਲੋਕਾਂ ਨੂੰ ਦੱਸ ਰਹੇ ਹਨ ਕਿ ਜੇ ਰਾਸ਼ਟਰੀ ਖਾਤੇ 'ਚੋਂ ਕੁਝ ਹਾਸਿਲ ਕਰਨਾ ਹੈ ਤਾਂ ਉਸੇ ਪਾਰਟੀ ਨੂੰ ਸੂਬੇ ਵਿਚ ਚੁਣਿਆ ਜਾਵੇ, ਜਿਸ ਦੀ ਕੇਂਦਰ 'ਚ ਸਰਕਾਰ ਹੈ। ਮਤਲਬ ਲਾਲਚ ਦੇ ਕੇ ਲੋਕਤੰਤਰ ਨੂੰ ਕਮਜ਼ੋਰ ਕਰਨਾ। ਇਸ ਤੋਂ ਇਲਾਵਾ ਭਾਜਪਾ ਵਾਅਦਾ ਕਰ ਰਹੀ ਹੈ ਕਿ ਜੇ ਉਹ ਚੋਣ ਜਿੱਤਦੀ ਹੈ ਤਾਂ ਸੂਬੇ ਵਿਚ ਧਰਮ-ਪਰਿਵਰਤਨ ਖ਼ਿਲਾਫ ਕਾਨੂੰਨ ਬਣਾਏਗੀ; ਪਰ ਦੂਜੇ ਪਾਸੇ ਦਲ-ਬਦਲੀ ਨੂੰ ਖੁੱਲ੍ਹ ਕੇ ਉਤਸ਼ਾਹਿਤ ਕਰ ਰਹੀ ਹੈ। ਕੁਝ ਸਮਾਂ ਪਹਿਲਾਂ ਤੱਕ ਭਾਜਪਾ ਪੰਜਾਬ ਵਿਚ ਕਾਂਗਰਸ ਦੇ ਪਹਿਲੀ ਕਤਾਰ ਦੇ ਲੀਡਰਾਂ ਨੂੰ ਆਪਣੀ ਪਾਰਟੀ 'ਚ ਸ਼ਾਮਿਲ ਕਰਦੀ ਰਹੀ ਹੈ, ਪਰ ਪਿਛਲੇ ਮਹੀਨੇ ਭਾਜਪਾ ਨੇ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ (ਪੰਜਾਬ ਦੇ 6) ਦੀ ਦਲ-ਬਦਲੀ ਕਰਵਾ ਕੇ ਉਨ੍ਹਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਰਾਜ ਸਭਾ ਮੈਂਬਰਾਂ ਦੀ ਦਲ-ਬਦਲੀ ਤੋਂ ਕੁਝ ਦਿਨ ਪਹਿਲਾਂ ਇਨ੍ਹਾਂ 'ਚੋਂ ਇਕ ਦੇ ਘਰ ਕੇਂਦਰ ਸਰਕਾਰ ਦੀ ਆਰਥਿਕ ਬੇਨਿਯਮੀਆਂ ਖ਼ਿਲਾਫ਼ ਜਾਂਚ ਕਰਨ ਵਾਲੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਛਾਪਾ ਮਾਰਿਆ ਸੀ ਅਤੇ ਅਗਲੇ ਹੀ ਦਿਨ ਉਨ੍ਹਾਂ ਦੇ ਭਾਜਪਾ 'ਚ ਸ਼ਾਮਿਲ ਹੋਣ ਬਾਅਦ ਈ.ਡੀ. ਵੀ ਚੁੱਪ ਕਰਕੇ ਬੈਠ ਗਈ ਹੈ।

ਪੰਜਾਬ 'ਚ ਬੇਰੁਜ਼ਗਾਰੀ ਤੇ ਅਸਮਾਨਤਾ ਖ਼ਤਮ ਕਰਨ, ਜਲਵਾਯੂ ਪਰਿਵਰਤਨ ਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਠੱਲ੍ਹ ਪਾਉਣ, ਸਿੱਖਿਆ ਤੇ ਸਿਹਤ ਸੇਵਾਵਾਂ ਦੇ ਡਿੱਗਦੇ ਮਿਆਰ ਨੂੰ ਨੱਥ ਪਾਉਣ ਅਤੇ ਹੋਰ ਧਾਰਮਿਕ-ਸੱਭਿਆਚਾਰਕ ਮੁੱਦਿਆਂ ਲਈ ਕੋਈ ਲੰਬੇ ਸਮੇਂ ਦੇ ਢਾਂਚਾਗਤ ਹੱਲ ਪੇਸ਼ ਕਰਨ ਦੀ ਬਜਾਏ ਭਾਜਪਾ ਦੇ ਰਾਸ਼ਟਰੀ ਤੇ ਖੇਤਰੀ ਨੇਤਾਵਾਂ ਦੁਆਰਾ 'ਡਬਲ ਇੰਜਣ ਸਰਕਾਰ' ਤੇ 'ਧਰਮ-ਪਰਿਵਰਤਨ ਵਿਰੋਧੀ ਕਾਨੂੰਨ' ਦੀ ਪੇਸ਼ਕਸ਼ ਵੀ ਸੂਬੇ ਵਿਚ ਉਨ੍ਹਾਂ ਦੀ ਰਾਜਨੀਤਕ ਗੁਰਬਤ ਹੀ ਦਰਸਾਉਂਦੀ ਹੈ, ਕਿਉਂਕਿ ਅਜਿਹੀਆਂ ਪੇਸ਼ਕਸ਼ਾਂ ਲੋਕਾਂ ਨਾਲੋਂ ਟੁੱਟੇ ਹੋਣ ਦੇ ਸੰਕੇਤ ਹੀ ਦਿੰਦੀਆਂ ਹਨ।



ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਕੇਜਰੀਵਾਲ ਨੇ ਪਹਿਲਾਂ ਤਾਂ ਆਪਣੀ ਖਾਸ ਪਸੰਦ ਪੰਜਾਬ ਤੋਂ ਬਾਹਰ ਦੇ ਆਗੂ ਰਾਘਵ ਚੱਢਾ ਤੇ ਸੰਦੀਪ ਪਾਠਕ ਨੂੰ ਹੀਰੋ ਵਾਂਗ ਪੇਸ਼ ਕਰਦਿਆਂ ਉਨ੍ਹਾਂ ਨੂੰ ਬਿਨਾਂ ਕਿਸੇ ਸੰਵਿਧਾਨਿਕ ਅਹੁਦੇ ਦੇ ਅਪਾਰ ਤਾਕਤਾਂ ਦਿੰਦਿਆਂ ਸੂਬੇ ਦੇ ਖਰਚੇ 'ਤੇ ਸੁਰੱਖਿਆ ਦੇਣ ਤੋਂ ਇਲਾਵਾ ਰਾਜ ਸਭਾ ਦੇ ਮੈਂਬਰ ਬਣਵਾ ਦਿੱਤਾ ਸੀ।

ਹੁਣ ਇਨ੍ਹਾਂ ਦੋਹਾਂ ਦੇ ਦਲ-ਬਦਲੀ ਕਰਨ 'ਤੇ 'ਆਪ' ਨੇ ਭਾਜਪਾ ਦੇ ਦਫ਼ਤਰਾਂ ਅੱਗੇ ਧਰਨੇ ਦਿੰਦਿਆਂ ਇਨ੍ਹਾਂ ਨੂੰ 'ਗ਼ਦਾਰ' ਦੱਸ ਕੇ ਆਪਣੀ ਸਿਆਸੀ ਕਚਿਆਈ ਦਾ ਪ੍ਰਗਟਾਵਾ ਕੀਤਾ ਹੈ। ਜੇ ਸਰਕਾਰ ਦੀਆਂ ਨੀਤੀਆਂ ਨੂੰ ਘੋਖੀਏ ਤਾਂ ਉੱਥੇ ਵੀ ਰਾਜਨੀਤਕ ਗੁਰਬਤ ਹੀ ਮਿਲਦੀ ਹੈ; ਲੋਕਾਂ ਦੇ ਭਲੇ ਨਾਲੋਂ ਵੱਧ ਕਾਰਪੋਰੇਟਾਂ ਦਾ ਪੱਖ ਪੂਰਦਿਆਂ ਭਾਜਪਾ ਦੀ ਕੇਂਦਰੀ ਸਰਕਾਰ ਪੰਜਾਬ ਵਿਚ ਖੇਤੀਬਾੜੀ ਦਾ ਉਦਯੋਗੀਕਰਨ ਕਰਨ ਤੇ ਇਸ ਵਿਚ ਲੱਗੀ 35-40 ਫ਼ੀਸਦੀ ਆਬਾਦੀ ਦੇ ਵੱਡੇ ਹਿੱਸੇ ਨੂੰ ਖੇਤੀ ਦੇ ਕਿੱਤੇ ਤੋਂ ਹਟਾਉਣ ਦੀ ਤਜਵੀਜ਼ ਰੱਖਦੀ ਹੈ, ਪਰ ਬਦਲ ਵਜੋਂ ਇਸ ਆਬਾਦੀ ਲਈ ਕਿਸੇ ਠੋਸ ਇੱਜ਼ਤਦਾਰ ਕਿੱਤੇ ਲਈ ਭਰੋਸੇਮੰਦ ਨੀਤੀ ਲਿਆਉਣ ਦੀ ਸੰਜੀਦਗੀ ਨਾਲ ਕੋਈ ਵਾਅਦਾ ਵੀ ਨਹੀਂ ਕਰਦੀ। ਫਿਰ ਵੀ ਭਾਜਪਾ 2027 ਵਿਚ ਪੰਜਾਬ 'ਚ ਸਰਕਾਰ ਬਣਾਉਣ ਦੀ ਉਮੀਦ ਕਰਦੀ ਹੈ।

ਪੰਜਾਬ 'ਚ ਬੇਰੁਜ਼ਗਾਰੀ ਤੇ ਅਸਮਾਨਤਾ ਖ਼ਤਮ ਕਰਨ, ਜਲਵਾਯੂ ਪਰਿਵਰਤਨ ਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਠੱਲ੍ਹ ਪਾਉਣ, ਸਿੱਖਿਆ ਤੇ ਸਿਹਤ ਸੇਵਾਵਾਂ ਦੇ ਡਿੱਗਦੇ ਮਿਆਰ ਨੂੰ ਨੱਥ ਪਾਉਣ ਅਤੇ ਹੋਰ ਧਾਰਮਿਕ-ਸੱਭਿਆਚਾਰਕ ਮੁੱਦਿਆਂ ਲਈ ਕੋਈ ਲੰਬੇ ਸਮੇਂ ਦੇ ਢਾਂਚਾਗਤ ਹੱਲ ਪੇਸ਼ ਕਰਨ ਦੀ ਬਜਾਏ ਭਾਜਪਾ ਦੇ ਰਾਸ਼ਟਰੀ ਤੇ ਖੇਤਰੀ ਨੇਤਾਵਾਂ ਦੁਆਰਾ 'ਡਬਲ ਇੰਜਣ ਸਰਕਾਰ' ਤੇ 'ਧਰਮ-ਪਰਿਵਰਤਨ ਵਿਰੋਧੀ ਕਾਨੂੰਨ' ਦੀ ਪੇਸ਼ਕਸ਼ ਵੀ ਸੂਬੇ ਵਿਚ ਉਨ੍ਹਾਂ ਦੀ ਰਾਜਨੀਤਕ ਗੁਰਬਤ ਹੀ ਦਰਸਾਉਂਦੀ ਹੈ, ਕਿਉਂਕਿ ਅਜਿਹੀਆਂ ਪੇਸ਼ਕਸ਼ਾਂ ਲੋਕਾਂ ਨਾਲੋਂ ਟੁੱਟੇ ਹੋਣ ਦੇ ਸੰਕੇਤ ਹੀ ਦਿੰਦੀਆਂ ਹਨ। ਆਮ ਆਦਮੀ ਪਾਰਟੀ ਛੱਡ ਕੇ ਭਾਜਪਾ 'ਚ ਸ਼ਾਮਿਲ ਹੋਣ ਤੋਂ ਪਹਿਲਾਂ ਰਾਜ ਸਭਾ ਮੈਂਬਰ ਰਾਘਵ ਚੱਢਾ ਕਦੇ ਭਾਜਪਾ ਨੂੰ 'ਗੁੰਡਿਆਂ ਦੀ ਪਾਰਟੀ' ਤੇ 'ਵਾਸ਼ਿੰਗ ਮਸ਼ੀਨ' ਕਹਿ ਕੇ ਇਸ ਦੀ ਨਿੰਦਾ ਕਰਦੇ ਸਨ। ਇਸ ਦਾ ਅਰਥ ਸੀ ਕਿ ਦੂਜੀਆਂ ਰਾਜਨੀਤਕ ਪਾਰਟੀਆਂ ਤੋਂ ਦਲ-ਬਦਲੀ ਕਰਕੇ ਅਪਰਾਧਾਂ ਵਿਚ ਲਿਬੜੇ ਨੇਤਾਵਾਂ ਦੇ ਭਾਜਪਾ ਵਿਚ ਸ਼ਾਮਿਲ ਹੋਣ ਬਾਅਦ ਸਾਰੇ ਪਾਪ ਧੋਤੇ ਜਾਂਦੇ ਹਨ। ਹੁਣ ਰਾਘਵ ਚੱਢਾ ਭਾਜਪਾ ਵਿਚ ਸ਼ਾਮਿਲ ਹੋ ਗਏ ਹਨ ਤਾਂ ਕੀ ਰਾਘਵ ਚੱਢਾ ਨੇ 'ਗੁੰਡਿਆਂ' ਨੂੰ ਚੁਣ ਲਿਆ ਹੈ ਜਾਂ ਉਹ ਆਪ 'ਵਾਸ਼ਿੰਗ ਮਸ਼ੀਨ' ਵਿਚ ਧੋਤੇ ਗਏ ਹਨ? ਰਾਜਨੀਤਕ ਗੁਰਬਤ ਦਾ ਇਕ ਹੋਰ ਨਮੂਨਾ ਇਹ ਹੈ ਕਿ ਰਾਜਨੇਤਾ ਹੋਣ ਨਾਲ ਤੁਹਾਨੂੰ ਖੁੱਲ੍ਹ ਮਿਲ ਗਈ ਹੈ ਕਿ ਤੁਸੀ ਕਦੇ ਵੀ, ਕੁਝ ਵੀ ਕਹਿ ਦਿਓ, ਪਰ ਕਿਸੇ ਦੂਜੇ ਮੌਕੇ ਬਿਲਕੁਲ ਉਸ ਦੇ ਉਲਟ ਕਹਿ ਦਿਓ ਜਾਂ ਕਰ ਦਿਓ ਅਤੇ ਤੁਸੀਂ ਸੋਚਦੇ ਹੋ ਕਿ ਲੋਕ ਤੁਹਾਨੂੰ ਸਰਬੋਤਮ ਰਾਜਨੇਤਾ ਮੰਨਣਗੇ, ਜਿਵੇਂ ਕਿ ਤੁਸੀਂ ਭਗਵਾਨ ਹੋਵੋ।

ਆਮ ਆਦਮੀ ਪਾਰਟੀ ਦੇ ਦਲ-ਬਦਲੂ ਰਾਜ ਸਭਾ ਮੈਂਬਰਾਂ ਨੇ ਆਪਣੀ ਦਲ ਬਦਲੀ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਹੈ ਕਿ ਮਾਂ ਪਾਰਟੀ ਵਿਚ ਉਨ੍ਹਾਂ ਦਾ ਦਮ ਘੁੱਟ ਰਿਹਾ ਸੀ। ਪਰ ਸੱਚਾਈ ਇਹ ਹੈ ਕਿ ਇਨ੍ਹਾਂ ਕੋਲ ਨਾ ਤਾਂ ਕੋਈ ਲੋਕ ਪੱਖੀ ਏਜੰਡਾ ਸੀ ਅਤੇ ਨਾ ਹੀ ਸੋਚ ਅਤੇ ਨਾ ਹੀ ਨਿਸ਼ਚਾ; ਜੇ ਕੁਝ ਹੈ ਸੀ ਤਾਂ ਇਹ ਸੀ ਅਹੁਦੇ ਤੇ ਤਾਕਤ ਦੀ ਭੁੱਖ। ਲਾਲਚ ਅਤੇ ਡਰ ਨਾਲ ਲਿਪਤ ਹੋਣ ਕਾਰਨ, ਦਲ ਬਦਲੀ ਨਾਲ ਇਨ੍ਹਾਂ ਦਾ ਦਮ ਘੁਟਣਾ ਤਾਂ ਬੰਦ ਹੋ ਗਿਆ ਹੈ ਪਰ ਇਸ ਨਾਲ ਲੋਕਾਂ ਦੇ ਵਿਸ਼ਵਾਸ਼ ਦਾ ਦਮ ਜ਼ਰੂਰ ਘੁੱਟਿਆ ਗਿਆ ਹੈ। ਭਾਰਤੀ ਜਨਤਾ ਪਾਰਟੀ ਇਨ੍ਹਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ 2027 ਦੀ ਚੋਣ ਜਿੱਤਣ ਦੀ ਉਮੀਦ ਰੱਖ ਰਹੀ ਹੈ। ਅਜਿਹੀ ਸੋਚ ਰਾਜਨੀਤਕ ਗੁਰਬਤ ਦਾ ਹੀ ਮੁਜ਼ਾਹਰਾ ਹੈ। ਰਾਜਨੀਤਕ ਗੁਰਬਤ ਦਾ ਇਕ ਹੋਰ ਨਮੂਨਾ ਇਹ ਹੈ ਕਿ ਦੂਜੀਆਂ ਪਾਰਟੀਆਂ ਦੀਆਂ ਨਾਕਾਮੀਆਂ ਸਹਾਰੇ ਹੀ ਪੰਜਾਬ ਵਿਚ ਕਾਂਗਰਸ ਪਾਰਟੀ ਆਪਣੀ ਜਿੱਤ ਨਿਸ਼ਚਿਤ ਮੰਨ ਰਹੀ ਹੈ ਅਤੇ ਇਸ ਦੇ ਸਾਰੇ ਨੇਤਾ ਮੁੱਖ ਮੰਤਰੀ ਲਈ ਆਪਣੀ ਦਾਅਵੇਦਾਰੀ ਜਤਾਉਂਦੇ ਹੋਏ ਇਕ-ਦੂਜੇ ਨਾਲ ਹੀ ਮੁਕਾਬਲੇ ਵਿਚ ਹਨ।

ਇਕ ਹੋਰ ਪੱਧਰ 'ਤੇ ਕੇਂਦਰੀ ਜਾਂਚ ਏਜੰਸੀਆਂ- ਸੀ.ਬੀ.ਆਈ. ਅਤੇ ਈ.ਡੀ. ਸੂਬੇ ਵਿਚ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ ਲਈ ਪੰਜਾਬ ਵਿਚ ਸਰਗਰਮ ਹਨ; ਪਰ ਉਦੇਸ਼ ਦੀ ਡਗਮਗਾਉਂਦੀ ਭਰੋਸੇਯੋਗਤਾ ਨਾਲ ਅਜਿਹਾ ਰਾਜਨੀਤਕ ਮਾਹੌਲ ਪੈਦਾ ਹੋ ਰਿਹਾ ਹੈ ਕਿ ਇਹ ਕਾਰਵਾਈ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਨਾਲੋਂ ਜ਼ਿਆਦਾ ਰਾਜ ਵਿਚ ਸੱਤਾਧਾਰੀ ਪਾਰਟੀ ਨੂੰ ਕੱਚਿਆਂ ਕਰਨ ਵਾਲੀ ਹੈ। ਅਜਿਹੇ ਹਾਲਾਤ ਵਿਚ ਪੰਜਾਬ ਦੇ ਰਾਜਨੀਤਕ ਨੇਤਾਵਾਂ ਦੀਆਂ S"V ਗੱਡੀਆਂ ਦੀ 'ਹਨੇਰੀ ਅਤੇ ਗਰਜਣ' ਅਤੇ ਉਨ੍ਹਾਂ ਦੀ 'ਤੂੰ-ਤੂੰ ਮੈਂ-ਮੈਂ ' ਕਿਸੇ ਅਸੂਲੀ ਰਾਜਨੀਤੀ ਤੋਂ ਸੱਖਣੀ ਹੈ, ਜਿਸ ਨਾਲ ਪੰਜਾਬ ਸਰੋਤਾਂ ਅਤੇ ਚੇਤਨਾ ਦੀ ਗੁਰਬਤ ਦੇ ਨਾਲ-ਨਾਲ ਰਾਜਨੀਤਕ ਗੁਰਬਤ ਵੱਲ ਵਧਦਾ ਨਜ਼ਰ ਆ ਰਿਹਾ ਹੈ।

*-ਸੇਵਾਮੁਕਤ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*

# 'ਧੁਰੰਧਰ 2': ਸੱਚਾਈ ਤੋਂ ਕਿਉਂ ਪਿੱਛੇ ਹਟਿਆ ਸਿਨੇਮਾ?

## ✪ ਕੀ ਇਤਿਹਾਸ ਦੇ ਜ਼ਖ਼ਮਾਂ ਨੂੰ ਸੈਂਸਰ ਕਰਨਾ ਜਾਇਜ਼ ਹੈ? ✪ ਫ਼ਿਲਮੀ ਪਰਦਾ ਅਤੇ 1984 ਦੀ ਹਕੀਕਤ ਦਾ ਸੱਚ

### ਨਿਊਜ਼ ਵਿਸ਼ਲੇਸ਼ਣ


ਕਲਾ ਅਤੇ ਸਿਨੇਮਾ ਨੂੰ ਹਮੇਸ਼ਾ ਸਮਾਜ ਦਾ ਸ਼ੀਸ਼ਾ ਮੰਨਿਆ ਗਿਆ ਹੈ, ਜੋ ਨਾ ਸਿਰਫ਼ ਵਰਤਮਾਨ ਨੂੰ ਦਿਖਾਉਂਦਾ ਹੈ ਬਲਕਿ ਇਤਿਹਾਸ ਦੇ ਦਰਦਨਾਕ ਪੰਨਿਆਂ ਨੂੰ ਵੀ ਪਰਦੇ 'ਤੇ ਉਤਾਰਨ ਦਾ ਹੌਸਲਾ ਰੱਖਦਾ ਹੈ। ਪਰ ਜਦੋਂ ਕੋਈ ਵਪਾਰਕ ਫ਼ਿਲਮ ਕਿਸੇ ਸੰਵੇਦਨਸ਼ੀਲ ਇਤਿਹਾਸਕ ਸੱਚ ਨੂੰ ਛੂਹਣ ਤੋਂ ਐਨ ਮੌਕੇ 'ਤੇ ਪਿੱਛੇ ਹਟ ਜਾਂਦੀ ਹੈ, ਤਾਂ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਕੀ ਸਾਡਾ ਸਿਨੇਮਾ ਅਜੇ ਵੀ ਸੱਚਾਈ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੈ? ਨਿਰਦੇਸ਼ਕ ਆਦਿੱਤਿਆ ਧਰ ਦੀ ਹਾਲੀਆ ਬਲਾਕਬਸਟਰ ਫ਼ਿਲਮ 'ਧੁਰੰਧਰ 2' ਦੇ ਅਨਕਟ ਵਰਜ਼ਨ (Raw and Undekha) ਨੇ ਇਸੇ ਬਹਿਸ ਨੂੰ ਮੁੜ ਸੁਰਖੀਆਂ ਵਿੱਚ ਲਿਆ ਦਿੱਤਾ ਹੈ।

ਓਟੀਟੀ ਪਲੇਟਫਾਰਮ 'ਤੇ ਰਿਲੀਜ਼ ਹੋਏ ਇਸ ਅਨਕਟ ਵਰਜ਼ਨ ਤੋਂ ਇਹ ਸਾਹਮਣੇ ਆਇਆ ਹੈ ਕਿ ਫ਼ਿਲਮ ਦੇ ਇੱਕ ਮੁੱਖ ਦ੍ਰਿਸ਼ ਵਿੱਚੋਂ '1984 ਦੇ ਸਿੱਖ ਵਿਰੋਧੀ ਕਤਲੇਆਮ' ਅਤੇ 'ਸਿੱਖ ਸੰਘਰਸ਼' ਨਾਲ ਜੁੜੇ ਹਵਾਲਿਆਂ ਨੂੰ ਬਦਲ ਦਿੱਤਾ ਗਿਆ ਸੀ। ਮੂਲ ਸੰਵਾਦ, ਜਿਸ ਵਿੱਚ 1984 ਦੀ ਤ੍ਰਾਸਦੀ ਦਾ ਸਿੱਧਾ ਜ਼ਿਕਰ ਸੀ ("ਕਿਹੜਾ ਦੇਸ਼? ਉਹ ਦੇਸ਼ ਜਿਹਨੇ ਚੌਰਾਸੀ ਵਿੱਚ ਆਪਣੇ ਲੋਕਾਂ ਨੂੰ ਮਾਰਿਆ ਸੀ"), ਨੂੰ ਡਬਿੰਗ ਰਾਹੀਂ ਬਦਲ ਕੇ ਇੱਕ ਆਮ ਬਿਆਨ ਬਣਾ ਦਿੱਤਾ ਗਿਆ। ਇਸੇ ਤਰ੍ਹਾਂ ਇੱਕ ਕਿਰਦਾਰ ਦਾ ਨਾਮ ਵੀ ਬਦਲਿਆ ਗਿਆ ਜੋ ਇੱਕ ਅਸਲ ਖ਼ਾਲਿਸਤਾਨੀ ਖਾੜਕੂ ਦੇ ਨਾਮ ਨਾਲ ਮੇਲ ਖਾਂਦਾ ਸੀ।

ਇਸ ਬਦਲਾਅ ਪਿੱਛੇ ਨਿਰਮਾਤਾਵਾਂ ਦੀ ਮਨਸ਼ਾ ਫ਼ਿਲਮ ਨੂੰ ਵਿਵਾਦਾਂ ਤੋਂ ਬਚਾਉਣਾ ਅਤੇ 'ਸੁਰੱਖਿਅਤ ਨੀਤੀ' ਹੋ ਸਕਦੀ ਹੈ, ਖ਼ਾਸਕਰ ਅਜਿਹੇ ਦੌਰ ਵਿੱਚ ਜਿੱਥੇ ਫ਼ਿਲਮਾਂ 'ਤੇ ਬਾਈਕਾਟ ਦਾ ਖ਼ਤਰਾ ਹਮੇਸ਼ਾ ਮੰਡਰਾਉਂਦਾ ਰਹਿੰਦਾ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਇਤਿਹਾਸ ਦੇ ਜ਼ਖ਼ਮਾਂ ਨੂੰ ਪਰਦੇ 'ਤੇ ਸੈਂਸਰ ਕਰ ਦੇਣ ਨਾਲ ਉਹ ਹਕੀਕਤ ਬਦਲ ਜਾਂਦੀ ਹੈ? 1984 ਦਾ ਕਤਲੇਆਮ ਭਾਰਤੀ ਇਤਿਹਾਸ ਦਾ ਇੱਕ ਅਜਿਹਾ ਕਾਲਾ ਅਧਿਆਏ ਹੈ, ਜਿਸ ਦਾ ਦਰਦ ਪੰਜਾਬ ਅਤੇ ਸਿੱਖ ਕੌਮ ਅੱਜ ਵੀ ਮਹਿਸੂਸ ਕਰਦੀ ਹੈ। ਜਦੋਂ ਸਿਨੇਮਾ ਅਜਿਹੇ ਵਿਸ਼ਿਆਂ ਨੂੰ ਸਿਰਫ਼ ਵਪਾਰਕ ਹਿੱਤਾਂ ਜਾਂ ਸਿਆਸੀ ਸੰਵੇਦਨਸ਼ੀਲਤਾ ਦੇ ਡਰੋਂ ਮੁਲਤਵੀ ਜਾਂ ਤਬਦੀਲ ਕਰਦਾ ਹੈ, ਤਾਂ ਉਹ ਕਲਾ ਦੇ ਅਸਲ ਮਕਸਦ ਨਾਲ ਸਮਝੌਤਾ ਕਰ ਰਿਹਾ ਹੁੰਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਫ਼ਿਲਮ ਨੇ ਬਾਕਸ ਆਫ਼ਿਸ 'ਤੇ 1800 ਕਰੋੜ ਰੁਪਏ ਦੀ ਇਤਿਹਾਸਕ ਕਮਾਈ ਕੀਤੀ ਹੈ, ਜੋ ਇਹ ਸਾਬਤ ਕਰਦਾ ਹੈ ਕਿ ਦਰਸ਼ਕ ਵੱਡੇ ਪੱਧਰ 'ਤੇ ਇਸ ਨਾਲ ਜੁੜੇ ਹਨ। ਪਰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਦਰਸ਼ਕ ਹੁਣ ਸਿਰਫ਼ 'ਮਨੋਰੰਜਨ' ਤੱਕ ਸੀਮਤ ਨਹੀਂ ਹਨ; ਉਹ ਬਾਰੀਕੀਆਂ ਨੂੰ ਸਮਝਦੇ ਹਨ। ਫ਼ਿਲਮ ਜਿਸ 'ਰੀਅਲਿਜ਼ਮ' (ਯਥਾਰਥਵਾਦ) ਦੇ ਦਾਅਵੇ ਨਾਲ ਪ੍ਰਚਾਰੀ ਗਈ ਸੀ, ਉਹ ਇਸ ਡਬਿੰਗ ਤੋਂ ਬਾਅਦ ਕਿਤੇ ਨਾ ਕਿਤੇ ਫਿੱਕੀ ਪੈ ਜਾਂਦੀ ਹੈ।

ਫ਼ਿਲਮਸਾਜ਼ਾਂ ਨੂੰ ਇਹ ਸਮਝਣਾ ਹੋਵੇਗਾ ਕਿ ਜੇਕਰ ਉਹ ਸਮਾਜਿਕ-ਸਿਆਸੀ ਵਿਸ਼ਿਆਂ 'ਤੇ ਫ਼ਿਲਮਾਂ ਬਣਾਉਣ ਦਾ ਹੌਸਲਾ ਕਰਦੇ ਹਨ, ਤਾਂ ਉਨ੍ਹਾਂ ਨੂੰ ਇਤਿਹਾਸ ਦੇ ਸੱਚ ਅਤੇ ਉਸ ਦੀਆਂ ਹਕੀਕਤਾਂ ਨੂੰ ਪੂਰੀ ਇਮਾਨਦਾਰੀ ਨਾਲ ਪੇਸ਼ ਕਰਨਾ ਚਾਹੀਦਾ ਹੈ। ਕਹਾਣੀ ਨੂੰ ਸੈਂਸਰ ਕਰਕੇ ਸੁਰੱਖਿਅਤ ਰਸਤਾ ਚੁਣਨਾ ਵਪਾਰ ਲਈ ਤਾਂ ਫਾਇਦੇਮੰਦ ਹੋ ਸਕਦਾ ਹੈ, ਪਰ ਇੱਕ ਸਾਰਥਕ ਸਿਨੇਮਾ ਦੀ ਸਿਰਜਣਾ ਲਈ ਇਹ ਅਰਥਹੀਣ ਹੈ। ਸੱਚਾਈ ਨੂੰ ਦਬਾਉਣ ਦੀ ਬਜਾਏ, ਉਸ ਦੀ ਅਸਲੀਅਤ 'ਤੇ ਸੰਵਾਦ ਰਚਾਉਣਾ ਹੀ ਸਿਨੇਮਾ ਦਾ ਸਭ ਤੋਂ ਵੱਡਾ ਗੁਣ ਹੋਣਾ ਚਾਹੀਦਾ ਹੈ।




### ਕੀ ਹੈ ਇਸ ਫਿਲਮ ਵਿਚ

ਫ਼ਿਲਮ 'ਧੁਰੰਧਰ 2 ਅਸਲ ਵਿੱਚ ਆਦਿੱਤਿਆ ਧਰ ਦੇ ਨਿਰਦੇਸ਼ਨ ਹੇਠ ਬਣੀ ਇੱਕ ਹਾਈ-ਵੋਲਟੇਜ ਸਪਾਈ-ਥ੍ਰਿਲਰ (ਜਾਸੂਸੀ) ਫ਼ਿਲਮ ਹੈ, ਜਿਸ ਵਿੱਚ ਰਣਵੀਰ ਸਿੰਘ ਮੁੱਖ ਭੂਮਿਕਾ ਵਿੱਚ ਹਨ। ਇਹ ਫ਼ਿਲਮ ਭਾਰਤ ਅਤੇ ਪਾਕਿਸਤਾਨ ਦੇ ਖ਼ੁਫ਼ੀਆ ਨੈੱਟਵਰਕ ਅਤੇ ਅੰਡਰਵਰਲਡ ਦੇ ਆਲੇ-ਦੁਆਲੇ ਘੁੰਮਦੀ ਹੈ।

### ਫ਼ਿਲਮ ਦੀ ਮੁੱਖ ਕਹਾਣੀ ਅਤੇ ਪਲਾਟ ਇਸ ਤਰ੍ਹਾਂ ਹੈ:

ਮੁੱਖ ਪਲਾਟ (ਮਿਸ਼ਨ ਕਰਾਚੀ)-ਫ਼ਿਲਮ ਵਿੱਚ ਰਣਵੀਰ ਸਿੰਘ ਇੱਕ ਭਾਰਤੀ ਖ਼ੁਫ਼ੀਆ ਏਜੰਟ ਹਮਜ਼ਾ ਦਾ ਕਿਰਦਾਰ ਨਿਭਾ ਰਹੇ ਹਨ, ਜੋ ਆਪਣੀ ਪਛਾਣ ਬਦਲ ਕੇ ਜਸਕੀਰਤ ਦੇ ਰੂਪ ਵਿੱਚ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿੱਚ ਦਾਖ਼ਲ ਹੁੰਦਾ ਹੈ। ਉਸ ਦਾ ਮੁੱਖ ਮਿਸ਼ਨ ਪਾਕਿਸਤਾਨ ਵਿੱਚ ਬੈਠੇ ਖਾੜਕੂ ਆਕਾਵਾਂ, ਗੈਂਗਸਟਰਾਂ ਅਤੇ ਭਾਰਤ ਵਿਰੋਧੀ ਨੈੱਟਵਰਕ ਨੂੰ ਅੰਦਰੋਂ ਖ਼ਤਮ ਕਰਨਾ ਹੈ।

ਕਹਾਣੀ ਵਿੱਚ ਇੱਕ ਵੱਡਾ ਮੋੜ ਉਦੋਂ ਆਉਂਦਾ ਹੈ ਜਦੋਂ ਜਸਕੀਰਤ (ਰਣਵੀਰ ਸਿੰਘ) ਦਾ ਸਾਹਮਣਾ ਉਸਦੇ ਬਚਪਨ ਦੇ ਪੁਰਾਣੇ ਦੋਸਤ ਪਿੰਦਾ (ਉਦੈਬੀਰ ਸੰਧੂ) ਨਾਲ ਹੁੰਦਾ ਹੈ।

ਪਿੰਦਾ ਭਾਰਤ ਵਿੱਚ ਨਸ਼ਿਆਂ ਦੀ ਤਸਕਰੀ ਅਤੇ ਹਥਿਆਰਾਂ ਦੀ ਸਪਲਾਈ ਦੇ ਨੈੱਟਵਰਕ ਨਾਲ ਜੁੜਿਆ ਹੋਇਆ ਹੈ।

ਫ਼ਿਲਮ ਦੇ ਇੰਟਰਵਲ ਵਿੱਚ ਦੋਵਾਂ ਵਿਚਾਲੇ ਇੱਕ ਬਹੁਤ ਹੀ ਗੰਭੀਰ ਟਕਰਾਅ ਦਿਖਾਇਆ ਗਿਆ ਹੈ, ਜਿੱਥੇ ਜਸਕੀਰਤ ਆਪਣੇ ਦੋਸਤ ਨੂੰ ਦੇਸ਼ ਨਾਲ ਗੱਦਾਰੀ ਕਰਨ ਅਤੇ ਨਸ਼ੇ ਵੇਚਣ ਲਈ ਲਾਹਨਤਾਂ ਪਾਉਂਦਾ ਹੈ, ਅਤੇ ਪਿੰਦਾ ਆਪਣੀ ਨਾਰਾਜ਼ਗੀ ਜ਼ਾਹਿਰ ਕਰਦਾ ਹੈ।

ਫ਼ਿਲਮ ਵਿੱਚ ਭਾਰਤ ਦੇ ਖ਼ਿਲਾਫ਼ ਸਾਜ਼ਿਸ਼ ਰਚਣ ਵਾਲੇ ਪਾਕਿਸਤਾਨੀ ਅੱਤਵਾਦੀ ਨੈੱਟਵਰਕ ਦੇ ਮੁਖੀਆਂ ਨੂੰ ਦਿਖਾਇਆ ਗਿਆ ਹੈ। ਇਨ੍ਹਾਂ ਖ਼ਤਰਨਾਕ ਕਿਰਦਾਰਾਂ ਵਿੱਚ ਸੰਜੇ ਦੱਤ ਅਤੇ ਅਰਜੁਨ ਰਾਮਪਾਲ ਵਰਗੇ ਕਲਾਕਾਰ ਨਕਾਰਾਤਮਕ ਭੂਮਿਕਾਵਾਂ ਵਿੱਚ ਹਨ, ਜਿਨ੍ਹਾਂ ਦੇ ਗੈਂਗ ਵਿੱਚ ਰਣਵੀਰ ਸਿੰਘ ਦਾ ਕਿਰਦਾਰ ਘੁਸਪੈਠ ਕਰਦਾ ਹੈ।

ਫ਼ਿਲਮ ਵਿੱਚ ਆਰ. ਮਾਧਵਨ ਇੱਕ ਸੀਨੀਅਰ ਭਾਰਤੀ ਅਫ਼ਸਰ ਜਾਂ ਖ਼ੁਫ਼ੀਆ ਨਿਰਦੇਸ਼ਕ ਦੇ ਰੂਪ ਵਿੱਚ ਹਨ, ਜੋ ਭਾਰਤ ਵਿੱਚ ਬੈਠ ਕੇ ਇਸ ਪੂਰੇ ਮਿਸ਼ਨ ਨੂੰ ਕੰਟਰੋਲ ਕਰਦੇ ਹਨ ਅਤੇ ਹਮਜ਼ਾ (ਜਸਕੀਰਤ) ਨੂੰ ਗਾਈਡ ਕਰਦੇ ਹਨ। ਇਸ ਦੇ ਨਾਲ ਹੀ ਰਾਕੇਸ਼ ਬੇਦੀ ਅਤੇ ਸਾਰਾ ਅਰਜੁਨ ਵੀ ਕਹਾਣੀ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਸ ਫ਼ਿਲਮ ਨੂੰ ਇਸਦੇ 'ਯਥਾਰਥਵਾਦ' ਲਈ ਬਹੁਤ ਪਸੰਦ ਕੀਤਾ ਗਿਆ ਹੈ ਕਿਉਂਕਿ ਇਸ ਵਿੱਚ ਭਾਰਤ-ਪਾਕਿਸਤਾਨ ਦੇ ਸਿਆਸੀ ਮਾਹੌਲ, ਅਸਲ ਖਾੜਕੂਆਂ ਅਤੇ ਬਿਊਰੋਕਰੇਸੀ (ਅਫ਼ਸਰਸ਼ਾਹੀ) ਦੇ ਕਈ ਅਸਲ ਹਵਾਲੇ ਅਤੇ ਨਾਮ ਵਰਤੇ ਗਏ ਹਨ। ਇਸੇ ਕਰਕੇ ਫ਼ਿਲਮ ਨੇ ਦੁਨੀਆ ਭਰ ਵਿੱਚ 1800 ਕਰੋੜ ਰੁਪਏ ਦੀ ਰਿਕਾਰਡਤੋੜ ਕਮਾਈ ਕੀਤੀ ਹੈ।

### ਫਿਲਮ ਵਿਚ ਬਦਲਾਅ ਕੀ ਕੀਤਾ

ਫ਼ਿਲਮ 'ਧੁਰੰਧਰ 2' ਦੇ ਅਨਕਟ ਵਰਜ਼ਨ ਵਿੱਚ ਨਿਰਦੇਸ਼ਕ ਆਦਿੱਤਿਆ ਧਰ ਨੇ ਵਿਵਾਦਾਂ ਤੋਂ ਬਚਣ ਲਈ ਮੁੱਖ ਤੌਰ 'ਤੇ ਦੋ ਵੱਡੇ ਬਦਲਾਅ ਕੀਤੇ ਹਨ, ਜੋ ਕਿ ਪੰਜਾਬ ਦੇ ਇਤਿਹਾਸ ਅਤੇ ਸਿਆਸਤ ਨਾਲ ਜੁੜੇ ਹੋਏ ਸਨ:

1984 ਦੇ ਸਿੱਖ ਕਤਲੇਆਮ ਦਾ ਡਾਇਲਾਗ ਹਟਾਇਆ-ਫ਼ਿਲਮ ਦੇ ਇੰਟਰਵਲ ਦੇ ਮੁੱਖ ਦ੍ਰਿਸ਼ ਵਿੱਚ ਜਦੋਂ ਭਾਰਤੀ ਜਾਸੂਸ ਜਸਕੀਰਤ (ਰਣਵੀਰ ਸਿੰਘ) ਆਪਣੇ ਪੁਰਾਣੇ ਦੋਸਤ ਪਿੰਦਾ (ਉਦੈਬੀਰ ਸੰਧੂ) ਨੂੰ ਨਸ਼ਿਆਂ ਦੀ ਤਸਕਰੀ ਅਤੇ ਦੇਸ਼ ਨਾਲ ਗੱਦਾਰੀ ਕਰਨ ਲਈ ਲਾਹਨਤਾਂ ਪਾਉਂਦਾ ਹੈ, ਤਾਂ ਪਿੰਦਾ ਅੱਗੋਂ ਜਵਾਬ ਦਿੰਦਾ ਹੈ।

ਅਸਲ ਡਾਇਲਾਗ (ਜੋ ਹਟਾ ਦਿੱਤਾ ਗਿਆ): ਪਿੰਦਾ ਅਸਲ ਵਿੱਚ ਪੰਜਾਬੀ ਵਿੱਚ ਕਹਿੰਦਾ ਹੈ- "ਕਿਹੜਾ ਦੇਸ਼? ਉਹ ਦੇਸ਼ ਜਿਹਨੇ ਚੌਰਾਸੀ (1984) ਵਿੱਚ ਆਪਣੇ ਭਰਾਵਾਂ ਨੂੰ ਮਾਰਿਆ ਸੀ।" (ਇਹ 1984 ਦੇ ਸਿੱਖ ਵਿਰੋਧੀ ਕਤਲੇਆਮ ਵੱਲ ਸਿੱਧਾ ਇਸ਼ਾਰਾ ਸੀ)।

ਨਵਾਂ ਡਾਇਲਾਗ (ਜੋ ਫ਼ਿਲਮ ਵਿੱਚ ਰੱਖਿਆ ਗਿਆ): ਇਸ ਡਾਇਲਾਗ ਨੂੰ ਬਦਲ ਕੇ ਡਬ ਕਰ ਦਿੱਤਾ ਗਿਆ- "ਕਿਹੜਾ ਦੇਸ਼, ਉਹ ਦੇਸ਼ ਜਿਹਨੇ ਸਾਨੂੰ ਆਪਣਾ ਮੰਨਿਆ ਹੀ ਨਹੀਂ।"

### ਖ਼ਾਲਿਸਤਾਨੀ ਖਾੜਕੂ ਦੇ ਨਾਮ 'ਤੇ ਬਣਿਆ ਕਿਰਦਾਰ ਬਦਲਿਆ

ਫ਼ਿਲਮ ਦੇ ਪਹਿਲੇ ਹਿੱਸੇ ਵਿੱਚ ਇੱਕ ਕਿਰਦਾਰ ਦਿਖਾਇਆ ਗਿਆ ਸੀ, ਜਿਸ ਦਾ ਨਾਮ ਅਸਲ ਇਤਿਹਾਸ ਨਾਲ ਮੇਲ ਖਾਂਦਾ ਸੀ।

ਅਸਲ ਨਾਮ: ਫ਼ਿਲਮ ਦੇ ਕ੍ਰੈਡਿਟਸ ਵਿੱਚ ਪਹਿਲਾਂ ਇਸ ਕਿਰਦਾਰ ਦਾ ਨਾਮ 'ਹੈਪੀ ਪੀਐਚਡੀ ਰੱਖਿਆ ਗਿਆ ਸੀ। ਇਹ ਨਾਮ ਅਸਲ ਜ਼ਿੰਦਗੀ ਦੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਹਰਮੀਤ ਸਿੰਘ ਦਾ ਸੀ, ਜਿਸ ਨੂੰ ਭਾਰਤ ਸਰਕਾਰ ਨੇ ਖਾੜਕੂ ਐਲਾਨਿਆ ਸੀ ਅਤੇ ਉਹ 2020 ਵਿੱਚ ਪਾਕਿਸਤਾਨ ਵਿੱਚ ਮਾਰਿਆ ਗਿਆ ਸੀ।

ਨਵਾਂ ਨਾਮ: ਵਿਵਾਦ ਤੋਂ ਬਚਣ ਲਈ ਦੂਜੇ ਹਿੱਸੇ ਵਿੱਚ ਇਸ ਕਿਰਦਾਰ ਦਾ ਨਾਮ ਬਦਲ ਕੇ 'ਸਨੀ ਡੀਵੀਡੀ ਕਰ ਦਿੱਤਾ ਗਿਆ।

### ਦਰਸ਼ਕਾਂ ਅਤੇ ਇੰਟਰਨੈੱਟ ਦੀ ਪ੍ਰਤੀਕਿਰਿਆ

ਜਦੋਂ ਰੈਡਿਟ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲੋਕਾਂ ਨੇ ਇਸ ਬਦਲਾਅ ਨੂੰ ਫੜਿਆ, ਤਾਂ ਬਹਿਸ ਛਿੜ ਗਈ। ਕੁਝ ਲੋਕਾਂ ਦਾ ਕਹਿਣਾ ਸੀ ਕਿ ਡਾਇਰੈਕਟਰ ਨੇ ਫ਼ਿਲਮ ਨੂੰ ਸੁਰੱਖਿਅਤ ਰੱਖਣ ਅਤੇ ਪਾਕਿਸਤਾਨੀ ਖਾੜਕੂਵਾਦ ਦੇ ਮੁੱਖ ਮੁੱਦੇ 'ਤੇ ਫੋਕਸ ਰੱਖਣ ਲਈ ਇਹ ਬਦਲਾਅ ਸਹੀ ਕੀਤਾ। ਦੂਜੇ ਪਾਸੇ, ਕੁਝ ਦਰਸ਼ਕਾਂ ਦਾ ਮੰਨਣਾ ਸੀ ਕਿ ਇਹ ਬਦਲਾਅ ਬੇਕਾਰ ਸਨ ਕਿਉਂਕਿ ਪਿੰਦਾ ਦਾ ਕਿਰਦਾਰ ਦੇਖ ਕੇ ਵੈਸੇ ਹੀ ਸਾਫ਼ ਪਤਾ ਲੱਗ ਰਿਹਾ ਸੀ ਕਿ ਕਹਾਣੀ ਵਿੱਚ ਖ਼ਾਲਿਸਤਾਨੀ ਐਂਗਲ ਜੋੜਿਆ ਗਿਆ ਸੀ।

# ਟਿਹਰੀ ਗੜ੍ਹਵਾਲ ਵਿਚ ਵਹਿਸ਼ੀਪੁਣਾ ਤੇ ਜਾਤੀਵਾਦੀ ਗੁੰਡਾਗਰਦੀ

**✪ ਪ੍ਰੇਮ ਸਬੰਧਾਂ ਕਾਰਨ 18 ਸਾਲਾ ਕੇਤਨ ਲਾਲ ਦਾ ਬੇਰਹਿਮੀ ਨਾਲ ਕਤਲ, ਉਖਾੜੇ ਨਹੁੰ, ਪੈਰਾਂ ਵਿਚ ਠੋਕੀਆਂ ਕਿਲਾਂ ✪ ਲਾਚਾਰ ਬਾਪ ਬੋਲਿਆ ਅਦਾਲਤਾਂ ਦੇ ਚੱਕਰ ਨਹੀਂ ਕੱਟ ਸਕਦਾ, ਮੈਨੂੰ ਇੱਥੇ ਹੀ ਇਨਸਾਫ਼ ਚਾਹੀਦਾ ਹੈ ✪ ਭਾਰਤ ਵਿੱਚ ਐਸ.ਸੀ. ਭਾਈਚਾਰੇ ਖਿਲਾਫ 55,698 ਤੋਂ ਵੱਧ ਅਪਰਾਧ, ਯੂ.ਪੀ., ਰਾਜਸਥਾਨ ਅਤੇ ਬਿਹਾਰ ਸਭ ਤੋਂ ਅੱਗੇ**

## ਨਿਊਜ਼ ਵਿਸ਼ਲੇਸ਼ਣ

ਉਤਰਾਖੰਡ ਦੇ ਟਿਹਰੀ ਗੜ੍ਹਵਾਲ ਵਿੱਚ 18 ਸਾਲਾ ਦਲਿਤ ਨੌਜਵਾਨ ਕੇਤਨ ਲਾਲ ਦੀ ਬੇਰਹਿਮੀ ਨਾਲ ਕੀਤੀ ਗਈ ਹੱਤਿਆ ਕੇਵਲ ਇੱਕ ਅਪਰਾਧ ਨਹੀਂ, ਬਲਕਿ ਭਾਰਤੀ ਲੋਕਤੰਤਰ ਅਤੇ ਸਮਾਜਿਕ ਤਾਣੇ-ਬਾਣੇ ਦੇ ਮੱਥੇ 'ਤੇ ਇੱਕ ਗੂੜ੍ਹਾ ਕਲੰਕ ਹੈ।

ਇੱਕ ਉੱਚ ਜਾਤੀ ਦੀ ਕੁੜੀ ਨਾਲ ਪ੍ਰੇਮ ਸਬੰਧਾਂ ਦੇ ਕਾਰਨ, ਕੇਤਨ ਨੂੰ ਕਮਰੇ ਵਿੱਚ ਬੰਦ ਕਰਕੇ ਜਿਸ ਤਰ੍ਹਾਂ ਦੀਆਂ ਅਣਮਨੁੱਖੀ ਯਾਤਨਾਵਾਂ ਦਿੱਤੀਆਂ ਗਈਆਂ-ਨਹੁੰ ਉਖਾੜਨਾ, ਪੈਰਾਂ ਵਿੱਚ ਕੀਲਾਂ ਠੋਕਣਾ ਅਤੇ ਗੁਪਤ ਅੰਗਾਂ 'ਤੇ ਹਮਲਾ ਕਰਨਾ-ਉਹ ਕਿਸੇ ਮਨੂਵਾਦੀ ਕਾਲ ਦੇ ਵਹਿਸ਼ੀਪੁਣੇ ਤੋਂ ਘੱਟ ਨਹੀਂ ਹੈ।

ਜਦੋਂ ਕੇਤਨ ਦੇ ਲਾਚਾਰ ਪਿਤਾ ਧਨਪਾਲ ਲਾਲ ਨੂੰ ਹਸਪਤਾਲ ਦੇ ਬਾਹਰ ਇਹ ਕਹਿਣਾ ਪਿਆ ਕਿ "ਮੈਂ ਗਰੀਬ ਹਾਂ, ਅਦਾਲਤਾਂ ਦੇ ਚੱਕਰ ਨਹੀਂ ਕੱਟ ਸਕਦਾ, ਮੈਨੂੰ ਇੱਥੇ ਹੀ ਇਨਸਾਫ਼ ਚਾਹੀਦਾ ਹੈ।" ਇਹ ਮੰਦਭਾਗੀ ਘਟਨਾ ਜੂਨ 2026 ਦੇ ਸ਼ੁਰੂਆਤੀ ਹਫ਼ਤੇ 7-8 ਜੂਨ ਦੀ ਰਾਤ ਦੌਰਾਨ ਵਾਪਰੀ ਹੈ, ਜਿਸ ਦੀ ਖ਼ਬਰ 11 ਜੂਨ 2026 ਨੂੰ ਸਾਹਮਣੇ ਆਈ।

ਪੁਲਿਸ ਨੇ ਇਸ ਮਾਮਲੇ ਵਿੱਚ ਬੇਹੱਦ ਸਖ਼ਤ ਕਾਰਵਾਈ ਕਰਦਿਆਂ ਦੋਸ਼ੀਆਂ ਖਿਲਾਫ ਹੱਤਿਆ ਅਤੇ ਐਸ.ਸੀ./ਐਸ.ਟੀ. ਐਕਟ ਦੀਆਂ ਗੰਭੀਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ।

ਟਿਹਰੀ ਦੀ ਸੀਨੀਅਰ ਪੁਲਿਸ ਕਪਤਾਨ ਸ਼ਵੇਤਾ ਚੌਬੇ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਘਟਨਾ ਦੇ ਸਾਹਮਣੇ ਆਉਣ ਤੋਂ ਤੁਰੰਤ ਬਾਅਦ 2 ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

ਪੁਲਿਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਘਟਨਾ ਸਥਾਨ (ਪ੍ਰਤਾਪਨਗਰ ਬਲਾਕ ਦੇ ਖੋਲਗੜ੍ਹ ਪਿੰਡ) ਤੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਅਤੇ ਵੀਡੀਓ ਦੇ ਅਧਾਰ 'ਤੇ ਬਾਕੀ ਫ਼ਰਾਰ ਅਪਰਾਧੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

ਮਨੁੱਖੀ ਅਧਿਕਾਰ ਸੰਗਠਨ 'ਸਿਟੀਜ਼ਨਜ਼ ਫਾਰ ਜਸਟਿਸ ਐਂਡ ਪੀਸ ਨੇ ਕੇਤਨ ਲਾਲ ਸਮੇਤ ਹੋਰ ਮਾਮਲਿਆਂ ਦੀ ਇੱਕ ਵਿਸਥਾਰਪੂਰਵਕ ਰਿਪੋਰਟ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸੌਂਪੀ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਇਸ ਕੇਸ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਜਾਵੇ, ਕੇਸ ਦੀ ਸੁਣਵਾਈ ਫਾਸਟ-ਟਰੈਕ ਅਦਾਲਤ ਵਿੱਚ ਹੋਵੇ ਅਤੇ ਪੀੜਤ ਪਰਿਵਾਰ ਨੂੰ ਤੁਰੰਤ ਮੁਆਵਜ਼ਾ ਤੇ ਸੁਰੱਖਿਆ ਦਿੱਤੀ ਜਾਵੇ।

### ਭਾਰਤ ਵਿੱਚ ਦਲਿਤਾਂ 'ਤੇ ਸਭ ਤੋਂ ਵੱਧ ਜ਼ੁਲਮ ਕਿੱਥੇ ਹੁੰਦੇ ਹਨ?



ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਤੇ ਵੱਖ-ਵੱਖ ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਰਿਪੋਰਟਾਂ ਅਨੁਸਾਰ, ਭਾਰਤ ਵਿੱਚ ਦਲਿਤਾਂ (ਅਨੁਸੂਚਿਤ ਜਾਤੀਆਂ) ਦੇ ਖਿਲਾਫ ਸਭ ਤੋਂ ਵੱਧ ਅਪਰਾਧ ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਬਿਹਾਰ ਵਰਗੇ ਰਾਜਾਂ ਵਿੱਚ ਦਰਜ ਕੀਤੇ ਜਾਂਦੇ ਹਨ।

ਹਾਲਾਂਕਿ, ਹਾਲੀਆ ਸਾਲਾਂ ਵਿੱਚ ਉਤਰਾਖੰਡ, ਓਡੀਸ਼ਾ ਅਤੇ ਕਰਨਾਟਕ ਵਰਗੇ ਰਾਜਾਂ ਵਿੱਚ ਵੀ ਦਲਿਤ ਉਤਪੀੜਨ ਦੇ ਮਾਮਲਿਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ।

2024 ਦੇ ਅੰਕੜਿਆਂ ਮੁਤਾਬਕ ਦੇਸ਼ ਭਰ ਵਿੱਚ ਐਸ.ਸੀ. ਦੇ ਖਿਲਾਫ 55,698 ਤੋਂ ਵੱਧ ਮਾਮਲੇ ਦਰਜ ਹੋਏ, ਜੋ ਇਹ ਸਾਬਤ ਕਰਦੇ ਹਨ ਕਿ ਇਹ ਸਮੱਸਿਆ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ, ਬਲਕਿ ਪੂਰੇ ਦੇਸ਼ ਵਿੱਚ ਫੈਲੀ ਹੋਈ ਹੈ।

### 2022 ਤੋਂ 2026: ਖੌਫ਼ਨਾਕ ਘਟਨਾਵਾਂ ਅਤੇ ਇਨਸਾਫ਼ ਦੀ ਹਕੀਕਤ

ਪਿਛਲੇ ਚਾਰ ਸਾਲਾਂ (2022-2026) ਦੀਆਂ ਘਟਨਾਵਾਂ 'ਤੇ ਨਜ਼ਰ ਮਾਰੀਏ ਤਾਂ ਲੱਗਦਾ ਹੈ ਕਿ ਦਲਿਤਾਂ ਵਿਰੁੱਧ ਹਿੰਸਾ ਸਮਾਜ ਦਾ ਇੱਕ ਆਮ ਹਿੱਸਾ ਬਣਦੀ ਜਾ ਰਹੀ ਹੈ:

ਜੂਨ 2025 (ਓਡੀਸ਼ਾ): ਗੰਜਮ ਵਿੱਚ ਗਊ ਤਸਕਰੀ ਦੇ ਝੂਠੇ ਦੋਸ਼ ਹੇਠ ਦੋ ਦਲਿਤ ਮਰਦਾਂ ਦਾ ਸਿਰ ਮੁੰਨਿਆ ਗਿਆ ਸੀ, ਉਨ੍ਹਾਂ ਨੂੰ ਸੀਵਰ ਦਾ ਪਾਣੀ ਪਿਲਾਇਆ ਗਿਆ ਅਤੇ ਜਾਨਵਰਾਂ ਵਾਂਗ ਰੇਂਗਣ ਲਈ ਮਜਬੂਰ ਕੀਤਾ ਗਿਆ।

ਜੂਨ 2025 (ਬਿਹਾਰ): ਮੁਜ਼ੱਫਰਪੁਰ ਵਿੱਚ ਇੱਕ ਨਾਬਾਲਗ ਦਲਿਤ ਕੁੜੀ ਨਾਲ ਜਬਰ-ਜਨਾਹ ਕਰਕੇ ਉਸ ਦੇ ਗਲੇ ਅਤੇ ਸਰੀਰ 'ਤੇ ਚਾਕੂਆਂ ਨਾਲ 20 ਵਾਰ ਵਾਰ ਕੀਤੇ ਗਏ ਸਨ।

ਜੁਲਾਈ 2024 (ਉੱਤਰ ਪ੍ਰਦੇਸ਼): ਸ਼ਰਾਵਸਤੀ ਵਿੱਚ ਇੱਕ 15 ਸਾਲਾ ਦਲਿਤ ਬੱਚੇ ਨੂੰ ਉੱਚ ਜਾਤੀ ਦੇ ਲੋਕਾਂ ਨੇ ਬੁਰੀ ਤਰ੍ਹਾਂ ਕੁੱਟਿਆ ਅਤੇ ਜਬਰਦਸਤੀ ਪਿਸ਼ਾਬ ਪਿਲਾਇਆ ਗਿਆ ਸੀ, ਜਿਸ ਦੀ ਵੀਡੀਓ ਵੀ ਵਾਇਰਲ ਕੀਤੀ ਗਈ ਸੀ।

ਕਰਨਾਟਕ ਅਤੇ ਗੁਜਰਾਤ (2024-25): ਕਿਤੇ ਨਾਈ ਦੀ ਦੁਕਾਨ 'ਤੇ ਵਾਲ ਕੱਟਣ ਦੇ ਵਿਵਾਦ ਵਿੱਚ, ਕਿਤੇ ਮੀਂਹ ਤੋਂ ਬਚਣ ਲਈ ਆਸਰਾ ਲੈਣ 'ਤੇ ਬਜ਼ੁਰਗਾਂ ਦੀ ਕੁੱਟਮਾਰ, ਅਤੇ ਕਿਤੇ ਸ਼ੱਕੀ ਹਾਲਾਤਾਂ ਵਿੱਚ ਲਾਸ਼ਾਂ ਮਿਲਣ 'ਤੇ ਪੁਲਿਸ ਵੱਲੋਂ ਐਫ.ਆਈ.ਆਰ. ਤੱਕ ਦਰਜ ਨਾ ਕਰਨ ਦੇ ਮਾਮਲੇ ਸਾਹਮਣੇ ਆਏ ਸਨ।

### ਕੀ ਇਨਸਾਫ਼ ਮਿਲਿਆ?

ਇਨਸਾਫ਼ ਦੀ ਰਫ਼ਤਾਰ ਬੇਹੱਦ ਨਿਰਾਸ਼ਾਜਨਕ ਹੈ। ਹਾਲਾਂਕਿ ਕਈ ਮਾਮਲਿਆਂ ਵਿੱਚ (ਜਿਵੇਂ ਕੇਤਨ ਲਾਲ ਕੇਸ ਜਾਂ ਬਿਹਾਰ ਰੇਪ ਕੇਸ) ਤੁਰੰਤ ਗ੍ਰਿਫਤਾਰੀਆਂ ਜ਼ਰੂਰ ਹੋਈਆਂ ਹਨ, ਪਰ ਅਸਲ ਇਨਸਾਫ਼ ਅਦਾਲਤਾਂ ਵਿੱਚ ਲਟਕ ਜਾਂਦਾ ਹੈ। ਨਾਗਰਿਕ ਸੰਗਠਨ 'ਸਿਟੀਜ਼ਨਜ਼ ਫਾਰ ਜਸਟਿਸ ਐਂਡ ਪੀਸ' ਦੀ ਰਿਪੋਰਟ ਅਨੁਸਾਰ, ਦਲਿਤਾਂ 'ਤੇ ਅੱਤਿਆਚਾਰ ਦੇ 90% ਤੋਂ ਵੱਧ ਮਾਮਲੇ ਅਦਾਲਤਾਂ ਵਿੱਚ ਲੰਬਿਤ ਪਏ ਹਨ ਅਤੇ ਅਦਾਲਤਾਂ ਵਿੱਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ ਮਹਿਜ਼ 40% ਦੇ ਆਸ-ਪਾਸ ਹੈ। ਇਸ ਦਾ ਮਤਲਬ ਹੈ ਕਿ ਬਹੁਤੇ ਦੋਸ਼ੀ ਕਾਨੂੰਨੀ ਖਾਮੀਆਂ ਜਾਂ ਪੀੜਤਾਂ ਨੂੰ ਡਰਾ-ਧਮਕਾ ਕੇ ਬਰੀ ਹੋ ਜਾਂਦੇ ਹਨ।

### ਇਹ ਜ਼ੁਲਮ ਕਿਉਂ ਹੁੰਦੇ ਹਨ?

ਜਾਤੀਗਤ ਹੰਕਾਰ ਅਤੇ ਮਾਨਸਿਕਤਾ: ਸਾਡੇ ਸਮਾਜ ਦੇ ਇੱਕ ਵੱਡੇ ਹਿੱਸੇ ਵਿੱਚ ਅਜੇ ਵੀ ਇਹ ਮਨੂਵਾਦੀ ਸੋਚ ਘਰ ਕਰੀ ਬੈਠੀ ਹੈ ਕਿ 'ਉੱਚੀਆਂ ਜਾਤੀਆਂ' ਕੋਲ ਹੀ ਸੱਤਾ, ਜ਼ਮੀਨ ਅਤੇ ਫੈਸਲੇ ਲੈਣ ਦਾ ਹੱਕ ਹੈ। ਜਦੋਂ ਕੋਈ ਦਲਿਤ ਨੌਜਵਾਨ ਇਸ ਦਾਇਰੇ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ (ਚਾਹੇ ਉਹ ਅੰਤਰ-ਜਾਤੀ ਪ੍ਰੇਮ ਹੋਵੇ, ਘੋੜੀ ਚੜ੍ਹਨਾ ਹੋਵੇ, ਜਾਂ ਮੰਦਰ ਪ੍ਰਵੇਸ਼), ਤਾਂ ਉਸ ਨੂੰ ਕੁਚਲਣ ਲਈ ਹਿੰਸਾ ਦਾ ਸਹਾਰਾ ਲਿਆ ਜਾਂਦਾ ਹੈ।

ਕਈ ਮਾਮਲਿਆਂ ਵਿੱਚ ਪੁਲਿਸ ਖੁਦ ਜਾਤੀ ਦੇ ਅਧਾਰ 'ਤੇ ਕਾਰਵਾਈ ਕਰਦੀ ਹੈ। ਐਫ.ਆਈ.ਆਰ. ਦਰਜ ਕਰਨ ਵਿੱਚ ਦੇਰੀ ਕਰਨਾ, ਪੀੜਤ ਪਰਿਵਾਰਾਂ ਨੂੰ ਹੀ ਧਮਕਾਉਣਾ ਅਤੇ ਪ੍ਰਭਾਵਸ਼ਾਲੀ ਦੋਸ਼ੀਆਂ ਨੂੰ ਬਚਾਉਣ ਲਈ ਕਮਜ਼ੋਰ ਧਾਰਾਵਾਂ ਲਗਾਉਣਾ ਆਮ ਗੱਲ ਹੋ ਚੁੱਕੀ ਹੈ।

ਬਹੁਤੇ ਦਲਿਤ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪੇਂਡੂ ਖੇਤਰਾਂ ਵਿੱਚ ਉੱਚ ਜਾਤੀ ਦੇ ਜ਼ਿਮੀਂਦਾਰਾਂ 'ਤੇ ਨਿਰਭਰ ਹਨ। ਅਦਾਲਤੀ ਲੜਾਈ ਲੜਨ ਲਈ ਪੈਸੇ ਦੀ ਘਾਟ ਕਾਰਨ ਉਹ ਲੰਬੇ ਸਮੇਂ ਤੱਕ ਇਨਸਾਫ਼ ਦੀ ਗੁਹਾਰ ਨਹੀਂ ਲਗਾ ਪਾਉਂਦੇ।

ਐਸ.ਸੀ./ਐਸ.ਟੀ. ਐਕਟ' ਵਰਗੇ ਸਖ਼ਤ ਕਾਨੂੰਨ ਹੋਣ ਦੇ ਬਾਵਜੂਦ, ਸਜ਼ਾ ਦੀ ਦਰ ਬਹੁਤ ਘੱਟ ਹੋਣ ਕਾਰਨ ਅਪਰਾਧੀਆਂ ਦੇ ਹੌਸਲੇ ਬੁਲੰਦ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਹ ਪੈਸੇ ਅਤੇ ਸਿਆਸੀ ਪਹੁੰਚ ਦੇ ਦਮ 'ਤੇ ਬਚ ਨਿਕਲਣਗੇ।

ਜਿਵੇਂ ਕਿ ਸੀਜੇਪੀ ਨੇ ਆਪਣੇ ਮੰਗ ਪੱਤਰ ਵਿੱਚ ਲਿਖਿਆ ਹੈ, ਇਹ ਘਟਨਾਵਾਂ ਸਿਰਫ਼ ਅਪਰਾਧ ਨਹੀਂ ਹਨ, ਬਲਕਿ "ਭਾਰਤ ਦੀ ਲੋਕਤੰਤਰਿਕ ਆਤਮਾ 'ਤੇ ਹਮਲਾ ਹਨ।" ਸੀਜੇਪੀ ਦਾ ਪੂਰਾ ਨਾਮ 'ਸਿਟੀਜ਼ਨਜ਼ ਫਾਰ ਜਸਟਿਸ ਐਂਡ ਪੀਸ' ਹੈ।

ਇਹ ਭਾਰਤ ਵਿੱਚ ਮਨੁੱਖੀ ਅਧਿਕਾਰਾ ਲਈ ਕੰਮ ਕਰਨ ਵਾਲੀ ਇੱਕ ਪ੍ਰਮੁੱਖ ਗੈਰ-ਸਰਕਾਰੀ ਸੰਸਥਾ ਹੈ, ਜਿਸ ਦੀ ਸਥਾਪਨਾ ਸਾਲ 2002 ਵਿੱਚ ਮੁੰਬਈ ਵਿਖੇ ਕੀਤੀ ਗਈ ਸੀ। ਪ੍ਰਸਿੱਧ ਮਨੁੱਖੀ ਅਧਿਕਾਰ ਕਾਰਕੁਨ ਤੀਸਤਾ ਸੀਤਲਵਾੜ ਇਸ ਦੇ ਮੁੱਖ ਸੰਚਾਲਕਾਂ ਵਿੱਚੋਂ ਇੱਕ ਹਨ।

ਤੀਸਤਾ ਦਾ ਕਹਿਣਾ ਹੈ ਕਿ ਜਦੋਂ ਤੱਕ ਦੇਸ਼ ਵਿੱਚ ਐਸ.ਸੀ./ਐਸ.ਟੀ. ਐਕਟ ਦੇ ਤਹਿਤ ਫਾਸਟ-ਟਰੈਕ ਅਦਾਲਤਾਂ ਬਣਾ ਕੇ ਦੋਸ਼ੀਆਂ ਨੂੰ ਤੁਰੰਤ ਅਤੇ ਮਿਸਾਲੀ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਅਤੇ ਜਦੋਂ ਤੱਕ ਸਮਾਜਿਕ ਪੱਧਰ 'ਤੇ ਜਾਤੀਵਾਦ ਵਿਰੁੱਧ ਕੋਈ ਵੱਡੀ ਮੁਹਿੰਮ ਨਹੀਂ ਵਿੱਢੀ ਜਾਂਦੀ, ਉਦੋਂ ਤੱਕ ਕੇਤਨ ਲਾਲ ਵਰਗੇ ਨੌਜਵਾਨਾਂ ਦੀ ਬਲੀ ਚੜ੍ਹਦੀ ਰਹੇਗੀ।

✪✪✪

# ਓਮਾਨ ਦੀ ਖਾੜੀ ਵਿਚ ਹਮਲਾ: ਸੁਪਰਪਾਵਰ ਅਮਰੀਕਾ ਦੇ ਹੰਕਾਰ ਵਿਚ ਪਿਸਦੀ ਭਾਰਤੀ ਕੂਟਨੀਤੀ

## ✪ ਕੀ ਭਾਰਤ ਨੂੰ ਕਮਜ਼ੋਰ ਸਮਝਦਾ ਹੈ ਅਮਰੀਕਾ ? ਨਾਵਿਕਾਂ ਦੀ ਮੌਤ 'ਤੇ ਉੱਠੇ ਵੱਡੇ ਸਵਾਲ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

ਓਮਾਨ ਦੀ ਖਾੜੀ ਵਿੱਚ 'ਐਮ.ਟੀ. ਸਟੇਬੇਲੋ' ਅਤੇ 'ਐਮ.ਟੀ. ਜਲਬੀਰ' ਵਰਗੇ ਵਪਾਰਕ ਜਹਾਜ਼ਾਂ 'ਤੇ ਹੋਏ ਅਮਰੀਕੀ ਹਮਲੇ ਕੋਈ ਹਾਦਸਾ ਨਹੀਂ, ਸਗੋਂ ਅੰਤਰਰਾਸ਼ਟਰੀ ਨਿਯਮਾਂ ਦੀ ਸ਼ਰੇਆਮ ਉਲੰਘਣਾ ਹਨ ਤੇ ਇਨ੍ਹਾਂ ਹਮਲਿਆਂ ਨੇ ਨਵੀਂ ਦਿੱਲੀ ਦੀ ਵਿਦੇਸ਼ ਨੀਤੀ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਦੋਂ ਅਮਰੀਕਾ ਚੀਨ ਅਤੇ ਰੂਸ ਦੇ ਜਹਾਜ਼ਾਂ ਨੂੰ ਸੁਰਖਿਅਤ ਜਾਣ ਦਿੰਦਾ ਹੈ, ਤਾਂ ਉਹ ਭਾਰਤ ਨੂੰ ਨਿਸ਼ਾਨਾ ਕਿਉਂ ਬਣਾ ਰਿਹਾ ਹੈ ? ਓਮਾਨ ਦੀ ਖਾੜੀ ਵਿੱਚ ਤਿੰਨ ਵਿਦੇਸ਼ੀ ਝੰਡੇ ਵਾਲੇ ਵਪਾਰਕ ਟੈਂਕਰਾਂ 'ਤੇ ਅਮਰੀਕੀ ਹਮਲਿਆਂ ਵਿੱਚ ਤਿੰਨ ਭਾਰਤੀਆਂ ਦੀ ਮੌਤ ਕਾਰਣ ਭਾਰਤ ਵਿੱਚ ਗੁੱਸਾ ਫੈਲਿਆ ਹੋਇਆ ਹੈ। ਇਹ ਘਟਨਾਵਾਂ ਨਰਿੰਦਰ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਪ੍ਰਸ਼ਨ ਚਿੰਨ ਹਨ।

ਇਸ ਘਟਨਾ 'ਤੇ ਭਾਰਤੀ ਰੱਖਿਆ ਮਾਹਿਰਾਂ, ਖਾਸ ਕਰਕੇ ਮੇਜਰ ਜਨਰਲ (ਰਿ.) ਜੀ.ਡੀ. ਬਖ਼ਸ਼ੀ ਅਤੇ ਡਾ. ਬ੍ਰਹਮਾ ਚੇਲਾਨੀ ਦੀਆਂ ਤਿੱਖੀਆਂ ਪ੍ਰਤੀਕਿਰਿਆਵਾਂ ਨੇ ਭਾਰਤ-ਅਮਰੀਕਾ ਸਬੰਧਾਂ ਦੇ ਅਸਲ ਸੱਚ ਨੂੰ ਬੇਪਰਦ ਕਰ ਦਿੱਤਾ ਹੈ। ਜੀ.ਡੀ. ਬਖ਼ਸ਼ੀ ਵੱਲੋਂ ਅਮਰੀਕਾ ਦੇ ਸਾਬਕਾ ਵਿਦੇਸ਼ ਮੰਤਰੀ ਹੈਨਰੀ ਕਿਸਿੰਜਰ ਦੇ ਉਸ ਇਤਿਹਾਸਕ ਕਥਨ ਨੂੰ ਦੁਹਰਾਉਣਾ ਕਿ "ਅਮਰੀਕਾ ਦਾ ਦੁਸ਼ਮਣ ਹੋਣਾ ਖ਼ਤਰਨਾਕ ਹੋ ਸਕਦਾ ਹੈ, ਪਰ ਉਸ ਦਾ ਦੋਸਤ ਹੋਣਾ ਜਾਨਲੇਵਾ ਹੈ", ਅੱਜ ਦੇ ਹਾਲਾਤ 'ਤੇ ਬਿਲਕੁਲ ਢੁਕਦਾ ਹੈ।

ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਭਾਰਤ ਅਤੇ ਅਮਰੀਕਾ ਖੁਦ ਨੂੰ 'ਪ੍ਰਮੁੱਖ ਰੱਖਿਆ ਭਾਈਵਾਲ' ਕਹਿੰਦੇ ਹਨ, ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਾਂਝੇ ਫ਼ੌਜੀ ਅਭਿਆਸ ਕਰਦੇ ਹਨ, ਪਰ ਫਿਰ ਵੀ ਅਮਰੀਕੀ ਨੌਸੈਨਾ ਨੇ ਖੜ੍ਹੇ ਹੋਏ ਨਿਹੱਥੇ ਵਪਾਰਕ ਜਹਾਜ਼ਾਂ 'ਤੇ ਮਿਜ਼ਾਈਲਾਂ ਦਾਗ ਦਿੱਤੀਆਂ। ਰਿਪੋਰਟਾਂ ਮੁਤਾਬਕ ਅਮਰੀਕੀ ਫ਼ੌਜ ਦਾ ਜਹਾਜ਼ ਦੇ ਕਰੂ (ਚਾਲਕ ਦਲ) ਨਾਲ ਸਿੱਧਾ ਸੰਪਰਕ ਸੀ ਅਤੇ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਹਾਜ਼ 'ਤੇ ਸਵਾਰ ਨਾਵਿਕ ਭਾਰਤੀ ਹਨ। ਇਸ ਦੇ ਬਾਵਜੂਦ ਹਮਲਾ ਕਰਨਾ ਇਹ ਸਿੱਧ ਕਰਦਾ ਹੈ ਕਿ ਅਮਰੀਕਾ ਸੁਪਰਪਾਵਰ ਹੋਣ ਦੇ ਹੰਕਾਰ ਵਿੱਚ ਭਾਰਤੀਆਂ ਦੀ ਜਾਨ ਅਤੇ ਭਾਰਤ ਦੇ ਅਕਸ ਦੀ ਰੱਤੀ ਭਰ ਵੀ ਪਰਵਾਹ ਨਹੀਂ ਕਰਦਾ।

ਇੱਥੇ ਇੱਕ ਅਹਿਮ ਸਵਾਲ ਖੜ੍ਹਾ ਹੁੰਦਾ ਹੈ, ਜਿਸ ਵੱਲ ਰੱਖਿਆ ਮਾਹਿਰਾਂ ਨੇ ਇਸ਼ਾਰਾ ਕੀਤਾ ਹੈ: ਚੀਨ ਅਤੇ ਰੂਸ ਦੇ ਜਹਾਜ਼ਾਂ 'ਤੇ ਹਮਲੇ ਕਿਉਂ ਨਹੀਂ ਹੋਏ ? ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ 13 ਅਪ੍ਰੈਲ ਤੋਂ ਸ਼ੁਰੂ ਕੀਤੀ ਗਈ ਹੁਰਮੁਜ਼ ਜਲਡਮਰੂਮੱਧ ਦੀ ਗੈਰ-ਕਾਨੂੰਨੀ ਨਾਕਾਬੰਦੀ ਦੌਰਾਨ ਚੀਨ ਦੇ 100 ਤੋਂ ਵੱਧ ਜਹਾਜ਼ਾਂ ਨੇ ਇਸ ਨਾਕਾਬੰਦੀ ਨੂੰ ਤੋੜਿਆ ਹੈ। ਈਰਾਨ ਦਾ 90 ਫ਼ੀਸਦੀ ਤੇਲ ਚੀਨ ਜਾਂਦਾ ਹੈ ਅਤੇ ਇਹ ਜਹਾਜ਼ ਰੂਸ ਨਾਲ ਵੀ ਜੁੜੇ ਹੋਏ ਹਨ, ਜਿਨ੍ਹਾਂ ਨੂੰ ਅਮਰੀਕਾ 'ਸ਼ੈਡੋ ਫਲੀਟ' ਕਹਿੰਦਾ ਹੈ। ਪਰ



ਅਮਰੀਕਾ ਨੇ ਕਦੇ ਵੀ ਚੀਨ ਜਾਂ ਰੂਸ ਦੇ ਕਿਸੇ ਟੈਂਕਰ 'ਤੇ ਸਿੱਧਾ ਹਮਲਾ ਕਰਨ ਦੀ ਹਿੰਮਤ ਨਹੀਂ ਕੀਤੀ। ਕੀ ਅਮਰੀਕਾ ਚੀਨ ਅਤੇ ਰੂਸ ਨੂੰ ਸ਼ਕਤੀਸ਼ਾਲੀ ਅਤੇ ਭਾਰਤ ਨੂੰ ਕਮਜ਼ੋਰ ਸਮਝਦਾ ਹੈ ? ਕੀ ਨਵੀਂ ਦਿੱਲੀ ਦੀ ਬਹੁਤ ਜ਼ਿਆਦਾ ਨਰਮ ਕੂਟਨੀਤੀ ਨੇ ਵਾਸ਼ਿੰਗਟਨ ਨੂੰ ਇਹ ਹਿੰਮਤ ਦਿੱਤੀ ਹੈ ?

ਇਸ ਸਿਲਸਿਲੇ ਵਿੱਚ ਪਿਛਲੇ ਮਾਰਚ ਵਿੱਚ ਵਾਪਰੀ ਉਸ ਘਟਨਾ ਦਾ ਜ਼ਿਕਰ ਕਰਨਾ ਬਿਲਕੁਲ ਜਾਇਜ਼ ਹੈ, ਜਦੋਂ ਅਮਰੀਕੀ ਨੌਸੈਨਾ ਨੇ ਭਾਰਤੀ ਤੱਟ ਦੇ ਨੇੜੇ ਹੀ ਇੱਕ ਇਰਾਨੀ ਜੰਗੀ ਜਹਾਜ਼ ਨੂੰ ਡੁਬੋ ਦਿੱਤਾ ਸੀ। ਉਹ ਇਰਾਨੀ ਜਹਾਜ਼ ਭਾਰਤ ਦੇ ਸੱਦੇ 'ਤੇ ਭਾਰਤ ਵਿੱਚ ਹੋਏ ਨੌਸੈਨਿਕ ਅਭਿਆਸ ਵਿੱਚ ਹਿੱਸਾ ਲੈਣ ਆਇਆ ਸੀ। ਗੈਰ-ਲੜਾਕੂ ਸਥਿਤੀ ਵਿੱਚ ਆਏ ਉਸ ਜਹਾਜ਼ ਦੇ ਵਾਪਸ ਪਰਤਦੇ ਸਮੇਂ ਅੰਤਰਰਾਸ਼ਟਰੀ ਨਿਯਮਾਂ ਅਤੇ ਆਮ ਨੈਤਿਕਤਾ ਨੂੰ ਛਿੱਕੇ ਟੰਗਦੇ ਹੋਏ ਅਮਰੀਕਾ ਨੇ ਉਸ ਨੂੰ ਡੁਬੋ ਦਿੱਤਾ।

ਉਸ ਘਟਨਾ 'ਤੇ ਭਾਰਤ ਸਰਕਾਰ ਦੀ ਚੁੱਪ ਚਰਚਾ ਦਾ ਵਿਸ਼ਾ ਬਣੀ ਸੀ। ਜੇਕਰ ਭਾਰਤ ਨੇ ਉਸ ਸਮੇਂ ਪੁਰਜ਼ੋਰ ਵਿਰੋਧ ਦਰਜ ਕਰਵਾਇਆ ਹੁੰਦਾ, ਤਾਂ ਇਹ ਸੰਭਵ ਸੀ ਕਿ ਓਮਾਨ ਦੀ ਖਾੜੀ ਵਿੱਚ ਭਾਰਤੀ ਨਾਵਿਕਾਂ ਨੂੰ ਨਿਸ਼ਾਨਾ ਬਣਾਉਣ ਦੀ ਲਾਪਰਵਾਹ ਕਾਰਵਾਈ ਕਰਨ ਤੋਂ ਪਹਿਲਾਂ ਅਮਰੀਕੀ ਨੌਸੈਨਾ ਨੂੰ ਕਈ ਵਾਰ ਸੋਚਣਾ ਪੈਂਦਾ। ਇਹ ਵੀ ਗੌਰ ਕਰਨ ਯੋਗ ਹੈ ਕਿ ਅਮਰੀਕਾ ਕੱਚੇ ਤੇਲ ਦੀ ਢੋਆ-ਢੁਆਈ ਕਰਨ ਵਾਲੇ ਜਿਨ੍ਹਾਂ ਜਹਾਜ਼ਾਂ ਨੂੰ 'ਸ਼ੈਡੋ ਫਲੀਟ' ਦੱਸਦਾ ਹੈ, ਉਨ੍ਹਾਂ ਵਿੱਚੋਂ ਕਈ ਚੀਨ ਅਤੇ ਰੂਸ ਨਾਲ ਵੀ ਜੁੜੇ ਹੋਏ ਹਨ। ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਬਿਨਾਂ ਕਿਸੇ ਅਧਾਰ ਦੇ ਪਿਛਲੀ 13 ਅਪ੍ਰੈਲ ਨੂੰ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਹੋਰਮੁਜ਼ ਜਲਡਮਰੂਮੱਧ ਦੀ ਨੌਸੈਨਿਕ ਨਾਕਾਬੰਦੀ ਸ਼ੁਰੂ ਕੀਤੀ ਸੀ। ਇਸ ਦੇ ਬਾਵਜੂਦ ਅਮਰੀਕੀ ਫ਼ੌਜ ਨੇ ਸਿੱਧੇ ਤੌਰ 'ਤੇ ਚੀਨ ਜਾਂ ਰੂਸ ਨਾਲ ਸਬੰਧਤ ਕਿਸੇ ਟੈਂਕਰ 'ਤੇ ਹਮਲਾ ਨਹੀਂ ਕੀਤਾ ਹੈ। ਕਿਉਂ ? ਕੀ ਉਹ ਉਨ੍ਹਾਂ ਦੇਸ਼ਾਂ ਨੂੰ ਮਜ਼ਬੂਤ ਅਤੇ ਭਾਰਤ ਨੂੰ ਕਮਜ਼ੋਰ ਮੰਨਦਾ ਹੈ ?

ਭਾਰਤ ਨੂੰ ਅਮਰੀਕਾ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਜੇਕਰ ਦੋਸਤੀ ਬਰਾਬਰੀ ਅਤੇ ਸਨਮਾਨ ਦੀ ਨਹੀਂ ਹੈ, ਤਾਂ ਅਜਿਹੀ ਭਾਈਵਾਲੀ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਭਾਰਤ ਨੇ ਵਾਸ਼ਿੰਗਟਨ ਨੂੰ ਯਾਦ ਦਿਵਾਇਆ ਹੈ ਕਿ ਕਿਸੇ ਵੀ ਦੇਸ਼ ਦੀ ਫ਼ੌਜ ਨੂੰ ਅੰਤਰਰਾਸ਼ਟਰੀ ਜਲ-ਖੇਤਰ ਵਿੱਚ ਵਪਾਰ ਦੇ ਨਿਯਮਾਂ ਅਤੇ ਮਨੁੱਖੀ ਜਾਨਾਂ ਦੀ ਉਲੰਘਣਾ ਕਰਨ ਦਾ ਕੋਈ ਹੱਕ ਨਹੀਂ ਹੈ। ਸਮਝਿਆ ਜਾਂਦਾ ਹੈ ਕਿ ਭਾਰਤ ਨੇ ਨਰਮ ਰੁਖ ਅਪਨਾਇਆ।

# ਬੀੜਾਂ ਅਗਨਭੇਟ ਤੋਂ ਬਾਅਦ ਪਹੂਵਿੰਡ ਸਾਹਿਬ ਵਿਖੇ ਹੋਇਆ ਵਿਵਾਦ

## ✪ ਗੁਰਦੁਆਰਾ ਪ੍ਰਬੰਧਕਾਂ ਨੇ ਭਾਈ ਵਡਾਲਾ ਖ਼ਿਲਾਫ਼ ਅਕਾਲ ਤਖ਼ਤ ਸਾਹਿਬ ਨੂੰ ਕੀਤੀ ਸ਼ਿਕਾਇਤ ✪ ਪਹੂਵਿੰਡ ਸਾਹਿਬ ਪਹੁੰਚੇ ਭਾਈ ਵਡਾਲਾ ਦਾ ਸੰਗਤਾਂ ਵਲੋਂ ਤਿੱਖਾ ਵਿਰੋਧ ✪ ਕੁਦਰਤੀ ਹਾਦਸੇ ਨੂੰ ਬੇਅਦਬੀ ਦਾ ਰੰਗ ਦੇ ਕੇ ਕੌਮ 'ਚ ਵੰਡੀਆਂ ਪਾ ਰਹੇ ਨੇ ਭਾਈ ਵਡਾਲਾ - ਗੁਰਦੁਆਰਾ ਕਮੇਟੀ ਦਾ ਬਿਆਨ

ਗੁਰਦੁਆਰਾ ਜਨਮ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਜੀ, ਪਹੂਵਿੰਡ (ਭਿੱਖੀਵਿੰਡ) ਵਿਖੇ ਬੀਤੇ ਦਿਨੀਂ ਵਾਪਰੀ ਘਟਨਾ ਅਤੇ ਉਸ ਤੋਂ ਬਾਅਦ ਪੈਦਾ ਹੋਇਆ ਵਿਵਾਦ ਬੇਹੱਦ ਮੰਦਭਾਗਾ ਅਤੇ ਚਿੰਤਾਜਨਕ ਹੈ। 10 ਜੂਨ ਦੀ ਰਾਤ ਨੂੰ ਸ਼ਾਰਟ ਸਰਕਟ ਕਾਰਨ ਏ.ਸੀ. ਫਟਣ ਦੀ ਕੁਦਰਤੀ ਘਟਨਾ, ਜਿਸ ਵਿੱਚ ਗ੍ਰੰਥੀ ਸਿੰਘ ਦੀ ਸੂਝ-ਬੂਝ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ, ਨੂੰ ਆਧਾਰ ਬਣਾ ਕੇ ਜਿਸ ਤਰ੍ਹਾਂ ਦਾ ਹੰਗਾਮਾ ਖੜ੍ਹਾ ਕੀਤਾ ਗਿਆ, ਉਸਨੇ ਸਿੱਖ ਪੰਥ ਅੰਦਰ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

ਭਾਈ ਬਲਦੇਵ ਸਿੰਘ ਵਡਾਲਾ ਅਤੇ ਸੁਖਜੀਤ ਸਿੰਘ ਖੋਸਾ ਵੱਲੋਂ ਆਪਣੇ ਸਾਥੀਆਂ ਅਤੇ ਹਥਿਆਰਬੰਦ ਨਿਹੰਗ ਸਿੰਘਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚ ਕੇ ਪ੍ਰਬੰਧਕਾਂ ਖ਼ਿਲਾਫ਼ ਬਿਆਨਬਾਜ਼ੀ ਕਰਨਾ ਅਤੇ ਮਾਮਲੇ ਨੂੰ 'ਬੇਅਦਬੀ' ਦਾ ਰੰਗ ਦੇਣ ਦੀ ਕੋਸ਼ਿਸ਼ ਕਰਨਾ ਸਿੱਧੇ ਤੌਰ 'ਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਪ੍ਰਤੀਤ ਹੁੰਦਾ ਹੈ। ਇਹੀ ਕਾਰਨ ਸੀ ਕਿ ਉੱਥੇ ਮੌਜੂਦ ਸਥਾਨਕ ਸੰਗਤ ਨੇ ਰੋਹ ਵਿੱਚ ਆ ਕੇ ਭਾਈ ਵਡਾਲਾ ਦਾ ਤਿੱਖਾ ਵਿਰੋਧ ਕੀਤਾ ਅਤੇ ਸਥਿਤੀ ਧੱਕਾ-ਮੁੱਕੀ ਅਤੇ ਹੱਥੋਂ-ਪਾਈ ਤੱਕ ਪਹੁੰਚ ਗਈ, ਜਿਸ ਕਾਰਨ ਇਨ੍ਹਾਂ ਆਗੂਆਂ ਨੂੰ ਉੱਥੋਂ ਬਾਹਰ ਨਿਕਲਣਾ ਪਿਆ।

ਸਿੱਖ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਨਲ ਹਰੀਸਿਮਰਨ ਸਿੰਘ ਸੰਧੂ ਵੱਲੋਂ ਚੁੱਕੇ ਗਏ ਸਵਾਲ ਬੇਹੱਦ ਵਾਜਿਬ ਹਨ। ਜਦੋਂ ਇਹ ਸਾਫ਼ ਹੈ ਕਿ ਇਹ ਕੋਈ ਸਾਜ਼ਿਸ਼ੀ ਬੇਅਦਬੀ ਨਹੀਂ ਬਲਕਿ ਇੱਕ ਹਾਦਸਾ ਸੀ, ਤਾਂ ਇਸ ਨੂੰ ਮੁੱਖ ਰੱਖ ਕੇ ਕੌਮ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਿਉਂ ਕੀਤੀ ਜਾ ਰਹੀ ਹੈ ?

ਸੰਗਤਾਂ ਅਤੇ ਪ੍ਰਬੰਧਕਾਂ ਦਾ ਦੋਸ਼ ਹੈ ਕਿ ਇਹ ਲੋਕ ਮੌਜੂਦਾ 'ਆਪ' ਸਰਕਾਰ ਦੇ ਪ੍ਰਭਾਵ ਹੇਠ ਸਿੱਖ ਪੰਥ ਵਿੱਚ ਖਲਲ ਪਾਉਣਾ ਚਾਹੁੰਦੇ ਹਨ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਕਿਸੇ ਗੁਰਦੁਆਰੇ ਅਸਥਾਨ 'ਤੇ ਹਥਿਆਰਾਂ ਨਾਲ ਲੈਸ ਹੋ ਕੇ ਜਾਣਾ ਅਤੇ ਮਾਹੌਲ ਨੂੰ ਤਣਾਅਪੂਰਨ ਬਣਾਉਣਾ ਕਿਸੇ ਵੀ ਪੱਖੋਂ



ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਸਿੱਖ ਮਰਿਆਦਾ ਅਤੇ ਸ਼ਾਂਤੀ ਨੂੰ ਭੰਗ ਕਰਨ ਵਾਲਾ ਘਟੀਆ ਵਰਤਾਰਾ ਹੈ।

ਦੂਜੇ ਪਾਸੇ, ਭਾਈ ਵਡਾਲਾ ਦਾ ਕਹਿਣਾ ਹੈ ਕਿ ਉਹ ਕੇਵਲ ਪਛਚਾਤਾਪ ਸਮਾਗਮ ਵਿੱਚ ਸ਼ਾਮਲ ਹੋਣ ਆਏ ਸਨ ਅਤੇ ਪ੍ਰਬੰਧਕਾਂ ਨੇ ਘਟਨਾ ਵਾਲੀ ਜਗ੍ਹਾ ਨੂੰ ਤੁਰੰਤ ਸਾਫ਼ ਕਰਕੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲਿਆ ਜਾਵੇ।

ਇਸ ਸਮੁੱਚੇ ਮਾਮਲੇ ਵਿੱਚ ਸਭ ਤੋਂ ਰਾਹਤ ਵਾਲੀ ਗੱਲ ਇਹ ਹੈ ਕਿ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਨੇ ਮੌਕੇ 'ਤੇ ਪਹੁੰਚ ਕੇ ਸਾਰੀ ਘਟਨਾ ਦਾ ਜਾਇਜ਼ਾ ਲਿਆ ਹੈ ਅਤੇ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪ ਦਿੱਤੀ ਹੈ।

ਗੁਰਦੁਆਰਾ ਪ੍ਰਬੰਧਕਾਂ ਵੱਲੋਂ ਭਾਈ ਵਡਾਲਾ ਖ਼ਿਲਾਫ਼ ਲਿਖਤੀ ਸ਼ਿਕਾਇਤ ਭੇਜੇ ਜਾਣ ਤੋਂ ਬਾਅਦ ਹੁਣ ਗੇਂਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਾਲ਼ੇ ਵਿੱਚ ਹੈ। ਅਕਾਲ ਤਖ਼ਤ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਸ ਰਿਪੋਰਟ ਦੇ ਆਧਾਰ 'ਤੇ ਤੁਰੰਤ ਅਤੇ ਸਖ਼ਤ ਕਾਰਵਾਈ ਕਰੇ, ਤਾਂ ਜੋ ਕੋਈ ਵੀ ਬਾਹਰੀ ਅਨਸਰ ਜਾਂ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਲੋਕ, ਸਰਕਾਰਾਂ ਦੀ ਸ਼ਹਿ 'ਤੇ ਕੌਮ ਦੀ ਅਮਨ-ਸ਼ਾਂਤੀ ਨੂੰ ਭੰਗ ਨਾ ਕਰ ਸਕਣ ਅਤੇ ਗੁਰਦੁਆਰਾ ਪ੍ਰਬੰਧਾਂ ਦੀ ਮਰਿਆਦਾ ਕਾਇਮ ਰਹੇ। ਸੰਗਤ ਵੱਲੋਂ ਅਜਿਹੇ ਆਗੂਆਂ ਨੂੰ ਨਕਾਰਨਾ ਇਹ ਸਾਫ਼ ਕਰਦਾ ਹੈ ਕਿ ਕੌਮ ਹੁਣ ਧਾਰਮਿਕ ਮਸਲਿਆਂ 'ਤੇ ਸਿਆਸਤ ਚਮਕਾਉਣ ਵਾਲਿਆਂ ਨੂੰ ਬਰਦਾਸ਼ਤ ਕਰਨ ਦੇ ਮੂਡ ਵਿੱਚ ਨਹੀਂ ਹੈ।

# ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਬੇਅਦਬੀ ਦੀ ਨਾਪਾਕ ਕੋਸ਼ਿਸ਼

## ✪ ਯੂ.ਪੀ. ਦੇ ਸਹਾਰਨਪੁਰ ਪਹੁੰਚੀ ਪੰਜਾਬ ਪੁਲਿਸ ✪ ਸ਼੍ਰੋਮਣੀ ਕਮੇਟੀ. ਦੀ ਮੁਸਤੈਦੀ ਨਾਲ ਟਲੀ ਵੱਡੀ ਸਾਜ਼ਿਸ਼ ✪ ਦਰਬਾਰ ਸਾਹਿਬ 'ਤੇ ਵਾਰ-ਵਾਰ ਹਮਲੇ ਕਿਉਂ ? ਸਰਕਾਰ ਦੀ ਨਾਕਾਮੀ ਅਤੇ ਸਾਜ਼ਿਸ਼ਾਂ ਦਾ ਪਰਦਾਫਾਸ਼ ਜ਼ਰੂਰੀ-ਜਥੇਦਾਰ

ਸੱਚਖੰਡ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸਥਿਤ ਇਤਿਹਾਸਕ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਅਖੰਡ ਪਾਠ ਦੌਰਾਨ ਇੱਕ ਪ੍ਰਵਾਸੀ ਨੌਜਵਾਨ ਵੱਲੋਂ 'ਸ੍ਰੀ ਸਾਹਿਬ' (ਕਿਰਪਾਨ) ਚੁੱਕਣ ਦੀ ਤਾਜ਼ਾ ਘਟਨਾ ਨੇ ਸਮੁੱਚੇ ਸਿੱਖ ਜਗਤ ਨੂੰ ਇੱਕ ਵਾਰ ਫਿਰ ਗਹਿਰੀ ਚਿੰਤਾ ਵਿੱਚ ਪਾ ਦਿੱਤਾ ਹੈ। ਹਾਲਾਂਕਿ, ਮੌਕੇ 'ਤੇ ਮੌਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਦੀ ਸਾਵਧਾਨੀ ਸਦਕਾ ਇੱਕ ਵੱਡੀ ਘਿਨਾਉਣੀ ਸਾਜ਼ਿਸ਼ ਰੰਗੇ ਹੱਥੀਂ ਨਾਕਾਮ ਕਰ ਦਿੱਤੀ ਗਈ, ਪਰ ਇਸ ਘਟਨਾ ਨੇ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਅਤੇ ਮੌਜੂਦਾ ਸਰਕਾਰ ਦੀ ਨੀਅਤ 'ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਸਵਾਲ ਇਹ ਉੱਠਦਾ ਹੈ ਕਿ ਆਖਰ ਸਿੱਖਾਂ ਦਾ ਰੂਹਾਨੀ ਕੇਂਦਰ ਦਰਬਾਰ ਸਾਹਿਬ ਹੀ ਵਾਰ-ਵਾਰ ਅਜਿਹੀਆਂ ਪੰਥ-ਵਿਰੋਧੀ ਸਾਜ਼ਿਸ਼ਾਂ ਦੇ ਨਿਸ਼ਾਨੇ 'ਤੇ ਕਿਉਂ ਹੈ ?

ਪੁਲੀਸ ਦੀ ਹੁਣ ਤੱਕ ਦੀ ਕਾਰਵਾਈ ਅਤੇ ਰਿਮਾਂਡ-ਪੁਲਿਸ ਅਤੇ ਐੱਸ. ਜੀ. ਪੀ. ਸੀ.ਦੇ ਸੂਤਰਾਂ ਤੋਂ ਮਿਲੀ ਮੁੱਢਲੀ ਜਾਣਕਾਰੀ ਅਨੁਸਾਰ, ਫੜੇ ਜਾਣ ਤੋਂ ਬਾਅਦ ਦੋਸ਼ੀ ਅਭਿਜੀਤ ਸਿੰਘ ਨੇ ਪੁੱਛਗਿੱਛ ਦੌਰਾਨ ਕੋਈ ਸਪੱਸ਼ਟ ਜਾਂ ਤਸੱਲੀਬਖਸ਼ ਜਵਾਬ ਨਹੀਂ ਦਿੱਤਾ। ਉਸ ਦੇ ਵਤੀਰੇ ਅਤੇ ਬੋਲਣ ਦੇ ਤਰੀਕੇ ਬਾਰੇ ਹੇਠ ਲਿਖੇ ਮੁੱਖ ਪਹਿਲੂ ਸਾਹਮਣੇ ਆਏ ਹਨ: ਮੁਲਜ਼ਮ ਲਗਾਤਾਰ ਆਪਣੇ ਬਿਆਨ ਬਦਲ ਰਿਹਾ ਹੈ। ਉਹ ਕਿਸੇ ਇੱਕ ਗੱਲ 'ਤੇ ਟਿਕਣ ਦੀ ਬਜਾਏ ਪੁਲਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਕਾਰਨ ਜਾਂਚ ਅਧਿਕਾਰੀਆਂ ਨੂੰ ਉਸ ਦੇ ਕਿਸੇ ਵੱਡੇ ਨੈੱਟਵਰਕ ਜਾਂ ਸਾਜ਼ਿਸ਼ ਦਾ ਹਿੱਸਾ ਹੋਣ ਦਾ ਸ਼ੱਕ ਹੈ।

ਪਹਿਲਿਆਂ ਘਟਨਾਵਾਂ ਦੇ ਦੋਸ਼ੀਆਂ ਦੀ ਤਰਜ਼ 'ਤੇ, ਇਹ ਮੁਲਜ਼ਮ ਵੀ ਫੜੇ ਜਾਣ ਤੋਂ ਬਾਅਦ ਖੁਦ ਨੂੰ ਅਜਿਹੇ ਤਰੀਕੇ ਨਾਲ ਪੇਸ਼ ਕਰ ਰਿਹਾ ਹੈ ਜਿਵੇਂ ਉਹ 'ਮਾਨਸਿਕ ਤੌਰ 'ਤੇ ਪਰੇਸ਼ਾਨ' ਹੋਵੇ, ਤਾਂ ਜੋ ਉਹ ਸਖ਼ਤ ਕਾਨੂੰਨੀ ਕਾਰਵਾਈ ਅਤੇ ਪੁੱਛਗਿੱਛ ਤੋਂ ਬਚ ਸਕੇ। ਜਾਂਚ ਟੀਮ ਦਾ ਮੰਨਣਾ ਹੈ ਕਿ ਮੁਲਜ਼ਮ ਦਾ ਇਹ ਵਤੀਰਾ ਸੱਚ ਉਗਲਵਾਉਣ ਤੋਂ ਬਚਣ ਦੀ ਇੱਕ ਚਾਲ ਹੋ ਸਕਦਾ ਹੈ।

ਇਸ ਸੰਵੇਦਨਸ਼ੀਲ ਮਾਮਲੇ ਵਿੱਚ ਅੰਮ੍ਰਿਤਸਰ ਦੀ ਇੱਕ ਸਥਾਨਕ ਅਦਾਲਤ ਨੇ ਵੱਡੀ ਕਾਰਵਾਈ ਕਰਦਿਆਂ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਰਹਿਣ ਵਾਲੇ ਮੁਲਜ਼ਮ ਅਭਿਜੀਤ ਸਿੰਘ ਦੇ ਪੁਲੀਸ ਰਿਮਾਂਡ ਵਿੱਚ ਹੋਰ 5 ਦਿਨਾਂ ਦਾ ਵਾਧਾ ਕਰ ਦਿੱਤਾ ਹੈ। ਸਹਾਇਕ ਪੁਲੀਸ ਕਮਿਸ਼ਨਰ ਸੁਰਿੰਦਰ ਸਿੰਘ ਮੁਤਾਬਕ, ਮਾਮਲੇ ਦੀ ਗੰਭੀਰਤਾ ਅਤੇ ਡੂੰਘੀ ਤਫ਼ਤੀਸ਼ ਨੂੰ ਮੁੱਖ ਰੱਖਦਿਆਂ ਪੁਲੀਸ ਦੀਆਂ ਵਿਸ਼ੇਸ਼ ਟੀਮਾਂ ਨੂੰ ਮੁਲਜ਼ਮ ਦੇ ਪਿਛੋਕੜ, ਪਰਿਵਾਰ ਅਤੇ ਉਸ ਦੇ ਸੰਭਾਵੀ ਨੈੱਟਵਰਕ ਦੀਆਂ ਪਰਤਾਂ ਫਰੋਲਣ ਲਈ ਸਹਾਰਨਪੁਰ ਰਵਾਨਾ ਕੀਤਾ ਗਿਆ ਹੈ।

### ਦਰਬਾਰ ਸਾਹਿਬ ਦੀ ਕਿੰਨੀ ਵਾਰ ਬੇਅਦਬੀ ਹੋਈ

ਆਧੁਨਿਕ ਸਮੇਂ ਵਿੱਚ, ਖਾਸ ਕਰਕੇ ਪਿਛਲੇ ਕੁਝ ਸਾਲਾਂ ਦੌਰਾਨ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਮਰਯਾਦਾ ਨੂੰ ਠੇਸ ਪਹੁੰਚਾਉਣ ਜਾਂ ਬੇਅਦਬੀ ਦੀ ਕੋਸ਼ਿਸ਼ ਕਰਨ ਦੀਆਂ 3 ਮੁੱਖ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਸਿੱਖ ਜਗਤ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ:




ਦਰਬਾਰ ਸਾਹਿਬ ਅੰਦਰ ਜੰਗਲਾ ਟੱਪਣ ਦੀ ਘਟਨਾ (18 ਦਸੰਬਰ 2021): ਰਹਿਰਾਸ ਸਾਹਿਬ ਦੇ ਪਾਠ ਦੌਰਾਨ ਇੱਕ ਅਣਪਛਾਤੇ ਨੌਜਵਾਨ ਨੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਸੁਸ਼ੋਭਿਤ ਸੁਰੱਖਿਆ ਜੰਗਲੇ (ਗਰਿੱਲ) ਨੂੰ ਪਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਸਾਹਮਣੇ ਰੱਖੀ 'ਸ੍ਰੀ ਸਾਹਿਬ' (ਕਿਰਪਾਨ) ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ। ਮੌਕੇ 'ਤੇ ਮੌਜੂਦ ਸੇਵਾਦਾਰਾਂ ਅਤੇ ਸੰਗਤ ਨੇ ਉਸ ਨੂੰ ਤੁਰੰਤ ਕਾਬੂ ਕਰ ਲਿਆ ਸੀ।

ਸਰੋਵਰ ਵਿੱਚ ਪਾਵਨ ਗੁਟਕਾ ਸਾਹਿਬ ਸੁੱਟਣ ਦੀ ਘਟਨਾ (15 ਦਸੰਬਰ 2021): ਇਸੇ ਹਫ਼ਤੇ ਦੇ ਅੰਦਰ ਇੱਕ ਹੋਰ ਘਟਨਾ ਵਾਪਰੀ ਸੀ ਜਦੋਂ ਇੱਕ ਨੌਜਵਾਨ (ਰਣਬੀਰ ਸਿੰਘ) ਨੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੇ ਅੰਦਰ 'ਗੁਟਕਾ ਸਾਹਿਬ' ਸੁੱਟ ਦਿੱਤਾ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਨੇ ਤੁਰੰਤ ਫੜ ਕੇ ਪੁਲਿਸ ਹਵਾਲੇ ਕੀਤਾ ਸੀ।

ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਤਾਜ਼ਾ ਕੋਸ਼ਿਸ਼ (ਜੂਨ 2026): ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਰਹਿਣ ਵਾਲੇ ਅਭਿਜੀਤ ਸਿੰਘ ਨਾਮ ਦੇ ਨੌਜਵਾਨ ਨੇ ਅਖੰਡ ਪਾਠ ਦੌਰਾਨ ਹਜ਼ੂਰੀ ਵਿੱਚ ਰੱਖੀ 'ਸ੍ਰੀ ਸਾਹਿਬ' ਨੂੰ ਚੁੱਕਣ ਦੀ ਨਾਪਾਕ ਕੋਸ਼ਿਸ਼ ਕੀਤੀ, ਜਿਸ ਨੂੰ ਐੱਸ.ਜੀ.ਪੀ.ਸੀ. ਦੇ ਮੁਲਾਜ਼ਮਾਂ ਨੇ ਮੁਸਤੈਦੀ ਨਾਲ ਨਾਕਾਮ ਕਰ ਦਿੱਤਾ ਅਤੇ ਉਹ ਪੁਲਿਸ ਰਿਮਾਂਡ 'ਤੇ ਹੈ। ਇਨ੍ਹਾਂ ਵੱਡੀਆਂ ਘਟਨਾਵਾਂ ਤੋਂ ਇਲਾਵਾ, ਸਮੇਂ-ਸਮੇਂ 'ਤੇ ਪਰਿਕਰਮਾ ਵਿੱਚ ਵੀਡੀਓਜ਼ ਬਣਾਉਣ, ਸਿਆਸੀ ਨਾਅਰੇਬਾਜ਼ੀ ਕਰਨ ਜਾਂ ਤੰਬਾਕੂ/ਨਸ਼ੀਲੀਆਂ ਵਸਤੂਆਂ ਲੈ ਕੇ ਜਾਣ ਵਰਗੀਆਂ ਮਰਯਾਦਾ ਉਲੰਘਣ ਦੀਆਂ ਛੋਟੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ, ਜਿਨ੍ਹਾਂ 'ਤੇ ਟਾਸਕ ਫੋਰਸ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।

ਪੁਲੀਸ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਣ ਦੇ ਦੋਸ਼ ਹੇਠ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ, ਪਰ ਸਵਾਲ ਉੱਥੇ ਹੀ ਖੜ੍ਹਾ ਹੈ ਕਿ ਕੀ ਇਹ ਜਾਂਚ ਅੰਜਾਮ ਤੱਕ ਪਹੁੰਚੇਗੀ ?

ਸਰਕਾਰ ਦੀ ਨਾਕਾਮੀ ਅਤੇ ਸਾਜ਼ਿਸ਼ਾਂ ਦਾ ਪਰਦਾਫਾਸ਼ ਜ਼ਰੂਰੀ-ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦਰਬਾਰ ਸਾਹਿਬ ਅੰਦਰ ਬੇਅਦਬੀ ਜਾਂ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਹੋਈ ਹੋਵੇ। ਅਫ਼ਸੋਸ ਦੀ ਗੱਲ ਇਹ ਹੈ ਕਿ ਹਰ ਵਾਰ ਸ਼ੁਰੂਆਤੀ ਜਾਂਚ ਵਿੱਚ ਮੁਲਜ਼ਮ ਨੂੰ 'ਮਾਨਸਿਕ ਤੌਰ 'ਤੇ ਪਰੇਸ਼ਾਨ' ਜਾਂ 'ਇਕੱਲਾ ਸਿਰਫਿਰਿਆ' ਗਰਦਾਨ ਕੇ ਅਸਲ ਮਾਸਟਰਮਾਈਂਡਸ ਨੂੰ ਬਚਾਉਣ ਦਾ ਚੋਰ-ਰਸਤਾ ਲੱਭ ਲਿਆ ਜਾਂਦਾ ਹੈ। ਜੇਕਰ ਪਹਿਲਿਆਂ ਘਟਨਾਵਾਂ ਦੇ ਅਸਲ ਸਾਜ਼ਿਸ਼ਕਾਰ ਨਸ਼ਰ ਕੀਤੇ ਗਏ ਹੁੰਦੇ, ਤਾਂ ਅੱਜ ਕਿਸੇ ਦੀ ਇਹ ਹਿੰਮਤ ਨਾ ਪੈਂਦੀ। ਸਰਕਾਰ ਅਤੇ ਖੁਫ਼ੀਆ ਏਜੰਸੀਆਂ ਦੀ ਇਹ ਢਿੱਲ-ਮੱਠ ਸਿੱਧੇ ਤੌਰ 'ਤੇ ਸਿਆਸੀ ਇੱਛਾ-ਸ਼ਕਤੀ ਦੀ ਕਮੀ ਨੂੰ ਦਰਸਾਉਂਦੀ ਹੈ। ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਵਾਲੀਆਂ ਇਨ੍ਹਾਂ ਸਾਜ਼ਿਸ਼ਾਂ ਦੇ ਪਿੱਛੇ ਸਿਆਸੀ ਲਾਹਾ ਲੈਣ ਵਾਲੇ ਚਿਹਰਿਆਂ ਨੂੰ ਬੇਨਕਾਬ ਕਰਨਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ, ਜਿਸ ਤੋਂ ਉਹ ਲਗਾਤਾਰ ਭੱਜ ਰਹੀ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਤਿੱਖਾ ਪ੍ਰਤੀਕਰਮ-ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਘਟਨਾ 'ਤੇ ਸਖ਼ਤ ਰੋਸ ਪ੍ਰਗਟ ਕਰਦਿਆਂ ਸਰਕਾਰਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ: "ਇਹ ਘਟਨਾ ਬਿਲਕੁਲ ਉਸੇ ਤਰਜ਼ ਉੱਤੇ ਹੈ ਜਿਵੇਂ ਦਸੰਬਰ 2021 ਵਿਚ ਇਕ ਵਿਅਕਤੀ ਵਲੋਂ ਸ੍ਰੀ ਦਰਬਾਰ ਸਾਹਿਬ ਅੰਦਰ ਜੰਗਲਾ ਟੱਪ ਕੇ ਸ੍ਰੀ ਸਾਹਿਬ ਨੂੰ ਹੱਥ ਪਾਇਆ ਗਿਆ ਸੀ। ਇਹ ਪੰਜਾਬ ਸਰਕਾਰ ਦੀ ਵੱਡੀ ਨਾਕਾਮੀ ਹੈ ਕਿ ਉਹ ਅੱਜ ਤੱਕ ਦਸੰਬਰ 2021 ਦੀ ਘਟਨਾ ਦੇ ਦੋਸ਼ੀ ਦੀ ਪਛਾਣ ਤੱਕ ਨਹੀਂ ਕਰ ਸਕੀ।"

ਜਥੇਦਾਰ ਗੜਗੱਜ ਨੇ ਮੰਗ ਕੀਤੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਫੇਲ੍ਹ ਰਹੀਆਂ ਸਰਕਾਰਾਂ ਹੁਣ ਕੁੰਭਕਰਨੀ ਨੀਂਦ ਤੋਂ ਜਾਗਣ ਅਤੇ ਇਸ ਘਿਨਾਉਣੇ ਕਾਰੇ ਪਿੱਛੇ ਕੰਮ ਕਰ ਰਹੀਆਂ ਅਸਲ ਸ਼ਕਤੀਆਂ ਨੂੰ ਜਨਤਕ ਕਰਨ।

ਸ਼੍ਰੋਮਣੀ ਕਮੇਟੀ ਦਾ ਪੱਖ ਅਤੇ ਭਵਿੱਖੀ ਰਣਨੀਤੀ-ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਰਾਹੀਂ ਸਾਹਮਣੇ ਆਏ ਕਮੇਟੀ ਦੇ ਪੱਖ ਮੁਤਾਬਕ, ਇਹ ਸਿਰਫ਼ ਇੱਕ ਵਿਅਕਤੀ ਦੀ ਹਰਕਤ ਨਹੀਂ, ਸਗੋਂ ਪ੍ਰਬੰਧ ਨੂੰ ਬਦਨਾਮ ਕਰਨ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਡੂੰਘੀ ਸਿਆਸੀ ਜਾਂ ਸੰਪਰਦਾਇਕ ਸਾਜ਼ਿਸ਼ ਹੈ।

ਹੁਣ ਸਮਾਂ ਸਿਰਫ਼ ਨਿੰਦਾ ਪ੍ਰਸਤਾਵ ਪਾਸ ਕਰਨ ਦਾ ਨਹੀਂ ਹੈ। ਸ਼੍ਰੋਮਣੀ ਕਮੇਟੀ ਨੂੰ ਸਰਕਾਰਾਂ 'ਤੇ ਨਿਰਭਰਤਾ ਖ਼ਤਮ ਕਰਕੇ ਆਪਣੀ ਰਣਨੀਤੀ ਵਿੱਚ ਹੇਠ ਲਿਖੇ ਵੱਡੇ ਬਦਲਾਅ ਲਿਆਉਣੇ ਪੈਣਗੇ:

* ਸੇਵਾਮੁਕਤ ਸਿੱਖ ਪੁਲਿਸ ਅਧਿਕਾਰੀਆਂ ਅਤੇ ਕਾਨੂੰਨੀ ਮਾਹਿਰਾਂ ਦੀ ਇੱਕ ਹਾਈ-ਪਾਵਰ ਕਮੇਟੀ ਬਣਾਈ ਜਾਵੇ, ਜੋ ਸਰਕਾਰੀ ਜਾਂਚ ਦੇ ਸਮਾਨੰਤਰ ਕੰਮ ਕਰਕੇ ਸੱਚ ਸੰਗਤ ਸਾਹਮਣੇ ਲਿਆਵੇ।

* ਸਿਰਫ਼ ਸਾਧਾਰਨ ਸੀਸੀਟੀਵੀ 'ਤੇ ਨਿਰਭਰ ਰਹਿਣ ਦੀ ਬਜਾਏ, ਆਧੁਨਿਕ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਫੇਸ਼ੀਅਲ ਰਿਕੋਗਨੀਸ਼ਨ ਤਕਨੀਕ ਦੀ ਵਰਤੋਂ ਕੀਤੀ ਜਾਵੇ, ਤਾਂ ਜੋ ਸ਼ੱਕੀ ਲੋਕਾਂ ਨੂੰ ਪਰਿਕਰਮਾ ਵਿੱਚ ਵੜਨ ਤੋਂ ਪਹਿਲਾਂ ਹੀ ਨਿਸ਼ਾਨਬੱਧ ਕੀਤਾ ਜਾ ਸਕੇ।

ਕਮਾਂਡੋ ਪੱਧਰ ਦੀ ਟ੍ਰੇਨਿੰਗ: ਟਾਸਕ ਫੋਰਸ ਅਤੇ ਸੇਵਾਦਾਰਾਂ ਨੂੰ ਭੀੜ-ਭੜੱਕੇ ਦੌਰਾਨ ਸ਼ੱਕੀ ਗਤੀਵਿਧੀਆਂ ਨੂੰ ਭਾਪਣ ਲਈ ਪੇਸ਼ੇਵਰ ਕਮਾਂਡੋ ਪੱਧਰ ਦੀ ਸਿਖਲਾਈ ਦਿੱਤੀ ਜਾਵੇ।

* ਅਦਾਲਤਾਂ ਵਿੱਚ ਚੋਟੀ ਦੇ ਵਕੀਲਾਂ ਰਾਹੀਂ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਵਾਈਆਂ ਜਾਣ।

ਪੰਥਕ ਧਿਰਾਂ ਦਾ ਮੰਨਣਾ ਹੈ ਕਿ ਦਰਬਾਰ ਸਾਹਿਬ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਸਿੱਖਾਂ ਦੀ ਰੂਹ, ਅਣਖ ਅਤੇ ਅਧਿਆਤਮਿਕਤਾ ਦਾ ਕੇਂਦਰ ਹੈ। ਇਸ ਪਵਿੱਤਰ ਅਸਥਾਨ ਵੱਲ ਉੱਠਣ ਵਾਲੀ ਹਰ ਮੈਲੀ ਅੱਖ ਨੂੰ ਸਮੇਂ ਸਿਰ ਰੋਕਣਾ ਅਤੇ ਉਸ ਦੇ ਪਿੱਛੇ ਲੁਕੇ 'ਸਿਆਸੀ ਨਸਲਵਾਦੀਆਂ' ਨੂੰ ਨੰਗਾ ਕਰਨਾ ਬੇਹੱਦ ਜ਼ਰੂਰੀ ਹੈ। ਜੇਕਰ ਮੌਜੂਦਾ ਸਰਕਾਰ ਨੇ ਹੁਣ ਵੀ ਆਪਣੀ ਢਿੱਲੀ ਕਾਰਗੁਜ਼ਾਰੀ ਨਾ ਸੁਧਾਰੀ ਅਤੇ ਅਸਲ ਸਾਜ਼ਿਸ਼ਕਰਤਾਵਾਂ ਨੂੰ ਜਨਤਕ ਨਾ ਕੀਤਾ, ਤਾਂ ਭਵਿੱਖ ਵਿੱਚ ਪੰਜਾਬ ਦੇ ਹਾਲਾਤ ਵਿਗੜਨ ਦੀ ਪੂਰੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਸਰਕਾਰ ਦੀ ਹੋਵੇਗੀ। ਕਾਨੂੰਨ ਦੇ ਹੱਥਾਂ ਨੂੰ ਹੁਣ ਸਿਆਸੀ ਦਬਾਅ ਤੋਂ ਮੁਕਤ ਹੋ ਕੇ ਇਨਸਾਫ਼ ਕਰਨਾ ਹੀ ਪਵੇਗਾ।


# ਪੰਜਾਬ ਵਿਚ ਨਸ਼ੇ ਦਾ ਕਹਿਰ: ਆਖਰ ਕਦੋਂ ਫੜੇ ਜਾਣਗੇ ਨਸ਼ਾ ਤਸਕਰੀ ਦੇ 'ਵੱਡੇ ਮਗਰਮੱਛ' ?

**✪ ਐਨਸੀਆਰਬੀ ਦੀ ਰਿਪੋਰਟ ਵਿਚ ਖੁਲਾਸਾ, ਪਰ ਸਵਾਲ ਬਰਕਰਾਰ ✪ ਕੀ ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਦੀ ਸ਼ਹਿ 'ਤੇ ਚੱਲ ਰਿਹੈ ਨਸ਼ੇ ਦਾ ਕਾਲਾ ਕਾਰੋਬਾਰ ? ✪ ਨਸ਼ਿਆਂ ਦੀ ਸਪਲਾਈ ਚੇਨ ਤੋੜਨ 'ਚ ਕਿੱਥੇ ਰਹਿ ਗਈ ਕਮੀ ?**

## ਖਾਸ ਰਿਪੋਰਟ

ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੀ ਸਾਲ 2024 ਦੀ ਤਾਜ਼ਾ ਰਿਪੋਰਟ ਨੇ ਇਕ ਵਾਰ ਫਿਰ ਪੰਜਾਬ ਦੇ ਜ਼ਖ਼ਮੀ ਸੀਨੇ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਰਿਪੋਰਟ ਮੁਤਾਬਕ ਸੂਬੇ ਵਿੱਚ ਨਸ਼ਿਆਂ ਕਾਰਨ 139 ਲੋਕਾਂ ਦੀ ਸਰਕਾਰੀ ਤੌਰ 'ਤੇ ਮੌਤ ਦਰਜ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 106 ਮੌਤਾਂ ਸਿੱਧੇ ਤੌਰ 'ਤੇ ਮਾਰੂ ਨਸ਼ੀਲੇ ਪਦਾਰਥਾਂ (ਓਵਰਡੋਜ਼ ਜਾਂ ਸਿੰਥੈਟਿਕ ਡਰੱਗਜ਼) ਕਾਰਨ ਹੋਈਆਂ। ਪਰ ਇਹ ਅੰਕੜਾ ਸਿਰਫ਼ ਥੋੜੇ ਜਿਹੇ ਲੋਕਾਂ ਦਾ ਹੈ ਹੈ। ਅਸਲੀਅਤ ਇਸ ਤੋਂ ਕਿਤੇ ਜ਼ਿਆਦਾ ਭਿਆਨਕ ਹੈ, ਕਿਉਂਕਿ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿੱਚ ਰੋਜ਼ਾਨਾ ਉੱਠ ਰਹੇ ਨੌਜਵਾਨਾਂ ਦੇ ਜਨਾਜ਼ੇ ਸਮਾਜਿਕ ਬਦਨਾਮੀ ਅਤੇ ਪੁਲਿਸ ਦੇ ਡਰੋਂ ਅਕਸਰ ਐਨਸੀਆਰਬੀ ਦੇ ਖ਼ਾਨਿਆਂ ਤੱਕ ਪਹੁੰਚ ਹੀ ਨਹੀਂ ਪਾਉਂਦੇ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਲਾਂਬੱਧੀ ਚੱਲ ਰਹੀਆਂ ਸਰਕਾਰੀ ਮੁਹਿੰਮਾਂ, ਦਾਅਵਿਆਂ ਅਤੇ 'ਸਪੈਸ਼ਲ ਟਾਸਕ ਫੋਰਸ' ਦੇ ਗਠਨ ਦੇ ਬਾਵਜੂਦ ਪੰਜਾਬ ਦੀ ਜਵਾਨੀ ਨਸ਼ੇ ਦੀ ਭੱਠੀ ਵਿੱਚ ਕਿਉਂ ਝੁਲਸ ਰਹੀ ਹੈ ? ਇਸ ਦਾ ਸਭ ਤੋਂ ਵੱਡਾ ਅਤੇ ਕੌੜਾ ਸੱਚ ਇਹ ਹੈ ਕਿ ਹੁਣ ਤੱਕ ਦੀਆਂ ਕਾਰਵਾਈਆਂ ਸਿਰਫ਼ 'ਛੋਟੀਆਂ ਮੱਛੀਆਂ' (ਗਲੀਆਂ-ਮੁਹੱਲਿਆਂ ਵਿੱਚ ਨਸ਼ਾ ਵੇਚਣ ਵਾਲੇ ਪੈਡਲਰਾਂ) ਤੱਕ ਸੀਮਤ ਰਹੀਆਂ ਹਨ। ਨਸ਼ੇ ਦੇ ਅਸਲ ਸਰਗਣੇ - ਉਹ "ਵੱਡੇ ਮਗਰਮੱਛ" ਜੋ ਸਰਹੱਦ ਪਾਰੋਂ ਜਾਂ ਦੂਜੇ ਸੂਬਿਆਂ ਤੋਂ ਕਰੋੜਾਂ ਰੁਪਏ ਦਾ ਨਸ਼ਾ ਪੰਜਾਬ ਦੀਆਂ ਰਗਾਂ ਵਿੱਚ ਉਤਾਰ ਰਹੇ ਹਨ -



ਅਜੇ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ, ਜਾਂ ਫਿਰ ਬੇਖ਼ੌਫ਼ ਹੋ ਕੇ ਆਪਣਾ ਜਾਲ ਫੈਲਾ ਰਹੇ ਹਨ।

ਸਭ ਤੋਂ ਵੱਡਾ ਸਵਾਲ: ਜੇਕਰ ਪੁਲਿਸ ਚਾਹੇ ਤਾਂ ਪਿੰਡ ਦੀ ਹਰ ਛੋਟੀ ਗਤੀਵਿਧੀ 'ਤੇ ਨਜ਼ਰ ਰੱਖ ਸਕਦੀ ਹੈ, ਫਿਰ ਨਸ਼ੇ ਦੇ ਅੰਤਰਰਾਸ਼ਟਰੀ ਅਤੇ ਅੰਤਰ-ਰਾਜੀ ਨੈੱਟਵਰਕ ਚਲਾਉਣ ਵਾਲੇ ਵੱਡੇ ਸਮਗਲਰ ਕਾਨੂੰਨ ਦੀਆਂ ਅੱਖਾਂ ਵਿੱਚ ਧੂੜ ਪਾਉਣ ਵਿੱਚ ਕਿਵੇਂ ਕਾਮਯਾਬ ਹੋ ਜਾਂਦੇ ਹਨ ?

ਇਸ ਦਾ ਸਿੱਧਾ ਜਵਾਬ ਸਿਆਸਤਦਾਨਾਂ, ਪੁਲਿਸ ਅਤੇ ਅਫ਼ਸਰਸ਼ਾਹੀ ਦੀ ਮਿਲੀਭੁਗਤ ਦੇ ਉਸ ਕਾਲੇ ਗਠਜੋੜ ਵਿੱਚੋਂ ਮਿਲਦਾ ਹੈ, ਜਿਸ ਦਾ ਜ਼ਿਕਰ ਕਈ ਹਾਈਕੋਰਟ ਦੀਆਂ ਸੀਲਬੰਦ ਰਿਪੋਰਟਾਂ ਅਤੇ ਜਾਂਚਾਂ ਵਿੱਚ ਵੀ ਆਉਂਦਾ ਰਿਹਾ ਹੈ। ਬਿਨਾਂ ਕਿਸੇ ਵੱਡੀ ਸਿਆਸੀ ਸਰਪ੍ਰਸਤੀ ਅਤੇ ਭ੍ਰਿਸ਼ਟ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸ਼ਹਿ ਤੋਂ ਬਿਨਾਂ, ਹਜ਼ਾਰਾਂ ਕਰੋੜ ਰੁਪਏ ਦਾ ਇਹ ਕਾਲਾ ਕਾਰੋਬਾਰ ਇੰਨੇ ਵੱਡੇ ਪੱਧਰ 'ਤੇ ਨਹੀਂ ਚਲਾਇਆ ਜਾ ਸਕਦਾ। ਜਦੋਂ ਵੀ ਕਿਸੇ ਵੱਡੇ ਤਸਕਰ 'ਤੇ ਹੱਥ ਪਾਉਣ ਦੀ ਕੋਸ਼ਿਸ਼ ਹੁੰਦੀ ਹੈ, ਤਾਂ ਅਕਸਰ ਸਿਆਸੀ ਦਬਾਅ ਜਾਂ ਖ਼ੁਦ ਮਹਿਕਮੇ ਦੇ ਅੰਦਰ ਬੈਠੇ ਕਾਲੀਆਂ ਭੇਡਾਂ ਵੱਲੋਂ ਜਾਂਚ ਨੂੰ ਕਮਜ਼ੋਰ ਕਰ ਦਿੱਤਾ ਜਾਂਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਨਸ਼ੇ ਦੀ ਸਪਲਾਈ ਚੇਨ ਕਦੇ ਟੁੱਟਦੀ ਹੀ ਨਹੀਂ।

ਐਨਸੀਆਰਬੀ ਦੀ ਰਿਪੋਰਟ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਇਹ ਹੈ ਕਿ ਪੰਜਾਬ ਵਿੱਚ ਸਾਲ 2024 ਦੌਰਾਨ 18 ਤੋਂ 45 ਸਾਲ ਦੇ ਉਮਰ ਵਰਗ ਵਿੱਚ ਸਭ ਤੋਂ ਵੱਧ (7,400 ਤੋਂ ਵੱਧ) ਮੌਤਾਂ ਵੱਖ-ਵੱਖ ਹਾਦਸਿਆਂ, ਖੁਦਕੁਸ਼ੀਆਂ ਜਾਂ ਮੌਸਮੀ ਕਾਰਨਾਂ ਨਾਲ ਹੋਈਆਂ ਹਨ। ਇਹ ਉਹੀ ਉਮਰ ਹੈ ਜੋ ਕਿਸੇ ਵੀ ਸਮਾਜ ਦੀ ਆਰਥਿਕ ਅਤੇ ਸਮਾਜਿਕ ਰੀੜ੍ਹ ਦੀ ਹੱਡੀ ਹੁੰਦੀ ਹੈ। ਨੌਜਵਾਨਾਂ ਵਿੱਚ ਵੱਧ ਰਹੀ ਬੇਰੁਜ਼ਗਾਰੀ, ਭਵਿੱਖ ਪ੍ਰਤੀ ਨਿਰਾਸ਼ਾ ਅਤੇ ਮਾਨਸਿਕ ਤਣਾਅ ਉਨ੍ਹਾਂ ਨੂੰ ਨਸ਼ਿਆਂ ਦੇ ਦਲਦਲ ਵੱਲ ਧੱਕਣ ਦੇ ਮੁੱਖ ਕਾਰਨ ਬਣ ਰਹੇ ਹਨ।

ਸਿਰਫ਼ ਪੁਲਿਸ ਦੀ ਸਖ਼ਤੀ ਜਾਂ ਥਾਣਿਆਂ ਵਿੱਚ ਪਰਚੇ ਦਰਜ ਕਰਨ ਨਾਲ ਇਹ ਜੰਗ ਨਹੀਂ ਜਿੱਤੀ ਜਾ ਸਕਦੀ। ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਤਿੰਨ ਪੱਧਰੀ ਰਣਨੀਤੀ ਦੀ ਲੋੜ ਹੈ: ਮਾਹਿਰਾਂ ਦਾ ਮੰਨਣਾ ਹੈ ਕਿ ਨਸ਼ਾ ਤਸਕਰਾਂ ਨੂੰ ਸਰਪ੍ਰਸਤੀ ਦੇਣ ਵਾਲੇ ਸਿਆਸਤਦਾਨਾਂ ਅਤੇ ਪੁਲਿਸ ਅਫ਼ਸਰਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਵੇ ਨਸ਼ਾ ਛੁਡਾਊ ਕੇਂਦਰਾਂ ਨੂੰ ਸਿਰਫ਼ ਵਪਾਰਕ ਅੱਡੇ ਬਣਨ ਤੋਂ ਰੋਕ ਕੇ ਉੱਥੇ ਮਨੋਵਿਗਿਆਨਕ ਸਲਾਹ ਅਤੇ ਮਿਆਰੀ ਮੁਫ਼ਤ ਇਲਾਜ ਯਕੀਨੀ ਬਣਾਇਆ ਜਾਵੇ। ਨੌਜਵਾਨਾਂ ਨੂੰ ਨਸ਼ੇ ਦੀ ਗ੍ਰਿਫ਼ਤ ਵਿੱਚੋਂ ਕੱਢ ਕੇ ਖੇਡਾਂ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੋੜਿਆ ਜਾਵੇ ਤਾਂ ਜੋ ਉਨ੍ਹਾਂ ਦੀ ਊਰਜਾ ਸਹੀ ਪਾਸੇ ਲੱਗ ਸਕੇ। ਜੇਕਰ ਹੁਣ ਵੀ ਸਰਕਾਰਾਂ ਅਤੇ ਸਮਾਜ ਨੇ ਆਪਣੀ ਪਹੁੰਚ ਨਾ ਬਦਲੀ ਅਤੇ ਵੱਡੇ ਮਗਰਮੱਛਾਂ ਨੂੰ ਫੜਨ ਦੀ ਬਜਾਏ ਸਿਰਫ਼ ਅੰਕੜਿਆਂ ਦੀ ਖੇਡ ਖੇਡੀ ਜਾਂਦੀ ਰਹੀ, ਤਾਂ ਪੰਜਾਬ ਦੀ ਆਉਣ ਵਾਲੀ ਨਸਲ ਨੂੰ ਤਬਾਹ ਹੋਣੋਂ ਕੋਈ ਨਹੀਂ ਬਚਾ ਸਕੇਗਾ। ਇਹ ਸਮਾਂ ਸਿਆਸੀ ਦੋਸ਼-ਮੜ੍ਹਨ ਦਾ ਨਹੀਂ, ਸਗੋਂ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਇੱਕਜੁੱਟ ਹੋ ਕੇ ਹੰਭਲਾ ਮਾਰਨ ਦਾ ਹੈ।

# ਮੋਗਾ ਵਿਚ ਪਤਨੀ ਅਤੇ ਉਸਦੇ ਪ੍ਰੇਮੀ ਤੋਂ ਤੰਗ ਆ ਕੇ ਚਾਰ ਬੱਚਿਆਂ ਦੇ ਪਿਤਾ ਨੇ ਕੀਤੀ ਖ਼ੁਦਕੁਸ਼ੀ, ਮਾਮਲਾ ਦਰਜ

ਮੋਗਾ-ਕਸਬਾ ਬਾਘਾਪੁਰਾਣਾ ਦੇ ਅਧੀਨ ਪੈਂਦੇ ਪਿੰਡ ਮਾਹਲਾਂ ਖੁਰਦ ਤੋਂ ਇੱਕ ਬੇਹੱਦ ਮੰਦਭਾਗੀ ਅਤੇ ਦਿਲ ਕੰਬਾਊ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਚਾਰ ਬੱਚਿਆਂ ਦੇ ਪਿਤਾ ਵੱਲੋਂ ਆਪਣੀ ਪਤਨੀ ਅਤੇ ਉਸਦੇ ਪ੍ਰੇਮੀ ਦੀਆਂ ਕਰਤੂਤਾਂ ਅਤੇ ਤੰਗ-ਪ੍ਰੇਸ਼ਾਨੀ ਤੋਂ ਦੁਖੀ ਹੋ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਗਈ। ਮ੍ਰਿਤਕ ਦੀ ਪਛਾਣ ਮੰਦਰ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਕਾਰਵਾਈ ਕਰਦਿਆਂ ਮ੍ਰਿਤਕ ਦੀ ਪਤਨੀ ਅਤੇ ਉਸਦੇ ਪ੍ਰੇਮੀ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ।

### ਕੀ ਹੈ ਪੂਰਾ ਮਾਮਲਾ ?

ਥਾਣਾ ਬਾਘਾਪੁਰਾਣਾ ਦੇ ਸਹਾਇਕ ਥਾਣੇਦਾਰ ਸੁਰਜੀਤ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ, ਮ੍ਰਿਤਕ ਮੰਦਰ ਸਿੰਘ ਦੇ ਭਰਾ ਚੰਦ ਸਿੰਘ ਪਿੰਡ ਮਾਹਲਾਂ ਖ਼ੁਰਦ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਏ ਹਨ। ਚੰਦ ਸਿੰਘ ਨੇ ਦੱਸਿਆ ਕਿ ਉਸਦਾ ਭਰਾ ਮੰਦਰ ਸਿੰਘ ਮਿਹਨਤ-ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਸੀ। ਉਸਦੇ ਚਾਰ ਬੱਚੇ ਹਨ, ਜਿਨ੍ਹਾਂ ਵਿੱਚ ਤਿੰਨ ਲੜਕੀਆਂ ਅਤੇ ਇੱਕ ਲੜਕਾ ਸ਼ਾਮਲ ਹੈ।

"ਮੇਰਾ ਭਰਾ ਪਿਛਲੇ ਕਾਫ਼ੀ ਸਮੇਂ ਤੋਂ ਗੰਭੀਰ ਡਿਪਰੈਸ਼ਨ (ਮਾਨਸਿਕ ਤਣਾਅ) ਵਿੱਚ ਰਹਿੰਦਾ ਸੀ। ਜਦੋਂ ਮੈਂ ਉਸ ਕੋਲੋਂ ਇਸ ਪਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਮੰਦਰ ਸਿੰਘ ਨੇ ਦੱਸਿਆ ਕਿ ਉਸਦੀ ਪਤਨੀ ਮਨਪ੍ਰੀਤ ਕੌਰ ਦੇ ਪਿੰਡ ਮਾਹਲਾ ਕਲਾਂ ਦੇ ਰਹਿਣ ਵਾਲੇ ਜੱਸਾ ਸਿੰਘ ਨਾਮਕ ਵਿਅਕਤੀ ਨਾਲ ਕਥਿਤ ਤੌਰ 'ਤੇ ਨਾਜਾਇਜ਼ ਸਬੰਧ ਹਨ। ਇਸੇ ਵਜ੍ਹਾ ਕਰਕੇ ਮਨਪ੍ਰੀਤ ਕੌਰ ਅਤੇ ਜੱਸਾ ਸਿੰਘ ਉਸਨੂੰ ਲਗਾਤਾਰ ਮਾਨਸਿਕ ਅਤੇ ਜ਼ੁਬਾਨੀ ਤੌਰ 'ਤੇ ਤੰਗ-ਪ੍ਰੇਸ਼ਾਨ ਕਰਦੇ ਸਨ।"



- ਚੰਦ ਸਿੰਘ (ਮ੍ਰਿਤਕ ਦਾ ਭਰਾ)

ਪਤਨੀ ਅਤੇ ਉਸਦੇ ਪ੍ਰੇਮੀ ਦੇ ਇਸ ਰਵੱਈਏ ਤੋਂ ਅੱਕ ਕੇ ਆਖ਼ਰਕਾਰ ਮੰਦਰ ਸਿੰਘ ਨੇ 13 ਜੂਨ ਨੂੰ ਮੌਤ ਨੂੰ ਗਲੇ ਲਗਾ ਲਿਆ।

### ਪੁਲਿਸ ਵੱਲੋਂ ਕਾਨੂੰਨੀ ਕਾਰਵਾਈ

ਘਟਨਾ ਦੀ ਸੂਚਨਾ ਮਿਲਦਿਆਂ ਹੀ ਬਾਘਾਪੁਰਾਣਾ ਪੁਲਿਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਮ੍ਰਿਤਕ ਮੰਦਰ ਸਿੰਘ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲਿਆ। ਲਾਸ਼ ਨੂੰ ਪੋਸਟਮਾਰਟਮ ਲਈ ਮੋਗਾ ਦੇ ਸਿਵਲ ਹਸਪਤਾਲ ਦੀ ਮੋਰਚਰੀ (ਮੁਰਦਾਘਰ) ਵਿੱਚ ਰਖਵਾ ਦਿੱਤਾ ਗਿਆ ਹੈ। ਪੁਲਿਸ ਨੇ ਮ੍ਰਿਤਕ ਦੇ ਭਰਾ ਚੰਦ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਪਤਨੀ ਮਨਪ੍ਰੀਤ ਕੌਰ ਅਤੇ ਉਸਦੇ ਪ੍ਰੇਮੀ ਜੱਸਾ ਸਿੰਘ ਦੇ ਖ਼ਿਲਾਫ਼ ਥਾਣਾ ਬਾਘਾਪੁਰਾਣਾ ਵਿਖੇ ਅਪਰਾਧਿਕ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਅਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

## ਬਠਿੰਡਾ ਮਿਲਟਰੀ ਛਾਉਣੀ ਦੀ ਸੁਰੱਖਿਆ ਵਿਚ ਵੱਡੀ ਸੰਨ੍ਹ

# ਹਾਈਟੈੱਕ ਕੈਮਰਾ ਲਗਾ ਕੇ ਪਾਕਿਸਤਾਨ ਤੇ ਕੈਨੇਡਾ ਲਾਈਵ ਵੀਡੀਓ ਭੇਜਣ ਵਾਲੇ 2 ਕਾਬੂ

ਬਠਿੰਡਾ-ਏਸ਼ੀਆ ਦੀ ਸਭ ਤੋਂ ਵੱਡੀ ਫ਼ੌਜੀ ਛਾਉਣੀ ਅਤੇ ਬਠਿੰਡਾ ਸਥਿਤ ਏਅਰ ਫੋਰਸ ਸਟੇਸ਼ਨ ਦੀ ਸੁਰੱਖਿਆ ਨਾਲ ਜੁੜਿਆ ਇੱਕ ਬਹੁਤ ਹੀ ਗੰਭੀਰ ਅਤੇ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ। ਪਾਕਿਸਤਾਨ ਲਈ ਜਾਸੂਸੀ ਕਰਨ ਅਤੇ ਦੇਸ਼ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਪੁਲਿਸ ਨੇ ਇੱਕ ਹਾਈਟੈੱਕ ਜਾਸੂਸੀ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਸਾਂਝੀ ਕਾਰਵਾਈ ਥਾਣਾ ਥਰਮਲ ਦੀ ਪੁਲਿਸ, ਕਾਊਂਟਰ ਇੰਟੈਲੀਜੈਂਸ ਅਤੇ ਸੀਆਈਏ-ਇਕ ਦੀਆਂ ਟੀਮਾਂ ਵੱਲੋਂ ਅਮਲ ਵਿੱਚ ਲਿਆਂਦੀ ਗਈ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਅਸ਼ੋਕ ਸਿੰਘ (ਵਾਸੀ ਪਿੰਡ ਸਰਾਏ ਨਾਗਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਅਤੇ ਅਕਾਸ਼ਦੀਪ ਸਿੰਘ (ਵਾਸੀ ਅੰਮ੍ਰਿਤਸਰ) ਵਜੋਂ ਹੋਈ ਹੈ।

ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਉਨ੍ਹਾਂ ਵੱਲੋਂ ਲਗਾਏ ਗਏ ਹਾਈਟੈੱਕ ਕੈਮਰੇ ਦੀ ਲਾਈਵ ਵੀਡੀਓ ਫੁਟੇਜ ਸਿੱਧੀ ਪਾਕਿਸਤਾਨ ਅਤੇ ਕੈਨੇਡਾ ਭੇਜ ਦਿੱਤੀ ਜਾਂਦੀ ਸੀ। ਪੁਲਿਸ ਮੁਤਾਬਕ ਪਾਕਿਸਤਾਨੀ ਸਬੰਧਾਂ ਨੂੰ ਦੇਖਦਿਆਂ ਇਹ ਮਾਮਲਾ ਸਿੱਧਾ ਖੁਫੀਆ ਏਜੰਸੀ ਆਈਐੱਸਆਈ ਨਾਲ ਜੁੜਿਆ ਜਾਪਦਾ ਹੈ।

ਐੱਸਪੀ ਸਿਟੀ ਨਰਿੰਦਰ ਸਿੰਘ ਨੇ ਪ੍ਰੈੱਸ



ਕਾਨਫਰੰਸ ਦੌਰਾਨ ਦੱਸਿਆ ਕਿ ਮੁਲਜ਼ਮਾਂ ਨੇ ਮਾਰਚ ਮਹੀਨੇ ਵਿੱਚ ਬਠਿੰਡਾ ਸ਼ਹਿਰ ਤੇ ਛਾਉਣੀ ਦੀ ਰੇਕੀ ਕੀਤੀ ਸੀ। ਛਾਉਣੀ ਦੇ ਅੰਦਰ ਢੁਕਵੀਂ ਜਗ੍ਹਾ ਨਾ ਮਿਲਣ ਕਾਰਨ ਉਨ੍ਹਾਂ ਨੇ ਬਠਿੰਡਾ-ਮਲੋਟ ਰੋਡ 'ਤੇ ਅੰਬੂਜਾ ਸੀਮੈਂਟ ਫੈਕਟਰੀ ਦੇ ਬਿਲਕੁਲ ਸਾਹਮਣੇ ਇੱਕ ਖੰਭੇ 'ਤੇ ਇਹ ਕੈਮਰਾ ਫਿੱਟ ਕਰ ਦਿੱਤਾ।

ਰਣਨੀਤਕ ਲੋਕੇਸ਼ਨ: ਦੱਸਣਯੋਗ ਹੈ ਕਿ ਰਾਜਸਥਾਨ ਵਿੱਚ ਸਥਿਤ ਫ਼ੌਜੀ ਰੇਂਜਾਂ ਵਿੱਚ ਜਾਣ ਲਈ ਭਾਰਤੀ ਫ਼ੌਜ ਦੀ ਹਰਕਤ ਅਤੇ ਸਰਗਰਮੀ ਇਸੇ ਰੋਡ ਰਾਹੀਂ ਹੁੰਦੀ ਹੈ। ਇਸ ਤੋਂ ਇਲਾਵਾ ਇਸੇ ਰੋਡ 'ਤੇ ਏਅਰ ਫੋਰਸ ਸਟੇਸ਼ਨ, ਇੰਡੀਅਨ ਆਇਲ ਅਤੇ ਹਿੰਦੋਸਤਾਨ ਪੈਟਰੋਲੀਅਮ ਦੇ ਵੱਡੇ ਤੇਲ ਡੀਪੂ ਵੀ ਮੌਜੂਦ ਹਨ, ਜਿਸ ਕਾਰਨ ਇਹ ਸੁਰੱਖਿਆ ਸੰਨ੍ਹ ਬਹੁਤ ਨਾਜ਼ੁਕ ਬਣ ਜਾਂਦੀ ਹੈ।

### ਕੈਮਰੇ ਦੀ ਤਕਨੀਕ ਅਤੇ ਹੋਰ ਮੁਲਜ਼ਮ

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਕੈਮਰਾ ਸੋਲਰ ਐਨਰਜੀ (ਸੂਰਜੀ ਊਰਜਾ) ਨਾਲ ਚੱਲਣ ਵਾਲਾ ਸੀ ਤਾਂ ਜੋ ਬਿਜਲੀ ਕੱਟ ਹੋਣ 'ਤੇ ਵੀ ਇਹ ਬੰਦ ਨਾ ਹੋਵੇ। ਫੜੇ ਗਏ ਮੁਲਜ਼ਮਾਂ ਵਿੱਚੋਂ ਇੱਕ ਤੰਦੂਰੀਆ ਹੈ, ਜਿਸ ਨੇ ਇਹ ਸਪੈਸ਼ਲ ਕੈਮਰਾ ਤੇ ਸਿਮ ਕਾਰਡ ਖ਼ਰੀਦਿਆ ਸੀ, ਜਦਕਿ ਦੂਜੇ ਨੇ ਬਠਿੰਡਾ ਪਹੁੰਚ ਕੇ ਇਸ ਨੂੰ ਖੰਭੇ 'ਤੇ ਇੰਸਟਾਲ ਕੀਤਾ ਸੀ।

ਪੁਲਿਸ ਮੁਤਾਬਕ ਇਸ ਜਾਸੂਸੀ ਨੈੱਟਵਰਕ ਵਿੱਚ ਦੋ ਹੋਰ ਵਿਅਕਤੀ ਵੀ ਸ਼ਾਮਲ ਹਨ, ਜਿਨ੍ਹਾਂ ਦੇ ਨਾਂ ਫਿਲਹਾਲ ਗੁਪਤ ਰੱਖੇ ਗਏ ਹਨ। ਪੁਲਿਸ ਹੁਣ ਮੁਲਜ਼ਮਾਂ ਦੇ ਬੈਂਕ ਖਾਤਿਆਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਦੇਸ਼ ਨਾਲ ਗੱਦਾਰੀ ਕਰਨ ਬਦਲੇ ਇਨ੍ਹਾਂ ਨੂੰ ਵਿਦੇਸ਼ਾਂ ਤੋਂ ਕਿੰਨੀ ਰਕਮ ਮਿਲ ਰਹੀ ਸੀ।

### ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ: 3 ਮਹੀਨਿਆਂ ਬਾਅਦ ਲੱਗਾ ਪਤਾ

ਇਸ ਪੂਰੇ ਘਟਨਾਕ੍ਰਮ ਵਿੱਚ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਦੀ ਵੱਡੀ ਲਾਪਰਵਾਹੀ ਵੀ ਸਾਹਮਣੇ ਆਈ ਹੈ। ਇਹ ਹਾਈਟੈੱਕ ਕੈਮਰਾ ਪਿਛਲੇ 3 ਮਹੀਨਿਆਂ ਤੋਂ ਲਗਾਤਾਰ ਦੇਸ਼ ਦੀ ਫ਼ੌਜੀ ਸਰਗਰਮੀ ਦੀ ਲਾਈਵ ਫੁਟੇਜ ਸਰਹੱਦ ਪਾਰ ਭੇਜ ਰਿਹਾ ਸੀ, ਪਰ ਪੁਲਿਸ ਬੇਖ਼ਬਰ ਰਹੀ। ਸ਼ੁਰੂਆਤ ਵਿੱਚ ਪੁਲਿਸ ਨੂੰ ਇਨਪੁਟ ਮਿਲੀ ਸੀ, ਪਰ ਉਨ੍ਹਾਂ ਨੇ ਸਿਰਫ਼ ਬਠਿੰਡਾ ਛਾਉਣੀ ਵਾਲੇ ਪਾਸੇ ਹੀ ਚੈਕਿੰਗ ਕੀਤੀ ਅਤੇ ਉੱਥੇ ਕੁਝ ਨਾ ਮਿਲਣ 'ਤੇ ਮਾਮਲਾ ਠੰਢੇ ਬਸਤੇ ਵਿੱਚ ਪਾ ਦਿੱਤਾ। ਹੁਣ ਜਦੋਂ ਦੁਬਾਰਾ ਪੱਕੀ ਖ਼ਬਰ ਮਿਲੀ ਕਿ ਕੈਮਰਾ ਮਲੋਟ ਰੋਡ 'ਤੇ ਲੱਗਾ ਹੋਇਆ ਹੈ, ਤਦ ਜਾ ਕੇ ਪੁਲਿਸ ਹਰਕਤ ਵਿੱਚ ਆਈ।

ਪੁਲਿਸ ਨੇ ਮੁਲਜ਼ਮਾਂ ਦੇ ਮੋਬਾਈਲ ਫ਼ੋਨ ਜ਼ਬਤ ਕਰ ਕੇ ਫੋਰੈਂਸਿਕ ਜਾਂਚ ਲਈ ਭੇਜ ਦਿੱਤੇ ਹਨ। ਮੁਲਜ਼ਮਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਧਰਮਕੋਟ ਵਿਚ ਵੱਡੀ ਘਟਨਾ ਟਲੀ: ਗੁਰਦੁਆਰਾ ਸਾਹਿਬ ਦਾ ਸ਼ੀਸ਼ਾ ਤੋੜ ਕੇ ਸੁਖ ਆਸਣ ਅਸਥਾਨ ਤੱਕ ਪੁੱਜਾ ਦੋਸ਼ੀ, ਪਿੰਡ ਵਾਸੀਆਂ ਨੇ ਦਬੋਚਿਆ

ਧਰਮਕੋਟ-ਕਸਬਾ ਧਰਮਕੋਟ ਦੀ ਢੁੱਘਾ ਵਸਤੀ ਵਿਖੇ ਸਥਿਤ ਗੁਰਦੁਆਰਾ 'ਧਰਮ ਕੀ ਪਾਉੜੀ' ਵਿੱਚ ਬੀਤੇ ਦਿਨੀਂ ਤੜਕਸਾਰ ਸਮੇਂ ਸਿਰ ਪਤਾ ਲੱਗਣ ਕਾਰਨ ਬੇਅਦਬੀ ਦੀ ਇੱਕ ਵੱਡੀ ਘਟਨਾ ਹੋਣੋਂ ਟਲ ਗਈ। ਸੁਚੇਤ ਪਿੰਡ ਵਾਸੀਆਂ ਨੇ ਮੁਲਜ਼ਮ ਨੂੰ ਮੌਕੇ 'ਤੇ ਹੀ ਦਬੋਚ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ ਹੈ। ਫੜੇ ਗਏ ਸ਼ਖ਼ਸ ਕੋਲੋਂ ਜ਼ਰਦਾ ਅਤੇ ਤੰਬਾਕੂ ਵੀ ਬਰਾਮਦ ਹੋਇਆ ਹੈ।

### ਕਿਵੇਂ ਵਾਪਰੀ ਘਟਨਾ ?

ਇਹ ਗੁਰਦੁਆਰਾ ਸਾਹਿਬ ਵਸਤੀ ਦੇ ਬਾਹਰ ਢਾਣੀਆਂ ਵਿੱਚ ਰਹਿੰਦੇ ਪਰਿਵਾਰਾਂ ਵੱਲੋਂ ਬਣਾਇਆ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ ਸਵੇਰੇ ਲਗਭਗ 8 ਵਜੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗਿਆਨੀ ਬਲਦੇਵ ਸਿੰਘ ਨਿਤਨੇਮ ਕਰਨ ਤੋਂ ਬਾਅਦ ਮੁੱਖ ਦਰਵਾਜ਼ੇ ਨੂੰ ਤਾਲਾ ਲਗਾ ਕੇ ਅਤੇ ਨਜ਼ਦੀਕੀ ਘਰ ਨੂੰ ਸੂਚਿਤ ਕਰਕੇ ਆਪਣੇ ਘਰ ਧਰਮਕੋਟ ਚਲੇ ਗਏ ਸਨ।

ਇਸੇ ਦੌਰਾਨ ਅਪਰਾਧੀ, ਜਿਸਨੇ ਕੈਪਰੀ ਪਹਿਨੀ ਹੋਈ ਸੀ, ਉੱਥੇ ਪੁੱਜਾ ਅਤੇ ਗੁਰਦੁਆਰਾ ਸਾਹਿਬ ਦੀ ਬਾਰੀ ਦਾ ਸ਼ੀਸ਼ਾ ਤੋੜ ਕੇ ਅੰਦਰ ਦਾਖਲ ਹੋ ਗਿਆ। ਅੰਦਰ ਵੜਦਿਆਂ ਹੀ ਪਹਿਲਾਂ ਉਸ ਨੇ ਗੋਲਕ ਨਾਲ



ਛੇੜਛਾੜ ਕੀਤੀ ਅਤੇ ਬਾਅਦ ਵਿੱਚ ਉਹ ਸੁਖਆਸਣ ਅਸਥਾਨ ਤੱਕ ਪਹੁੰਚ ਗਿਆ।

### ਔਰਤ ਦੀ ਮੁਸਤੈਦੀ ਨਾਲ ਕਾਬੂ ਆਇਆ ਮੁਲਜ਼ਮ

ਜਿਸ ਵੇਲੇ ਮੁਲਜ਼ਮ ਅੰਦਰ ਵਾਰਦਾਤ ਨੂੰ ਅੰਜਾਮ ਦੇ ਰਿਹਾ ਸੀ, ਤਾਂ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਇੱਕ ਘਰ ਦੀ ਛੱਤ 'ਤੇ ਚੜ੍ਹੀ ਔਰਤ ਨੇ ਉਸ ਨੂੰ ਦੇਖ ਲਿਆ ਅਤੇ ਤੁਰੰਤ ਰੌਲਾ ਪਾ ਦਿੱਤਾ। ਸ਼ੋਰ ਸੁਣ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ, ਕਮੇਟੀ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਆਸ-ਪਾਸ ਦੇ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਮੁਲਜ਼ਮ ਨੂੰ ਘੇਰ ਕੇ ਕਾਬੂ ਕਰ ਲਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ ਜ਼ਰਦਾ-ਤੰਬਾਕੂ ਬਰਾਮਦ ਹੋਇਆ।

### ਪੁਲੀਸ ਦੀ ਮੁੱਢਲੀ ਜਾਂਚ: ਬੇਅਦਬੀ ਜਾਂ ਚੋਰੀ ?

ਸੂਚਨਾ ਮਿਲਣ ਤੋਂ ਬਾਅਦ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲੀਸ ਮੁਤਾਬਕ ਫੜੇ ਗਏ ਮੁਲਜ਼ਮ ਦੀ ਪਛਾਣ ਹਰਭਿੰਦਰ ਸਿੰਘ , ਵਾਸੀ ਪਿੰਡ ਜਲਾਲਾਬਾਦ ਪੂਰਬੀ ਵਜੋਂ ਹੋਈ ਹੈ। ਪੁਲੀਸ ਨੇ ਦੱਸਿਆ ਕਿ ਉਕਤ ਨੌਜਵਾਨ 'ਤੇ ਪਹਿਲਾਂ ਵੀ ਚੋਰੀ ਦੇ ਮਾਮਲੇ ਦਰਜ ਹਨ।

ਹਲਕਾ ਡੀ.ਐੱਸ.ਪੀ. ਸੁਖਵਿੰਦਰ ਸਿੰਘ ਬਰਾੜ ਨੇ ਦੱਸਿਆ: "ਮੁੱਢਲੀ ਪੜਤਾਲ ਤੋਂ ਇਹ ਮਾਮਲਾ ਗੋਲਕ ਵਿੱਚੋਂ ਚੋਰੀ ਕਰਨ ਦੀ ਨੀਅਤ ਦਾ ਜਾਪਦਾ ਹੈ, ਪਰ ਫਿਰ ਵੀ ਪੁਲੀਸ ਹਰ ਪਹਿਲੂ ਤੋਂ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ ਹੈ ਅਤੇ ਉਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।"

ਇਸ ਘਟਨਾ ਤੋਂ ਬਾਅਦ ਸਿੱਖ ਜਥੇਬੰਦੀਆਂ ਵਿੱਚ ਰੋਸ ਹੈ। ਮੌਕੇ 'ਤੇ ਪਹੁੰਚੇ ਸ਼੍ਰੋਮਣੀ ਪੰਥਕ ਅਕਾਲੀ ਦਸਮੇਸ਼ ਤਰਨਾ ਦਲ ਘੋੜਸਵਾਰ ਦੇ ਮੁੱਖੀ ਬਾਬਾ ਸਤਨਾਮ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕਮੇਟੀ ਦੀ ਅਣਗਹਿਲੀ ਕਾਰਨ ਹੋਇਆ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਦੋ ਸਾਲ ਪਹਿਲਾਂ ਵੀ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੇ ਨਿਰਮਾਣ ਵੇਲੇ ਪੱਥਰ ਲਗਾਉਣ ਵਾਲੇ ਇੱਕ ਪਰਵਾਸੀ ਮਜ਼ਦੂਰ ਕੋਲੋਂ ਤੰਬਾਕੂ ਮਿਲਿਆ ਸੀ, ਜਿਸ ਬਾਰੇ ਕਮੇਟੀ ਨੂੰ ਜਾਣੂ ਕਰਵਾਇਆ ਗਿਆ ਸੀ ਪਰ ਉਦੋਂ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਗਈ ਸੀ।

# Importance of Girls' Football Tournaments, Especially for South Asian Girls

Girls' football tournaments play a vital role in developing confidence, leadership, and opportunities for young women. For South Asian girls, these tournaments are even more important because they help overcome cultural, social, and representation barriers that have traditionally limited participation in sport.

**1. Breaking Cultural Barriers**

Many South Asian girls face challenges such as stereotypes, lack of encouragement, and limited access to sporting opportunities. Football tournaments create safe and supportive environments where girls can participate, compete, and demonstrate their abilities.

**2. Building Confidence and Self-Esteem**

Taking part in football competitions helps girls:

Develop self-confidence

Improve communication skills

Learn teamwork and leadership

Build resilience through competition

Success on the pitch often translates into greater confidence in education, careers, and everyday life.

**3. Increasing Representation**

South Asian women remain underrepresented in football compared to other communities. Tournaments provide visibility for talented players and create role models for younger generations. Seeing South Asian girls playing and succeeding encourages more families to support participation in sport.

**4. The Importance of Sikh Role Models**

Visible Sikh role models in football are essential in inspiring the next generation of players. When young Sikh girls see players, coaches, referees, and leaders from similar backgrounds succeeding in the game, it helps them believe that football is a space where they belong.

**Sikh role models:**

Challenge stereotypes and misconceptions.

Demonstrate that faith, culture, and sport can coexist.

Encourage families to support girls' participation in football.

Provide examples of resilience, dedication, and achievement.

Show young girls that they can pursue their ambitions without compromising their identity.




Representation matters because it helps turn aspirations into achievable goals.

**5. Inspiring the Next Generation**

Girls' football tournaments create opportunities for young players to see successful women and girls from South Asian and Sikh backgrounds competing, coaching, and leading. These experiences can have a lasting impact on young participants who may never have previously seen someone like themselves involved in football.

Every match, tournament, and success story sends a powerful message:

"If they can do it, so can I."

This inspiration encourages more girls to join local clubs, stay involved in sport longer, and pursue pathways into coaching, refereeing, leadership, and elite football.

**6. Improving Physical and Mental Health**

Regular football participation promotes:

Physical fitness

Healthy lifestyles

Better mental wellbeing

Reduced stress and anxiety

Strong social connections and friendships

**7. Creating Pathways and Opportunities**

Tournaments help identify talented players and connect them with:

Grassroots clubs

Academy programmes

County teams

Scholarship opportunities

Professional football pathways

Organizations such as The Football Association continue to recognize the importance of creating more inclusive opportunities for girls from diverse communities.

**8. Strengthening Community Cohesion**

Girls' football tournaments bring together families, schools, clubs, and communities. They help challenge misconceptions about women's sport while promoting inclusion, diversity, and equality.

**Conclusion**

Girls' football tournaments are far more than sporting events. They are platforms for empowerment, representation, and social change. For South Asian and Sikh girls, they provide opportunities to develop confidence, build friendships, and pursue their ambitions. By celebrating Sikh role models and increasing visibility within the game, we can inspire the next generation to dream bigger, participate more, and become future leaders both on and off the pitch.

"You can't be what you can't see." By creating opportunities and highlighting successful Sikh and South Asian women in football, we help ensure that every young girl can see a pathway into the game and believe that she belongs there.

**How many Girls teams took part**

Birmingham Girls' Football Tournament – Celebrating Participation, Success and Representation

The Birmingham Girls' Football Tournament brought together talented young players from across the Midlands and beyond, creating an inspiring platform for competition, development, and representation. A total of 9 teams participated across two age groups, showcasing the continued growth of girls' football within South Asian and Sikh communities.

U13 Teams

GNG U12 Lionesses

SS Hounslow

GNP Coventry

Nottingham Sikh Lionesses

GNG U13 Lionesses

U15 Teams

GNG U14 Lionesses

GNG U14 Pumas

GNP Coventry Panthers

GNP Coventry Panthers U15

Tournament Results

U13 Competition

**Winners:** Nottingham Sikh Lionesses

**Runners-Up:** GNG U13 Lionesses

U15 Competition

**Winners:** GNG U14 Pumas

Runners-Up: GNP Coventry Panthers

The Importance of Representation and Role Models

The tournament showcased the growing strength of girls' football within South Asian communities and highlighted the importance of creating opportunities for young Sikh and South Asian girls to participate, compete, and thrive in a supportive environment.

Events like this are about much more than football. They provide young players with the chance to build confidence, develop leadership skills, build friendships, and create lasting memories. They also offer much-needed visibility for Sikh and South Asian girls in the game, helping to challenge stereotypes and inspire future generations.

The success of teams such as Nottingham Sikh Lionesses demonstrates the positive impact of community-led football programmes and the importance of representation within the sport. When young girls see players from similar cultural and faith backgrounds succeeding on the pitch, it reinforces the message that football is a game for everyone.

Every player who stepped onto the pitch became a role model for younger girls watching from the sidelines. Their passion, determination, teamwork, and resilience reflected the values that football helps to develop both on and off the field.

**Looking Ahead**

The Birmingham Girls' Football Tournament was a celebration of talent, diversity, and community. By continuing to provide opportunities like this, we can inspire more girls to participate in football, increase representation across the game, and create pathways for the next generation of players, coaches, referees, and leaders.

Congratulations to all players, coaches, volunteers, and families who contributed to a fantastic day of football. Together, we are helping to build a more inclusive future for the game and inspiring the next generation of Sikh and South Asian girls to dream big and achieve their potential.

# SEERET KAUR BINNING – INSPIRING THE NEXT GENERATION

The appointment of Seeret Kaur Binning as England Under-16 Girls Captain is a landmark moment, not only for football but for the Sikh community as a whole. As a young Sikh girl leading her country on the international stage, Seeret is breaking barriers, challenging stereotypes, and showing what is possible when talent, hard work, and determination are given the opportunity to shine.

For many years, Sikh girls have been underrepresented in football. Young players often struggle to find role models who look like them, share their culture, or understand their journey. Seeret's achievement changes that. She provides a visible example that Sikh girls belong in football and can succeed at the very highest levels of the game.

What makes Seeret's achievement even more significant is that she is not only representing England but doing so as captain. Leadership is one of the most respected positions in any team. Captains are trusted to lead by example, inspire teammates, communicate with coaches, and represent their country with pride and responsibility.




Seeret's selection as captain sends a powerful message that Sikh girls can not only play football but can also lead, influence, and shape the future of the game.

Her journey should inspire every young Sikh girl who dreams of playing football. Whether they are taking their first steps at a grassroots club, playing for their school team, or competing in local tournaments, Seeret's story proves that there are no limits to what they can achieve. She is showing the next generation that their faith, culture, and identity are strengths, not barriers.

The Sikh community should celebrate and support Seeret's achievement. Young role models are essential in encouraging participation, building confidence, and inspiring ambition. By getting behind Seeret and sharing her story, we can help more girls believe in themselves and encourage more families to support their daughters in sport.

Every Sikh girl involved in football should know who Seeret Kaur Binning is and what she represents. She is more than an England captain; she is a pioneer, a leader, and an inspiration. Her success belongs not only to her but also to every young Sikh girl who dreams of wearing a football shirt, leading a team, and achieving something special.

Seeret's journey reminds us all that representation matters. When young girls can see someone who looks like them leading England, they begin to believe that they can do it too. That belief has the power to change lives, strengthen communities, and inspire a new generation of Sikh girls to step onto the pitch with confidence and pride.

Seeret Kaur Binning is not just leading England Under-16s—she is helping lead the future of Sikh girls' football.

* * *

# Sarpreet Singh – A Trailblazer and Inspiration for the Sikh Community

Sarpreet Singh's journey to professional football is one of the most inspiring stories in modern football for the Sikh community. As a proud Sikh footballer who represented New Zealand on the international stage and became one of the first Sikh players to sign for world football giants Bayern Munich, Sarpreet has shown that Sikh players can compete at the very highest levels of the game.

For young Sikh boys and girls growing up with dreams of playing football, Sarpreet's success is proof that there should be no limits on ambition. His journey demonstrates that talent, dedication, hard work, and belief can overcome barriers and create opportunities on the global stage.




What makes Sarpreet's story so powerful is that he has remained connected to his Sikh identity while pursuing his football career. For many young people, seeing someone who shares their culture, background, and values succeed in elite football provides confidence and belief that they too can follow their dreams.

Although Sarpreet is a male footballer, his impact extends far beyond the boys' game. His success sends a strong message to Sikh girls entering football that they belong in the sport and should never feel that football is not for them. If Sikh players can represent their country, play for some of the world's biggest clubs, and compete at the highest levels, then Sikh girls can also achieve greatness in football as players, captains, coaches, referees, and leaders.

Role models are essential because they help young people see what is possible. Many Sikh girls have historically lacked visible role models within football. Sarpreet's story, alongside the achievements of emerging Sikh female players and leaders, helps break down stereotypes and encourages more families to support girls participating in sport.

The Sikh community should celebrate and support role models such as Sarpreet Singh because their success opens doors for future generations. Every young player who sees his journey can understand that football is a game where Sikh people belong and can excel.

It is important that all young players know Sarpreet's story. His achievements represent more than individual success; they represent progress, representation, and opportunity for the entire Sikh community. His journey from New Zealand to Bayern Munich shows that dreams can become reality regardless of background..

Sarpreet Singh is more than a footballer. He is a pioneer, a role model, and an inspiration whose achievements continue to motivate Sikh players around the world to pursue their ambitions with confidence and pride.

* * *

# • ਪੰਜਾਬੀ ਫ਼ਿਲਮ ਦਰਪਣ •

**ਅਮਰਪਾਲ ਦੀ ਕਰੇ ਤਰੀਫ਼ ਮਾਡਲ**



**ਲਕਸ਼ਿਤਾ**-ਪਤਲੀ ਪਤੰਗ ਜਿਹੀ ਗੋਰੀ ਗੋਰੀ ਲਕਸ਼ਿਤਾ ਇਸ ਵੇਲੇ ਪੰਜਾਬੀ ਵੀਡੀਓ ਸ਼ਾਨਦਾਰ ਕਰ ਕਿ ਵੀਡੀਓ ਕਲਚਰ ਵਿੱਚ ਰਾਣੀ ਬਣੀ ਹੋਈ ਹੈ। ਮੋਟੇ ਮੋਟੇ ਨੈਣ ਕੁੱਝ ਕਹਿਣ ਤੇ ਗੋਲ ਚਿਹਰਾ ਦੱਸਦਾ ਕਿ ਲਕਸ਼ਿਤਾ ਹੀਰੋਇਨ ਲੱਗਦੀ ਹੈ। ਕਿਰਨ ਰੰਧਾਵਾ ਗਾਇਕਾ ਦੇ ਨਾਲ ਓਸ ਦੇ ਵੀਡੀਓ "ਗੋਰਾ ਰੰਗ" ਦੇ ਸੈੱਟ ਤੇ ਮਿਲੀ ਲਕਸ਼ਿਤਾ ਨੇ ਕਿਹਾ ਕਿ ਮੈਨੂੰ ਵੀਡੀਓ ਨਿਰਦੇਸ਼ਕ ਅਮਰਪਾਲ ਤੇ ਬਹੁਤ ਰਸਕ ਏ ਮਾਣ ਹੈ ਜਿਹਨਾਂ ਮੈਨੂੰ ਸ਼ੰਮੀ ਖਾਨ ਕਿਰਨ ਦੇ ਗੀਤ ਲਈ ਮੁੱਖ ਮਾਡਲ ਲਿਆ ਹੈ ਤੇ ਅਮਰਪਾਲ ਆਧੁਨਿਕ ਤਕਨੀਕ ਦੇ ਵੀਡੀਓ ਤੇ ਨਾਲ ਦਿਲਚਸਪ ਸਟੋਰੀ ਬਣਾ ਰਹੇ ਹਨ। ਓਹਨਾਂ ਦਾ ਸੁਭਾਅ ਮੈਨੂੰ ਪ੍ਰਭਾਵਿਤ ਕਰ ਗਿਆ ਤੇ ਓਹ ਆਖਦੇ ਨੇ ਲਕਸ਼ਿਤ ਤੁਸੀਂ ਇੱਕ ਦਿਨ ਬਾਲੀਵੁੱਡ ਜਾਓਗੇ ਬਸ ਮਿਹਨਤ ਕਰਦੇ ਰਹਿਣਾ। ਲਕਸ਼ੀਤ ਨੇ ਇਹ ਵੀ ਦੱਸਿਆ ਕਿ ਓਹ ਡਾਂਸ, ਤੈਰਾਕੀ, ਡਰਾਈਵਰੀ ਤੇ ਸਟੰਟ ਅੱਛੀ ਤਰ੍ਹਾਂ ਨਾਲ ਸਿੱਖਿਅਤ ਹੋ ਰਹੀ ਹੈ। ਅਮਰਪਾਲ ਜੀ ਜਿਹਾ ਕੋਈ ਈਮਾਨ ਵਾਲਾ ਨਿਰਦੇਸ਼ਕ ਮਿਲਿਆ ਤਾਂ ਉਹਦਾ ਡੇਬਿਊ ਪਾਲੀਵੁੱਡ ਵਿੱਚ ਵਧੀਆ ਹੋਊ। ਬਾਕੀ ਸ਼ੰਮੀ ਖਾਨ ਨੇ ਕਿਰਨ ਰੰਧਾਵਾ ਨਾਲ ਮਿੱਠੇ ਸੁਰ ਨਾਲ ਗਾ ਇਹ ਗਾਣਾ ਹਿੱਟ ਪਹਿਲੇ ਹੀ ਹੋਣ ਦਾ ਸੰਕੇਤ ਦਿੱਤਾ ਹੈ। ਗੱਲ ਕਿ ਲਕਸ਼ਿਤਾ ਆ ਰਹੇ ਕਲ ਦੀ ਸੁਪਰ ਨਾਇਕਾ ਹੈ।

**ਪਫਟਾ ਫਿਲਮ ਮੇਲੇ ਭਗਵੰਤ ਕੰਗ ਦੀ**



**ਫ਼ਿਲਮ ਕਾਲੀ ਬੋਲੀ ਰਾਤ**-ਗੁੱਗੂ ਗਿੱਲ ਦੀ ਚੇਅਰਮੈਨੀ ਤੇ ਬੀਨੂੰ ਢਿੱਲੋਂ ਦੀ ਮੁੱਖ ਸਕੱਤਰ ਅਧੀਨ ਪੰਜਾਬੀ ਫਿਲਮ ਟੀਵੀ ਕਲਾਕਾਰ ਐਸੋਸੀਏਸ਼ਨ ਵੱਲੋਂ ਤਿੰਨ ਦਿਨ ਦਾ ਪੰਜਾਬੀ ਲਘੂ ਫ਼ਿਲਮਾਂ ਦਾ ਮੇਲਾ ਤੇ ਇਸ ਵਿੱਚ ਭਗਵੰਤ ਕੰਗ ਦੀ ਸ਼ੋਰਟ ਫ਼ਿਲਮ "ਕਾਲੀ ਬੋਲੀ ਰਾਤ" ਦੇ ਚਰਚੇ। ਇਹ ਫਿਲਮ ਫ਼ਿਲਮੀ ਅੱਡਾ ਦੇ ਪਰਚਮ ਅਧੀਨ ਤਿਆਰ ਹੋ ਕਿ ਯੂਟਿਊਬ ਤੇ ਅੱਛੀ ਰਹੀ ਸੀ। ਪਰਮਜੀਤ ਸਿੰਘ ਨਾਗਰਾ ਜਿਹੜੇ ਕੰਗ ਨਾਲ ਨਿਰਮਾਤਾ ਨੇ ਦੱਸਿਆ ਕਿ ਸ਼ਿਵ ਚਰਨ ਜੱਗੀ ਕੁੱਸਾ ਨੇ ਪਟਕਥਾ ਤੇ ਸੰਵਾਦ ਅਜਿਹੇ ਲਿਖੇ ਕਿ ਸਵਾਦ ਆ ਗਿਆ ਤੇ ਸਾਡੇ ਡੀ ਓ ਪੀ ਜੱਸਜੋਤ ਗਿੱਲ ਨੇ ਆਪਣੀ ਕਮਾਲ ਦਿਖਾਈ ਜਿਸ ਦੀ ਸਿਫਤ ਮੇਲੇ ਵਿੱਚ ਜ਼ਾਹਿਰ ਹੈ ਹੋਣੀ ਹੀ ਸੀ। ਲਖਵਿੰਦਰ ਜਟਾਣਾ ਤੇ ਅਮਨ ਚਾਹਲ ਨੇ ਗੁਰਪ੍ਰੀਤ ਵੜੈਚ ਨਾਲ "ਕਾਲੀ ਬੋਲੀ ਰਾਤ" ਨੂੰ ਵਧੀਆ ਬਣਾਉਣ ਲਈ ਆਪਣੇ ਆਪਣੇ ਯੋਗਦਾਨ ਦਿੱਤੇ। ਸਰਬਜੀਤ ਕੌਰ ਸੱਬੋ ਫਿਲਮ ਦੇ ਨਿਰਮਾਤਾ ਸਹਾਇਕਾ ਹਨ। "ਕਾਲੀ ਬੋਲੀ ਰਾਤ" ਵਿੱਚ ਰਸਮਿਕਾ ਆਪਣੀ ਜਸਮੀਨ ਕੌਰ ਬਰਨਾਲਾ ਦੀ ਐਕਟਿੰਗ ਦੇਖ ਅਸ਼ਕੇ ਕਹਿਣੇ ਨੂੰ ਚਿੱਤ ਕਰਦਾ ਹੈ। ਭਗਵੰਤ ਸਿੰਘ ਕੰਗ ਨੇ ਕਿਹਾ ਕਿ ਅਸੀਂ ਧੰਨਵਾਦ ਕਰਦੇ ਹਾਂ "ਪਫਟਾ" ਦਾ ਜਿਸ ਨੇ ਦੋ ਸਾਲ ਤੋਂ ਸ਼ੋਰਟ ਫ਼ਿਲਮਜ਼ ਨੂੰ ਆਪਣੀ ਛੋਟੀ ਭੈਣ ਸਮਝਿਆ ਹੈ। ਪਰਮਜੀਤ ਨਾਗਰਾ ਬੋਲੇ ਕਿ ਇਸ ਸੰਸਥਾ ਵੱਲੋ ਫਿਲਮ ਦਾ ਦੇਖ ਕਿ ਫਿਰ ਚੋਣ ਤੇ ਫਿਰ ਸਨਮਾਨ ਇਹ ਚੀਜ਼ਾਂ ਹੌਸਲਾ ਵਧਾ ਦਿੰਦੀਆਂ ਨੇ ਤੇ ਅਸੀਂ ਹੋਰ ਉਤਸ਼ਾਹ ਲੈਣ ਬਾਅਦ ਹੋਰ ਅੱਤੀ ਉੱਤਮ ਸ਼ੋਰਟ ਫ਼ਿਲਮਾਂ ਦਾ ਨਿਰਮਾਣ ਕਰਾਂਗੇ। ਇਸ ਤਰਾਂ ਸਰਬਜੀਤ ਕੌਰ ਸਾਬੋ ਨੇ ਕਿਹਾ ਕਿ ਸਾਡੇ ਡਾਇਰੈਕਟਰ ਭਗਵੰਤ ਸਿੰਘ ਕੰਗ ਤੇ ਲੇਖਕ ਸ਼ਿਵ ਚਰਨ ਜੱਗੀ ਕੁੱਸਾ ਨੂੰ ਸਿਹਰਾ ਜਿਹਨਾਂ ਕਾਰਨ "ਕਾਲੀ ਬੋਲੀ ਰਾਤ" ਅੱਜ ਮੱਸਿਆ ਦੀ ਰਾਤ ਪੰਜਾਬੀ ਸ਼ੋਰਟ ਫ਼ਿਲਮਾਂ ਲਈ ਬਣੀ ਹੈ ਤੇ ਜਸਮੀਨ ਕੌਰ ਬਰਨਾਲਾ ਬੋਲੀ ਕਿ ਇਹ ਮੇਰੀ ਲਘੂ ਫ਼ਿਲਮਾਂ ਵਿੱਚ ਇੱਕ ਯਾਦਗਾਰ ਰੋਲ ਵਾਲੀ ਫਿਲਮ ਹੈ।

**ਸਵਰਨ ਟਹਿਣਾ ਨੇ ਕੀਤੀ ਧੁੱਗਾ ਦੀ**



**ਤਰੀਫ਼ ਫਿਲਮ ਚਾਲੀ ਦਿਨ**-"ਚੱਜ ਦਾ ਵਿਚਾਰ" ਸਦਾ ਚੱਜ ਦੇ ਵਿਚਾਰਾਂ ਨੂੰ ਉਤਸ਼ਾਹ ਦਿੰਦਾ ਹੈ ਤੇ ਜਦ ਧੁੱਗਾ ਸਾਬ ਡਾਕਟਰ ਦੇ ਨਾਲ ਸਾਹਿਤ ਦੇ ਮਰੀਜ਼ਾਂ ਦਾ ਸਹੀ ਇਲਾਜ ਕਰਨ ਤਦ ਤਰੀਫ਼ ਸੁਭਾਵਿਕ ਹੈ।ਆਸਟ੍ਰੇਲੀਆ ਵਿੱਚ ਸਵਰਨ ਸਿੰਘ ਟਹਿਣਾ ਨੇ ਕਿਹਾ ਕਿ ਡਾਕਟਰ ਧੁੱਗਾ ਦਾ ਨਾਵਲ "ਚਾਲੀ ਦਿਨ" ਗਰਮ ਕੇਕ ਦੀ ਤਰਾਂ ਵਿੱਕ ਰਿਹਾ ਹੈ ਤੇ ਇਸ ਤੇ ਬਣੀ ਫਿਲਮ "ਚਾਲੀ ਦਿਨ" ਪੱਕੀ ਦੇਖਣੀ ਚਾਹੀਦੀ ਹੈ। ਗੱਲਾਂ ਵਿੱਚ ਓਹਨਾਂ ਨੂੰ ਰੋਸ ਸੀ ਕਿ "ਚੜਦੀਕਲਾ" ਪੰਜਾਬ ਰੋਕੀ ਗਈ? ਖ਼ੈਰ ਧਾਰਮਿਕ ਭਾਵਨਾਵਾਂ ਠੇਸ ਆਖ ਓਹਨਾਂ ਕਿਹਾ ਕਿ "ਚਾਲੀ ਦਿਨ" ਪੂਰਾ ਮਨੋਰੰਜਨ ਵੀ ਹੈ ਤੇ ਨਾਲ ਇਹ ਸਾਰਥਿਕ ਪੰਜਾਬੀ ਸਿਨੇਮਾ ਵੱਲ ਕਦਮ ਹੈ। ਸੁਖ਼ਨ ਵੜੈਚ ਇਸ ਫਿਲਮ ਚ ਹਨ ਓਹਨਾਂ ਨੂੰ ਮੁਬਾਰਕ। ਸਵਰਨ ਟਹਿਣਾ ਨੇ ਗੁਰਪ੍ਰੀਤ ਘੁੱਗੀ ਦੀ ਬੇਹਤਰੀਨ ਫਿਲਮ ਇਹ ਆਖੀ ਹੈ ਤੇ ਦੇਬੀ ਮਖਸੂਸਪੁਰੀ ਨੂੰ ਵਧਾਈ ਦਿੱਤੀ ਕਿ ਇਹਨਾਂ ਦੀ ਐਕਟਿੰਗ ਪੰਜਾਬੀ "ਚਾਲੀ ਦਿਨ" ਵਿੱਚ ਦੇਖਣਗੇ ਤੇ ਓਹਨਾਂ ਨਾਲ ਹਰਮਨ ਥਿੰਦ ਨੇ ਵੀ ਡਾਕਟਰ ਧੁੱਗਾ ਦੀ ਇਸ ਫਿਲਮ ਨੂੰ ਅੱਤੀ ਉੱਤਮ ਫਿਲਮ ਕਿਹਾ। ਸਵਰਨ ਟਹਿਣਾ ਨੇ ਹਰਕੀਰਤ ਸਿੰਘ ਸੰਧਰ ਤੇ ਬਲਰਾਜ ਸੰਘਾ ਦਾ ਡਾਕਟਰ ਪ੍ਰਭਜੋਤ ਸਿੰਘ ਨਾਲ ਮਿਲਣੀ ਲਈ ਧੰਨਵਾਦ ਵੀ ਕੀਤਾ। ਸਵਰਨ ਸਿੰਘ ਟਹਿਣਾ ਆਖਦੇ ਨੇ ਕਿ ਡਾਕਟਰ ਧੁੱਗਾ ਦੀ ਇਹ ਯਾਦਗਾਰ ਫਿਲਮ ਹਰੇਕ ਪੰਜਾਬੀ ਨੂੰ ਦੇਖਣੀ ਚਾਹੀਦੀ ਹੈ। "ਚਾਲੀ ਦਿਨ" ਕਲ ਨੂੰ ਬਹੁਤ ਸਾਰੇ ਐਵਾਰਡ ਵੀ ਲਿਜਾ ਸਕਦੀ ਹੈ। ਪ੍ਰਾਇਮ ਏਸ਼ੀਆ ਟੀਵੀ ਤੇ ਸਵਰਨ ਸਿੰਘ ਟਹਿਣਾ ਦੀ "ਚਾਲੀ ਦਿਨ" ਸਬੰਧੀ ਗੱਲਬਾਤ ਤੁਸੀਂ ਦੇਖ ਸਕਦੇ ਹੋ। "ਚਾਲੀ ਦਿਨ" ਜਿਹੀਆਂ ਫ਼ਿਲਮਜ਼ ਬਣਨ ਦਾ ਕੰਮ ਤੇਜ਼ ਹੋਊ ਜੇਕਰ ਅਸੀਂ ਦਰਸ਼ਕ ਟੀਮ ਦੀ ਫ਼ਿਲਮ ਬਹੁ ਗਿਣਤੀ ਵਿੱਚ ਦੇਖ ਓਹਨਾਂ ਨੂੰ ਉਤਸ਼ਾਹਿਤ ਕਰੀਏ।ਤੇ ਹਾਂ ਸਵਰਨ ਸਿੰਘ ਟਹਿਣਾ ਦਾ ਸ਼ੁਕਰੀਆ ਜਿਹੜੇ "ਚਾਲੀ ਦਿਨ" ਜਿਹੀ ਫਿਲਮ ਨੂੰ "ਚੱਜ ਦਾ ਵਿਚਾਰ" ਦਾ ਹਿੱਸਾ ਬਣਾ ਗਏ ਹਨ ਹਰਮਨ ਥਿੰਦ ਭੈਣ ਲਈ ਦੁਆਵਾਂ ਕਿ ਓਹ ਇੰਜ ਹੀ ਟਹਿਣਾ ਨਾਲ "ਚੱਜ ਦਾ ਵਿਚਾਰ" ਪੇਸ਼ ਕਰਦੀ ਰਹੇ।

**ਸ਼ੋਰਟ ਫ਼ਿਲਮ ਮੇਲੇ ਵਿੱਚ ਰਿਸ਼ੀ ਤੇ ਸਤਿਆ ਦਾ ਘੁੰਮਿਆ**



**ਪਹੀਆ**-ਸਭ ਤੋਂ ਪਹਿਲੇ ਕੋਟਨ ਕੋਟ ਵਧਾਈ ਜੇ ਐਸ ਮੋਸ਼ਨ ਪਿਕਚਰਜ਼ ਨੂੰ ਕਿ ਓਹਨਾਂ ਦੀ ਤਿਆਰ ਚਰਚਿਤ ਰਹੀ ਸ਼ੋਰਟ ਫਿਲਮ "ਪਹੀਆ" ਨੂੰ ਸ਼ੋਰਟ ਫਿਲਮ ਫੈਸਟੀਵਲ ਵਿੱਚ ਥਾਂ ਮਿਲੀ ਹੈ। ਜਸਬੀਰ ਰਿਸ਼ੀ ਤੇ ਸਤਿਆ ਸਿੰਘ ਇਸ ਫਿਲਮ ਦੇ ਨਿਰਮਾਤਾ ਹਨ। ਇਸ ਦੀ ਸਟੋਰੀ ਨਿਰਭੈ ਗਿੱਲ ਵੱਲੋਂ ਲਿਖੀ ਗਈ ਤੇ ਡੀ ਓ ਪੀ ਸ਼ਮਸ਼ੇਰ ਗਿੱਲ ਰਹੇ। ਭਗਵੰਤ ਸਿੰਘ ਕੰਗ ਇਸ ਦੇ ਨਿਰਦੇਸ਼ਕ ਹਨ ਤੇ ਇਸ ਤਰਾਂ ਭਗਵੰਤ ਸਿੰਘ ਕੰਗ ਦੀਆਂ ਦੋ ਫ਼ਿਲਮਾਂ ਫਿਲਹਾਲ ਇਸ ਲਘੂ ਫਿਲਮ ਮੇਲੇ ਦਾ ਸ਼ਿੰਗਾਰ "ਪਹੀਆ" ਤੇ "ਕਾਲੀ ਬੋਲੀ ਰਾਤ"। ਇਸ "ਪਹੀਆ" ਵਿੱਚ ਨਿਰਭੈ ਗਿੱਲ ਨਾਲ ਰਸਮਿਕ ਮੰਦਾਨਾ ਆਪਣੀ ਜਸਮੀਨ ਕੌਰ ਨੇ ਖਾਸ ਰੋਲ ਅਦਾ ਕੀਤਾ ਹੈ ਤੇ ਜਗਤਾਰ ਸਿੰਘ ਬੈਨੀਪਾਲ ਦੇ ਨਾਲ ਰਾਣਾ ਸਿੰਘ ਦਰਾਜ ਵੀ ਫਿਲਮ ਵਿੱਚ ਮੁੱਖ ਕਲਾਕਾਰ। ਅਮਦਾਦ ਅਲੀ ਤੇ ਧੀਰਾ ਮਾਨ ਵੀ ਫਿਲਮ "ਪਹੀਆ" ਦਾ ਹਿੱਸਾ ਰਹੇ।ਚੰਗੇ ਟੈਲੇਂਟ ਭਰਪੂਰ ਸਿਤਾਰੇ, ਭਗਵੰਤ ਕੰਗ ਜਿਹੇ ਸਰੀਖੇ ਨਿਰਦੇਸ਼ਕ ਤੇ ਰਿਸ਼ੀ ਸਤਿਆ ਦੀ ਨਿਰਮਾਣ ਜੋੜੀ ਦੀ "ਪਹੀਆ," ਨੂੰ ਪੰਜਾਬੀ ਫਿਲਮ ਤੇ ਟੀਵੀ ਕਲਾਕਾਰ ਸੰਸਥਾ ਕਿਸ ਸ਼੍ਰੇਣੀ ਵਿੱਚ ਰੱਖਦੀ ਹੈ ਜਲਦੀ ਦੱਸਾਂਗੇ। ਜਸਮੀਨ ਨੇ ਕਿਹਾ ਓਹ ਭਾਗ ਭਰੀ ਹੈ ਕਿ ਓਸ ਦੀਆਂ ਦੋ ਫ਼ਿਲਮਾਂ ਮੇਲੇ ਵਿੱਚ ਹਨ ਜਦ ਕਿ ਜਸਬੀਰ ਰਿਸ਼ੀ ਅਨੁਸਾਰ ਇਹ ਮੇਲਾ ਲਘੂ ਫ਼ਿਲਮਾਂ ਦਾ ਖੇਤਰ ਵਿਸ਼ਾਲ ਕਰੇਗਾ।ਸਤਿਆ ਸਿੰਘ ਨੇ ਕਿਹਾ ਕਿ ਭਗਵੰਤ ਕੰਗ ਦਾ ਨਿਰਦੇਸ਼ਨ ਸਾਡੀ ਫਿਲਮ ਨੂੰ ਕੀ ਦਿਵਾਉਂਦਾ ਹੈ ਦੇਖਦੇ ਹੈ ਹਾਂ ਮੇਲੇ ਚ ਸਾਡਾ "ਪਹੀਆ" ਖ਼ੂਬ ਘੁੰਮਿਆ ਹੈ।

**ਨਵੀਂ ਲੁੱਕ ਨਾਲ ਐਕਟ੍ਰੈਸ ਲੱਗਦੀ ਹੈ**



**ਪ੍ਰੀਤੀ ਖੱਤਰੀ**-ਪ੍ਰੀਤੀ ਖੱਤਰੀ ਆਪਣੇ ਨਾਂਅ ਦੀ ਤਰਾਂ ਪਰੈਟੀ ਗਰਲ ਹੈ ਤੇ ਓਸ ਦੀ ਆਵਾਜ਼ ਵੀ ਪ੍ਰੀਤ ਭਰੀ ਹੈ। ਪੰਜਾਬੀ ਔਰਤ ਗਾਇਕੀ ਵਿੱਚ ਓਹ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਪ੍ਰੀਤੀ ਹਰੇਕ ਤਰ੍ਹਾਂ ਦੇ ਗਾਣੇ ਗਾ ਕਿ ਹਿੱਟ ਫਿੱਟ ਹੈ। ਓਹ ਸੋਲੋ ਵੀ ਗਾਉਂਦੀ ਹੈ ਤੇ ਦੋਗਾਣੇ ਵੀ ਤੇ ਦੋਗਾਣਾ ਗਾਇਕੀ ਵਿੱਚ ਓਹ ਕਿਸੇ ਤੋਂ ਘੱਟ ਨਹੀਂ ਦੋ ਮਾਸੇ ਵੱਧ ਹੀ ਹੈ। ਪ੍ਰੀਤੀ ਖੱਤਰੀ ਨੇ ਅੱਜ ਕਲ ਆਪਣੀ ਲੁੱਕ ਤੇ ਦਿੱਖ ਬਦਲੀ ਹੈ ਤੇ ਓਹ ਕਿਸੇ ਸੱਜਰੀ ਵਿਆਹੀ ਦੁਲਹਨ ਜਿਹੀ ਲੱਗਦੀ ਹੈ। ਸਾੜ੍ਹੀ ਟਾਈਪ ਲਹਿੰਗਾ ਨਾਲ ਸੋਸ਼ਲ ਮੀਡੀਆ ਤੇ ਨਜ਼ਰ ਆਈ ਪ੍ਰੀਤੀ ਖੱਤਰੀ ਬਿਲਕੁਲ ਇੰਜ ਲੱਗਦਾ ਹੈ ਜਿਵੇਂ ਕਿਸੇ ਫਿਲਮ ਲਈ ਸ਼ੂਟਿੰਗ ਦੇ ਸੈਟ ਤੇ ਹੋਏ। ਮਾਡਰਨ ਦਿੱਖ ਤੇ ਆਕਰਸ਼ਕ ਪਹਿਰਾਵੇ ਨਾਲ ਪ੍ਰੀਤੀ ਖੱਤਰੀ ਨੇ ਸੰਕੇਤ ਦਿੱਤਾ ਹੈ ਕਿ ਓਸ ਕੋਲ ਆਕਰਸ਼ਣ ਵੀ ਹੈ ਜਿਹੜਾ ਸਟੇਜ ਤੇ ਦਰਸ਼ਕ ਪ੍ਰਭਾਵਿਤ ਕਰ ਸਕਦਾ ਹੈ। ਇਸ ਦੇ ਨਾਲ ਪ੍ਰੀਤੀ ਖੱਤਰੀ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਆਪਣੇ ਗੀਤਾਂ ਲਈ ਓਹ ਮਾਡਲਿੰਗ ਖ਼ੁਦ ਕਰ ਸਕਦੀ ਹੈ ਤੇ ਓਹ ਆ ਰਹੇ ਵਕਤ ਵਿੱਚ ਫ਼ਿਲਮ ਕਲਾਕਾਰ ਵੀ ਬਣ ਸਕਦੀ ਹੈ। ਗਾਇਕੀ ਤੇ ਕਲਾਕਾਰੀ ਵਿੱਚ ਹਰ ਚੀਜ਼ ਸੰਭਵ ਹੈ ਤੇ ਆ ਰਹੇ ਕੱਲ ਨੂੰ ਓਸ ਦਾ ਕੋਈ ਗੀਤ ਕਲਿੱਕ ਹੋਇਆ ਜਾਂ ਕਿਸੇ ਵੀਡੀਓ ਵਿੱਚ ਓਹ ਛਾ ਗਈ ਤਾਂ ਓਹ ਫਿਲਮ ਹੀਰੋਇਨ ਵੀ ਬਣ ਸਕਦੀ ਹੈ। ਇੱਕ ਖਿੱਚ ਪੈਦਾ ਕਰਦੀ ਗਾਇਕਾ ਪ੍ਰੀਤੀ ਜ਼ਿੰਟਾ ਆ ਰਹੇ ਕਲ ਦੀ ਨਾਇਕਾ ਵੀ ਹੈ। ਬਲਰਾਮ ਰਿਸ਼ੀ ਨਾਲ ਗਾਏ ਚਮਕੀਲਾ ਦੇ ਦੋਗਾਣੇ ਗਾ ਕਿ ਪ੍ਰੀਤੀ ਖੱਤਰੀ ਨੇ ਲੋਕਾਂ ਦੀ ਅੱਛੀ ਪ੍ਰੀਤ ਪ੍ਰਾਪਤ ਕੀਤੀ ਹੈ। ਓਸ ਦੀ ਗਾਇਕੀ ਪ੍ਰੀਤ ਐਕਟਿੰਗ ਪ੍ਰੀਤ ਬਣੇ ਤੇ ਓਹ ਸਟਾਰ ਗਾਇਕਾ ਤੇ ਨਾਇਕਾ ਬਣੇ ਸ਼ੁੱਭ ਕਾਮਨਾਵਾਂ।

**ਆਲ ਰਾਊਂਡਰ ਧਾਰਮਿਕ ਗਾਇਕੀ ਦਾ**




**ਸਟਾਰ ਪੰਮਾ ਮੱਲ੍ਹੀ**-ਬਲਜਿੰਦਰ ਸਿੰਘ ਮੱਲ੍ਹੀ ਸਮਾਜ ਦੇ ਹਰੇਕ ਵਰਗ ਦਾ ਪਿਆਰ ਲੈਣ ਲਈ ਕਾਮਯਾਬ ਗਾਇਕ ਹੈ ਤੇ ਓਸ ਨੇ ਭੰਗੜਾ ਗਾਇਕੀ ਵਿੱਚ ਜਿੰਨਾ ਮਾਣ ਲਿਆ ਓਨਾ ਹੀ ਨਾਮ ਇਸ ਮੱਲ੍ਹੀ ਨੇ ਉਦਾਸ ਲਹਿਜ਼ੇ ਦੇ ਗੀਤ ਗਾ ਪ੍ਰਾਪਤ ਕੀਤਾ ਹੈ। ਪੰਮਾ ਮੱਲ੍ਹੀ ਦੀ ਖਾਸ ਗੱਲ ਇਹ ਕਿ ਓਹ ਸਰਬ ਪ੍ਰਵਾਨਿਤ ਧਾਰਮਿਕ ਗਾਇਕ ਹੈ। ਓਹ ਸਿੱਖ ਧਰਮ ਦੇ ਧਾਰਮਿਕ ਗੀਤ ਗਾ ਪ੍ਰਸੰਸਾ ਲੈਂਦਾ ਏ ਤੇ "ਕੰਧ ਸਰਹਿੰਦ ਦੀਏ," ਹਿੱਟ ਰਿਹਾ ਤਾਂ ਓਸ ਨੇ ਯਿਸ਼ੂ ਦੀ ਤਰੀਫ਼ ਚ ਬੰਦਨਾ ਕੀਤੀ। ਇਸ ਤਰਾਂ ਪੰਮਾ ਪੰਮਾ ਮੱਲ੍ਹੀ ਮੱਲ੍ਹੀ ਓਸ ਨੇ ਧਾਰਮਿਕ ਗਾਇਕ ਬਣ ਕਰਵਾਉਣ ਚ ਕਸਰ ਨਹੀਂ ਰਹਿਣ ਦਿੱਤੀ। ਗੁਰਦਾਸਪੁਰ ਕਦੇ ਪ੍ਰਦੇਸੀ ਕੋਲੋਂ ਮਿਊਜ਼ਿਕ ਦਾਂ ਗਿਆਨ ਤੇ ਕਦੇ ਜੱਸੀ ਬ੍ਰਦਰਜ਼ ਨਾਲ ਰਿਆਜ਼ ਨਿਪੁੰਨ ਸੁਰ ਦਾ ਗਾਇਕ ਹੈ ਪੰਮਾ ਮੱਲ੍ਹੀ। ਯਾਦ ਰਹੇ ਸਾਬਕਾ ਸੀ ਐਮ ਸਾਬ ਕੈਪਟਨ ਅਮਰਿੰਦਰ ਸਿੰਘ ਨੇ ਕਰੋਨਾ ਟਾਈਮ ਤੇ ਪੰਮਾ ਮੱਲ੍ਹੀ ਦਾ ਗਾਇਆ ਗੀਤ ਆਪਣੇ ਸੋਸ਼ਲ ਮੀਡੀਆ ਤੇ ਸਾਂਝਾ ਕੀਤਾ ਸੀ ਤੇ ਬਕਾਇਦਾ ਕੈਪਟਨ ਸਾਬ ਨੇ ਗਾਣਾ ਟਵੀਟ ਕੀਤਾ। ਇਸ ਨਾਲ ਬਹੁਤ ਹੀ ਉਤਸ਼ਾਹ ਪੰਮਾ ਮੱਲ੍ਹੀ ਨੂੰ ਮਿਲਿਆ ਤੇ ਇਸ ਸਰਕਾਰ ਦੀ ਨਸ਼ਾ ਮੁਕਤ ਲਹਿਰ ਤੇ ਪੰਮਾ ਮੱਲ੍ਹੀ ਨੇ ਦੋ ਗੀਤ ਲਿਆਂਦੇ ਨੇ ਇਹ ਗੀਤ ਸਮਾਜ ਨੂੰ ਸੇਧ ਹੈ। ਪੰਮਾ ਮੱਲ੍ਹੀ ਨੇ ਕਿਹਾ ਕਿ ਸਾਰੇ ਧਰਮਾਂ ਦਾ ਆਦਰ ਸਤਿਕਾਰ ਓਹ ਕਰਦੇ ਨੇ ਤੇ ਭਵਿੱਖ ਵਿੱਚ ਓਹ ਵਾਰਾਂ ਤੇ ਦੇਸ਼ ਭਗਤਾਂ ਤੇ ਗੀਤ ਲਿਆ ਰਹੇ ਹਨ।


**-ਅੰਮ੍ਰਿਤ ਪਵਾਰ**

# ਗਗਨ ਮੀਤ ਦੀ 'ਖ਼ਲਾ ਵਿੱਚ ਖਿੱਲਰੇ ਖ਼ਤ': ਵਿਛੋੜੇ ਦੀ ਵੇਦਨਾ ਤੋਂ ਮਨੁੱਖੀ ਸੰਵੇਦਨਾ ਤੱਕ ਦੀ ਯਾਤਰਾ

## ਪੁਸਤਕ ਪੜਚੋਲ



**ਰਵਿੰਦਰ ਸਿੰਘ ਸੋਢੀ**
ਕੈਲਗਰੀ, ਕੈਨੇਡਾ




ਗਗਨ ਮੀਤ ਦੀ ਪੁਸਤਕ 'ਖ਼ਲਾ ਵਿੱਚ ਖਿੱਲਰੇ ਖ਼ਤ' (ਧੀ ਵੱਲੋਂ ਲਿਖੇ ਪਿਤਾ ਨੂੰ ਖ਼ਤ) ਪੰਜਾਬੀ ਸਾਹਿਤ ਦੀਆਂ ਉਨ੍ਹਾਂ ਰਚਨਾਵਾਂ ਵਿੱਚੋਂ ਹੈ ਜੋ ਪੜ੍ਹਨ ਤੋਂ ਬਾਅਦ ਸਿਰਫ਼ ਯਾਦ ਨਹੀਂ ਰਹਿੰਦੀਆਂ, ਸਗੋਂ ਪਾਠਕ ਦੇ ਮਨ ਦਾ ਹਿੱਸਾ ਬਣ ਜਾਂਦੀਆਂ ਹਨ। ਇਹ ਪੁਸਤਕ ਨਾ ਤਾਂ ਰਵਾਇਤੀ ਅਰਥਾਂ ਵਿੱਚ ਸਵੈ-ਜੀਵਨੀ ਹੈ ਅਤੇ ਨਾ ਹੀ ਸਿਰਫ਼ ਪੱਤਰ-ਸੰਗ੍ਰਹਿ; ਇਹ ਇਕ ਧੀ ਦੇ ਆਪਣੇ ਵਿਛੜੇ ਪਿਤਾ ਨਾਲ ਅੰਦਰੂਨੀ ਸੰਵਾਦ ਦੀ ਅਜਿਹੀ ਦਾਸਤਾਨ ਹੈ ਜੋ ਨਿੱਜੀ ਅਨੁਭਵ ਤੋਂ ਉੱਠ ਕੇ ਸਮੂਹਕ ਮਨੁੱਖੀ ਅਨੁਭਵ ਬਣ ਜਾਂਦੀ ਹੈ।

ਪੁਸਤਕ ਦੀ ਭੂਮਿਕਾ ਵਿੱਚ ਡਾ. ਦੇਵਿੰਦਰ ਕੌਰ ਨੇ ਬਿਲਕੁਲ ਸਹੀ ਟਿੱਪਣੀ ਕੀਤੀ ਹੈ ਕਿ ਇਹ ਖ਼ਤ ਇਕ ਬੱਚੀ ਦੀ ਆਪਣੇ ਵਿਛੜੇ ਹੋਏ ਪਿਤਾ ਪ੍ਰਤੀ ਵੇਦਨਾ ਦੇ ਭਾਵ ਦੀ ਪੇਸ਼ਕਾਰੀ ਹਨ। ਉਹ ਅੱਗੇ ਲਿਖਦੇ ਹਨ ਕਿ ਇਹ ਖ਼ਤ ਖ਼ਲਾ ਵਿੱਚ ਇਸ ਲਈ ਖਿੱਲਰੇ ਪਏ ਹਨ ਕਿਉਂਕਿ ਇਹ ਜਿਸ ਨੂੰ ਲਿਖੇ ਗਏ, ਉਸ ਤੱਕ ਕਦੇ ਪਹੁੰਚੇ ਹੀ ਨਹੀਂ। ਪਰ ਇਸ ਅਧੂਰੇਪਣ ਵਿੱਚ ਹੀ ਇਸ ਪੁਸਤਕ ਦੀ ਤਾਕਤ ਲੁਕੀ ਹੋਈ ਹੈ। ਜਿਵੇਂ ਭੂਮਿਕਾ ਵਿੱਚ ਕਿਹਾ ਗਿਆ ਹੈ, ਖ਼ਲਾ ਵਿੱਚ ਖਿੱਲਰ ਕੇ ਇਹ ਖ਼ਤ ਆਪਣੇ ਪਾਠਕਾਂ ਨਾਲ ਰਿਸ਼ਤਾ ਜੋੜ ਲੈਂਦੇ ਹਨ। ਇਹੀ ਕਾਰਨ ਹੈ ਕਿ ਕਿਤਾਬ ਪੜ੍ਹਦਿਆਂ ਪਾਠਕ ਆਪਣੇ ਆਪ ਨੂੰ ਕੇਵਲ ਦਰਸ਼ਕ ਨਹੀਂ, ਸਗੋਂ ਇਸ ਸੰਵਾਦ ਦਾ ਹਿੱਸਾ ਮਹਿਸੂਸ ਕਰਦਾ ਹੈ।

ਲੇਖਿਕਾ ਆਪਣੇ "ਕੁਝ ਅਹਿਸਾਸ..." ਵਿੱਚ ਲਿਖਦੀ ਹੈ: "ਇਹ ਖ਼ਤ ਮੇਰੇ ਵਰਗੇ ਦੁਨੀਆਂ ਦੇ ਉਹਨਾਂ ਸਾਰੇ ਬੱਚਿਆਂ ਦੀਆਂ ਖ਼ਾਮੋਸ਼ ਸਿਸਕੀਆਂ ਹਨ ਜੋ ਉਹ ਬਿਆਨ ਨਹੀਂ ਕਰ ਪਾਉਂਦੇ।"

ਇਹ ਇਕ ਵਾਕ ਹੀ ਸਾਰੀ ਪੁਸਤਕ ਦਾ ਮੂਲ-ਸੁਰ ਬਣ ਜਾਂਦਾ ਹੈ। ਗਗਨ ਮੀਤ ਦੀ ਨਿੱਜੀ ਪੀੜ ਇੱਥੇ ਸਮੂਹਕ ਪੀੜ ਦਾ ਰੂਪ ਧਾਰ ਲੈਂਦੀ ਹੈ। ਇਹ ਖ਼ਤ ਕੇਵਲ ਇਕ ਧੀ ਦੀ ਤੜਪ ਨਹੀਂ ਰਹਿੰਦੇ, ਸਗੋਂ ਉਹਨਾਂ ਅਨੇਕਾਂ ਬੱਚਿਆਂ ਦੀ ਆਵਾਜ਼ ਬਣ ਜਾਂਦੇ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਕਾਰਨ ਆਪਣੇ ਮਾਤਾ ਜਾਂ ਪਿਤਾ ਦੇ ਪਿਆਰ ਤੋਂ ਵਾਂਝੇ ਰਹਿਣ ਦਾ ਦੁੱਖ ਸਹਾਰਿਆ ਹੈ। ਪ੍ਰਸਤੁਤ ਪੁਸਤਕ ਅਸਲ ਵਿਚ "ਖੰਡਿਤ ਪਰਿਵਾਰਾਂ ਦਾ ਦੁਖਾਂਤ ਹੈ", ਅਤੇ ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ "ਵੱਡੇ ਰਿਸ਼ਤਿਆਂ ਨੂੰ ਛੱਡ ਕੇ ਅੱਗੇ ਵਧ ਜਾਂਦੇ ਹਨ, ਪਰ ਮਾਸੂਮ ਮਨ ਖੋਖਲੀਆਂ ਜੜ੍ਹਾਂ ਵਿਚ ਵਿਕਸਤ ਨਹੀਂ ਹੋ ਪਾਉਂਦੇ"।

ਇਹਨਾਂ ਖ਼ਤਾਂ ਦੇ ਲਿਖਣ ਦਾ ਮੰਤਵ ਲੇਖਿਕਾ ਨੇ ਸਪਸ਼ਟ ਲਿਖਿਆ ਹੈ, "ਇਹ ਖ਼ਤ ਮੇਰੇ ਵਰਗੇ ਦੁਨੀਆਂ ਦੇ ਉਹਨਾਂ ਸਾਰੇ ਬੱਚਿਆਂ ਦੀਆਂ ਖਾਮੋਸ਼ ਸਿਸਕੀਆਂ ਹਨ, ਜੋ ਉਹ ਬਿਆਨ ਨਹੀਂ ਕਰ ਸਕਦੇ।" ਇਸ ਤੋਂ ਬਾਅਦ ਉਹ ਲਿਖਦੀ ਹੈ, "ਰਿਸ਼ਤੇ ਜੁੜੇ ਰਹਿਣ ਦੀ ਇੱਛਾ ਤਾਂ ਜੇ ਨੰਨੇ ਪੌਦੇ ਸੰਘਣੇ ਤੇ ਛਾਂਦਾਰ ਰੁੱਖ ਬਣ ਸਕਣ। ਜੀਵਨ ਜਿਊਣ ਦੀ ਲਲਕ ਕਾਇਮ ਰਹੇ।"

ਪੁਸਤਕ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਇਸ ਦੀ ਵਾਰਤਕ-ਸ਼ੈਲੀ ਹੈ। ਇਹ ਵਾਰਤਕ ਹੋਣ ਦੇ ਬਾਵਜੂਦ ਕਵਿਤਾ ਵਰਗੀ ਰਵਾਨੀ ਅਤੇ ਸੰਗੀਤਮਈ ਲਹਿਰ ਰੱਖਦੀ ਹੈ। ਕਈ ਥਾਵਾਂ 'ਤੇ ਲੱਗਦਾ ਹੈ ਕਿ ਲੇਖਿਕਾ ਕੋਈ ਘਟਨਾ ਨਹੀਂ ਸੁਣਾ ਰਹੀ, ਸਗੋਂ ਆਪਣੇ ਦਿਲ ਦੀਆਂ ਧੜਕਣਾਂ ਨੂੰ ਸ਼ਾਬਦਿਕ ਰੂਪ ਦੇ ਰਹੀ ਹੈ। ਇਸੇ ਲਈ ਪਾਠਕ ਲੇਖਿਕਾ ਦੇ ਅੰਦਰੂਨੀ ਵਿਚਾਰਾਂ ਨਾਲ ਵਹਿ ਤੁਰਦਾ ਹੈ।

ਪਹਿਲੇ ਹੀ ਖ਼ਤ ਵਿੱਚ ਉਹ ਲਿਖਦੀ ਹੈ: "ਬਹੁਤ ਮਨ ਕਰਦਾ ਹੈ ਕਿ ਤੁਹਾਡੀ ਛਾਤੀ ਨਾਲ ਲੱਗ ਖ਼ੂਬ ਰੋਵਾਂ, ਘੁੱਟ ਕੇ... ਹੋਰ ਘੁੱਟ ਕੇ... ਹੋਰ ਘੁੱਟ ਕੇ ਤੁਹਾਨੂੰ ਫੜੀ ਰੱਖਾਂ।" ਇਨ੍ਹਾਂ ਸਤਰਾਂ ਵਿੱਚ ਇਕ ਬੱਚੀ ਦੀ ਉਹ ਤੜਪ ਹੈ ਜੋ ਦਹਾਕਿਆਂ ਬਾਅਦ ਵੀ ਹਲਕੀ ਨਹੀਂ ਪਈ। ਇਹ ਸਿਰਫ਼ ਵਿਛੋੜੇ ਦਾ ਦੁੱਖ ਨਹੀਂ, ਸਗੋਂ ਉਸ ਪਿਆਰ ਦੀ ਭੁੱਖ ਹੈ ਜੋ ਕਦੇ ਤ੍ਰਿਪਤ ਨਾ ਹੋ ਸਕੀ।

ਕਿਤਾਬ ਦਾ ਇਕ ਬਹੁਤ ਹੀ ਭਾਵਨਾਤਮਕ ਪੱਖ ਬਚਪਨ ਦੀਆਂ ਯਾਦਾਂ ਹਨ। ਪਿਤਾ ਦੀ ਗੈਰਹਾਜ਼ਰੀ ਨੂੰ ਸਮਝਣ ਲਈ ਇਕ ਬੱਚੀ ਦੀ ਕੋਸ਼ਿਸ਼ ਕਈ ਥਾਂ ਪਾਠਕ ਨੂੰ ਅੰਦਰ ਤੱਕ ਝੰਜੋੜ ਦਿੰਦੀ ਹੈ। ਇਕ ਥਾਂ ਉਹ ਲਿਖਦੀ ਹੈ: "ਮੈਂ ਐਲਬਮ ਕੱਢ ਕੇ ਤੁਹਾਡੀਆਂ ਫੋਟੋਆਂ ਨਾਲ ਖ਼ੂਬ ਗੱਲਾਂ ਕਰਦੀ ਸੀ। ਕਦੇ ਫੋਟੋ ਨੂੰ ਗਲ ਨਾਲ ਲਾ ਕੇ ਰੋਣ ਲੱਗਦੀ, ਰੋਂਦਿਆਂ-ਰੋਂਦਿਆਂ ਹੀਸੇਂ ਜਾਂਦੀ।"

ਇਹ ਸਧਾਰਣ ਜਿਹਾ ਦ੍ਰਿਸ਼ ਨਹੀਂ। ਇਹ ਉਸ ਬੱਚੀ ਦੇ ਇਕੱਲੇਪਣ ਦੀ ਪੇਸ਼ਕਾਰੀ ਹੈ ਜੋ ਤਸਵੀਰਾਂ ਵਿੱਚ ਆਪਣੇ ਪਿਤਾ ਨੂੰ ਲੱਭਦੀ ਰਹੀ। ਪਾਠਕ ਜਦੋਂ ਅਜਿਹੇ ਪ੍ਰਸੰਗ ਪੜ੍ਹਦਾ ਹੈ ਤਾਂ ਅਕਸਰ ਉਸ ਦੀਆਂ ਅੱਖਾਂ ਸਿੱਲੀਆਂ ਹੋ ਜਾਂਦੀਆਂ ਹਨ।

ਪੁਸਤਕ ਵਿੱਚ ਇਕ ਹੋਰ ਪ੍ਰਸੰਗ ਬਹੁਤ ਡੂੰਘਾ ਪ੍ਰਭਾਵ ਛੱਡਦਾ ਹੈ, ਜਦੋਂ ਲੇਖਿਕਾ ਅਦਾਲਤ ਵਿੱਚ ਮਾਂ ਜਾਂ ਪਿਤਾ ਵਿੱਚੋਂ ਇਕ ਨੂੰ ਚੁਣਨ ਦੀ ਘਟਨਾ ਯਾਦ ਕਰਦੀ ਹੈ। ਉਹ ਲਿਖਦੀ ਹੈ: "ਅੱਜ ਮੈਂ ਸੋਚਦੀ ਹਾਂ ਕਿ ਉਹ ਪਲ ਕਿੰਨੇ ਖ਼ੌਫ਼ਨਾਕ ਹੋਣਗੇ ਜਿਸ ਵਿੱਚ ਇਕ ਬੱਚੇ ਨੂੰ ਮਾਂ-ਬਾਪ ਵਿੱਚੋਂ ਕਿਸੇ ਇਕ ਨੂੰ ਚੁਣਨ ਲਈ ਕਿਹਾ ਗਿਆ ਹੋਵੇਗਾ।" ਇਹ ਸਿਰਫ਼ ਉਸਦੀ ਨਿੱਜੀ ਯਾਦ ਨਹੀਂ, ਸਗੋਂ ਸਾਡੇ ਸਮਾਜਿਕ ਅਤੇ ਕਾਨੂੰਨੀ ਢਾਂਚੇ ਉੱਤੇ ਵੀ ਇਕ ਡੂੰਘਾ ਸਵਾਲ ਹੈ।

ਪੁਸਤਕ ਦਾ ਇਕ ਹੋਰ ਮਹੱਤਵਪੂਰਨ ਪੱਖ ਮਾਂ ਦੇ ਸੰਘਰਸ਼ ਦੀ ਪੇਸ਼ਕਾਰੀ ਹੈ। ਭਾਵੇਂ ਇਹ ਖ਼ਤ ਪਿਤਾ ਨੂੰ ਲਿਖੇ ਗਏ ਹਨ, ਪਰ ਮਾਂ ਦਾ ਪਾਤਰ ਵੀ ਪੂਰੇ ਆਦਰ ਅਤੇ ਪਿਆਰ ਨਾਲ ਉਭਰਦਾ ਹੈ। ਲੇਖਿਕਾ ਲਿਖਦੀ ਹੈ: "ਮੈਂ ਕਦੇ ਵੀ ਮੰਮੀ ਨੂੰ ਕਮਜ਼ੋਰ ਪੈਂਦਿਆਂ ਨਹੀਂ ਵੇਖਿਆ। ਹਾਲਾਤ ਇਨਸਾਨ ਨੂੰ ਕਿੰਨਾ ਬਹਾਦਰ ਅਤੇ ਮਜ਼ਬੂਤ ਬਣਾ ਦਿੰਦੇ ਹਨ।" ਇਨ੍ਹਾਂ ਸਤਰਾਂ ਵਿੱਚ ਇਕ ਧੀ ਦਾ ਆਪਣੀ ਮਾਂ ਪ੍ਰਤੀ ਸਤਿਕਾਰ ਵੀ ਹੈ ਅਤੇ ਉਸ ਸੰਘਰਸ਼ਮਈ ਔਰਤ ਦੀ ਜੀਵਨ-ਗਾਥਾ ਵੀ।

ਪੁਸਤਕ ਵਿੱਚ ਵਾਰ-ਵਾਰ ਪਿਤਾ ਦੀ ਤਲਾਸ਼ ਦਾ ਮੋਟਿਫ਼ ਸਾਹਮਣੇ ਆਉਂਦਾ ਹੈ। ਇਕ ਥਾਂ ਲੇਖਿਕਾ ਦਾ ਇਹ ਕਥਨ ਪਾਠਕ ਦੇ ਮਨ ਵਿੱਚ ਲੰਮੇ ਸਮੇਂ ਤੱਕ ਗੂੰਜਦਾ ਰਹਿੰਦਾ ਹੈ: "ਮੈਂ ਤੁਹਾਨੂੰ ਬਹੁਤ ਲੱਭਿਆ... ਬਹੁਤ ਲੱਭਿਆ... ਪਰ ਤੁਸੀਂ ਨਹੀਂ ਮਿਲੇ।" ਸ਼ਾਇਦ ਇਸ ਤੋਂ ਵੱਧ ਸਾਦਗੀ ਨਾਲ ਉਡੀਕ ਅਤੇ ਨਿਰਾਸ਼ਾ ਨੂੰ ਬਿਆਨ ਕਰਨਾ ਸੰਭਵ ਨਹੀਂ। ਇਹ ਕੁਝ ਸ਼ਬਦ ਹੀ ਪੂਰੇ ਜੀਵਨ ਦੀ ਖੋਜ ਦਾ ਸਾਰ ਬਣ ਜਾਂਦੇ ਹਨ।

ਇਹਨਾਂ ਖ਼ਤਾਂ ਵਿਚ ਦਿਲ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੀ-ਕਰਦੀ ਇਕ ਦੋ ਥਾਂ ਉਹ ਗੁੱਝਾ ਵਿਅੰਗ ਵੀ ਕਰ ਗਈ। ਜਦੋਂ ਉਹ ਇਕ ਖ਼ਤ ਵਿਚ ਲਿਖਦੀ ਹੈ, "ਤੁਸੀਂ ਵੀ ਕਿੰਨੇ ਬਹਾਦਰ ਹੋਵੋਗੇ ਨਾ---? ਇਕ ਸਾਲ ਦੀ ਬੱਚੀ ਨੂੰ ਛੱਡ ਕੇ ਚਲੇ ਗਏ। ਸੋਚਦੀ ਹਾਂ ਪੰਜ ਵਰਿਆਂ ਦੀ ਬੱਚੀ ਨੂੰ ਜੱਜ ਦੇ ਸਾਹਮਣੇ ਪੇਸ਼ ਕਰਨ ਲਈ ਕਿੰਨਾ ਹੌਸਲਾ ਜੁਟਾਇਆ ਹੋਵੇਗਾ ਤੁਸੀਂ ਦੋਹਾਂ ਨੇ!"

ਗਗਨ ਮੀਤ ਦੀ ਭਾਸ਼ਾ ਦੀ ਇਕ ਹੋਰ ਵਿਸ਼ੇਸ਼ਤਾ ਇਸ ਦੀ ਸਹਿਜਤਾ ਹੈ। ਉਹ ਕਿਸੇ ਸਾਹਿਤਕ ਚਮਤਕਾਰ ਦੀ ਕੋਸ਼ਿਸ਼ ਨਹੀਂ ਕਰਦੀ। ਭਾਵਨਾਵਾਂ ਦੀ ਸੱਚਾਈ ਹੀ ਉਸਦੀ ਸਭ ਤੋਂ ਵੱਡੀ ਕਲਾ ਹੈ। ਇਹੀ ਕਾਰਨ ਹੈ ਕਿ ਪਾਠਕ ਨੂੰ ਕਿਤੇ ਵੀ ਬਣਾਵਟੀਪਣ ਮਹਿਸੂਸ ਨਹੀਂ ਹੁੰਦਾ। ਹਰ ਹੰਝੂ ਸੱਚਾ ਲੱਗਦਾ ਹੈ, ਹਰ ਯਾਦ ਜਿਉਂਦੀ ਜਾਪਦੀ ਹੈ, ਹਰ ਸ਼ਬਦ ਅਤੇ ਹਰ ਵਾਕ ਹੀ ਗਗਨ ਦੀਆਂ ਅੰਦਰੂਨੀ ਭਾਵਨਾਵਾਂ ਦੀ ਤਰਜਮਾਨੀ ਕਰਦਾ ਜਾਪਦਾ ਹੈ। ਅਜਿਹੀ ਸ਼ੈਲੀ ਲਈ ਲੇਖਿਕਾ ਵਧਾਈ ਦੀ ਹੱਕਦਾਰ ਹੈ।

ਲੇਖਿਕਾ ਦਾ ਇਹ ਵਿਚਾਰ ਵੀ ਪੁਸਤਕ ਦੇ ਕੇਂਦਰੀ ਸੰਦੇਸ਼ ਨੂੰ ਉਜਾਗਰ ਕਰਦਾ ਹੈ: "ਮਾਤਾ-ਪਿਤਾ ਜ਼ਿੰਦਗੀ ਦੇ ਥੰਮ੍ਹ ਹੁੰਦੇ ਹਨ... ਬੱਚੇ ਲਈ ਸੁਰੱਖਿਆ ਦਾ ਜ਼ਿਰਹਬਖ਼ਤਰ।" ਇਹ ਸਤਰ ਕੇਵਲ ਇਕ ਨਿੱਜੀ ਅਨੁਭਵ ਦਾ ਸਿੱਟਾ ਨਹੀਂ, ਸਗੋਂ ਪਰਿਵਾਰ ਅਤੇ ਬੱਚੇ ਦੇ ਰਿਸ਼ਤੇ ਬਾਰੇ ਇਕ ਡੂੰਘੀ ਮਨੋਵਿਗਿਆਨਕ ਸੱਚਾਈ ਨੂੰ ਪ੍ਰਗਟ ਕਰਦੀ ਹੈ। ਸਾਹਿਤਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ 'ਖ਼ਲਾ ਵਿੱਚ ਖਿੱਲਰੇ ਖ਼ਤ' ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਦੀ ਕਾਵਿਕ ਵਾਰਤਕ ਹੈ। ਇਹ ਵਾਰਤਕ ਅਤੇ ਕਵਿਤਾ ਦੇ ਵਿਚਕਾਰਲੀ ਉਹ ਧਰਤੀ ਹੈ ਜਿੱਥੇ ਭਾਵਨਾਵਾਂ ਸਿੱਧੀਆਂ ਦਿਲ ਤੱਕ ਪਹੁੰਚਦੀਆਂ ਹਨ। ਹਰ ਖ਼ਤ ਆਪਣੇ ਆਪ ਵਿੱਚ ਇਕ ਛੋਟੀ ਕਵਿਤਾ ਜਾਪਦਾ ਹੈ ਅਤੇ ਸਾਰੇ ਖ਼ਤ ਮਿਲ ਕੇ ਇਕ ਲੰਮੀ ਵਿਛੋੜੇ ਦੀ ਕਵਿਤਾ ਬਣ ਜਾਂਦੇ ਹਨ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ 'ਖ਼ਲਾ ਵਿੱਚ ਖਿੱਲਰੇ ਖ਼ਤ' ਕੇਵਲ ਇਕ ਕਿਤਾਬ ਨਹੀਂ, ਸਗੋਂ ਇਕ ਭਾਵਨਾਤਮਕ ਯਾਤਰਾ ਹੈ। ਇਹ ਉਹਨਾਂ ਖ਼ਤਾਂ ਦੀ ਕਹਾਣੀ ਹੈ ਜੋ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚੇ, ਪਰ ਹਜ਼ਾਰਾਂ ਪਾਠਕਾਂ ਦੇ ਦਿਲਾਂ ਤੱਕ ਜ਼ਰੂਰ ਪਹੁੰਚ ਜਾਂਦੇ ਹਨ।

ਕਿਤਾਬ ਪੜ੍ਹਦਿਆਂ ਕਈ ਥਾਵਾਂ ਅੱਖਾਂ ਨਮ ਹੋ ਜਾਂਦੀਆਂ ਹਨ ਅਤੇ ਕਿਤਾਬ ਬੰਦ ਕਰਨ ਤੋਂ ਬਾਅਦ ਵੀ ਇਸਦੇ ਸ਼ਬਦ ਮਨ ਵਿੱਚ ਗੂੰਜਦੇ ਰਹਿੰਦੇ ਹਨ। ਗਗਨ ਮੀਤ ਦੀ ਇਹ ਰਚਨਾ ਪੰਜਾਬੀ ਸਾਹਿਤ ਵਿੱਚ ਸੰਵੇਦਨਾ, ਸਾਦਗੀ ਅਤੇ ਕਾਵਿਕ ਗੱਥ ਦਾ ਇਕ ਮਹੱਤਵਪੂਰਨ ਯੋਗਦਾਨ ਹੈ, ਜੋ ਪਾਠਕ ਦੇ ਮਨ ਉੱਤੇ ਡੂੰਘੀ ਅਤੇ ਚਿਰਸਥਾਈ ਛਾਪ ਛੱਡਦੀ ਹੈ।

ਕਰਵਟ ਪ੍ਰਕਾਸ਼ਨ ਦਿੱਲੀ ਵੱਲੋਂ ਪ੍ਰਕਾਸ਼ਿਤ 77 ਪੰਨਿਆ ਦੀ ਇਸ ਪੁਸਤਕ ਦੀ ਕੀਮਤ 175/- ਰੁਪਏ ਹੈ। ਅੰਤ ਵਿਚ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਚਿਰਜੀਵੀ ਸਾਹਿਤਕ ਰਚਨਾ ਦਾ ਮੁੱਲ ਕਦੇ ਵੀ ਉਸਦੇ ਪੰਨਿਆ ਨਾਲ ਨਹੀਂ ਪੈਂਦਾ, ਉਸਦੇ ਸਾਹਿਤਕ ਮਾਪਦੰਡ ਅਨੁਸਾਰ ਪੈਂਦਾ ਹੈ ਅਤੇ ਗਗਨ ਮੀਤ ਦੀ ਇਹ ਕਿਤਾਬ ਇਸਦੀ ਵਧੀਆ ਉਦਾਹਰਨ ਹੈ।

○○○

# ਵਿਸ਼ਵ ਭੋਜਨ ਸੁਰੱਖਿਆ ਦਿਵਸ

ਸੰਦੀਪ ਕੁਮਾਰ
7009807121



ਖਾਣਾ ਇਨਸਾਨੀ ਜੀਵਨ ਦਾ ਅਧਾਰ ਹੈ। ਇਹ ਸਾਨੂੰ ਊਰਜਾ ਦਿੰਦਾ ਹੈ, ਸਿਹਤ ਰੱਖਦਾ ਹੈ ਅਤੇ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਚਲਾਉਂਦਾ ਹੈ। ਪਰ ਜਦੋਂ ਇਹੀ ਖਾਣਾ ਅਸੁਰੱਖਿਅਤ ਹੋ ਜਾਵੇ ਤਾਂ ਇਹ ਬੀਮਾਰੀਆਂ, ਦਰਦ ਅਤੇ ਇਸ ਤੋਂ ਵੀ ਵੱਧ ਨੁਕਸਾਨ ਦਾ ਕਾਰਨ ਬਣ ਜਾਂਦਾ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹਰ ਸਾਲ 7 ਜੂਨ ਨੂੰ ਵਿਸ਼ਵ ਭਰ ਵਿੱਚ ਵਿਸ਼ਵ ਭੋਜਨ ਸੁਰੱਖਿਆ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮਕਸਦ ਲੋਕਾਂ ਵਿੱਚ ਭੋਜਨ ਸੁਰੱਖਿਆ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਭੋਜਨ ਰਾਹੀਂ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਯਤਨ ਕਰਨਾ ਹੈ।

ਸਾਲ 2026 ਵਿੱਚ ਇਸ ਦਿਨ ਦਾ ਥੀਮ ਹੈ " ਫਰੋਮ ਬਰਡਨ ਟੂ ਸਲੂਸ਼ਨਸ-ਸੇਫ ਫੂਡ ਐਵਰੀਵੇਅਰ "। ਇਸ ਥੀਮ ਰਾਹੀਂ ਯੂਨਾਈਟਿਡ ਨੇਸ਼ਨਜ਼ ਦੀ ਏਜੰਸੀਆਂ ਵਿਸ਼ਵ ਸਿਹਤ ਸੰਸਥਾ ਅਤੇ ਭੋਜਨ ਅਤੇ ਖੇਤੀਬਾੜੀ ਸੰਸਥਾ ਇਸ ਗੱਲ ਤੇ ਜ਼ੋਰ ਦੇ ਰਹੀਆਂ ਹਨ ਕਿ ਭੋਜਨ ਸੁਰੱਖਿਆ ਨਾਲ ਜੁੜੀਆਂ ਸਮੱਸਿਆਵਾਂ ਦੇ ਬੋਝ ਤੋਂ ਹੱਲਾਂ ਵੱਲ ਵਧਣਾ ਚਾਹੀਦਾ ਹੈ। ਇਸ ਥੀਮ ਤਹਿਤ ਡਾਟਾ ਅਤੇ ਵਿਗਿਆਨਕ ਖੋਜਾਂ ਦੀ ਮਦਦ ਨਾਲ ਭੋਜਨ ਰਾਹੀਂ ਹੋਣ ਵਾਲੀਆਂ ਬੀਮਾਰੀਆਂ ਨੂੰ ਘਟਾਉਣ ਲਈ ਠੋਸ ਕਦਮ ਉਠਾਉਣ ਤੇ ਚਰਚਾ ਹੋ ਰਹੀ ਹੈ। ਇਸ ਸਾਲ ਇਸ ਦਿਨ ਨੂੰ ਲੈ ਕੇ ਵਿਸ਼ਵ ਭਰ ਵਿੱਚ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ।

ਵਿਸ਼ਵ ਭੋਜਨ ਸੁਰੱਖਿਆ ਦਿਵਸ ਦੀ ਸ਼ੁਰੂਆਤ 2018 ਵਿੱਚ ਯੂਨਾਈਟਿਡ ਨੇਸ਼ਨਜ਼ ਜਨਰਲ ਅਸੈਂਬਲੀ ਵੱਲੋਂ ਇੱਕ ਰੈਜ਼ੋਲਿਊਸ਼ਨ ਰਾਹੀਂ ਹੋਈ ਸੀ। ਇਸ ਤੋਂ ਬਾਅਦ 2019 ਤੋਂ ਇਸ ਨੂੰ ਰਸਮੀ ਤੌਰ ਤੇ ਮਨਾਇਆ ਜਾਣ ਲੱਗਾ। ਇਸ ਦਿਨ ਦਾ ਉਦੇਸ਼ ਭੋਜਨ ਸੁਰੱਖਿਆ ਨੂੰ ਇੱਕ ਵਿਸ਼ਵਵਿਆਪੀ ਮੁੱਦਾ ਬਣਾਉਣਾ ਅਤੇ ਇਸ ਵੱਲ ਸਰਕਾਰਾਂ, ਉਦਯੋਗ ਅਤੇ ਆਮ ਲੋਕਾਂ ਦਾ ਧਿਆਨ ਖਿੱਚਣਾ ਹੈ। ਇਸ ਦਿਨ ਰਾਹੀਂ ਲੋਕਾਂ ਨੂੰ ਇਹ ਯਾਦ ਕਰਵਾਇਆ ਜਾਂਦਾ ਹੈ ਕਿ ਭੋਜਨ ਸੁਰੱਖਿਆ ਸਿਰਫ਼ ਇੱਕ ਵਿਅਕਤੀਗਤ ਮੁੱਦਾ ਨਹੀਂ ਬਲਕਿ ਇਹ ਆਰਥਿਕਤਾ, ਸਿਹਤ ਅਤੇ



ਟਿਕਾਊ ਵਿਕਾਸ ਨਾਲ ਜੁੜਿਆ ਹੋਇਆ ਹੈ। ਦੁਨੀਆ ਭਰ ਵਿੱਚ ਹਰ ਸਾਲ ਲਗਭਗ 60 ਕਰੋੜ ਲੋਕ ਭੋਜਨ ਰਾਹੀਂ ਹੋਣ ਵਾਲੀਆਂ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਵਿੱਚੋਂ ਲਗਭਗ 4 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਹ ਬੀਮਾਰੀਆਂ ਬਹੁਤੀਆਂ ਵਾਰ ਬੈਕਟੀਰੀਆ, ਵਾਇਰਸ, ਪੈਰਾਸਾਈਟ ਜਾਂ ਰਸਾਇਣਕ ਤੱਤਾਂ ਕਾਰਨ ਹੁੰਦੀਆਂ ਹਨ। ਗਰੀਬ ਤੇ ਘੱਟ ਆਮਦਨ ਵਾਲੇ ਲੋਕ ਅਤੇ ਛੋਟੀ ਉਮਰ ਦੇ ਬੱਚੇ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਇਹ ਬੀਮਾਰੀਆਂ ਨਾ ਸਿਰਫ਼ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਬਲਕਿ ਲੋਕਾਂ ਦੀ ਆਰਥਿਕਤਾ ਅਤੇ ਰੋਜ਼ਗਾਰ ਤੇ ਵੀ ਬੁਰਾ ਅਸਰ ਪਾਉਂਦੀਆਂ ਹਨ। ਇਸ ਲਈ ਭੋਜਨ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਣਾ ਬਹੁਤ ਜ਼ਰੂਰੀ ਹੈ।

ਭਾਰਤ ਵਰਗੇ ਉੱਭਰਦੇ ਦੇਸ਼ ਵਿੱਚ ਭੋਜਨ ਸੁਰੱਖਿਆ ਦੀ ਚੁਣੌਤੀ ਹੋਰ ਵੀ ਵੱਡੀ ਹੈ। ਵਧਦੀ ਆਬਾਦੀ, ਤੇਜ਼ ਉਦਯੋਗੀਕਰਨ ਅਤੇ ਬਦਲਦੀਆਂ ਖਾਣ-ਪੀਣ ਦੀਆਂ ਆਦਤਾਂ ਨੇ ਇਸ ਮੁੱਦੇ ਨੂੰ ਗੰਭੀਰ ਬਣਾ ਦਿੱਤਾ ਹੈ। ਗਲੀ-ਮੋਹੱਲਿਆਂ ਵਿੱਚ ਵਿਕਣ ਵਾਲਾ ਸਟ੍ਰੀਟ ਫੂਡ, ਅਸਾਨੀ ਨਾਲ ਉਪਲਬਧ ਪ੍ਰੋਸੈੱਸਡ ਫੂਡ ਅਤੇ ਖੇਤੀਬਾੜੀ ਵਿੱਚ ਵਰਤੀਆਂ ਜਾਣ ਵਾਲੀਆਂ ਰਸਾਇਣਕ ਖਾਦਾਂ ਤੇ ਕੀਟਨਾਸ਼ਕ ਭੋਜਨ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਇਸ ਤੋਂ ਇਲਾਵਾ ਭੋਜਨ ਸਪਲਾਈ ਚੇਨ ਵਿੱਚ ਸਟੋਰੇਜ ਅਤੇ ਟ੍ਰਾਂਸਪੋਰਟੇਸ਼ਨ ਦੌਰਾਨ ਵੀ ਬਹੁਤੀਆਂ ਵਾਰ ਸੁਰੱਖਿਆ ਦੇ ਮਾਪਦੰਡਾਂ ਦੀ ਅਣਦੇਖੀ ਹੋ ਜਾਂਦੀ ਹੈ। ਇਸ ਲਈ ਭਾਰਤ ਸਰਕਾਰ ਵੱਲੋਂ ਭੋਜਨ ਸੁਰੱਖਿਆ ਅਤੇ ਮਾਨਕ ਅਥਾਰਿਟੀ ਆਫ ਇੰਡੀਆ ਵਰਗੀਆਂ ਸੰਸਥਾਵਾਂ ਰਾਹੀਂ ਬਹੁਤ ਯਤਨ ਕੀਤੇ ਜਾ ਰਹੇ ਹਨ। ਫੂਡ ਸੇਫਟੀ ਅਤੇ ਸਟੈਂਡਰਡਜ਼ ਐਕਟ ਤਹਿਤ ਬਹੁਤ ਸਾਰੀਆਂ ਗਾਈਡਲਾਈਨਜ਼ ਬਣਾਈਆਂ ਗਈਆਂ ਹਨ ਤਾਂ ਜੋ ਭੋਜਨ ਉਤਪਾਦਕ ਤੋਂ ਲੈ ਕੇ ਖਪਤਕਾਰ ਤੱਕ ਹਰ ਪੜਾਅ ਤੇ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਭੋਜਨ ਸੁਰੱਖਿਆ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਭੂਮਿਕਾ ਬਹੁਤ ਅਹਿਮ ਹੈ। ਆਧੁਨਿਕ ਟੈਸਟਿੰਗ ਤਕਨੀਕਾਂ, ਬਾਇਓਟੈਕਨਾਲੋਜੀ ਅਤੇ ਡਿਜੀਟਲ ਟ੍ਰੇਸਿੰਗ ਸਿਸਟਮ ਭੋਜਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿੱਚ ਮਦਦ ਕਰ ਰਹੇ ਹਨ। ਇਸ ਤੋਂ ਇਲਾਵਾ ਖੇਤੀਬਾੜੀ ਵਿੱਚ ਟਿਕਾਊ ਢੰਗਾਂ ਨੂੰ ਅਪਣਾਉਣਾ ਵੀ ਬਹੁਤ ਜ਼ਰੂਰੀ ਹੈ। ਇਸ ਵਿਸ਼ਵ ਭੋਜਨ ਸੁਰੱਖਿਆ ਦਿਵਸ ਤੇ ਇਸ ਗੱਲ ਤੇ ਵੀ ਚਰਚਾ ਹੋ ਰਹੀ ਹੈ ਕਿ ਜਲਵਾਯੂ ਤਬਦੀਲੀ ਭੋਜਨ ਸੁਰੱਖਿਆ ਲਈ ਵੱਡੀ ਚੁਣੌਤੀ ਬਣ ਰਹੀ ਹੈ। ਬਦਲਦਾ ਮੌਸਮ ਫਸਲਾਂ ਉਤੇ ਅਸਰ ਪਾ ਰਿਹਾ ਹੈ ਅਤੇ ਨਵੀਆਂ ਬੀਮਾਰੀਆਂ ਪੈਦਾ ਕਰ ਰਿਹਾ ਹੈ। ਇਸ ਲਈ ਵਿਗਿਆਨਕ ਖੋਜਾਂ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਫੀਲਡ ਵਿੱਚ ਲਾਗੂ ਕਰਨ ਦੀ ਲੋੜ ਹੈ। ਭੋਜਨ ਸੁਰੱਖਿਆ ਲਈ ਹਰ ਵਿਅਕਤੀ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਘਰ ਵਿੱਚ ਖਾਣਾ ਬਣਾਉਂਦੇ ਵੇਲੇ ਹੱਥ ਧੋਣਾ, ਤਾਜ਼ਾ ਖਾਣਾ ਵਰਤਣਾ, ਫਰਿੱਜ ਦੀ ਸਫਾਈ ਰੱਖਣਾ ਅਤੇ ਖਰਾਬ ਖਾਣੇ ਨੂੰ ਸੁੱਟਣ ਵਰਗੀਆਂ ਛੋਟੀਆਂ ਆਦਤਾਂ ਬਹੁਤ ਵੱਡਾ ਫਰਕ ਲਿਆ ਸਕਦੀਆਂ ਹਨ। ਬਾਹਰ ਖਾਣਾ ਖਾਣ ਵੇਲੇ ਵੀ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਖਾਣਾ ਸਾਫ਼ ਅਤੇ ਤਾਜ਼ਾ ਹੋਵੇ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਭੋਜਨ ਸੁਰੱਖਿਆ ਬਾਰੇ ਸਿਖਾਉਣਾ ਚਾਹੀਦਾ ਹੈ ਤਾਂ ਜੋ ਉਹ ਭਵਿੱਖ ਵਿੱਚ ਇਸ ਨੂੰ ਆਪਣੀ ਆਦਤ ਬਣਾ ਲੈਣ। ਸਕੂਲਾਂ ਅਤੇ ਕਾਲਜਾਂ ਵਿੱਚ ਵੀ ਇਸ ਬਾਰੇ ਵਰਕਸ਼ਾਪਾਂ ਅਤੇ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣੇ ਚਾਹੀਦੇ ਹਨ।

ਉਦਯੋਗ ਵੱਲੋਂ ਵੀ ਭੋਜਨ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਫੈਕਟਰੀਆਂ ਵਿੱਚ ਗੁਣਵੱਤਾ ਨਿਯੰਤਰਣ, ਸਟੈਂਡਰਡਜ਼ ਦੀ ਪਾਲਣਾ ਤੇ ਟ੍ਰਾਂਸਪੋਰਟੇਸ਼ਨ ਵਿੱਚ ਠੰਡੀ ਚੇਨ ਦੀ ਵਰਤੋਂ ਯਕੀਨੀ ਬਣਾਉਣੀ ਚਾਹੀਦੀ ਹੈ। ਸਰਕਾਰਾਂ ਨੂੰ ਵੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣੀ ਚਾਹੀਦੀ ਹੈ ਅਤੇ ਛੋਟੇ ਉਦਯੋਗਾਂ ਅਤੇ ਖੇਤੀਬਾੜੀ ਉਤਪਾਦਕਾਂ ਨੂੰ ਟ੍ਰੇਨਿੰਗ ਅਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਵਿਸ਼ਵ ਭੋਜਨ ਸੁਰੱਖਿਆ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਭੋਜਨ ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ। ਇਸ ਨਾਲ ਜੁੜੀਆਂ ਬੀਮਾਰੀਆਂ ਬਹੁਤੀਆਂ ਵਾਰ ਰੋਕੀਆਂ ਜਾ ਸਕਦੀਆਂ ਹਨ। ਇਸ ਲਈ ਸਾਨੂੰ ਆਪਣੀਆਂ ਆਦਤਾਂ ਬਦਲਣੀਆਂ ਪੈਣਗੀਆਂ ਅਤੇ ਭੋਜਨ ਉਤਪਾਦਨ ਤੋਂ ਲੈ ਕੇ ਖਪਤ ਤੱਕ ਹਰ ਪੜਾਅ ਤੇ ਧਿਆਨ ਦੇਣਾ ਪਵੇਗਾ।

ਇਸ ਦਿਨ ਤੇ ਆਓ ਆਪਣਾ ਵਾਅਦਾ ਕਰੀਏ ਕਿ ਅਸੀਂ ਸੁਰੱਖਿਅਤ ਭੋਜਨ ਲਈ ਯਤਨ ਕਰਾਂਗੇ ਅਤੇ ਆਪਣੇ ਆਲੇ-ਦੁਆਲੇ ਵਿੱਚ ਵੀ ਇਸ ਬਾਰੇ ਜਾਗਰੂਕਤਾ ਫੈਲਾਵਾਂਗੇ। ਜਦੋਂ ਤੱਕ ਹਰ ਇੱਕ ਵਿਅਕਤੀ ਇਸ ਮੁੱਦੇ ਨੂੰ ਆਪਣਾ ਨਹੀਂ ਬਣਾਉਂਦਾ, ਉਦੋਂ ਤੱਕ ਇਸ ਲਕਸ਼ ਨੂੰ ਹਾਸਲ ਕਰਨਾ ਮੁਸ਼ਕਲ ਰਹੇਗਾ। ਇਸ ਲਈ ਇਸ ਵਿਸ਼ਵ ਭੋਜਨ ਸੁਰੱਖਿਆ ਦਿਵਸ ਤੇ ਆਓ ਇੱਕਜੁੱਟ ਹੋ ਕੇ ਇੱਕ ਸੁਰੱਖਿਅਤ ਅਤੇ ਸਿਹਤਮੰਦ ਭਵਿੱਖ ਬਣਾਉਣ ਵੱਲ ਵਧੀਏ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ★ ਮਿੰਨੀ ਕਹਾਣੀਆਂ ★

### ਮੰਗਾਂ

ਕਿਸੇ ਸ਼ਹੀਦੀ ਸਮਾਗਮ ਵਿੱਚ ਬੋਲਣ ਵਾਸਤੇ ਮੁੱਖ ਮੰਤਰੀ ਦੇ ਪ੍ਰੋਗਰਾਮ ਦੀ ਭਿਣਕ ਮਾਸਟਰਾਂ ਨੂੰ ਪੈ ਗਈ ਸੀ ਤਾਂ ਉਨ੍ਹਾਂ ਸਾਰੇ ਰਾਹ ਮੱਲ ਲਏ ਕਿ ਮੁੱਖ ਮੰਤਰੀ ਨੂੰ ਲੰਘਣ ਨਹੀਂ ਦੇਣਾ।

"ਜਨਾਬ ਆਪਾਂ ਇਨ੍ਹਾਂ ਦੀ ਗੱਲ ਤਾਂ ਸੁਣ ਲਈਏ ਤੇ ਵਾਅਦਾ ਕਰਕੇ ਲੰਘ ਚੱਲਾਂਗੇ" ਨਾਲ ਬੈਠੇ ਵੱਡੇ ਅਫਸਰ ਨੇ ਸੁਝਾਅ ਦਿੱਤਾ। "ਕੀ ਕਰੀਏ ਐਤਕੀਂ ਪੰਜ ਸਾਲਾਂ ਵਿੱਚ ਤਾਂ ਸੰਸਦੀ ਸਕੱਤਰਾਂ ਦੀਆਂ ਮੰਗਾਂ ਸੁਣ ਹੋਈਆਂ ਨੇ, ਅਗਲੇ ਪੰਜ ਸਾਲਾਂ ਨੂੰ ਮਾਸਟਰਾਂ ਦੀਆਂ ਸੁਣ ਲਵਾਂਗੇ।" ਮੁੱਖ ਮੰਤਰੀ ਨੇ ਗੱਲ ਮੁਕਾ ਦਿੱਤੀ।

- ਜਗਤਾਰ ਬੈਂਸ

### ਮੋਹ

ਮੈਂ ਪਰੇਸ਼ਾਨੀ ਦੀ ਹਾਲਤ ਵਿਚ ਬੈਠਾ ਸੀ। ਤਦੇ ਮੇਰੇ ਬੀਜੀ ਨੇ ਆ ਕੇ ਕਿਹਾ, "ਚੱਲ ਪੁੱਤ, ਅੱਜ ਜਿਹੜਾ ਆਪਣੇ ਸ਼ਹਿਰ 'ਚ ਲੋਕਾਂ ਨੇ ਮਿਲ ਕੇ ਕੀਰਤਨ ਦਰਬਾਰ ਕਰਵਾਇਆ ਹੈ ਉੱਥੇ ਜਾ ਆਉਂਦੇ ਆ। ਨਾਲੇ ਤੇਰਾ ਥੋੜ੍ਹਾ ਮਨ ਠੀਕ ਹੋਜੂ।"

ਉੱਥੇ ਰਾਗੀਆਂ ਦੀ ਮਿੱਠੀ ਆਵਾਜ਼ ਨੇ ਮੇਰਾ ਮਨ ਮੋਹ ਲਿਆ। ਮੇਰੀ ਉਦਾਸੀ ਖੰਭ ਲਾ ਕੇ ਉੱਡ ਗਈ। ਰਾਗੀ ਕੀਰਤਨ ਦੇ ਨਾਲ-ਨਾਲ ਕਥਾ ਵੀ ਕਰ ਰਹੇ ਸਨ। "ਰੱਬ ਦਾ ਜਾਪ ਕਰੋ, ਮਾਇਆ ਦਾ ਮੋਹ ਤਿਆਗ ਦਿਉ....।" ਉਨ੍ਹਾਂ ਦੀ ਮਿੱਠੀ ਆਵਾਜ਼ ਦਾ ਮੇਰੇ ਦਿਲ ਤੇ ਗਹਿਰਾ ਅਸਰ ਹੋਇਆ। "ਮੈਂ ਐਵੇਂ ਹੀ ਉਦਾਸ ਸਾ, ਅਸਾਂ ਕਿਹੜਾ ਧੰਨ-ਦੌਲਤ ਨਾਲ ਲਿਜਾਣੀ ਏ।" ਸੋਚਦਾ ਹੋਇਆ ਮੈਂ ਪੰਡਾਲ' 'ਚੋਂ ਬੀਜੀ ਨਾਲ ਬਾਹਰ ਆ ਗਿਆ। ਅਸੀਂ ਲੰਗਰ ਖਾ ਕੇ ਪਰਤੇ ਤਾਂ ਮੈਂ ਦੇਖਿਆ ਸਟੇਜ ਦੇ ਪਿਛਵਾੜੇ ਜਿਹੇ ਕੁਝ ਆਦਮੀ ਆਪਸ ਵਿੱਚ ਖਹਿਬੜ ਰਹੇ ਸਨ।

"ਹੁਣ ਘੱਟ ਕਿਉਂ ਦਿੰਦੇ ਪਏ ਓ? ਜਦ ਅਸੀਂ ਤੁਹਾਨੂੰ ਪਹਿਲਾਂ ਦੱਸ ਦਿੱਤਾ ਸੀ ਕਿ ਅਸੀਂ ਕਿੰਨੇ 'ਚ ਕੀਰਤਨ ਕਰਦੇ ਹਾਂ।" ਜਦੋਂ ਗੁੱਸੇ 'ਚ ਲਾਲ-ਪੀਲੇ ਹੁੰਦੇ ਉਨ੍ਹਾਂ ਰਾਗੀਆਂ ਦੀ ਹੀ ਮੇਰੇ ਕੰਨੀਂ ਆਵਾਜ਼ ਪਈ ਤਾਂ ਮੈਂ ਇੱਕ ਦਮ ਠਠੰਬਰ ਗਿਆ। ਮਾਇਆ ਦਾ ਮੋਹ ਤਾਂ ਇੰਨ੍ਹਾਂ ਨੂੰ ਵੀ....ਤੇ ਮੈਂ ਫਿਰ ਉਦਾਸ ਹੋ ਗਿਆ।

-ਮਨਪ੍ਰੀਤ ਕੌਰ

### ਜ਼ਮੀਰ


ਇੱਕ ਘਰ ਵਿੱਚ ਚੋਰ ਪਿਛਲੇ ਦਰਵਾਜ਼ਿਓਂ ਅੰਦਰ ਦਾਖਲ ਹੋਏ। ਘਰ ਵਿੱਚ ਕੋਈ ਵੀ ਪਰਿਵਾਰਕ ਮੈਂਬਰ ਨਹੀਂ ਸੀ। ਚੋਰਾਂ ਨੇ ਘਰ ਦਾ ਕੋਨਾ-ਕੋਨਾ ਛਾਣ ਮਾਰਿਆ ਪਰ ਉਨ੍ਹਾਂ ਦੇ ਕੁਝ ਵੀ ਹੱਥ-ਪੱਲੇ ਨਾ ਲੱਗਿਆ। ਚੋਰ ਬੜੇ ਨਿਰਾਸ਼ ਹੋਏ। ਅਚਾਨਕ ਉਨ੍ਹਾਂ ਦੀ ਜ਼ਮੀਰ ਜਾਗ ਉੱਠੀ।

ਉਨ੍ਹਾਂ ਨੇ ਪਹਿਲਾਂ ਕਿਤੋਂ ਲੁੱਟੇ ਹੋਏ ਕੁਝ ਪੈਸੇ ਆਪਣੀ ਜੇਬ ਵਿੱਚੋਂ ਕੱਢੇ ਅਤੇ ਸੰਦੂਕ 'ਚ ਰੱਖ ਕੇ ਇੱਕ ਪਰਚੀ ਲਿਖ ਦਿੱਤੀ। ਜਿਸ 'ਤੇ ਲਿਖਿਆ ਸੀ, "ਇਨ੍ਹਾਂ ਪੈਸਿਆਂ ਨਾਲ ਤੁਸੀਂ ਰੱਜ ਕੇ ਤਰੱਕੀ ਕਰੋ, ਕਿਸੇ ਵੇਲੇ ਫੇਰ ਆਵਾਂਗੇ।"

- ਡਾ. ਗੁਰਸੇਵਕ ਸਿੰਘ ਪੜ੍ਹੀ

# ਪੀ.ਜੀ.ਆਈ. ਜਾਣ ਵਾਲੇ ਮਰੀਜ਼ਾਂ ਲਈ ਪਾਰਕਿੰਗ ਦੀ ਸਮੱਸਿਆ

**ਮੇਜਰ ਸਿੰਘ ਨਾਭਾ**
ਮੋ. 9463553962



ਸਿਹਤ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਹਸਪਤਾਲਾਂ, ਡਾਕਟਰਾਂ ਦੇ ਕਲੀਨਿਕਾਂ ਆਦਿ ਵਿੱਚ ਬਹੁਤਾਤ ਵਿੱਚ ਦਿਖਾਈ ਦੇਂਦੇ ਹਨ।

ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਥੇ ਭਾਰਤ ਦੇ ਸਾਰੇ ਰਾਜਾਂ ਦੇ ਮਰੀਜ਼ ਇਲਾਜ਼ ਕਰਵਾਉਣ ਆਉਂਦੇ ਹਨ। ਮਰੀਜ਼ਾਂ ਦੀ ਗਿਣਤੀ ਵੱਧਦੀ ਦੇਖ ਪਿਛਲੇ ਸਮੇਂ ਨਵੀਂ ਓ.ਪੀ.ਡੀ. ਮਰੀਜ਼ਾਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਖੌਲ੍ਹੀ ਗਈ। ਇਥੇ ਵੀ ਮਰੀਜ਼ਾਂ ਦੀ ਲੰਬੀਆਂ ਲਾਈਨਾਂ ਟਰੀਟਮੈਂਟ ਲੈਣ ਲਈ ਦੇਖਣ ਨੂੰ ਮਿਲਦੀਆਂ ਹਨ। ਬਹੁਤੇ ਮਰੀਜ਼ ਕੈਬ ਕਰਕੇ ਜਾਂ ਆਪਣੀ ਗੱਡੀ ਰਾਹੀਂ ਇਥੇ ਆਪਣੇ ਇਲਾਜ਼ ਲਈ ਆਉਂਦੇ ਹਨ।ਜੋ ਪਬਲਿਕ ਪਾਰਕਿੰਗਾਂ ਬਣੀਆਂ ਹਨ ਸਵੇਰੇ ਹੀ ਉਨ੍ਹਾਂ ਵਿੱਚ ਗੱਡੀ ਖੜ੍ਹਾਉਣ ਲਈ ਕੋਈ ਜਗ੍ਹਾ ਨਹੀਂ ਹੁੰਦੀ, ਬਾਹਰ ਸੜਕ ਕਿਨਾਰੇ ਆਪਣੇ ਰਿਸਕ ਤੇ ਹੀ ਗੱਡੀ ਖੜ੍ਹਾਉਣੀ ਪੈਂਦੀ ਹੈ। ਐਮਰਜੈਂਸੀ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਖੜ੍ਹਾ ਦੇਣ ਬਾਦ ਉਥੋਂ ਕੱਢਣੀ ਮੁਸਕਲ ਹੋ ਜਾਂਦੀ ਹੈ। ਪਾਰਕਿੰਗ ਸਟਾਫ ਦਾ ਕੋਈ ਤਰਤੀਬ ਵਿੱਚ ਗੱਡੀਆਂ ਨੂੰ ਖੜ੍ਹਵਾਉਣ ਲਈ ਸਟਾਫ ਮੈਂਬਰ ਗਾਈਡ ਨਹੀਂ ਕਰਦਾ, ਕਈ ਵਾਰੀ ਤਾਂ ਜਗ੍ਹਾ ਨਾ ਮਿਲਣ ਤੇ ਵਾਪਸ ਬਾਹਰ ਆਉਣਾ ਪੈਂਦਾ ਹੈ। ਜੇਕਰ ਮਰੀਜ਼ ਆਪ ਗੱਡੀ ਲਿਜਾਂਦਾ ਹੈ ਤਾਂ ਉਸ ਨੂੰ ਗੱਡੀ ਖੜ੍ਹਾਉਣ 'ਚ ਵੱਧ ਸਮਾਂ ਲੱਗਣ ਤੇ ਡਾਕਟਰ ਨੂੰ ਮਿਲਣ ਦੀ ਵਾਰੀ ਲੇਟ ਹੋ ਜਾਂਦੀ ਹੈ। ਇਹ ਸਾਰੀ ਜਗ੍ਹਾਂ ਕੱਚੀ ਹੈ, ਇਥੇ ਖਾਣ ਪੀਣ ਦੀਆਂ ਚੀਜ਼ਾਂ ਦੇ ਸੁੱਟਣ ਲਈ ਕੋਈ ਪ੍ਰਬੰਧ ਨਹੀਂ ਸਾਰੀ ਪਾਰਕਿੰਗ ਗੰਦੇ ਫੋਕਟ ਸਮਾਨ ਨਾਲ ਭਰੀ ਹੋਈ ਹੈ, ਮੀਂਹ ਪੈਣ ਤੇ ਅੰਦਰ ਜਾਣਾ ਅਤੇ ਬਾਹਰ ਆਉਣਾ ਬੜ੍ਹਾ ਮੁਸਕਲ ਹੁੰਦਾ ਹੈ ਅਤੇ ਦਰਗੰਧ ਵੀ ਨੱਕ ਨੂੰ ਮਿਲਦੀ ਹੈ। ਪਾਰਕਿੰਗ ਦੀ ਸਫਾਈ ਵੱਲ ਕੋਈ ਧਿਆਨ ਨਹੀਂ।ਕਈ ਕਈ ਦਿਨ ਦੀਆਂ ਖੜ੍ਹੀਆਂ ਗੱਡੀਆਂ ਉੱਪਰ ਮਿੱਟੀ ਜੰਮ ਜਾਂਦੀ ਹੈ ਇਸ ਲਈ ਇਹ ਪਾਰਕਿੰਗ ਲਈ ਸੈੱਡ ਦਾ ਪ੍ਰਬੰਧ ਅਤੇ ਕੱਚੀ ਜਗ੍ਹਾ ਨੂੰ ਪੱਕੀ ਕਰਕੇ ਤਰਤੀਬ ਨਾਲ ਗੱਡੀਆਂ ਖੜ੍ਹਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਨਵੀਂ ਓ.ਪੀ.ਡੀ. ਨੇੜਲੀ ਬਹੁ-ਮੰਜਲੀ ਪਾਰਕਿੰਗ ਅਜੇ ਅਧੂਰੀ ਹੈ, ਉਸ ਦੀਆਂ



ਮੰਜ਼ਲਾਂ ਹੋਰ ਵਧਾਈਆਂ ਜਾ ਸਕਦੀਆਂ ਹਨ। ਇਥੇ ਪਾਰਕਿੰਗਾਂ ਦੀ ਫੀਸ ਜਰੂਰ 10 ਰੁਪਏ ਹੈ ਪਰ ਜਦੋਂ ਅਣਜਾਣ ਵੱਧ ਪੈਸੇ ਫੜ੍ਹਾ ਦਿੰਦਾ ਹੈ ਜਿਵੇਂ ਕਈ ਵਾਰੀ ਵੀਹ ਰੁਪਏ ਦੇ ਦਿੱਤੇ ਤਾਂ ਉਹ ਵੀਹ ਹੀ ਰੱਖ ਲੈਂਦੇ ਹਨ।

ਗਿਆਰਾਂ ਸੈਕਟਰ ਦੀ ਮਾਰਕੀਟ ਵਿੱਚ ਵੀ ਵਾਹਨਾਂ ਦੀ ਭਰਮਾਰ ਹੁੰਦੀ ਹੈ। ਬਹੁਤ ਸਾਰੇ ਲੋਕ ਇਥੇ ਹੀ ਖਾਲੀ ਜਗ੍ਹਾ ਦੇਖ ਆਪਣਾ ਵਾਹਨ ਖੜ੍ਹਾ ਕਰ ਜਾਂਦੇ ਹਨ। ਸਾਰਾ ਦਿਨ ਇਥੇ ਹੀ ਖੜ੍ਹਾ ਰਹਿੰਦਾ ਹੈ। ਇਸ ਨਾਲ ਦਵਾਈਆਂ ਲੈਣ ਵਾਲਿਆਂ ਨੂੰ ਸੜਕ ਤੇ ਹੀ ਵਾਹਨ ਖੜ੍ਹਾ ਕੇ ਆਉਣਾ ਪੈਂਦਾ ਹੈ, ਇਸ ਤਰ੍ਹਾਂ ਦਵਾਈਆਂ ਲੈਣ ਦੀ ਵੀ ਸਮੱਸਿਆ ਆਉਂਦੀ ਹੈ। ਇਹ ਪਾਰਕਿੰਗ ਦੀ ਘਾਟ ਸਦਕਾ ਹੀ ਹੈ। ਇਥੇ ਫਰੂਟ ਵਾਲੇ, ਚਾਹ ਵਾਲੇ, ਹੋਰ ਵਸਤਾਂ ਵੇਚਣ ਵਾਲੇ ਆਮ ਫੁੱਟ ਪੱਥਾਂ ਉੱਪਰ ਖੜ੍ਹੇ ਨਜ਼ਰ ਆਉਂਦੇ, ਖਾਣ ਵਾਲੀਆਂ ਵਸਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਜੋ ਲੋਕ ਆਪਣੇ ਮਰੀਜ਼ਾਂ ਲਈ ਖਰੀਦ ਕੇ ਲੈ ਜਾਂਦੇ ਹਨ।ਫੁੱਟ-ਪੱਥਾਂ ਦੀਆਂ ਟਾਈਲਾਂ ਵੀ ਉੱਖੜੀਆਂ ਹੋਈਆਂ ਹਨ, ਇੱਧਰ ਵੀ ਪ੍ਰਸਾਸ਼ਨ ਦਾ ਧਿਆਨ ਨਹੀਂ। ਪੀ.ਜੀ.ਆਈ. ਅੰਦਰ ਫਰੂਟ ਅਤੇ ਹੋਰ ਖਾਣ ਪੀਣ ਦੀਆਂ ਦੁਕਾਨਾਂ ਵੀ ਪਰਾਪਰ ਜਗ੍ਹਾ ਤੇ ਹੋਣੀਆਂ ਚਾਹੀਦੀਆਂ ਹਨ। ਸਿਹਤ ਵਿਭਾਗ ਅਤੇ ਪੀ.ਜੀ.ਆਈ. ਦੇ ਡਾਇਰੈਕਟਰ ਵਲੋਂ ਇਸ ਦਾ ਹੱਲ ਕੱਢ ਕੇ ਸਵੱਛ ਖਾਣ ਪੀਣ ਦੀਆਂ ਵਸ਼ਤਾਂ ਇਥੇ ਵੀ ਵਾਹਨਾਂ ਦੀ ਭਰਮਾਰ ਹੁੰਦੀ ਹੈ। ਪੀ.ਜੀ.ਆਈ. ਦਾ ਆਲਾ ਦੁਆਲਾ ਸਾਫ ਸੁੱਥਰਾ ਹੋਣਾ ਚਾਹੀਦਾ ਹੈ। ਖਾਣ ਪੀਣ ਦੀਆਂ ਮਿਆਰੀ ਵਸਤਾਂ ਅੰਦਰ ਹੀ ਉਪਲੱਭਦ ਕਰਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਪੀ.ਜੀ.ਆਈ. ਨੂੰ ਆਮਦਨ ਵੀ ਹੋਵੇਗੀ। ਕਈ ਸੰਸਥਾਵਾਂ ਹਰ ਰੋਜ਼ ਪੀ.ਜੀ.ਆਈ. ਦੇ ਬਾਹਰ ਲੰਗਰ ਦੀ ਸੇਵਾ ਕਰਦੀਆਂ ਹਨ, ਵੱਡੀ ਗਿਣਤੀ ਵਿੱਚ ਲੋਕੀਂ ਲੰਗਰ ਛਕਦੇ ਹਨ ਪਰ ਉਨ੍ਹਾਂ ਦੇ ਬੈਠ ਕੇ ਲੰਗਰ ਛੱਕਣ ਦਾ ਕੋਈ ਪ੍ਰਬੰਧ ਨਹੀਂ, ਸੋ ਉਨ੍ਹਾਂ ਦੇ ਬੈਠਣ ਲਈ ਜਗ੍ਹਾ ਵੀ ਹੋਣੀ ਚਾਹੀਦੀ ਹੈ ਤਾਂ ਕਿ ਸਫਾਈ ਦਾ ਵੀ ਖਿਆਲ ਰੱਖਿਆ ਜਾ ਸਕੇ। ਸੋ ਚੰਡੀਗੜ੍ਹ ਦੇ ਮੁੱਖ ਪ੍ਰਸਾਸਕ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

******

# ਧਾਰਮਿਕ ਵਿਚਾਰਾਂ ਦੇ ਧਾਰਣੀ ਸਨ ਮਾਤਾ ਮਹਿੰਦਰ ਕੌਰ ਰੌਲ਼

**ਮੇਜਰ ਸਿੰਘ ਨਾਭਾ**
ਮੋ. 9463553962



ਬਜ਼ੁਰਗ ਸਾਡੇ ਪਰਿਵਾਰਾਂ ਅਤੇ ਸਮਾਜ ਦਾ ਸਰਮਾਇਆ ਹੁੰਦੇ ਹਨ। ਨਾਨੀ-ਨਾਨਾ , ਪੜਨਾਨਾ-ਪੜਨਾਨੀ, ਦਾਦਾ-ਦਾਦੀ, ਪੜਦਾਦਾ-ਪੜਦਾਦੀ ਹੋਣਾ ਬੁਰਗਾਂ ਲਈ ਵੀ ਮਾਣ ਵਾਲੀ ਗੱਲ ਹੁੰਦੀ ਹੈ। ਇਹੋ ਜਿਹੀ ਹੀ ਸਖਸ਼ੀਅਤ ਸਨ ਮਾਤਾ ਮਹਿੰਦਰ ਕੌਰ ਜਿਨ੍ਹਾਂ ਦਾ ਜਨਮ ਸਵ: ਸ਼੍ਰ:ਬਚਨ ਸਿੰਘ ਦੇ ਘਰ ਮਾਤਾ ਪ੍ਰਿਸੰਨ ਕੌਰ ਦੀ ਕੁੱਖੋਂ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਇਕ ਕਿਰਤੀ ਇਨਸਾਨ ਸਨ। ਛੋਟੀ ਉਮਰੇ ਉਨ੍ਹਾਂ ਦਾ ਵਿਆਹ ਪਿੰਡ ਰੋਲ (ਲੁਧਿਆਣਾ) ਵਿਖੇ ਸ੍ਰ. ਮੁਖਤਿਆਰ ਸਿੰਘ ਗਰਚਾ ਨਾਲ ਹੋਇਆ।ਸਹੁਰੇ ਘਰ ਉਨ੍ਹਾਂ ਦਾ ਨਾਮ ਮਹਿੰਦਰ ਕੌਰ ਰੱਖ ਲਿਆ ਪਰ ਪੇਕੇ ਘਰ ਉਨ੍ਹਾ ਨੂੰ ਪਿਆਰੀ ਕਹਿ ਕੇ ਬੁਲਾਉਂਦੇ। ਸ੍ਰ. ਮੁਖਤਿਆਰ ਸਿੰਘ ਛੇ ਫੁੱਟ ਤੌਂ ਲੰਬੇ ਕੱਦ ਦੇ ਨਰੋਏ ਜੁੱਸੇ ਵਾਲੇ ਇਨਸਾਨ ਸਨ। ਉਹ ਸਿਲਾਈ ਦਾ ਕੰਮ ਕਰਦੇ ਸੀ। ਉਹ ਸਾਈਕਲ ਤੇ ਹੀ ਦੋਵੇਂ ਰੋਲ ਤੋਂ ਦੰਦਰਾਲਾ ਢੀਂਡਸਾ ਆ ਜਾਇਆ ਕਰਦੇ ਸੀ। ਮਾਤਾ ਮਹਿੰਦਰ ਕੌਰ (ਪਿਆਰੀ) ਚਾਰ ਭਰਾਵਾਂ ਸ਼ੇਰ ਸਿੰਘ, ਮਹਿੰਦਰ ਸਿੰਘ , ਜੋਗਿੰਦਰ ਸਿੰਘ ਅਤੇ ਅਮਰਜੀਤ ਸਿੰਘ ਦੀ ਸਭ ਤੋਂ ਵੱਡੀ ਸੱਚ ਮੁੱਚ ਇਕਲੋਤੀ ਪਿਆਰੀ ਭੈਣ ਸੀ। ਸਾਰਾ ਰੌਲ ਪਰਿਵਾਰ ਰਾੜਾ ਸਾਹਿਬ ਵਾਲੇ ਸੰਤਾਂ ਨਾਲ ਜੁੜਿਆ ਹੋਇਆ ਹੈ। ਪਿਛਲੇ ਸਮੇਂ ਮਾਤਾ ਜੀ ਦਾ ਅਚਾਨਕ ਚੂਲਾ ਬਦਲਣਾ ਪਿਆ ਜੋ ਵੱਡੀ ਉਮਰ ਵਿੱਚ ਬਹੁਤਾ ਸਫਲ ਨਹੀਂ ਹੁੰਦਾ ਪਰ ਮਾਤਾ ਜੀ ਦਾ ਚੂਲਾ ਬਦਲਿਆ ਠੀਕ ਰਿਹਾ। ਉਹ ਵਧੀਆ ਆਪਣੇ ਨਿੱਤ ਦੇ ਕ੍ਰਿਆਵਾਂ ਆਪ ਕਰ ਲੈਂਦੇ। ਪਿਛਲੇ ਕੁਝ ਸਮੇਂ ਤੋਂ ਭਾਵੇਂ ਉਹ ਦਿਮਾਗੀ ਤੰਦਰੁਸਤ ਨਹੀਂ ਸਨ। ਪਰ ਪਰਿਵਾਰ ਨੂੰ ਕਦੇ ਤੰਗ ਨਹੀਂ ਕਰਦੇ ਸੀ ਆਂਪਣੇ ਪੇਕੇ ਪਰਿਵਾਰ ਜਾਂ ਆਪਣੇ ਪਰਿਵਾਰ ਦੀਆਂ ਯਾਦਾਂ ਨੂੰ ਬੇਤਰਤੀਬੇ ਢੰਗ ਨਾਲ ਦੱਸਦੇ ਰਹਿੰਦੇ , ਕਦੇ ਕਿਸੇ ਬਾਰੇ ਮਾੜਾ ਨਾ ਬੋਲਦੇ। ਇਸਨਾਨ ਕਰਨਾ, ਸਾਫ ਪਹਿਰਾਵਾ ਪਾਉਣਾ, ਬਾਣੀ ਪੜ੍ਹਨਾ, ਜਾਪ ਕਰਨਾ ਉਨ੍ਹਾਂ ਦੀ ਨਿੱਤ ਦੀ ਕ੍ਰਿਆ ਸੀ। ਉਨ੍ਹਾਂ ਨੇ ਜ਼ਿੰਦਗੀ ਵਿੱਚ ਕਈ ਵਾਰੀ ਔਖੇ ਸਮੇਂ ਦੇਖੇ ਜਦੋਂ ਉਨਾਂ ਦਾ ਨੋਜਵਾਨ ਬੇਟਾ ਕੇਵਲ ਸਿੰਘ ਮਿੰਟਾਂ 'ਚ ਜੁਆਨੀ ਉਮਰੇ ਅਚਾਨਕ ਹੀ ਡਾਕਟਰਾਂ ਦੇ ਹੱਥੋਂ ਚਲਾ ਗਿਆ। ਥੋੜੇ ਦਿਨਾਂ ਬਾਅਦ ਛੋਟਾ ਭਰਾ ਜੋਗਿੰਦਰ ਸਿੰਘ ਤਕਰੀਬਨ 45 ਸਾਲ ਦੀ ਉਮਰੇ ਸ਼ੰਖੇਪ ਬਿਮਾਰੀ ਨਾਲ ਅਕਾਲ ਚਲਾਣਾ ਕਰ ਗਿਆ ਇਸੇ ਤਰ੍ਹਾਂ ਉਨ੍ਹਾਂ ਦੇ ਤਿੰਨ ਛੋਟੇ ਭਰਾ , ਤਿੰਨ ਭਰਜਾਈਆਂ ਦੇ ਤੁਰ ਜਾਣ ਦਾ ਸਦਮਾ ਵੀ ਝੱਲਿਆ। ਉਨਹਾਂ ਦਾ ਜਵਾਈ ਕੰਵਲਜੀਤ ਸਿੰਘ ਲੁਧਿਆਣਾ ਲੰਬਾ ਸਮਾਂ ਬਿਮਾਰੀ ਨਾਲ ਜੂਝਦਾ ਜਹਾਨੋਂ ਤੁਰ ਗਿਆ। ਨੌਜਵਾਨ



ਭਤੀਜਾ ਸੁਖਵਿੰਦਰ ਸਿੰਘ ਜਵਾਨੀ ਵਿੱਚ ਖਾੜਕੂ ਲਹਿਰ ਦੌਰਾਨ ਜਹਾਨੋਂ ਤੁਰ ਗਿਆ।ਥੋੜੇ ਸਾਲ ਪਹਿਲਾਂ ਉਨ੍ਹਾਂ ਦੇ ਪਤੀ ਸ੍ਰ. ਮੁਖਤਿਆਰ ਸਿੰਘ ਅਚਾਨਕ ਇੱਕ ਐਕਸੀਡੈਂਟ ਕਾਰਨ ਵਿਛੌੜਾ ਦੇ ਗਏ। ਪਿਛੇ ਜਿਹੇ ਭਤੀਜਾ ਅਕਬਾਲ ਸਿੰਘ ਹੈਪੀ ਅਚਾਨਕ ਅਕਾਲ ਚਲਾਣਾ ਕਰ ਗਿਆ ਸੀ ਉਸ ਸਮੇਂ ਉਨ੍ਹਾਂ ਨੂੰ ਸੌਝੀ ਨਹੀਂ ਸੀ।ਪਰ ਪਹਿਲਾਂ ਜਰੂਰ ਸਦਮੇ ਝੱਲੇ। ਪਰ ਫਿਰ ਵੀ ਉਨ੍ਹਾਂ ਨੇ ਅਡੋਲਤਾ ਕਾਇਮ ਰੱਖੀ। ਨੱਬਿਆਂ ਨੂੰ ਪਾਰ ਕਰ ਚੁੱਕੇ ਮਾਤਾ ਮਹਿੰਦਰ ਕੌਰ ਨੇ ਆਪਣੇ ਪਰਿਵਾਰ ਨੂੰ ਚੰਗੇ ਸੰਸ਼ਕਾਰਾਂ ਵਿੱਚ ਪਰੋ ਕੇ ਰੱਖਿਆ। ਹੁਣ ਇਸ ਗੁਰਸਿੱਖ ਪਰਿਵਾਰ ਵਿੱਚ ਉਨ੍ਹਾਂ ਦੇ ਪੁੱਤਰ ਅਵਤਾਰ ਸਿੰਘ , ਨੂੰਹ ਸਰਬਜੀਤ ਕੌਰ ਅਤੇ ਪੋਤਰਾ ਸੁਖਪਾਲ ਸਿੰਘ ਹਨ। ਉਨ੍ਹਾ ਦੀ ਵੱਡੀ ਬੇਟੀ ਗੁਰਮੇਲ ਕੌਰ (ਪਤਨੀ ਸਵ: ਸ੍ਰ. ਕੰਵਲਜੀਤ ਸਿੰਘ) ਲੁਧਿਆਣੇ ਵਿਖੇ ਆਪਣੇ ਬੇਟੇ ਅਮਰਜੀਤ ਸਿੰਘ ਨੂੰਹ ਜਸਪ੍ਰੀਤ ਕੌਰ ,ਬੇਟੇ ਸੁਰਿੰਦਰ ਸਿੰਘ ਨੂੰਹ ਸਿਮਰਨਜੀਤ ਕੌਰ ਅਤੇ ਉਨ੍ਹਾ ਦੇ ਬੱਚਿਆਂ ਨਾਲ ਰਹਿ ਰਹੀ ਹੈ ਅਤੇ ਬੇਟੀ ਚਰਨਜੀਤ ਕੌਰ ਸਿਧਾਰ ਵਿਖੇ ਆਂਪਣੇ ਪਤੀ ਸ੍ਰ. ਜਸਵਿੰਦਰ ਸਿੰਘ, ਬੇਟੇ ਜਸਵਿੰਦਰ ਸਿੰਘ ਨਾਲ ਆਪਣੇ ਪਰਿਵਾਰ ਵਿੱਚ ਰਹਿ ਰਹੀ ਹੈ। ਪੋਤਰੀ ਸੰਦੀਪ ਕੌਰ ਮਾਲੇਰਕੋਟਲਾ ਵਿਖੇ ਆਪਣੇ ਪਤੀ ਕੁਲਵਿੰਦਰ ਸਿੰਘ ਨਾਲ ਅਤੇ ਪੋਤਰੀ ਗੁਰਪ੍ਰੀਤ ਕੌਰ ਆਪਣੇ ਪਤੀ ਸੰਦੀਪ ਸਿੰਘ ਆਸਟ੍ਰੇਲੀਆ ਨਾਲ ਆਪਣੇ ਆਪਣੇ ਬੱਚਿਆਂ ਨਾਲ ਆਪਣੇ ਪਰਿਵਾਰਾਂ ਵਿੱਚ ਖੁਸ਼ ਰਹਿ ਰਹੀਆਂ ਹਨ। ਪਿਛਲੇ ਦਿਨੀਂ ਉਨ੍ਹਾਂ ਦੋ ਤਿੰਨ ਦਿਨ ਬਿਮਾਰ ਹੋਣ ਤੇ ਅੰਨ ਪਾਣੀ ਲੈਣਾ ਘੱਟ ਕਰ ਦਿੱਤਾ ਜਿਸ ਕਰਕੇ ਉਹ ਇਸ ਦੁਨੀਆਂ ਤੋਂ 6 ਜੂਨ 2026 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਨਮਿੱਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਰੋਲ ਵਿਖੇ ਦਿਨ ਐਤਵਾਰ 14 ਜੂਨ 2026 ਨੂੰ ਦੁਪਹਿਰ 12 ਵਜੇ ਤੋਂ 1ਵਜੇ ਤੱਕ ਹੋਵੇਗੀ। ਵਾਹਿਗੁਰੂ ਜੀ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਫ਼ਿਲਮੀ ਜਗਤ ਅਤੇ ਲਾਲਚੀ ਕੰਪਨੀਆਂ ਦਾ ਕਰੂਰ ਚਿਹਰਾ ਨੰਗਾ ਕਰਦਾ ਹੈ ਨਾਵਲ "ਮਹਿਕਾਂ ਹੇਠ ਮਿੱਧਿਆ ਫੁੱਲ"

**ਸ਼ਿਵਚਰਨ ਜੱਗੀ ਕੁੱਸਾ**




ਨਾਵਲ ਲਿਖਣਾ ਕੋਈ ਸੌਖਾ ਕਾਰਜ ਨਹੀਂ, ਇੱਕ ਪਿੰਡ 'ਬੰਨ੍ਹਣ ਜਿੱਡਾ ਜ਼ਿੰਮੇਵਾਰੀ ਵਾਲਾ ਕੰਮ ਹੁੰਦਾ ਹੈ। ਪਿਛਲੇ ਹਫ਼ਤੇ ਹੀ ਮੇਰੇ ਹੱਥ ਬਾਬਾ ਬਖਸ਼ਿੰਦਰ ਦਾ ਨਾਵਲ "ਮਹਿਕਾਂ ਹੇਠ ਮਿੱਧਿਆ ਫੁੱਲ" ਲੱਗਿਆ। 168 ਪੰਨੇ ਦੇ ਇਸ ਨਾਵਲ ਵਿੱਚ ਬਾਬਾ ਬਖਸ਼ਿੰਦਰ ਨੇ ਇੱਕ ਅਜੀਬ ਅਤੇ ਦਿਲਚਸਪ ਦੁਨੀਆਂ ਸਿਰਜ ਦਿੱਤੀ। "ਕੁੜ੍ਹੇ ਇਹਦੇ 'ਚ ਹੁਣ ਕੀ ਐ...? ਇਹ ਤਾਂ ਹੁਣ ਮਿੱਟੀ ਐ...!" ਤੋਂ ਸ਼ੁਰੂ ਹੋ ਕੇ 'ਇੰਦੋ ਦੀ ਮੌਤ ਤੋਂ ਹੁੰਦਾ ਹੋਇਆ, ਸੋਗੀ ਮਾਹੌਲ ਵਿੱਚ ਅੱਗੇ ਵਧਦਾ ਹੈ। ਇੱਕ ਪਾਸੇ 'ਵਧਾਈਆਂ ਅਤੇ ਇੱਕ ਪਾਸੇ 'ਅਫ਼ਸੋਸ ਵਿੱਚ ਵਿਚਰਨ ਵਾਲਾ ਪ੍ਰੀਵਾਰ ਇਹ ਨਾ ਸਮਝ ਸਕਿਆ ਕਿ ਉਹ ਪੁੱਤਰ ਦੀ ਆਮਦ ਤੋਂ ਖ਼ੁਸ਼ ਸੀ, ਜਾਂ ਇੰਦੋ ਦੇ ਤੁਰ ਜਾਣ ਤੋਂ ਦੁਖੀ? ਇੰਦੋ ਦੀ ਨਣਾਨ ਕਾਂਤੀ ਹੋਣ ਵਾਲੇ ਬੱਚੇ ਨੂੰ 'ਨਹਿਸ਼ ਮੰਨਣ ਲੱਗ ਪਈ, ਜਿਸ ਨੇ ਜੰਮਦੇ ਨੇ ਹੀ ਆਪਣੀ ਜਨਮ ਦੇਣ ਵਾਲੀ ਮਾਂ 'ਖਾ ਲਈ ਸੀ। ਪਰ ਜਦ ਉਸ ਨੇ ਮੁੜ ਆਪਣੇ ਭਤੀਜੇ ਵੱਲ ਦੇਖਿਆ, ਤਾਂ ਭਰਜਾਈ ਇੰਦੋ ਦਾ ਮੜ੍ਹੰਗਾ ਹੂ-ਬ-ਹੂ ਦਿਸਿਆ। ਕਾਂਤੀ ਦੀ ਸੋਚ ਬਦਲ ਗਈ। ਪਰ ਕਾਂਤੀ ਇਸ ਗੱਲੋਂ ਵੀ ਅਵਾਜ਼ਾਰ ਸੀ ਕਿ ਲਾਲਾ ਸ੍ਰਿਸ਼ਟਪਾਲ ਅਤੇ ਮਾਂ ਗੁਰਾਂਦਿੱਤੀ ਨੂੰ ਕਿਹੜੀ ਖ਼ਬਰ ਦੇਵੇ...? ਮੁੰਡਾ ਹੋਣ ਦੀ, ਜਾਂ ਨੂੰਹ ਦੇ ਜੱਗੋਂ ਤੁਰ ਜਾਣ ਦੀ...??

ਨਾਵਲ ਦਾ ਅਗਲਾ ਪੜਾਅ ਉਸ ਮੁੰਡੇ ਰਮਨ ਅਤੇ ਉਸ ਨਾਲ ਪੜ੍ਹਦੀ ਕੁੜੀ ਰਾਜੀ ਨਾਲ ਸ਼ੁਰੂ ਹੁੰਦਾ ਹੈ! ਇਕੱਠੇ ਪੜ੍ਹਦਿਆਂ ਉਸ ਨੂੰ ਉਸ ਨੂੰ ਰਾਜੀ ਦੀ 'ਚਾਟ ਜਿਹੀ ਲੱਗ ਗਈ। ਪਾਲ, ਰਮਨ ਦਾ ਬਾਪ ਰਮਨ ਦੇ ਜੰਮਣ ਤੋਂ ਪਹਿਲਾਂ ਵਲਾਇਤ ਚਲਿਆ ਗਿਆ ਸੀ ਅਤੇ ਉਹ ਹਰ ਖ਼ਤ ਵਿੱਚ ਆਪਣੇ ਬਾਪ ਸ੍ਰਿਸ਼ਟਪਾਲ ਨੂੰ ਰਮਨ ਨੂੰ ਖੁੱਲ੍ਹਾ ਖਰਚਾ ਅਤੇ ਸੁੱਖ-ਸਹੂਲਤਾਂ ਦੇਣ ਦੀ ਤਾਕੀਦ ਕਰਦਾ। ਹਾਲਾਂਕਿ ਉਸ ਦਾ ਬਾਪ ਕਦੇ ਵੀ ਵਾਪਸ ਨਾ ਪਰਤਿਆ। ਰਾਜੀ ਅਤੇ ਰਮਨ ਦੀ ਰੂਹਾਨੀ ਨਜ਼ਦੀਕੀ ਉਸ ਦੀ ਗੁਣਗੁਣਾਈ ਇੱਕ ਕਵਿਤਾ ਤੋਂ ਸ਼ੁਰੂ ਹੁੰਦੀ ਹੈ। ਉਹ, "ਵਾਹ ਵੇ ਮਾਂ ਦਿਆ ਰਾਗੀਆ...!" ਆਖ ਕੇ ਉਸ ਦੇ ਹੋਰ ਨੇੜੇ ਹੁੰਦੀ ਹੈ। ਜਗਰਾਤੇ 'ਚ ਗਾਉਣ ਤੋਂ ਬਾਅਦ ਰਮਨ ਦੇ ਸਿਰ ਤੋਂ ਨੋਟਾਂ ਦਾ ਮੀਂਹ ਵਰ੍ਹਦੈ...। ਉਸ ਜਗਰਾਤੇ ਤੋਂ ਰਾਜੀ ਅਤੇ ਰਮਨ ਦੀ ਮੁਹੱਬਤ ਦਾ ਰਾਗ ਸ਼ੁਰੂ ਹੁੰਦਾ ਹੈ। ਦੋ ਰੂਹਾਂ 'ਇੱਕ ਹੁੰਦੀਆਂ ਹਨ ਅਤੇ ਰੂਹਾਂ ਦਾ ਨਾਦ ਵੱਜਦਾ ਹੈ। ਪਰ ਇਸ ਨਾਦ ਵਿੱਚ ਪੱਥਰ ਓਦੋਂ ਵੱਜਦਾ ਹੈ, ਜਦ ਰਾਜੀ ਦਾ ਦਸਵੀਂ ਜਮਾਤ ਪਾਸ ਕਰਨ ਤੋਂ ਤੁਰੰਤ ਬਾਅਦ ਵਿਆਹ ਕਰ ਦਿੱਤਾ ਜਾਂਦਾ ਹੈ। ਰਮਨ ਮਾਨਸਿਕ ਤੌਰ 'ਤੇ ਡੋਲ ਜਾਂਦਾ ਹੈ ਅਤੇ ਉਸ ਨੂੰ ਇਹ ਸਮਝ ਨਹੀਂ ਲੱਗਦੀ, ਕਿ ਦਸਵੀਂ ਪਾਸ ਕਰਨ ਤੋਂ ਤੁਰੰਤ ਬਾਅਦ ਹੀ ਰਾਜੀ ਦਾ ਵਿਆਹ 'ਕਿਉਂ ਕਰ ਦਿੱਤਾ ਗਿਆ?

ਰਾਜੀ ਦੇ ਵਿਆਹ ਤੋਂ ਬਾਅਦ ਸੁਰੀਲਾ ਗਾਇਕ ਰਮਨ, ਇੱਕ ਤਰ੍ਹਾਂ ਨਾਲ ਬਿਨ-ਬਰੇਕਾ ਇੰਜਣ ਅਤੇ ਬੇਸੁਰਾ ਜਿਹਾ ਹੋ ਗਿਆ। ਗਾਉਣ ਵਿੱਚ ਉਸ ਦਾ ਮਨ ਨਾ ਲੱਗਦਾ ਅਤੇ ਬਿਰਤੀ ਨਾ ਟਿਕਦੀ। ਕਿਉਂਕਿ ਉਸ ਦੀ 'ਅਸਲ ਬੈਟਰੀ ਤਾਂ ਰਾਜੀ ਸੀ, ਜਿਸ ਦੀ ਊਰਜਾ ਨਾਲ ਉਹ ਚਮਕਦਾ ਸੀ, ਗਾਉਂਦਾ ਸੀ, ਚਹਿਕਦਾ ਸੀ। ਰਾਜੀ ਦੇ ਸਹੁਰੇ ਤੁਰ ਜਾਣ ਤੋਂ ਬਾਅਦ ਨਦੀ ਦੇ ਪਾਣੀਆਂ ਦੀ 'ਕਲ-ਕਲ ਉਸ ਨੂੰ 'ਓਪਰੀ ਅਤੇ ਪੰਛੀਆਂ ਦੀ ਚਹਿਕ ਉਸ ਨੂੰ ਰੋਣਹਾਕੀ ਪ੍ਰਤੀਤ ਹੁੰਦੀ। ਰਾਜੀ ਦੇ ਵਿਛੋੜੇ ਬਾਅਦ ਰਮਨ ਗਾਉਣਾ ਛੱਡ ਗਿਆ। ਪਰ ਅਚਨਚੇਤ ਨੂਰ ਸਾਹਿਬ ਦੇ ਦਿੱਤੇ 'ਇੱਕ ਗੀਤ ਨੇ ਉਸ ਦਾ ਧਿਆਨ ਮੁੜ ਖਿੱਚਿਆ ਅਤੇ "ਸਰ ਜੀ, ਮੇਰਾ ਮੁੜ ਗਾਉਣ ਨੂੰ ਜੀਅ ਕਰ ਆਇਆ!" ਆਖ ਉਸ ਨੇ ਫਿਰ ਗਾਇਕੀ ਵੱਲ ਰੁੱਖ ਕੀਤਾ। ਨੂਰ ਸਾਹਿਬ ਅਤੇ ਨਗਿੰਦਰ ਸਿੰਘ ਦੀ ਬਦੌਲਤ ਉਹ 'ਰਮਨ ਤੋਂ 'ਰਮੀ ਕਪੂਰ ਬਣ, ਅੱਗੇ ਦਾ ਰੁੱਖ ਕਰਦਾ ਹੈ ਅਤੇ ਗਾਇਕੀ ਦੇ ਖੇਤਰ ਵਿੱਚ ਤੂਫ਼ਾਨ ਬਣ, ਛਾ ਜਾਂਦਾ ਹੈ, "ਉਹ ਸੱਟ ਹੀ ਕੀ, ਜੋ ਨਿਸ਼ਾਨ ਨਾ ਛੱਡੇ, ਤੇ ਜਿਸ ਦਾ ਚੇਤਾ ਨਾ ਰਹੇ...?" ਨੂਰ ਸਾਹਿਬ ਦੇ ਇਹਨਾਂ ਸ਼ਬਦਾਂ ਨੇ ਉਸ ਦੇ ਜੀਵਨ ਵਿੱਚ ਇੱਕ ਸਾਰਥਿਕ ਮੋੜ ਲਿਆਂਦਾ। ਰਾਤ ਦੀ ਸਰੂਰੀ ਮਹਿਫ਼ਲ ਵਿੱਚ ਜਦ ਰਮਨ ਨੂਰ ਸਾਹਿਬ ਨੂੰ ਇਹ ਦੱਸਦਾ ਘੋਰ ਦੁਖੀ ਹੋ ਜਾਂਦਾ ਹੈ, "ਸਰ, ਜਦੋਂ ਉਸ ਦਾ ਵਿਆਹ ਹੋਇਆ ਸੀ, ਤਾਂ ਉਸ ਦੇ ਪੇਟ ਵਿੱਚ ਕਿਸੇ ਦਾ ਬੱਚਾ ਪਲ ਰਿਹਾ ਸੀ...। ਪਰ ਇਹ ਬੱਚਾ ਰਾਜੀ ਦੀ ਰਜ਼ਾਮੰਦੀ ਨਾਲ ਨਹੀਂ, ਮਿੰਧੇ ਦੀ ਜ਼ਬਰਦਸਤੀ ਦਾ ਸਿੱਟਾ ਸੀ...।" ਰਮਨ ਦਾ ਰੋਣ ਨਿਕਲ ਗਿਆ ਅਤੇ ਇਸ ਵਿੱਚ ਉਹ ਆਪਣੇ ਆਪ ਨੂੰ 'ਦੋਸ਼ੀ ਮੰਨ ਰਿਹਾ ਸੀ, ਕਿਉਂਕਿ ਮਿੰਧੇ ਨਾਲ ਉਸ ਦੀ ਮਿੱਤਰਤਾ ਸੀ। ਅਸਲ ਵਿੱਚ ਰਾਜੀ ਨਾਲ ਹੋਏ 'ਧੱਕੇ ਦਾ ਰਾਜੀ ਦੇ ਪਤੀ ਨੂੰ ਪਤਾ ਲੱਗ ਗਿਆ ਸੀ, ਇਸ ਲਈ ਉਸ ਨੇ ਉਸ ਨੂੰ ਪੇਕੀਂ ਆਉਣ ਤੋਂ ਸਖਤੀ ਨਾਲ ਵਰਜਿਆ ਹੋਇਆ ਸੀ।

"ਸਾਥ ਛੱਡਦਾ ਦਿਸੇ ਪ੍ਰਛਾਵਾਂ, ਆਖ ਆਪਣਾ ਮੈਂ ਕਿਸ ਨੂੰ ਬੁਲਾਵਾਂ, ਮੈਨੂੰ ਕੁਝ ਸੁੱਝਦਾ ਨਹੀਂ...!" ਗੀਤ ਉਸ ਦੀ ਜ਼ਿੰਦਗੀ ਦਾ ਅਧਾਰ ਬਣ ਜਾਂਦਾ ਹੈ। ਇਸ ਕਲਾਕਾਰੀ ਕਾਰਨ ਮਿਸਜ਼ ਘੁੰਮਣ ਰਮਨ ਦੀ ਜ਼ਿੰਦਗੀ ਵਿੱਚ ਆਉਂਦੀ ਹੈ ਅਤੇ ਬੱਦਲੀ ਵਾਂਗ 'ਵਰ੍ਹ ਕੇ, ਰਾਤ 'ਰੰਗੀਨ ਕਰਦੀ ਹੈ, ਜਿਸ ਨੂੰ ਰਮਨ 'ਰੇਪ ਮੰਨਦਾ ਹੈ। ਪਰ ਨਗਿੰਦਰ ਸਿੰਘ ਅਤੇ ਨੂਰ ਸਾਹਿਬ ਇਸ ਨੂੰ 'ਸ਼ੁਗਲ ਹੀ ਸਮਝਦੇ ਹਨ, "ਚਲੋ ਕੈਸ਼ ਨਹੀਂ ਤਾਂ ਜਿਣਸ ਹੀ ਸਹੀ...। ਮੁੰਡਾ ਮਿਹਨਤਾਨਾ ਤਾਂ ਲੈ ਆਇਆ...?" ਨਗਿੰਦਰ ਸਿੰਘ ਗੱਲ ਹਾਸੇ ਪਾ ਲੈਂਦਾ ਹੈ, "ਓਏ ਮੁੰਡਿਆ, ਨਾਲੇ ਜਤ-ਸਤ ਤਾਂ ਇੱਕ ਨਾ ਇੱਕ ਦਿਨ ਟੁੱਟਣਾ ਹੀ ਹੁੰਦੈ...। ਬੱਕਰੇ ਦੀ ਮਾਂ ਕਿੰਨਾ ਕੁ ਆਖਰ ਕਿੰਨਾ ਕੁ ਚਿਰ ਖ਼ੈਰ ਮਨਾਊ...? ਨਾਲੇ ਤੂੰ ਸ਼ੁਕਰ ਕਰ ਤੇਰਾ ਜਤ-ਸਤ ਮੁਲਕ ਦੀ ਸਰਕਾਰ ਦੇ ਕੰਮ ਆ ਗਿਆ...।" ਨਗਿੰਦਰ ਸਿੰਘ ਫਿਰ ਵਿਅੰਗਮਈ ਆਖਦਾ ਹੈ। ਪਰ ਇਹ ਗੱਲ ਰਮਨ ਨੂੰ ਅੰਦਰੋ-ਅੰਦਰੀ ਘੁਣ ਵਾਂਗ ਖਾਣ ਲੱਗਦੀ ਹੈ। ਉਹ ਕੀੜਿਆਂ ਵਾਲੇ ਕੁੱਤੇ ਵਾਂਗ ਅੰਦਰੋਂ ਨਹੀਂ ਨਿਕਲਦਾ ਤਾਂ ਦਾਦੇ ਦਾਦੀ ਨੂੰ ਫ਼ਿਕਰ ਹੁੰਦਾ ਹੈ। ਪ੍ਰਦੇਸ ਗਏ ਪੁੱਤਰ ਦਾ




ਹੇਰਵਾ ਅਤੇ ਹੁਣ ਪੋਤਰੇ ਦਾ ਬੇਮੁੱਖ ਜਾਂ ਉਦਾਸ ਜਿਹਾ ਹੋਣਾ, ਦਾਦੇ ਸ੍ਰਿਸ਼ਟਪਾਲ ਅਤੇ ਦਾਦੀ ਗੁਰਾਂਦਿੱਤੀ ਨੂੰ ਬੇਹੱਦ ਪ੍ਰੇਸ਼ਾਨ ਕਰ ਰਿਹਾ ਸੀ।

ਫ਼ਿਰ ਰਮਨ ਦੇ ਦੋਸਤ ਰਣਧੀਰ ਦੇ ਦੱਸਣ ਅਨੁਸਾਰ ਕਾਲਜ ਵਿੱਚ ਇੱਕ ਖ਼ਤ ਆਇਆ, ਜੋ ਕਿਸੇ ਰੇਡੀਓ ਸਟੇਸ਼ਨ ਤੋਂ ਸੀ। ਉਸ ਖ਼ਤ ਬਾਰੇ ਵੀ ਬਹੁਤ ਅਫ਼ਵਾਹਾਂ ਅਤੇ ਕਾਫ਼ੀ ਕਿਆਫ਼ੇ ਲਾਏ ਜਾ ਰਹੇ ਸਨ ਕਿ ਇਹ ਖ਼ਤ ਮਿਸਜ਼ ਘੁੰਮਣ ਨੇ ਸਿਫ਼ਾਰਸ਼ ਕਰ ਕੇ ਲਿਖਵਾਇਆ ਸੀ। ਰਮਨ ਲੋਕਾਂ ਵੱਲੋਂ ਕਰੀਆਂ ਜਾ ਰਹੀਆਂ ਗੱਲਾਂ ਕਾਰਨ ਅਤੀਅੰਤ ਪ੍ਰੇਸ਼ਾਨ ਹੋ ਜਾਂਦਾ ਹੈ ਅਤੇ ਨਗਿੰਦਰ ਸਿੰਘ ਇਹ ਆਖ ਕੇ ਉਸ ਦਾ ਦਿਲ ਧਰਾਉਂਦਾ ਹੈ, ਕਿ ਲੋਕਾਂ ਨੇ ਤਾਂ ਵੱਡੇ-ਵੱਡੇ ਨੌਲ ਧਰੇ...। ਤੈਨੂੰ ਇਹ ਕਿੱਥੇ ਬਖਸ਼ਣਗੇ...? ਅਖੀਰ ਪ੍ਰੋਗਰਾਮ ਦੇ ਦਿਨ "ਸੱਜਰੀ ਮਹਿਫ਼ਲ" ਵਿੱਚ ਰਮਨ ਦੇ ਗੀਤ ਨਸ਼ਰ ਕਰ ਦਿੱਤੇ ਗਏ। ਉਸ ਪ੍ਰੋਗਰਾਮ ਤੋਂ ਬਾਅਦ ਉਸ ਦੀ ਕਿਸਮਤ ਚਮਕ ਗਈ ਅਤੇ ਉਹ "ਸਟਾਰ ਗਾਇਕ" ਅਤੇ "ਰੇਡੀਓ ਆਰਟਿਸਟ" ਵੀ ਗਿਣਿਆਂ ਜਾਣ ਲੱਗਿਆ। ਉਹਨਾਂ ਦੇ ਘਰ ਦਾ ਸੁਸਤ ਜਿਹਾ ਪਿਆ ਫ਼ੋਨ ਹੁਣ ਦਿਨ ਵਿੱਚ ਵਾਰ-ਵਾਰ "ਟਰਰ-ਟਰਰ" ਵੱਜਣ ਲੱਗਿਆ ਅਤੇ ਘਰ ਵਿੱਚ ਰੌਣਕ ਅਤੇ ਖੇੜਾ ਵਧਣ ਲੱਗਿਆ। ਦਾਦਾ ਦਾਦੀ ਅਥਾਹ ਖੁਸ਼ ਸਨ। ਹੁਣ 'ਕਪੂਰਾਂ ਦੇ ਘਰ ਦਾ ਫ਼ੋਨ 'ਰੇਡੀਓ ਸਿੰਗਰ ਰਮਨ ਕਪੂਰ ਦਾ ਫੋਨ ਬਣ ਗਿਆ ਅਤੇ ਗਹਿਮਾਂ-ਗਹਿਮੀ ਹੋ ਗਈ। ਨਗਿੰਦਰ ਸਿੰਘ ਦੇ ਦੋਸਤ ਦੀ ਦੁਕਾਨ ਦੇ ਮੱਥੇ ਉੱਪਰ ਬੋਰਡ ਵੀ ਲੁਆ ਦਿੱਤਾ ਅਤੇ ਇੱਕ ਸੈਕਟਰੀ ਵੀ ਨਿਯੁਕਤ ਕਰ ਦਿੱਤਾ।

ਇੱਥੇ ਲੇਖਕ ਨੇ ਕੰਪਨੀਆਂ ਵੱਲੋਂ ਕੀਤੇ ਜਾਂਦੇ 'ਇੱਕਰਾਰਨਾਮਿਆਂ ਦੀ ਆੜ ਹੇਠ ਕੀਤੀਆਂ ਜਾਂਦੀਆਂ 'ਗਿੱਦੜਮਾਰੀਆਂ ਦਾ ਚਿਤਰਣ ਬਾਖ਼ੂਬੀ ਕੀਤਾ ਹੈ, ਜੋ ਕਲਾਕਾਰ ਦੇ ਦਸਤਖ਼ਤ ਲੈ ਕੇ ਦਸ ਸਾਲਾਂ ਲਈ 'ਬੰਨ੍ਹ ਲੈਂਦੇ ਹਨ ਅਤੇ ਆਪਣੇ ਅਨੁਸਾਰ 'ਵਰਤਦੇ ਹਨ। ਉਹ 'ਤਕਦੀਰਾਂ ਅਤੇ 'ਤਦਬੀਰਾਂ ਦੇ ਗੇੜ ਵਿੱਚ ਉਲਝਿਆ, ਮਿੱਠੀਆਂ ਗੱਲਾਂ ਵਿੱਚ ਆ ਕੇ ਉਹਨਾਂ ਦੇ 'ਚੁੰਗਲ ਵਿੱਚ 'ਫ਼ਸ ਜਾਂਦਾ ਹੈ। ਮਹਿਕ ਮਲਿਕ ਦੇ ਮਹਿਕਦੇ ਜਿਸਮ ਦੀ ਖ਼ੁਸ਼ਬੂ ਵੀ ਉਸ ਨੂੰ 'ਬਾਂਵਰਾ ਕਰੀ ਰੱਖਦੀ ਹੈ ਅਤੇ ਉਹ ਆਪਣਾ ਕਿੱਤਾ ਭੁੱਲ ਕੇ, ਜਿਸਮ ਦੀ ਲਾਲਸਾ ਵੱਸ ਸੁੱਧ-ਬੁੱਧ ਖੋਅ ਬੈਠਦਾ ਹੈ। ਮਹਿਕ ਉਸ ਦੀ ਮੈਨੇਜਰ ਬਣ ਜਾਂਦੀ ਹੈ ਅਤੇ ਉਹਨਾਂ ਦੀ ਗੁੱਡੀ ਐਨੀ ਚੜ੍ਹ ਜਾਂਦੀ ਹੈ, ਕਿ ਮੰਤਰੀਆਂ-ਸ਼ੰਤਰੀਆਂ ਨਾਲ ਲੰਚ-ਡਿਨਰ ਹੋਣ ਲੱਗਦਾ ਹੈ। ਦਿਨ ਬਦਲਦੇ ਹਨ ਅਤੇ ਰਮਨ 'ਰਮੀ ਕਪੂਰ ਬਣ ਕੇ ਫ਼ਿਲਮੀ ਜਗਤ ਵਿੱਚ ਉੱਤਰਦਾ ਹੈ, ਜਾਂ ਉਤਾਰਿਆ ਜਾਂਦਾ ਹੈ ਅਤੇ ਚੰਗੀ ਕਿਸਮਤ ਨਾਲ ਉਸ ਦੇ ਨਾਮ ਦੀ ਧੁੰਮ ਪੈ ਜਾਂਦੀ ਹੈ। ਪਰ ਸਮਾਂ ਪਾ ਕੇ 'ਐਗਰੀਮੈਂਟ ਵਿਚਲੇ 'ਲੂਪਹੋਲ ਲੱਭ ਕੇ ਹੋਰ ਕੰਪਨੀ ਨਾਲ ਸਾਂਢੇ-ਗਾਂਢੇ ਦੀ ਗੱਲ ਚੱਲ ਪੈਂਦੀ ਹੈ। ਜੋੜ-ਤੋੜ ਅਤੇ ਤੋੜ-ਜੋੜ ਦਾ ਸਿਲਸਲਾ ਬੜੇ ਰੰਗ ਦਿਖਾਉਂਦਾ ਹੈ। ਲੇਖਕ ਨੇ ਇੱਕ ਵਿਸ਼ਾ ਹੋਰ ਵੀ ਚੁੱਕਿਆ ਹੈ, ਜਿੱਥੇ ਚਰਨਜੀਤ ਚੋਪੜਾ ਅਤੇ ਪ੍ਰਵੀਨ ਚੋਪੜਾ, ਅਰਥਾਤ ਮਾਂ-ਧੀ ਇੱਕੋ ਮਰਦ ਨੂੰ ਹੰਢਾਉਣ ਦਾ ਸ਼ੌਕ ਰੱਖਦੀਆਂ ਹਨ। ਜਿਵੇਂ ਵੱਡੀ ਮੱਛੀ ਛੋਟੀ ਨੂੰ ਖਾ ਜਾਂਦੀ ਹੈ, ਬਿਲਕੁਲ ਉਸੀ ਤਰ੍ਹਾਂ ਫ਼ਿਲਮ ਨਗਰੀ ਵੀ ਕਈਆਂ ਨੂੰ ਘੁਣ ਵਾਂਗ 'ਲੱਗ ਕੇ ਸਮੇਟਣਾ ਸ਼ੁਰੂ ਕਰ ਦਿੰਦੀ ਹੈ। ਉਥੇ ਕਈ ਕਲਾਕਾਰ, ਕਲਾਕਾਰ ਨਹੀਂ ਕੱਠਪੁਤਲੀ, ਜਾਂ ਐਸ਼ਪ੍ਰਸਤੀ ਵਿੱਚ ਪੈ ਕੇ ਕੌਡੀਓਂ ਖੋਟੇ ਹੋ ਜਾਂਦੇ ਹਨ ਅਤੇ ਮਾੜੀਆਂ ਆਦਤਾਂ ਅਤੇ ਸੁਨੱਖੀਆਂ ਔਰਤਾਂ ਦੇ 'ਗੁਲਾਮ ਬਣ ਕੇ ਰਹਿ ਜਾਂਦੇ ਹਨ। ਜਿੱਥੇ ਇੰਡਸਟਰੀ ਉਹਨਾਂ ਦੀ ਆਪਣੇ ਹਿਸਾਬ ਨਾਲ 'ਚੱਕ-ਥੱਲ ਕਰਦੀ ਅਤੇ ਰੋਟੀ ਵਾਂਗ ਸੇਕਦੀ ਹੈ। ਕਲਾਕਾਰਾਂ ਨੂੰ ਸ਼ਰਾਬ ਅਤੇ ਸ਼ਬਾਬ ਮਾਰ ਲੈਂਦਾ ਹੈ ਅਤੇ ਜਦ ਉਹਨਾਂ ਨੂੰ ਸੁਰਤ ਆਉਂਦੀ ਹੈ, ਤਾਂ ਉਹਨਾਂ ਨੂੰ 'ਅਸਲ ਗੱਲ ਦੀ 'ਸਮਝ ਪੈਂਦੀ ਹੈ ਅਤੇ ਐਸ਼ੋ-ਅਰਾਮ ਵਾਲਾ ਬੰਗਲਾ ਮਲਕਾ ਦੀ 'ਜੇਲ੍ਹ ਵਰਗਾ ਜਾਪਣ ਲੱਗਦਾ ਹੈ।

ਇੰਦਰ ਚੋਪੜਾ ਦੀ ਧੀ ਪ੍ਰਵੀਨ ਚੋਪੜਾ ਵਰਗੀ ਕਲਾਕਾਰ ਹੁਣ ਫ਼ਿਲਮੀ ਸੁਹਾਗਣ ਨਹੀਂ, ਸੱਚੀਂ ਸੁਹਾਗਣ ਬਣਨਾ ਲੋਚਦੀ ਹੈ ਅਤੇ ਆਪਣੀ ਮਾਂ ਦੇ ਖ਼ਿਲਾਫ਼ 'ਬਗਾਵਤੀ ਕਦਮ ਚੁੱਕਣ ਲਈ ਤਹੱਈਆ ਕਰਦੀ ਹੈ। ਨਾਵਲ ਇੱਕ ਘਿਨਾਉਣੇ ਮੋੜ 'ਤੇ ਆ ਕੇ ਖਤਮ ਹੁੰਦਾ ਹੈ, ਜਿੱਥੇ ਮਾਂਵਾਂ ਧੀਆਂ ਮਾਂ-ਧੀ ਵਾਲੇ ਰਿਸ਼ਤੇ ਵਿੱਚ ਨਹੀਂ, 'ਸੌਂਕਣਾਂ ਬਣ ਕੇ ਇੱਕ-ਦੂਜੀ ਦੀਆਂ ਦੁਸ਼ਮਣ ਬਣ ਖੜ੍ਹਦੀਆਂ ਹਨ। ਮਾਂਵਾਂ ਧੀਆਂ ਦੇ ਇਸ਼ਕ ਵਿੱਚ ਫ਼ਸੇ ਰਮੀ ਕਪੂਰ ਨੂੰ ਅਖੀਰ ਆਪਣਾ ਆਪ 'ਭਿੱਟਿਆ ਜਿਹਾ ਲੱਗਣ ਲੱਗ ਪਿਆ। ਮਹਿਕ, ਰਾਜੀ, ਮਿਸਜ਼ ਘੁੰਮਣ ਅਤੇ ਫਿਰ ਆਪਣੇ ਬਜ਼ੁਰਗ ਉਸ ਦੇ ਜ਼ਿਹਨ ਵਿੱਚ ਵਿਚਰਨ ਲੱਗਦੇ ਹਨ ਅਤੇ ਉਹ, "ਮੁਆਫ਼ ਹੀ ਕਰ ਦੇਣਾ ਵੱਡਿਓ, ਇਸ ਨਾਲਾਇਕ ਨੂੰ...!" ਰਮੀ ਕਪੂਰ ਦਾ ਅੰਤ ਅਤੀਅੰਤ ਦੁਖਦਾਈ ਹੁੰਦਾ ਹੈ। ਬਾਬਾ ਬਖਸ਼ਿੰਦਰ ਨੂੰ ਨਾਵਲ ਲਿਖਣ ਦਾ ਵੱਲ ਹੈ ਅਤੇ ਸ਼ਬਦਾਂ ਦੀ ਖੇਡ ਬਾਕਮਾਲ ਖੇਡਣੀ ਆਉਂਦੀ ਹੈ। ਉਸ ਨੂੰ ਗੱਲ ਕਹਿਣ ਦੀ ਮੁਹਾਰਤ ਬਾਖ਼ੂਬੀ ਹਾਸਲ ਹੈ ਅਤੇ ਆਪਣੇ ਗੁਣ ਅਤੇ ਗੁਰ ਨਾਲ ਪਾਠਕ ਨੂੰ ਕੀਲਣਾ ਆਉਂਦਾ ਹੈ। ਇਸ 30 ਕਾਂਡਾਂ ਵਾਲੇ ਨਾਵਲ ਦੀ ਬੁਣਤੀ ਅਤੇ ਬਣਤਰ ਤੁਹਾਨੂੰ ਅੱਕਣ ਨਹੀਂ ਦਿੰਦੀ ਅਤੇ ਅਖੀਰ ਤੱਕ ਨਾਲ ਬੰਨ੍ਹ ਕੇ ਰੱਖਦੀ ਹੈ। ਬਾਬਾ ਬਖਸ਼ਿੰਦਰ ਨੂੰ ਮੈਂ ਇਸ ਦਿਲਚਸਪ ਨਾਵਲ ਲਈ ਹਾਰਦਿਕ ਵਧਾਈ ਪੇਸ਼ ਕਰਦਾ ਹੋਇਆ, ਉਸ ਤੋਂ ਅਜਿਹੇ ਹੋਰ ਨਾਵਲਾਂ ਦੀ ਉਡੀਕ ਰੱਖਾਂਗਾ। ਆਮੀਨ!!

# ਕੀ ਨਿੱਜੀ ਸਕੂਲਾਂ ਤੇ ਸਿਕੰਜਾ ਕਸ ਪਾਵੇਗੀ ਪੰਜਾਬ ਸਰਕਾਰ ?

ਡਾ. ਅਮਨਪ੍ਰੀਤ ਸਿੰਘ ਬਰਾੜ
ਮਬੋ: 9653790000



ਹਾਲ ਹੀ ਵਿੱਚ ਪੰਜਾਬ ਸਰਕਾਰ ਨੇ ਨਿੱਜੀ ਸਕੂਲਾਂ ਤੇ ਫੀਸਾਂ ਸਬੰਧੀ ਥੋੜ੍ਹਾ ਜਿਹਾ ਸਿਕੰਜਾ ਕੱਸਿਆ ਹੈ। ਸਾਲ 2016 ਵਿੱਚ ਪਾਸ ਕੀਤੇ ਐਕਟ ਦੇ ਅਧੀਨ ਸਕੂਲਾਂ ਨੂੰ 8 ਫੀਸਦੀ ਤੱਕ ਫੀਸ ਵਧਾਉਣ ਦੀ ਖੁੱਲ੍ਹ ਦਿੱਤੀ ਸੀ। ਇਸ ਤੋਂ ਬਾਅਦ ਸਾਲ 2019 ਵਿੱਚ ਸੋਧ ਕੀਤੀ ਗਈ ਅਤੇ ਕਿਹਾ ਗਿਆ ਜੇ ਕਿਸੇ ਸਕੂਲ ਦੇ ਵਿਕਾਸ ਲਈ ਇਸ ਤੋਂ ਵੀ ਵੱਧ ਵਧਾਉਣ ਦੀ ਲੋੜ ਪੈਂਦੀ ਹੈ ਤਾਂ ਉਹ ਵਧਾ ਸਕਦਾ ਹੈ। ਪਰ ਹੁਣ ਜੂਨ 2026 ਵਿੱਚ ਸਰਕਾਰ ਨੇ ਇਸ ਨੂੰ ਘਟਾ ਕਿ 5 ਫੀਸਦੀ ਤੇ ਲਿਆਂਦਾ ਹੈ। ਇਹ ਕਦਮ ਸਰਕਾਰ ਨੇ ਉਦੋਂ ਚੁੱਕਿਆ ਜਦੋਂ ਅੰਮ੍ਰਿਤਸਰ ਦੀ 17 ਸਾਲਾ ਵਿਦਿਆਰਥਣ ਨੇ ਇਸ ਕਾਰਨ ਆਤਮ ਹੱਤਿਆ ਕੀਤੀ ਕਿ ਉਹ ਸਕੂਲ ਵੱਲੋਂ ਬਕਾਇਆ ਰਹਿੰਦੀ 20,000/- ਰੁਪਏ ਦੀ ਫੀਸ ਦੇਣ ਤੋਂ ਅਸਮਰੱਥ ਹੋਣ ਕਰਕੇ ਉਸਨੂੰ ਮਾਨਸਿਕ ਤੌਰ ਤੇ ਜਲੀਲ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ ਸਾਲ 2022 ਤੋਂ ਲੈ ਕੇ ਸਰਕਾਰ ਕੋਲ ਨਿੱਜੀ ਸਕੂਲਾਂ ਦੀ ਮਨਮਾਨੀ ਖਿਲਾਫ 166 ਸ਼ਿਕਾਇਤਾਂ ਦਰਜ਼ ਹੋਈਆਂ ਹਨ ਕਹਿਣ ਨੂੰ ਤਾਂ ਇਹਨਾਂ ਵਿੱਚੋਂ 80 ਫੀਸਦੀ ਦਾ ਨਿਪਟਾਰਾ ਹੋ ਗਿਆ ਹੈ ਪਰ ਫੇਰ ਉਦੋਂ ਫੀਸ ਕਿਉਂ ਨਹੀਂ ਘਟਾਈ ਗਈ।

ਅਕਸਰ ਸਰਕਾਰ ਉਦੋਂ ਹਰਕਤ ਵਿੱਚ ਆਉਂਦੀ ਹੈ ਜਦੋਂ ਕੋਈ ਵੱਡਾ ਹਾਦਸਾ ਵਾਪਰਦਾ ਹੈ। ਜਾਂ ਕਿਤੇ ਇਹ ਤਾਂ ਨਹੀਂ ਕਿ ਇਹ ਸ਼ਿਕਾਇਤਾਂ ਅਫ਼ਸਰਸ਼ਾਹੀ ਦੇ ਮੇਜ਼ਾਂ ਤੱਕ ਹੀ ਰਹਿ ਜਾਂਦੀਆਂ ਹਨ ਅਤੇ ਮੰਤਰੀ ਤੇ ਮੁੱਖ ਮੰਤਰੀ ਤੱਕ ਪਹੁੰਚਦੀਆਂ ਹੀ ਨਹੀਂ। ਇਸ ਦੇ ਪਿੱਛੇ ਵੀ ਤਰਕ ਹੈ ਕਿਉਂਕਿ ਮੈਂ ਆਪ ਵੀ ਮੁੱਖ ਮੰਤਰੀ ਪੰਜਾਬ ਜੀ ਨੂੰ ਈ-ਮੇਲ ਰਾਹੀਂ ਸੁਝਾਅ ਭੇਜੇ ਸੀ ਕਿ ਬਾਹਰ ਜਾਣ ਵਾਲਿਆ ਨਾਲ ਹੋ ਰਹੀ ਠੱਗੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਉਹ ਈਮੇਲ ਦੇ ਜਵਾਬ ਵਿੱਚ ਸੀ. ਐੱਮ. ਦਫ਼ਤਰ ਵੱਲੋਂ ਉਹ ਚਿੱਠੀ ਸਿੱਖਿਆ ਸਕੱਤਰ ਨੂੰ ਮਾਰਕ ਕਰ ਦਿੱਤੀ ਸੀ ਪਰ ਉਸ ਤੋਂ ਬਾਅਦ ਨਾ ਕੋਈ ਜਵਾਬ ਤੇ ਨਾ ਹੀ ਉਹ ਲਾਗੂ ਹੋਏ। ਸਰਕਾਰ ਫੀਸ ਕਾਨੂੰਨ 2016 ਨੂੰ ਵਿਧਾਨ ਸਭਾ ਦੇ ਅਗਲੇ ਸ਼ੈਸ਼ਨ ਵਿੱਚ ਲਿਆ ਕੇ ਬਦਲਣ ਦੀ ਗੱਲ ਕਰਦੀ ਹੈ।

ਸਕੂਲਾਂ ਨੇ ਇਕੱਠੇ ਹੋ ਕੇ ਸਰਕਾਰ ਦੇਇਸ ਫੈਸਲੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਦੁਹਾਈ ਦਿੱਤੀ ਜਾ ਰਹੀ ਹੈ ਕਿ ਇਸ ਨਾਲ ਨਿੱਜੀ ਸਕੂਲਾਂ ਨੂੰ ਨਵੀਂ ਸਿੱਖਿਆਂ ਨੀਤੀ ਲਾਗੂ ਕਰਨੀ ਔਖੀ ਹੋ ਜਾਊਗੀ। ਸਵਾਲ ਹੈ ਕਿ ਸਿੱਖਿਆ ਨੀਤੀ ਲਾਗੂ ਕਰਨ ਵਾਲਿਆ ਲਈ ਨਾ ਤਾਂ ਸਿੱਖਿਆ ਨੀਤੀ ਵਿੱਚ ਕੁੱਝ ਹੈ ਅਤੇ ਨਾਂ ਹੀ ਸਕੂਲ ਕੁੱਝ ਦੇਣਾ ਚਾਹੁੰਦੇ ਹਨ। ਕੀ ਵਧੀ ਫੀਸ ਵਿੱਚੋਂ ਹੁਣ 5 ਫੀਸਦੀ ਅਧਿਆਪਕਾਂ ਨੂੰ ਵੀ ਕੁੱਝ ਦਿੱਤਾ ਜਾਵੇਗਾ ਕਾਨੂੰਨ ਅਨੁਸਾਰ। ਦੂਜੀ ਗੱਲ ਕਿ ਇਹ 5 ਫੀਸਦੀ ਪੱਕੀ ਦੀ ਬਜਾਏ ਇਸ ਨੂੰ ਮਹਿੰਗਾਈ ਦਰ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ



ਤਰ੍ਹਾਂ ਵਧੀ ਫੀਸ ਵਿੱਚੋਂ ਅਧਿਆਪਕਾਂ ਦੀ ਤਨਖਾਹ ਵੀ ਮਹਿੰਗਾਈ ਦਰ ਨਾਲ ਵਧਣੀ ਚਾਹੀਦੀ ਹੈ। ਅਕਸਰ ਉਹਨਾਂ ਦੇ ਵੀ ਖਰਚੇ ਵਧਦੀ ਮਹਿੰਗਾਈ ਨਾਲ ਵੱਧਦੇ ਹਨ। ਇੱਥੇ ਸਵਾਲ ਇਹ ਵੀ ਆਉਂਦਾ ਹੈ ਬਹੁਤ ਅਧਿਆਪਕ ਖਾਸ ਕਰਕੇ ਆਦਮੀ ਜਿਹਨਾਂ ਦਾ ਘਰ ਚਲਾਉਣ ਲਈ ਮੁੱਢਲਾ ਸਰੋਤ ਤਨਖਾਹ ਹੈ ਕਿ ਉਹ ਜਿਸ ਸਕੂਲ ਵਿੱਚ ਪੜ੍ਹਾ ਰਹੇ ਹਨ ਉਸ ਵਿੱਚ ਆਪਣੇ ਬੱਚੇ ਪੜ੍ਹਾ ਸਕਦੇ ਹਨ ।

ਨਿੱਜੀ ਸਕੂਲ: ਨਿੱਜੀ ਸਕੂਲਾਂ ਦੀ ਪ੍ਰਚੱਲਤਾ ਵਧਾਉਣ ਲਈ ਸਮੇਂ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ। ਸਕੂਲ ਆਫ ਐਮੀਨੈਂਸ/ਆਦਰਸ਼ ਸਕੂਲ ਮਾਡਲ ਸਕੂਲਾਂ ਨੂੰ ਛੱਡ ਕੇ ਬਹੁਤੇ ਸਰਕਾਰੀ ਸਕੂਲਾਂ ਦੀ ਹਾਲਤ ਪਤਲੀ ਹੈ। ਪਿੰਡਾਂ ਦੀਆਂ ਫਿਰਨੀਆਂ ਤੇ ਪ੍ਰਾਇਵਿਟ ਸਕੂਲਾਂ ਦੀਆਂ ਵਰਦੀਆਂ ਪਾ ਕੇ ਬੱਸਾਂ ਦੀ ਉਡੀਕ ਵਿੱਚ ਖੜ੍ਹੇ ਬੱਚੇ ਇਸ ਗੱਲ ਦਾ ਪ੍ਰਮਾਣ ਹਨ। ਆਪਣੇ ਪਿੰਡ ਦੇ ਸਰਕਾਰੀ ਸਕੂਲ ਨੂੰ ਛੱਡ ਕੇ ਸ਼ਹਿਰ ਦੇ ਪ੍ਰਾਈਵੇਟ ਸਕੂਲ ਵੱਲ ਭੱਜਣਾ ਇਹ ਦਰਸਾਉਂਦਾ ਹੈ ਕਿ ਹੋਰ ਸੁਧਾਰ ਦੀ ਲੋੜ ਹੈ। ਹਾਲਾਂਕਿ ਨੀਤੀ ਆਯੋਗ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਸਰਕਾਰੀ ਸਕੂਲ ਦੇਸ਼ ਵਿੱਚ ਨੰਬਰ ਇੱਕ ਤੇ ਹਨ। ਹੁਣ ਸਰਕਾਰ ਦੇ ਮੁਤਾਬਕ ਮਾਸਟਰਾਂ ਦੀ ਭਰਤੀ ਵੀ ਕੀਤੀ ਗਈ ਹੈ ਪਰ ਕੀ ਮਾਸਟਰ ਪੜ੍ਹਾਉਣ ਤੇ ਲਾਏ ਹਨ ਜਾਂ ਫਿਰ ਕੋਈ ਮਰਦਸ਼ੁਮਾਰੀ / ਐੱਸ.ਆਈ.ਆਰ., ਨਸ਼ਾ ਸਰਵੇ ਤੇ ਜਾਂ ਇਲੈਕਸ਼ਨ ਡਿਊਟੀ ਉਪਰ ਹਨ। ਹਾਲਾਤ ਇਹ ਹਨ ਕਿ ਕੋਈ ਮੰਤਰੀ ਸੰਤਰੀ ਜਾਂ ਆਲਾ ਅਫ਼ਸਰ ਨੇ ਤਾਂ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਕੀ ਭੇਜਣੇ ਸਗੋਂ ਜਿਹੜੇ ਸਰਕਾਰੀ ਲੱਗੇ ਅਧਿਆਪਕ ਹਨ ਉਹ ਵੀ ਆਪਣੇ ਬੱਚੇ ਨਿੱਜੀ ਸਕੂਲਾਂ ਵਿੱਚ 20-25 ਹਜ਼ਾਰ ਤਨਖਾਹ ਲੈਣ ਵਾਲੇ ਅਧਿਆਪਕਾਂ ਕੋਲ ਭੇਜ ਰਹੇ ਹਨ। ਜਦਕਿ ਇਹ ਸਰਕਾਰੀ ਲੱਗੇ ਆਪਣੇ ਆਪ ਨੂੰ ਜ਼ਿਆਦਾ ਲਾਇਕ ਅਤੇ ਸਮਰੱਥ ਸਮਝਦੇ ਹਨ ਕਿਉਂਕਿ ਉਹ ਈ.ਟੀ.ਟੀ. ਵਰਗੇ ਟੈਸਟ ਪਾਸ ਕਰਕੇ ਆਏ ਹਨ ਅਤੇ ਨਿਜੀ ਸਕੂਲ ਅਧਿਆਪਕਾਂ ਨਾਲੋਂ ਦੋ ਤੋਂ ਤਿੰਨ ਗੁਣਾ ਤਨਖਾਹ ਵੱਧ ਲੈਂਦੇ ਹਨ।

ਸਰਕਾਰ ਨੂੰ ਸਹੂਲਤਾਂ ਦੇ ਅਧਾਰ ਤੇ ਮੁੱਢਲੀ ਫੀਸ ਤਹਿ ਕਰਨੀ ਚਾਹੀਦੀ ਹੈ। ਇਸ ਵਿੱਚ ਬੁਨਿਆਦੀ ਢਾਂਚਾ ਕਿਹੋ ਜਿਹਾ ਹੈ, ਸਹਾਇਕ ਸਟਾਫ ਕਿੰਨਾ ਹੈ ਜੋ ਬੱਚਿਆ ਦੀ ਦੇਖ ਭਾਲ ਕਰ ਸਕੇ ਅਤੇ ਅਧਿਆਪਕਾਂ ਦਾ ਤਜੁਰਬਾ ਕੀ ਹੈ ਤੇ ਉਹਨਾਂ ਦਾ ਵੇਤਨ ਕਿੰਨਾ ਹੈ। ਇਸ ਬੇਸ ਟਿਊਸ਼ਨ ਫੀਸ ਦੇ ਨਾਲ ਕੰਪਿਊਟਰ ਫੀਸ, ਰੋਬੋਟਿਕ ਜਾਂ ਏ.ਆਈ ਪ੍ਰਯੋਗਸ਼ਾਲਾ ਦੇ ਖਰਚੇ ਕਿੰਨੇ ਹਨ ਅਤੇ ਉਹਨਾਂ ਦੀ ਵਰਤੋਂ ਕਿਵੇਂ ਹੋ ਰਹੀ ਹੈ। ਇਹਨਾਂ ਖਰਚਿਆਂ ਨੂੰ ਟਿਊਸ਼ਨ ਫੀਸ ਵਿੱਚ ਹੀ ਗਿਣਨਾ ਚਾਹੀਦਾ ਹੈ ਕਿਉਂ ਕਿ ਇਹ ਤਾਂ ਪੜ੍ਹਾਈ ਦਾ ਹਿੱਸਾ ਹਨ।

ਖੇਡਾਂ ਵੀ ਇਸੇ ਫੀਸ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਚਾਹੇ ਕਰਾਟੇ ਸਿਖਾਓ ਜਾਂ ਕੋਈ ਹੋਰ ਅੱਡ ਖੇਡ ਫੀਸ ਦਾ ਕੋਈ ਮਤਲਬ ਨਹੀਂ। ਫੀਸ ਦਾ ਵਾਧਾ ਵੀ ਬੇਸ ਅਧਾਰ ਤੇ ਹੀ ਹੋਣਾ ਚਾਹੀਦਾ ਹੈ ਜਿਵੇਂ ਮੁਲਾਜਮਾਂ ਦੀ ਬੇਸ ਤਨਖਾਹ ਤੇ ਵਾਧਾ ਹੁੰਦਾ ਹੈ। ਪੀ.ਟੀ.ਏ ਯਾਨੀ ਪੇਰੈਂਟ ਟੀਚਰ ਐਸੋਸਿਏਸ਼ਨ ਤਾਂ ਸਿਰਫ ਕਾਗਜ਼ਾਂ ਵਿੱਚ ਬਣਦੀ ਹੈ ਅਤੇ ਸਕੂਲ ਦਾ ਹੀ ਪੱਖ ਪੂਰਦੀ ਨਜ਼ਰ ਆਉਂਦੀ ਹੈ।

ਸਕੂਲਾਂ ਦਾ ਆਡਿਟ : ਸਰਕਾਰ ਹਰ ਨਿੱਜੀ ਸਕੂਲ ਦਾ ਵਿੱਤੀ ਆਡਿਟ ਕਰਨ ਲਈ ਪੁਰਾਣੇ ਨਿਯਮਾਂ ਨੂੰ ਘੋਖ ਕੇ ਨਵਾਂ ਖਰੜਾ ਤਿਆਰ ਕਰ ਰਹੀ ਹੈ। ਇਸ ਵਿੱਚ ਸੀ.ਏ ਲਾਉਣ ਦੀ ਸੋਚੀ ਜਾ ਰਹੀ ਹੈ। ਇਥੇ ਪਹਿਲਾਂ ਵੀ ਇਹੋ ਜਿਹੇ ਆਡਿਟ ਚਾਹੇ ਵਿੱਤੀ ਹੋਣ ਜਾਂ ਅਕੈਡਮਿਕ ਆਡਿਟ ਹੋਵੇ ਕੀਤੇ ਜਾਂਦੇ ਹਨ। ਪਰ ਜਿਹੜੀ ਟੀਮ ਪਹੁੰਚਦੀ ਹੈ ਉਸਨੂੰ ਆਉ ਭਗਤ ਅਤੇ ਹੋਰ ਲਾਲਚ ਵਿੱਚ ਭਰਮਾ ਲਿਆ ਜਾਂਦਾ ਹੈ।

ਸਾਲ 2025 ਵਿੱਚ ਇੱਕ ਟੀਮ ਕਿਸੇ ਨਿੱਜੀ ਯੂਨੀਵਰਸਿਟੀ ਦੇ ਐਕਡਮਿਕ ਆਡਿਟ ਲਈ ਗਈ ਸੀ। ਉਸ ਵਿੱਚ ਸਰਕਾਰੀ ਯੂਨੀਵਰਸਿਟੀ ਦੇ ਉੱਚ ਕੋਟੀ ਦੇ ਪ੍ਰੋਫੈਸਰ ਸਨ। ਉਹਨਾਂ ਨੇ ਯੂਨੀਵਰਸਿਟੀ ਦੀ ਰਿਪੋਰਟ ਚੰਗੀ ਲਿਖਣ ਲਈ ਪੈਸੇ ਲਏ। ਅੱਧੇ ਰਸਤੇ ਵਿੱਚ ਉਸੇ ਯੂਨੀਵਰਸਿਟੀ ਦੀ ਸ਼ਿਕਾਇਤ ਤੇ ਉਹਨਾਂ ਨੂੰ ਫੜ ਲਿਆ ਗਿਆ। ਇਹ ਕੇਸ ਅਖ਼ਬਾਰਾਂ ਦੀ ਸੁਰਖੀਆਂ ਬਣੀਆਂ ਪਰ ਨਤੀਜਾ ਕੁੱਝ ਵੀ ਨਹੀਂ ਨਿਕਲਿਆ। ਇਸ ਨੂੰ ਕਿਸ ਤਰ੍ਹਾਂ ਰੋਕੂਗੀ ਸਰਕਾਰ ਇਹ ਬਹੁਤ ਵੱਡਾ ਚੈਲੈਂਜ ਹੈ। ਚੋਣਾਂ ਦਾ ਵਰ੍ਹਾ ਹੈ ਪਾਰਟੀਆਂ ਨੂੰ ਚੰਦਾ ਵੀ ਚਾਹੀਦਾ ਹੈ ਅਤੇ ਵੋਟਾਂ ਵੀ।

ਕਿਤਾਬਾਂ: ਅੱਜ ਤੁਸੀਂ ਦੇਖੋਗੇ ਕਿ ਸਕੂਲ ਤਾਂ ਕਿਤਾਬਾਂ ਨਹੀਂ ਦਿੰਦੇ ਪਰ ਕਿਤਾਬਾਂ ਦੀ ਲਿਸਟ ਦੇ ਦਿੰਦੇ ਹਨ। ਜਿਹੜੀਆਂ ਕਿਤਾਬਾਂ ਦੱਸੀਆ ਜਾਂਦੀਆ ਹਨ ਉਹ ਆਮ ਦੁਕਾਨਾਂ ਤੋਂ ਮਿਲਦੀਆਂ ਹੀ ਨਹੀ। ਹਰ ਸਕੂਲ ਦੀ ਕਿਤਾਬ ਕਿਸੇ ਖਾਸ ਦੁਕਾਨਦਾਰ ਤੋਂ ਹੀ ਮਿਲਦੀ ਹੈ। ਉਹ ਪੈਸੇ ਸਕੂਲ ਤੋਂ ਵੀ ਵੱਧ ਲਾਉਂਦਾ ਹੈ ਅਤੇ ਧੱਕੇ ਨਾਲ ਸਟੇਸ਼ਨਰੀ ਅਤੇ ਕਾਪੀਆਂ ਵੀ ਚੁਕਾਉਂਦਾ ਹੈ। ਜਿਹੜੇ ਵਿਸ਼ਿਆ ਦੀਆਂ ਕਿਤਾਬਾਂ ਐਨ ਸੀ ਈ ਆਰ ਟੀ ਨਹੀਂ ਛਾਪਦੀ ਕਿਉਂ ਨਹੀ ਸਕੂਲ ਸੰਬੰਧਿਤ ਬੋਰਡ ਕਿਤਾਬਾਂ ਦੀ ਪ੍ਰਮਾਣਿਤ ਲਿਸਟ ਜਾਰੀ ਕਰਨ ਅਤੇ ਲਾਜ਼ਮੀ ਹੋਵੇ ਕਿ ਸਕੂਲ ਉਸੇ ਲਿਸਟ ਵਿੱਚੋਂ ਕਿਤਾਬਾਂ ਸਿਫਾਰਿਸ਼ ਕਰਨ।

ਵਰਦੀਆਂ:- ਵਰਦੀਆਂ ਦਾ ਹਾਲ ਵੀ ਇਹੋ ਜਿਹਾ ਹੀ ਹੈ। ਇਹ ਲਾਜਮੀ ਹੋਵੇ ਕਿ ਜੋ ਵਰਦੀ ਸਕੂਲ ਲੱਗਵਾਉਦਾ ਹੈ ਉਸ ਦਾ ਰੰਗ, ਡਿਜ਼ਾਇਨ ਘੱਟੋ ਘੱਟ 5 ਸਾਲ ਤੋਂ ਪਹਿਲਾਂ ਬਦਲਿਆ ਨਹੀਂ ਜਾਣੀਆਂ ਚਾਹੀਦਾ ਤਾਂ ਜੋ ਸਾਰੇ ਵਰਦੀ ਬਣਾਉਣ ਵਾਲਿਆਂ ਨੂੰ ਪਤਾ ਹੋਵੇ ਅਤੇ ਉਹ ਵਰਦੀਆਂ ਬਣਾਉਣ। ਹੁਣ ਹੁੰਦਾ ਕੀ ਹੈ ਕਿ ਇੱਕ ਬਣਾਉਣ ਵਾਲੇ ਨੂੰ ਸਕੂਲ ਡਿਜ਼ਈਨ ਤੇ ਰੰਗ ਦੱਸ ਦਿੰਦਾ ਹੈ ਅਤੇ ਉਹ ਹੀ ਬਣਾਉਦਾ ਹੈ ਅਤੇ ਮਨਮਰਜ਼ੀ ਦਾ ਰੇਟ ਲਾਉਂਦੇ ਹੈ ਬਾਕੀਆਂ ਨੂੰ ਅਗਲੇ ਸਾਲ ਪਤਾ ਲਗਦਾ ਹੈ। ਸਕੂਲ ਦਾ ਪਤਾ ਨਹੀਂ ਕਦੋਂ ਵਰਦੀ ਦੇ ਰੰਗ ਜਾਂ ਡਿਜ਼ਾਇਨ ਬਦਲ ਦਿੰਦੇ ਹਨ।

ਰੈਗੁਲੈਟਰੀ ਅਥਾਰਟੀ:- ਇੱਕ ਨਵੀਂ ਰੈਗੁਲੇਟਰੀ ਅਥਾਰਟੀ ਬਣਨੀ ਚਾਹੀਦੀ ਜਿਸ ਕੋਲ ਫੀਸ ਨੂੰ ਸੈਟ ਕਰਨ ਦੇ ਨਾਲ ਨਾਲ ਬਾਕੀ ਅਧਿਕਾਰ ਵੀ ਹੋਣ ਜਿਵੇ ਬੁਨਿਆਦੀ ਢਾਂਚਾ, ਕਿਤਾਬਾਂ, ਡਰੈਸ, ਟੀਚਰਾਂ ਦੀ ਤਨਖਾਹ ਅਤੇ ਪੜ੍ਹਾਈ ਦਾ ਮਿਆਰ ਕਿਹੋ ਜਿਹਾ ਹੈ। ਇਸ ਵਿੱਚ ਧਿਆਨ ਦੇਣ ਦੀ ਲੋੜ ਹੈ ਕਿ 2016 ਵਿੱਚ ਜੋ ਰੈਗੂਲੇਟਰੀ ਅਥਾਰਟੀ ਬਣਾਈ ਸੀ ਉਹ ਸਿਰਫ ਫੀਸ ਪ੍ਰਤੀ ਹੀ ਸੀ ਅਤੇ ਉਸ ਵਿਚ ਮਾਪਿਆਂ ਨੂੰ ਨਹੀਂ ਰੱਖਿਆ ਗਿਆ ਸੀ। ਸੋ ਇਸ ਨਵੀਂ ਅਥਾਰਟੀ ਵਿਚ ਮਾਪਿਆਂ ਦੇ ਪ੍ਰਤੀਨਿਧੀ ਵੀ ਹੋਣ ਅਤੇ ਚੁਣੇ ਉਹ ਹੀ ਜਾਣ ਜਿੰਨਾਂ ਦੇ ਬੱਚੇ ਸਕੂਲਾਂ ਵਿੱਚ ਪੜ੍ਹਦੇ ਹੋਣ ਅਤੇ ਪ੍ਰਾਈਮਰੀ, ਮਿਡਲ, ਹਾਈ, ਤਿੰਨਾਂ ਦੀ ਪ੍ਰਤੀਨਿਧਤਾ ਕਰਨ।

ਇਕ ਹੋਰ ਗੱਲ ਵੀ ਜ਼ਿਕਰ ਯੋਗ ਹੈ ਕਿ ਜੇ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੈ ਉਸ ਨੂੰ ਅੱਠਵੀਂ ਤੱਕ ਸਕੂਲ ਵਿੱਚ ਬਿਠਾਈ ਰੱਖਦੇ ਹਨ ਅਤੇ ਫੀਸ ਲਈ ਜਾਂਦੇ ਹਨ। ਉਸ ਤੋਂ ਬਾਅਦ ਆਪਣੇ ਸਕੂਲਾਂ ਦਾ ਨਤੀਜਾ ਠੀਕ ਰੱਖਣ ਲਈ ਨੌਵੀ, ਦਸਵੀਂ ਵਿੱਚ ਉਸ ਨੂੰ ਕੱਡ ਦਿੰਦੇ ਹਨ। ਇਹ ਗਲਤ ਹੈ। ਸਕੂਲਾਂ ਤੇ ਕੋਈ ਆਮਦਨ ਟੈਕਸ ਨਹੀ ਲੱਗਦਾ ਕਿਉਂਕਿ ਇਹ ਸਮਾਜ ਭਲਾਈ ਦਾ ਕੰਮ ਕਰ ਰਹੇ ਹਨ। ਸੋ ਇਹਨਾ ਦਾ ਸਮਾਜਿਕ ਆਡਿਟ ਹੋਵੇ ਅਤੇ ਉਸ ਨੂੰ ਜਨਤਕ ਕੀਤਾ ਜਾਵੇ।

ਨਿਚੋੜ: ਅਗਰ ਉਪਰੋਕਤ ਸਿਸਟਮ ਵਿੱਚ ਬਦਲਾਵ ਲਿਆਉਣਾ ਹੈ ਇਕ ਅਸਰਦਾਰ ਰੇਗੂਲੇਟਰੀ ਅਥਾਰਟੀ ਬਣਾਈ ਜਾਵੇ ਜੋ ਘੱਟੋ ਘੱਟ ਸਾਲ ਵਿੱਚ ਦੋ ਵਾਰ ਸਕੂਲ ਦਾ ਮੁਆਇਨਾ ਕਰਕੇ ਰਿਪੋਰਟ ਦੇਵੇ ਜਿਸ ਲਈ ਇੱਕ ਵਿਸਥਾਰ ਪੂਰਵਕ ਪ੍ਰੋਫਰਮਾ ਅੰਕੜੇ ਅਧਾਰਤ ਬਣਾਇਆ ਜਾਵੇ।

* * * * * *

# ਦੂਰਦਰਸ਼ਨ ਕੇਂਦਰ ਜਲੰਧਰ ਦੀ ਵਾਗਡੋਰ ਨਵੇਂ ਹੱਥਾਂ ਵਿਚ

ਪ੍ਰੋ. ਕੁਲਬੀਰ ਸਿੰਘ



ਲੰਘੇ ਸਾਲਾਂ ਦੌਰਾਨ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਜਿਹੜੇ ਵੀ ਪ੍ਰੋਗਰਾਮ ਮੁਖੀ ਨਿਯੁਕਤ ਹੁੰਦੇ ਰਹੇ ਹਨ ਉਨ੍ਹਾਂ ਕੋਲ ਬੜਾ ਸੀਮਤ ਸੇਵਾ-ਕਾਲ ਬਾਕੀ ਹੁੰਦਾ ਸੀ। ਨਤੀਜੇ ਵਜੋਂ ਉਨ੍ਹਾਂ ਦੁਆਰਾ ਆਪਣੀ ਸਮਝ-ਸਮਰੱਥਾ ਅਤੇ ਤਜ਼ਰਬੇ ਦਾ ਨਿੱਠ ਕੇ ਪ੍ਰਯੋਗ ਕਰਨਾ ਮੁਸ਼ਕਲ ਹੋ ਜਾਂਦਾ ਸੀ। ਹੁਣ ਸ੍ਰੀ ਗੁਰਵਿੰਦਰ ਸਿੰਘ ਨੇ ਬੀਤੇ ਦਿਨੀਂ ਦੂਰਸ਼ਨ ਕੇਂਦਰ ਜਲੰਧਰ ਵਿਖੇ ਬਤੌਰ ਪ੍ਰੋਗਰਾਮ ਮੁਖੀ ਕਾਰਜਭਾਰ ਸੰਭਾਲਿਆ ਹੈ ਅਤੇ ਉਨ੍ਹਾਂ ਕੋਲ ਸਮਾਂ ਵੀ ਹੈ ਕਿ ਉਹ ਆਪਣੇ ਹੁਨਰ, ਆਪਣੀ ਸਮਝ, ਆਪਣੀ ਸਮਰੱਥਾ ਦਾ ਪ੍ਰਯੋਗ ਕਰ ਸਕਣ। ਇਸ ਸਿਲਸਿਲੇ ਵਿਚ ਉਨ੍ਹਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਦਾ ਜਵਾਬ ਸੀ, ਜਿਹੜੇ ਪ੍ਰੋਗਰਾਮਾਂ ਦੀ ਟੀ.ਆਰ.ਪੀ. ਚੰਗੀ ਨਹੀਂ ਆ ਰਹੀ ਉਹ ਬੰਦ ਕਰ ਜਾਣਗੇ। ਕੁਝ ਨਵੇਂ ਪ੍ਰੋਗਰਾਮ ਆਰੰਭ ਕੀਤੇ ਜਾਣਗੇ ਜਿਨ੍ਹਾਂ ਬਾਰੇ ਜਲਦੀ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।"

ਪ੍ਰੋਗਰਾਮ ਮੁਖੀ ਸ੍ਰੀ ਗੁਰਵਿੰਦਰ ਸਿੰਘ ਲੰਮੇ ਸਮੇਂ ਤੋਂ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਸੇਵਾਵਾਂ ਦੇ ਰਹੇ ਹਨ ਪਰ ਉਨ੍ਹਾਂ ਦਾ ਸੇਵਾ- ਕਾਲ ਡੀ.ਡੀ. ਨੈਸ਼ਨਲ ਤੋਂ ਆਰੰਭ ਹੋਇਆ ਸੀ। ਉਥੇ ਉਹ ਬੜੇ ਮਹੱਤਵਪੂਰਨ ਦੋ ਪ੍ਰੋਗਰਾਮ ਕਰਿਆ ਕਰਦੇ ਸਨ। ਪਹਿਲਾ 'ਡੀ.ਡੀ. ਮੌਰਨਿੰਗ ਸ਼ੋਅ ਲਾਈਵ' ਅਤੇ ਦੂਸਰਾ 'ਈਵਨਿੰਗ ਲਾਈ ਸ਼ੋਅ'।

'ਡੀ.ਡੀ. ਮੌਰਨਿੰਗ ਸ਼ੋਅ ਲਾਈਵ' ਹਫ਼ਤੇ ਵਿਚ ਪੰਜ ਦਿਨ ਸਵੇਰੇ 8 ਵਜੇ ਪ੍ਰਸਾਰਿਤ ਹੁੰਦਾ ਹੈ। ਇਹ ਸਵੇਰ ਦਾ ਬੇਹੱਦ ਚਰਚਿਤ ਪ੍ਰੋਗਰਾਮ ਹੈ। ਇਸ ਵਿਚ ਖ਼ਬਰਾਂ, ਸਿਹਤ, ਮਨੋਰੰਜਨ ਅਤੇ ਸਿੱਖਿਆ ਨਾਲ ਸੰਬੰਧਤ ਰੌਚਿਕ ਜਾਣਕਾਰੀ ਸ਼ਾਮਿਲ ਹੁੰਦੀ ਹੈ। ਇਹ ਇਕ ਪਰਿਵਾਰਕ ਸ਼ੋਅ ਹੈ ਜਿਸ ਵਿਚ ਆਰਟ ਐਂਡ ਕਲਚਰ, ਹਿੰਦੀ ਪਾਠਸ਼ਾਲਾ ਤੇ ਕਈ ਤਰ੍ਹਾਂ ਦੀ ਮਹੱਤਵਪੂਰਨ ਜਾਣਕਾਰੀ ਦਿੱਤੀ ਜਾਂਦੀ ਹੈ। ਸਤੰਬਰ 2000 ਵਿਚ ਉਨ੍ਹਾਂ ਦਾ ਡੀ.ਡੀ. ਨੈਸ਼ਨਲ ਤੋਂ ਡੀ.ਡੀ. ਪੰਜਾਬੀ ਵਿਖੇ ਤਬਾਦਲਾ ਹੋਇਆ। ਇਥੇ ਉਨ੍ਹਾਂ ਨੂੰ ਖੇਡਾਂ ਅਤੇ ਸੰਗੀਤ ਨਾਲ ਸੰਬੰਧਤ ਪ੍ਰੋਗਰਾਮਾਂ ਦੀ ਜ਼ਿੰਮੇਵਾਰੀ ਸੌਂਪੀ ਗਈ। ਬਹੁਤ ਮਹੱਤਵਪੂਰਨ ਵਿਅਕਤੀਆਂ ਤੇ ਖੇਡਰ ਸਰਗਰਮੀਆਂ ਲਈ ਆਊਟਸਾਈਡ ਬ੍ਰਾਡਕਾਸਟ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ। ਇਹ ਸਿਲਸਲਾ ਲਗਾਤਾਰ 15 ਸਾਲ ਜਾਰੀ ਰਿਹਾ।

ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਸਾਲ 2003 ਵਿਚ ਉਨ੍ਹਾਂ ਨੇ ਇਕ ਨਵਾਂ ਪ੍ਰੋਗਰਾਮ 'ਪਬਲਿਕ ਟਾਈਮ ਏ ਰੋਡ ਸ਼ੋਅ' ਆਰੰਭ ਕੀਤਾ ਜਿਹੜਾ ਦਰਸ਼ਕਾਂ ਵਿਚ ਕਾਫ਼ੀ ਚਰਚਿਤ ਹੋਇਆ। ਇਸੇ ਤਰ੍ਹਾਂ ਸ੍ਰੀ ਗੁਰਵਿੰਦਰ ਸਿੰਘ ਨਾਲ ਸੰਬੰਧਤ ਇਕ ਮਹੱਤਵਪੂਰਨ ਤੇ ਮਕਬੂਲ ਪ੍ਰੋਗਰਾਮ ਕਈ ਸਾਲਾਂ ਤੱਕ ਕਰਦੇ ਰਹੇ ਜਿਸਦਾ ਨਾਂ ਵੀ ਬੜਾ ਆਕਰਸ਼ਕ ਸੀ- 'ਹੈਲੋ ਡਾਕਟਰ'। ਮੈਨੂੰ ਯਾਦ ਹੈ ਮੈਂ ਇਹ ਪ੍ਰੋਗਰਾਮ ਅਕਸਰ ਵੇਖਦਾ ਸਾਂ ਕਿਉਂਕਿ ਇਸ ਵਿਚ ਸਿਹਤ ਨਾਲ ਸੰਬੰਧਤ ਵੇਖਦਾ ਸਾਂ ਕਿਉਂਕਿ ਇਸ ਵਿਚ ਸਿਹਤ ਨਾਲ ਸੰਬੰਧਤ ਬੜੀ ਮੁੱਲਵਾਨ ਜਾਣਕਾਰੀ ਦਿੱਤੀ ਜਾਂਦੀ ਸੀ। ਇਹ ਲਾਈਵ ਫੋਨ-ਇਨ ਅਤੇ ਟਾਕ ਸ਼ੋਅ ਹੈ। ਸ਼ੋਅ ਵਿਚ ਵੱਖ-ਵੱਖ ਮਾਹਿਰ ਡਾਕਟਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਦਰਸ਼ਕ ਫੋਨ ਰਾਹੀਂ ਸਿੱਧੀ ਡਾਕਟਰ ਨਾਲ ਗੱਲਬਾਤ ਕਰ ਸਕਦੇ ਹਨ। ਮੌਸਮੀ ਬਿਮਾਰੀਆਂ, ਜੀਵਨ-ਸ਼ੈਲੀ, ਖੁਰਾਕ ਅਤੇ ਤੰਦਰੁਸਤੀ ਬਾਰੇ ਅਹਿਮ ਜਾਣਕਾਰੀ ਦਰਸ਼ਕਾਂ ਤੱਕ ਪਹੁੰਚਾਈ ਜਾਂਦੀ ਹੈ।

ਇਸੇ ਤਰ੍ਹਾਂ 'ਪਬਲਿਕ ਟਾਈਮ' ਜਨ-ਸੰਵਾਦ ਅਤੇ ਚਰਚਾ 'ਤੇ ਆਧਾਰਿਤ ਪ੍ਰੋਗਰਾਮ ਸੀ। ਐਂਕਰ ਸਿੱਧੇ ਲੋਕਾਂ ਨਾਲ ਗੱਲਬਾਤ ਕਰਦੇ ਸਨ। ਦਰਅਸਲ ਇਸਦਾ ਮਕਸਕ ਲੋਕਾਂ ਦੀਆਂ ਸਮੱਸਿਆਵਾਂ, ਆਵਾਜਾਈ-ਪ੍ਰਬੰਧ, ਸਥਾਨਕ ਮੁੱਦੇ, ਵਾਤਾਵਰਨ ਅਤੇ ਸਰਕਾਰੀ ਯੋਜਨਾਵਾਂ ਬਾਰੇ ਲੋਕਾਂ ਦਾ ਪ੍ਰਭਾਵ ਪਤਾ ਕਰਨਾ ਹੁੰਦਾ ਸੀ। ਉਹ ਲੰਮੇ ਸਮੇਂ ਤੋਂ ਸਪਾਂਸਰਡ ਅਤੇ ਕਮਰਸ਼ੀਅਲ ਸੈਕਸ਼ਨ ਦੇ ਇੰਨਚਾਰਜ ਚਲੇ ਆ ਰਹੇ ਹਨ। ਦੂਰਦਰਸ਼ਨ ਕੇਂਦਰ ਜਲੰਧਰ, ਦੂਰਦਰਸ਼ਨ ਦੇ ਸਾਰੇ ਖੇਤਰੀ ਕੇਂਦਰਾਂ ਨਾਲੋਂ ਵੱਡਾ ਤੇ ਵਿਸ਼ਾਲ ਹੈ। ਇਹ ਕੇਂਦਰ ਕਈ ਮਹਾਂ-ਨਗਰਾਂ ਦੇ ਕੇਂਦਰਾਂ ਦਾ ਮੁਕਾਬਲਾ ਕਰਦਾ ਹੈ। ਇਸ ਕੇਂਦਰ ਦਾ ਡਾਇਰੈਕਟਰ ਜਾਂ ਪ੍ਰੋਗਰਾਮ ਮੁਖੀ ਹੋਣਾ ਆਪਣੇ ਆਪ ਵਿਚ ਬੜੇ ਮਾਣ ਵਾਲੀ ਗੱਲ ਹੈ।

ਬਤੌਰ ਪ੍ਰੋਗਰਾਮ ਮੁਖੀ ਸ੍ਰੀ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਡੀ.ਡੀ. ਪੰਜਾਬੀ ਟੀ.ਆਰ.ਪੀ. ਪੱਖੋਂ ਹਰੇਕ ਹਫ਼ਤੇ ਪਹਿਲੇ ਜਾਂ ਦੂਸਰੇ ਸਥਾਨ 'ਤੇ ਰਹਿੰਦਾ ਹੈ। ਪੰਜਾਬੀ ਚੈਨਲਾਂ ਵਿਚੋਂ ਅਤੇ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਵਿਚੋਂ। ਵੈਸੇ ਇਸਦਾ ਨਿੱਜੀ ਪੰਜਾਬੀ ਚੈਨਲਾਂ ਨਾਲ ਕੋਈ ਮੁਕਾਬਲਾ ਨਹੀਂ ਹੈ। ਇਹ ਲੋਕ ਪ੍ਰਸਾਰਨ ਸੇਵਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਡੀ.ਡੀ. ਪੰਜਾਬੀ ਦੇ ਪ੍ਰੋਗਰਾਮ ਸਿੱਖਿਆ, ਸੂਚਨਾ ਤੇ ਮਨੋਰੰਜਨ ਨੂੰ ਮੱਦੇਨਜ਼ਰ ਰੱਖ ਕੇ ਤਿਆਰ ਕੀਤੇ ਜਾਂਦੇ ਹਨ। ਹਰ ਰੋਜ਼, ਹਰੇਕ ਹਫ਼ਤੇ ਦਰਸ਼ਕਾਂ ਦੇ ਹੁੰਗਾਰੇ ਅਨੁਸਾਰ ਪ੍ਰੋਗਰਾਮਾਂ ਦਾ ਰੀਵਿਊ ਕੀਤਾ ਜਾਂਦਾ ਹੈ। ਦਰਸ਼ਕਾਂ ਦੀਆਂ ਮੰਗਾਂ- ਉਮੰਗਾਂ ਮੁਤਾਬਕ ਪ੍ਰੋਗਰਾਮਾਂ ਵਿਚ ਅਦਲ-ਬਦਲ ਕੀਤੇ ਜਾਂਦੇ ਹਨ।

ਪ੍ਰੋਗਰਾਮ ਮੁਖੀ ਸ੍ਰੀ ਗੁਰਵਿੰਦਰ ਸਿੰਘ ਕੋਲ ਭਾਂਤ-ਭਾਂਤ ਦੇ ਪ੍ਰੋਗਰਾਮਾਂ ਦਾ ਲੰਮਾ ਤਜ਼ਰਬਾ ਹੈ। ਉਮੀਦ ਕਰਦੇ ਹਾਂ ਉਹ ਡੀ.ਡੀ. ਪੰਜਾਬੀ ਦੀ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ, ਸਾਹਿਤ, ਸੰਗੀਤ, ਕਲਾ, ਖੇਤੀਬਾੜੀ ਪ੍ਰਤੀ ਪ੍ਰਤੀਬੱਧਤਾ ਨੂੰ ਸੰਜੀਦਗੀ ਨਾਲ ਸਮਝਦੇ ਹੋਏ, ਚੈਨਲ ਨੂੰ ਹੋਰ ਬੁਲੰਦੀਆਂ ਵੱਲ ਲੈ ਕੇ ਜਾਣਗੇ। ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਹੁਣ ਤੱਕ ਏ.ਐਸ. ਤਾਤਾਰੀ ਬੀ.ਏ.ਭੱਟ, ਐਨ.ਐਸ. ਰਾਵਤ, ਐਮ. ਐਲ. ਪੰਡਿਤ, ਐਮ.ਜੀ. ਗੌਤਮ, ਸਿਰਾਜ ਕੁਰੈਸ਼ੀ, ਅਸ਼ੋਕ ਜਲੇਖਾਨੀ, ਐਫ ਸ਼ਹਰਯਾਰ, ਗੋਵਰਧਨ ਸ਼ਰਮਾ, ਐਸ.ਐਸ. ਰਹਿਮਾਨ, ਡਾ.ਦਲਜੀਤ ਸਿੰਘ, ਡਾ.ਓਮ ਗੌਰੀ ਦੱਤ ਸ਼ਰਮਾ, ਅਨੂਪ ਖਜੂਰੀਆ, ਕੇਵਲ ਕ੍ਰਿਸ਼ਨ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਚੁੱਕੇ ਹਨ।

# ਨਾਗਪੁਰ 'ਚ ਰੂਹ ਕੰਬਾਊ ਮਾਮਲਾ: ਏਅਰ ਫੋਰਸ ਅਧਿਕਾਰੀ ਦੀ ਪਤਨੀ ਨਾਲ ਜਬਰ-ਜਨਾਹ

## ✪ ਬਲੈਕਮੇਲਿੰਗ ਤੇ ਜਬਰੀ ਧਰਮ ਪਰਿਵਰਤਨ; ਦੋ ਗ੍ਰਿਫ਼ਤਾਰ

ਨਾਗਪੁਰ-ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਤੋਂ ਇੱਕ ਬੇਹੱਦ ਸੰਵੇਦਨਸ਼ੀਲ ਅਤੇ ਰੂਹ ਕੰਬਾਊ ਮਾਮਲਾ ਸਾਹਮਣੇ ਆਇਆ ਹੈ। ਇੱਥੇ ਭਾਰਤੀ ਹਵਾਈ ਫੌਜ ਦੇ ਇੱਕ ਅਧਿਕਾਰੀ ਦੀ 24 ਸਾਲਾ ਵਿਆਹੁਤਾ ਪਤਨੀ ਨਾਲ ਜਬਰ-ਜਨਾਹ, ਬਲੈਕਮੇਲਿੰਗ, ਲੱਖਾਂ ਰੁਪਏ ਦੀ ਫਿਰੌਤੀ ਵਸੂਲਣ ਅਤੇ ਜਬਰੀ ਧਰਮ ਪਰਿਵਰਤਨ ਕਰਵਾਉਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੁਲੀਸ ਨੇ ਮੁਸਤੈਦੀ ਦਿਖਾਉਂਦਿਆਂ ਦੋ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਵਾਇਰਲ ਵੀਡੀਓ ਨੇ ਖੋਲ੍ਹੀ ਪੋਲ-ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਪੀੜਤ ਔਰਤ ਜਬਰੀ ਧਰਮ ਪਰਿਵਰਤਨ ਦੀਆਂ ਰਸਮਾਂ ਦੌਰਾਨ ਮੁਲਜ਼ਮਾਂ ਅੱਗੇ ਬੇਵੱਸ ਹੋ ਕੇ ਖੁਦ ਨੂੰ ਛੱਡ ਦੇਣ ਲਈ ਮਿੰਨਤਾਂ-ਤਰਲੇ ਕਰਦੀ ਸਾਫ਼ ਦਿਖਾਈ ਦੇ ਰਹੀ ਹੈ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਾਮਲਾ ਕਾਫ਼ੀ ਗਰਮਾ ਗਿਆ, ਜਿਸ ਮਗਰੋਂ ਪੁਲੀਸ ਤੁਰੰਤ ਹਰਕਤ ਵਿੱਚ ਆਈ। ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅਯਾਜ਼ ਤਾਜ ਮਦਾਰੇ ਅਤੇ ਅਮੀਨ ਸ਼ੇਖ ਵਜੋਂ ਹੋਈ ਹੈ।

ਨਸ਼ੀਲਾ ਪਦਾਰਥ ਪਿਲਾ ਕੇ ਬਣਾਈਆਂ ਇਤਰਾਜ਼ਯੋਗ ਵੀਡੀਓਜ਼-ਪੀੜਤਾ ਨੇ ਪੁਲੀਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਦੱਸਿਆ ਕਿ ਮੁੱਖ ਮੁਲਜ਼ਮ ਅਯਾਜ਼ ਮਦਾਰੇ ਉਸ ਦੇ ਸਕੂਲ ਵੇਲੇ ਦਾ ਜਾਣੂ ਸੀ। ਉਸ ਨੇ ਜਾਇਦਾਦ ਦੇ ਇੱਕ ਵਿਵਾਦ ਨੂੰ ਸੁਲਝਾਉਣ ਦੇ ਬਹਾਨੇ ਔਰਤ ਨਾਲ ਦੁਬਾਰਾ ਸੰਪਰਕ ਬਣਾਇਆ ਸੀ। ਫਰਵਰੀ 2025 ਵਿੱਚ ਨਾਗਪੁਰ ਦੇ ਇੱਕ ਹੋਟਲ ਵਿੱਚ ਮੀਟਿੰਗ ਦੌਰਾਨ ਮੁਲਜ਼ਮ ਨੇ ਪੀੜਤਾ ਨੂੰ ਕੋਈ ਨਸ਼ੀਲਾ ਪਦਾਰਥ ਪਿਲਾ ਦਿੱਤਾ ਅਤੇ ਉਸ ਦੀ ਸਹਿਮਤੀ ਤੋਂ ਬਿਨਾਂ ਉਸ ਦੀਆਂ ਅਸ਼ਲੀਲ ਅਤੇ ਇਤਰਾਜ਼ਯੋਗ ਤਸਵੀਰਾਂ ਤੇ ਵੀਡੀਓਜ਼ ਰਿਕਾਰਡ ਕਰ ਲਈਆਂ।



ਬਲੈਕਮੇਲਿੰਗ, ਕਾਲਾ ਜਾਦੂ ਅਤੇ ਫਿਰੌਤੀ-ਇਨ੍ਹਾਂ ਇਤਰਾਜ਼ਯੋਗ ਵੀਡੀਓਜ਼ ਦੇ ਅਧਾਰ 'ਤੇ ਮੁਲਜ਼ਮਾਂ ਨੇ ਔਰਤ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਧਮਕੀ ਦਿੱਤੀ ਕਿ ਜੇਕਰ ਉਸ ਨੇ ਉਨ੍ਹਾਂ ਦੀ ਗੱਲ ਨਾ ਮੰਨੀ ਤਾਂ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਜਾਵੇਗੀ ਅਤੇ ਨਾਗਪੁਰ ਤੋਂ ਬਾਹਰ ਤਾਇਨਾਤ ਉਸ ਦੇ ਹਵਾਈ ਫੌਜ ਅਧਿਕਾਰੀ ਪਤੀ ਨੂੰ ਭੇਜ ਦਿੱਤੀ ਜਾਵੇਗੀ।

ਪੀੜਤਾ ਮੁਤਾਬਕ, ਮੁਲਜ਼ਮਾਂ ਨੇ ਡਰਾ-ਧਮਕਾ ਕੇ ਉਸ ਕੋਲੋਂ ਹੁਣ ਤੱਕ ਕਰੀਬ 4 ਲੱਖ ਰੁਪਏ ਦੀ ਰਕਮ ਵਸੂਲ ਲਈ। ਇੰਨਾ ਹੀ ਨਹੀਂ, ਔਰਤ ਨੂੰ ਕੋਈ ਅਣਪਛਾਤਾ ਤਰਲ ਪਦਾਰਥ ਪਿਲਾ ਕੇ ਕਈ ਵਾਰ ਤਾਂਤਰਿਕ ਕਿਰਿਆਵਾਂ ਅਤੇ ਜਾਦੂ-ਟੂਣੇ ਦਾ ਸ਼ਿਕਾਰ ਬਣਾਇਆ ਗਿਆ ਅਤੇ ਉਸ ਨਾਲ ਜਬਰ-ਜਨਾਹ ਕੀਤਾ ਗਿਆ।

ਜ਼ਬਰਦਸਤੀ ਪੜ੍ਹਾਇਆ ਨਿਕਾਹ-ਪੀੜਤ ਔਰਤ ਨੇ ਐੱਫ.ਆਈ.ਆਰ. ਵਿੱਚ ਖੁਲਾਸਾ ਕੀਤਾ ਕਿ ਲੰਘੀ 31 ਮਈ ਨੂੰ ਮੁਲਜ਼ਮ ਉਸ ਨੂੰ ਜ਼ਬਰਦਸਤੀ ਕਲਮੇਸ਼ਵਰ ਇਲਾਕੇ ਵਿੱਚ ਲੈ ਗਏ। ਉੱਥੇ ਉਸ ਦੀ ਮਰਜ਼ੀ ਦੇ ਖ਼ਿਲਾਫ਼ ਉਸ ਦਾ ਜਬਰੀ ਧਰਮ ਪਰਿਵਰਤਨ ਕਰਵਾਇਆ ਗਿਆ ਅਤੇ ਮੁੱਖ ਮੁਲਜ਼ਮ ਅਯਾਜ਼ ਨਾਲ ਉਸ ਦਾ ਨਿਕਾਹ ਪੜ੍ਹਾ ਦਿੱਤਾ ਗਿਆ।

ਪੁਲੀਸ ਦੀ ਕਾਰਵਾਈ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ-ਨਾਗਪੁਰ ਦੇ ਡਿਪਟੀ ਕਮਿਸ਼ਨਰ ਆਫ਼ ਪੁਲੀਸ (ਜ਼ੋਨ 1) ਰੁਸ਼ੀਕੇਸ਼ ਰੈੱਡੀ ਨੇ ਦੱਸਿਆ: "ਪੀੜਤ ਔਰਤ ਦੀ ਸ਼ਿਕਾਇਤ ਦੇ ਅਧਾਰ 'ਤੇ ਸੋਨੇਗਾਓਂ ਪੁਲੀਸ ਸਟੇਸ਼ਨ ਵਿੱਚ ਜਬਰ-ਜਨਾਹ, ਅਪਰਾਧਿਕ ਧਮਕੀ, ਜਬਰਨ ਉਗਰਾਹੀ ਸਮੇਤ ਮਹਾਰਾਸ਼ਟਰ ਦੇ ਅੰਧਵਿਸ਼ਵਾਸ ਅਤੇ ਕਾਲਾ ਜਾਦੂ ਵਿਰੋਧੀ ਕਾਨੂੰਨ ਦੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਦੋ ਮੁਲਜ਼ਮਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਮੋਬਾਈਲ ਫੋਨਾਂ ਤੋਂ ਬਰਾਮਦ ਡਿਜੀਟਲ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ।"

ਪੁਲੀਸ ਅਨੁਸਾਰ, ਇਸ ਮਾਮਲੇ ਵਿੱਚ ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਦੇ ਰਹਿਣ ਵਾਲੇ ਤੀਜੇ ਮੁਲਜ਼ਮ ਹਜ਼ਰਤ ਮੌਲਾਨਾ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲੀਸ ਦਾ ਕਹਿਣਾ ਹੈ ਕਿ ਜਾਂਚ ਦੇ ਅਧਾਰ 'ਤੇ ਜਲਦ ਹੀ ਕੁਝ ਹੋਰ ਲੋਕਾਂ ਦੀਆਂ ਗ੍ਰਿਫ਼ਤਾਰੀਆਂ ਵੀ ਸੰਭਵ ਹਨ।